**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969





*Jassi Gill*
CA DRE# 00966763

**Ad Space Available**
**Call: 847-359-0746**

ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA





*Manjit Gill*
Certified Insurance Agent
CA. Lic#0B23990
Ph:510-888-1180
209-524-4008
**Gill Financial & Insurance Services**
27165 Mission Blvd, Hayward CA 94544
*www.gillfinancial.com*



Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 15, Issue 5, February 1, 2014 | 20451 N Plum Grove Rd., Palatine, IL 60074 | Ph:847-359-0746, Fax:847-705-9388


## ਰਾਹੁਲ ਦੇ ਬਿਆਨ ਨੇ ਜ਼ਖਮਾਂ 'ਤੇ ਲੂਣ ਛਿੜਕਿਆ

### ਨਵੰਬਰ 84 ਦੇ ਮੁੱਦੇ 'ਤੇ ਫਿਰ ਭਖੀ ਸਿਆਸਤ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਕਾਂਗਰਸ ਦੇ ਨੌਜਵਾਨ ਆਗੂ ਅਤੇ ਗਾਂਧੀ ਪਰਿਵਾਰ ਦੇ ਫਰਜ਼ੰਦ ਰਾਹੁਲ ਗਾਂਧੀ ਨੇ ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਵਿਚ ਕਾਂਗਰਸੀਆਂ ਦੀ ਸ਼ਮੂਲੀਅਤ ਬਾਰੇ ਬਿਆਨਬਾਜ਼ੀ ਕਰ ਕੇ ਨਵੀਂ ਚਰਚਾ ਛੇੜ ਦਿੱਤੀ ਹੈ। ਇਸ ਮਾਮਲੇ ਵਿਚ ਜਿੱਥੇ ਭਾਜਪਾ ਨੇ ਕਾਂਗਰਸ 'ਤੇ ਤਿੱਖੇ ਵਾਰ ਕੀਤੇ ਹਨ, ਉਥੇ ਸ਼੍ਰੋਮਣੀ ਅਕਾਲੀ ਦਲ, ਧਾਰਮਿਕ ਸ਼ਖ਼ਸੀਅਤਾਂ ਤੇ ਸਿੱਖ ਜਥੇਬੰਦੀਆਂ ਨੇ ਸਖ਼ਤ ਪ੍ਰਤੀਕਰਮ ਪ੍ਰਗਟਾਇਆ ਹੈ।

ਟੀ.ਵੀ. ਚੈਨਲ 'ਟਾਈਮਜ਼ ਨਾਓ' ਨਾਲ ਆਪਣੀ ਇੰਟਰਵਿਊ ਦੌਰਾਨ ਰਾਹੁਲ ਗਾਂਧੀ ਨੇ ਬੜੀ ਸਫਾਈ ਨਾਲ ਭਾਜਪਾ ਨੂੰ ਗੁਜਰਾਤ ਦੰਗਿਆਂ ਲਈ ਦੋਸ਼ੀ ਕਰਾਰ ਦਿੰਦਿਆਂ ਕਾਂਗਰਸ ਦੇ ਬਚਾਅ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ 2002 ਵਿਚ ਗੁਜਰਾਤ ਵਿਚ ਹੋਏ ਦੰਗਿਆਂ ਲਈ ਨਰੇਂਦਰ ਮੋਦੀ ਦੀ ਸਰਕਾਰ ਜ਼ਿੰਮੇਵਾਰ ਹੈ ਪਰ 1984 ਵਿਚ ਕਾਂਗਰਸ ਸਰਕਾਰ ਨੇ ਸਿੱਖ ਵਿਰੋਧੀ ਦੰਗੇ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ ਸੀ।

ਇਸ ਗੱਲਬਾਤ ਦੌਰਾਨ ਉਨ੍ਹਾਂ ਇਹ ਗੱਲ ਕਬੂਲ ਲਈ ਕਿ ਸਿੱਖ ਕਤਲੇਆਮ ਵਿਚ ਕੁਝ ਕਾਂਗਰਸੀ ਆਗੂ ਸ਼ਾਮਲ ਹੋ ਸਕਦੇ ਹਨ ਤੇ ਉਨ੍ਹਾਂ



ਖ਼ਿਲਾਫ਼ ਕਾਨੂੰਨੀ ਕਾਰਵਾਈ ਚੱਲ ਰਹੀ ਹੈ। ਜਦੋਂ ਉਨ੍ਹਾਂ ਨੂੰ ਮੁਆਫੀ ਮੰਗਣ ਬਾਰੇ ਪੁਛਿਆ ਗਿਆ ਤਾਂ ਉਨ੍ਹਾਂ ਇਹ ਕਹਿ ਕੇ ਪਾਸਾ ਵੱਟਣ ਦੀ ਕੋਸ਼ਿਸ਼ ਕੀਤੀ ਕਿ ਜਿਸ ਵੇਲੇ ਇਹ ਘਟਨਾ ਵਾਪਰੀ ਸੀ, ਉਸ ਵੇਲੇ ਉਹ ਪਾਰਟੀ ਵਿਚ ਨਹੀਂ ਸਨ।

ਉਧਰ, ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਰਾਹੁਲ ਗਾਂਧੀ ਨੂੰ ਨਵੰਬਰ 1984 ਦੇ ਸਿੱਖ ਵਿਰੋਧੀ ਦੰਗਿਆਂ ਵਿਚ ਕਾਂਗਰਸੀਆਂ ਦੀ ਸ਼ਮੂਲੀਅਤ ਬਾਰੇ ਜਾਣਕਾਰੀ ਸੀ ਪਰ ਉਹ ਹੁਣ ਤਕ ਚੁੱਪ ਕਿਉਂ ਬੈਠਾ ਰਿਹਾ? ਜੇ ਹੁਣ ਉਸ ਨੇ ਇਸ ਮਾਮਲੇ ਵਿਚ ਕਾਂਗਰਸੀਆਂ ਦੀ ਸ਼ਮੂਲੀਅਤ ਦਾ ਇੰਕਸ਼ਾਫ ਕੀਤਾ ਹੈ ਤਾਂ ਫਿਰ ਉਹ ਦੋਸ਼ੀਆਂ ਖਿਲਾਫ਼ ਕਾਰਵਾਈ ਲਈ ਵੀ ਯਤਨ ਕਰੇ ਤੇ ਪੀੜਤਾਂ ਨੂੰ ਨਿਆਂ ਦਿਵਾਏ। ਸਿੱਖ ਕਤਲੇਆਮ ਦੇ ਪੀੜਤਾਂ ਨੂੰ ਤਿੰਨ ਦਹਾਕੇ ਬੀਤਣ ਬਾਅਦ ਵੀ ਨਿਆਂ ਨਹੀਂ ਮਿਲਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਾਂਗਰਸ ਪਾਰਟੀ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਵੱਲੋਂ 1984 ਦੇ ਸਿੱਖ ਕਤਲੇਆਮ ਸਬੰਧੀ ਦਿੱਤੇ ਬਿਆਨ ਨੂੰ ਹਾਸੋਹੀਣਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ 29 ਸਾਲ ਦੇ ਲੰਮੇ ਅਰਸੇ ਬਾਅਦ ਸ੍ਰੀ ਗਾਂਧੀ ਨੇ ਆਪਣੀ ਪਾਰਟੀ ਦੇ ਕੁਝ ਨੁਮਾਇੰਦਿਆਂ ਦੀ 1984 ਦੇ ਸਿੱਖ ਕਤਲੇਆਮ ਬਾਰੇ ਸ਼ਮੂਲੀਅਤ ਨੂੰ ਸਵੀਕਾਰਨ ਦੇ ਬਾਵਜੂਦ ਵੀ ਸਿੱਖਾਂ ਪਾਸੋਂ ਮੁਆਫੀ ਮੰਗਣ ਤੋਂ ਇਨਕਾਰ ਕਰ ਦਿੱਤਾ ਹੈ ਜੋ ਗਾਂਧੀ ਪਰਿਵਾਰ ਤੇ ਕਾਂਗਰਸ ਪਾਰਟੀ ਦੀ ਸਿੱਖਾਂ ਬਾਰੇ ਸੋਚ ਦਾ ਪ੍ਰਗਟਾਵਾ ਹੈ। ਕਾਂਗਰਸ ਦੇ ਕੁਝ ਆਗੂ ਹੀ ਨਹੀਂ ਬਲਕਿ ਸਮੁੱਚੇ ਰੂਪ ਵਿਚ ਕਾਂਗਰਸ ਪਾਰਟੀ ਹੀ ਦਿੱਲੀ ਦੰਗਿਆਂ ਵਿਚ ਸ਼ਾਮਲ ਸੀ। ਕਾਂਗਰਸ ਪਾਰਟੀ ਨੇ ਦਿੱਲੀ ਵਿਚ ਦੰਗੇ


*(ਬਾਕੀ ਸਫਾ 6 'ਤੇ)*


## ਪ੍ਰੋ. ਭੁੱਲਰ ਕੇਸ ਨਾਲ ਹਰ ਮੋੜ 'ਤੇ ਜੁੜਦੇ ਰਹੇ ਨੇ ਨਵੇਂ ਤੱਥ

**ਨਵੀਂ ਦਿੱਲੀ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਨਾਲ ਹਰ ਮੋੜ 'ਤੇ ਨਵੇਂ ਤੋਂ ਨਵਾਂ ਤੱਥ ਜੁੜ ਰਿਹਾ ਹੈ। ਹੁਣ ਸੁਪਰੀਮ ਕੋਰਟ ਵੱਲੋਂ ਇਸ ਕੇਸ ਨਾਲ ਸਬੰਧਤ ਪਟੀਸ਼ਨ 'ਤੇ ਸੁਣਵਾਈ ਪਹਿਲੀ ਵਾਰ ਖੁੱਲ੍ਹੀ ਅਦਾਲਤ ਲਾ ਕੇ 31 ਜਨਵਰੀ ਨੂੰ ਕੀਤੀ ਜਾ ਰਹੀ ਹੈ। ਅਦਾਲਤ ਨੇ 28 ਜਨਵਰੀ ਨੂੰ ਪਟੀਸ਼ਨ 'ਤੇ ਗੌਰ ਕਰਦਿਆਂ ਇਹ ਹੁਕਮ ਜਾਰੀ ਕੀਤਾ। ਗੌਰਤਲਬ ਹੈ ਕਿ ਅਜਿਹੀਆਂ ਨਜ਼ਰਸਾਨੀ ਪਟੀਸ਼ਨਾਂ ਬਾਰੇ ਸੁਣਵਾਈ ਆਮ ਤੌਰ 'ਤੇ ਜੱਜਾਂ ਦੇ ਚੈਂਬਰਾਂ ਵਿਚ ਹੀ ਹੁੰਦੀ ਹੈ ਪਰ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਵੱਲੋਂ ਪਾਈ ਪਟੀਸ਼ਨ 'ਤੇ ਸੁਣਵਾਈ ਖੁੱਲ੍ਹੀ ਅਦਾਲਤ ਵਿਚ ਕੀਤੀ ਜਾ ਰਹੀ ਹੈ। ਪ੍ਰੋ. ਭੁੱਲਰ ਦੀ ਸਜ਼ਾ ਤਬਦੀਲ ਕਰਨ ਬਾਰੇ ਪਟੀਸ਼ਨ ਵਿਚ 74 ਆਧਾਰ ਗਿਣਾਏ ਗਏ ਹਨ ਜਿਨ੍ਹਾਂ ਵਿਚ ਉਸ ਦੀ ਰਹਿਮ ਦੀ ਅਪੀਲ ਦੇ ਨਬੇੜੇ ਵਿਚ ਬੇਲੋੜੀ ਦੇਰੀ ਹੋਣ ਅਤੇ ਉਸ ਦੇ ਮਾਨਸਿਕ ਅਸੰਤੁਲਨ ਜਿਹੀਆਂ ਮਦਾਂ ਸ਼ਾਮਲ ਹਨ।



ਯਾਦ ਰਹੇ ਕਿ ਹੇਠਲੀ ਅਦਾਲਤ ਨੇ ਇਸ ਕੇਸ ਵਿਚ ਪ੍ਰੋ. ਭੁੱਲਰ ਨੂੰ ਫਾਂਸੀ ਦੀ ਸਜ਼ਾ ਪੁਲਿਸ ਬਿਆਨਾਂ ਦੇ ਆਧਾਰ ਉਤੇ ਹੀ ਦੇ ਦਿੱਤੀ ਸੀ। ਫਿਰ ਸੁਪਰੀਮ ਕੋਰਟ ਦੇ ਤਿੰਨ ਜੱਜਾਂ ਦੇ ਬੈਂਚ ਵਿਚੋਂ ਦੋ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖੀ ਸੀ ਜਦਕਿ ਇਕ ਜੱਜ ਨੇ ਦੋ ਜੱਜਾਂ ਤੋਂ ਉਲਟ ਫੈਸਲਾ ਦਿੱਤਾ ਸੀ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਹਾਲ ਹੀ 'ਚ ਕੀਤੇ ਆਪਣੇ ਫੈਸਲੇ ਵਿਚ ਫਾਂਸੀ ਦੀ ਕਤਾਰ ਵਿਚ ਲੱਗੇ 15 ਕੈਦੀਆਂ ਨੂੰ ਰਾਹਤ ਦਿੰਦਿਆਂ ਉਨ੍ਹਾਂ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ। ਸੁਪਰੀਮ ਕੋਰਟ ਨੇ ਆਪਣੇ ਇਸ ਫੈਸਲੇ ਦਾ ਆਧਾਰ ਇਸੇ ਗੱਲ ਨੂੰ ਬਣਾਇਆ ਸੀ ਕਿ ਰਾਸ਼ਟਰਪਤੀ ਕੋਲ ਰਹਿਮ ਦੀ ਅਪੀਲ ਦੇ ਨਬੇੜੇ ਵਿਚ ਦੇਰੀ ਤੇ ਮਾਨਸਿਕ ਰੋਗਾਂ ਦੇ ਆਧਾਰ 'ਤੇ ਕੈਦੀ ਆਪਣੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਾਉਣ ਦੀ ਅਪੀਲ ਕਰਨ ਦਾ ਹੱਕਦਾਰ ਹੁੰਦਾ ਹੈ।

ਪ੍ਰੋ. ਭੁੱਲਰ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਤੋਂ ਇਨਕਾਰ ਕਰਨ ਤੋਂ 10 ਮਹੀਨੇ ਬਾਅਦ ਮੁੜ ਰਿਹਾਈ ਦੀ ਆਸ ਬੱਝੀ ਹੈ। ਇਸ ਹਫਤੇ ਦੇ ਸ਼ੁਰੂ ਵਿਚ ਆਏ ਸੁਪਰੀਮ ਕੋਰਟ ਦੇ ਇਸ ਫ਼ੈਸਲੇ ਕਿ ਸਰਕਾਰ ਵੱਲੋਂ ਰਹਿਮ ਦੀ ਅਪੀਲ 'ਤੇ ਫ਼ੈਸਲੇ ਵਿਚ ਕੀਤੀ ਦੇਰੀ ਤੇ ਦੋਸ਼ੀ ਦੀ ਮਾਨਸਿਕ ਹਾਲਤ ਮੌਤ ਦੀ ਸਜ਼ਾ ਯਾਫ਼ਤਾ ਕੈਦੀ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦਾ ਆਧਾਰ ਬਣ ਸਕਦੀ ਹੈ, ਨੂੰ ਦੇਖਦੇ ਹੋਏ ਚੀਫ ਜਸਟਿਸ ਪੀ ਸਦਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਸੀ ਕਿ ਉਹ ਭੁੱਲਰ ਦੀ ਪਤਨੀ ਵੱਲੋਂ ਦਾਇਰ ਸੋਧ ਪਟੀਸ਼ਨ 'ਤੇ ਸੁਣਵਾਈ ਕਰੇਗਾ ਤੇ ਇਸ


*(ਬਾਕੀ ਸਫਾ 6 'ਤੇ)*



**REAL ESTATE & HOME LOANS**
ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲਕ ਆਦਿ ਸ਼ਹਿਰਾਂ 'ਚ ਬੈਂਕ ਤੋਂ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre–Approval





ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21 M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Falooda Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ





Criminal Defense (DUI, simple battery, domestic violence, immigration post-conviction relief)
Manpreet S. Gahra
*Attorny At Law*
**Berkeley Office**
2161 Shattuck Ave., 304, Berkeley
Ph:510-841-4582 Fax:510-217-6847
**Sacramento Office**
Call For Appointment
Ph:916-924-1617
Email: manpreet@gahralaw.com

# ਸਿੱਖ ਪੰਚਾਇਤ ਵਲੋਂ ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ ਅਪੀਲ

ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਵਿਚ ਸੁਪਰੀਮ ਕੌਂਸਲ ਦੇ ਉਮੀਦਵਾਰ ਬਣਨ ਵਾਲੇ ਸਿੰਘਾਂ ਨੂੰ ਸਿੱਖ ਪੰਚਾਇਤ ਵਲੋਂ ਗੁਰਮਤੇ ਵਿਚ ਸ਼ਾਮਿਲ ਹੋਣ ਦੀ ਅਪੀਲ ਕੀਤੀ ਜਾਂਦੀ ਹੈ। ਪਿਛਲੀਆਂ ਚੋਣਾਂ ਵਾਂਗ ਇਸ ਵਾਰ ਵੀ ਸਾਰੇ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ 5 ਸਿੰਘਾਂ ਦੀ ਚੋਣ ਸਰਬਸੰਮਤੀ ਨਾਲ ਗੁਰਮਤਾ ਕਰਕੇ ਕਰਨ ਲਈ ਬੇਨਤੀ ਕੀਤੀ ਜਾਵੇਗੀ। ਜੇ ਕੋਈ ਵੀ ਵਿਅਕਤੀ ਜਾਂ ਗਰੁਪ ਇਸ ਗੁਰਮਤੇ ਦੇ ਵਿਰੁਧ ਜਾ ਕੇ ਚੋਣਾਂ ਲੜੇਗਾ ਤਾਂ ਇਹ 5 ਸਿੰਘ ਸਿੱਖ ਪੰਚਾਇਤ ਵਲੋਂ ਉਮੀਦਵਾਰ ਹੋਣਗੇ।

ਸੁਪਰੀਮ ਕੌਂਸਲ ਵਿਚ ਸੇਵਾ ਕਰਨ ਵਾਲੇ ਉਮੀਦਵਾਰ ਆਪਣੇ ਨਾਮ 31 ਜਨਵਰੀ 2014 ਤੱਕ ਸਿੱਖ ਪੰਚਾਇਤ ਦੇ ਕਿਸੇ ਵੀ ਮੈਂਬਰ ਨੂੰ ਦੇ ਸਕਦੇ ਹਨ ਅਤੇ ਪਹਿਲੀ ਫਰਵਰੀ 2014 ਨੂੰ ਬਾਅਦ ਦੁਪਹਿਰ 3 ਵਜੇ ਇਨ੍ਹਾਂ ਸਿੰਘਾਂ ਦੀ ਪੰਚਾਇਤ ਨਾਲ ਮੀਟਿੰਗ ਹੋਵੇਗੀ ਅਤੇ 2 ਫਰਵਰੀ ਤੱਕ 5 ਸਿੰਘਾਂ ਦੀ ਚੋਣ ਕਰ ਲਈ ਜਾਵੇਗੀ। ਸਾਰੇ ਅੰਮ੍ਰਿਤਧਾਰੀ ਭੈਣਾਂ-ਭਰਾਵਾਂ ਨੂੰ ਅਪੀਲ ਹੈ ਕਿ ਇਸ ਪ੍ਰਣਾਲੀ ਵਿਚ ਸ਼ਾਮਿਲ ਹੋ ਕੇ ਆਓ ਸਿੱਖੀ ਮਰਿਆਦਾ 'ਤੇ ਪਹਿਰਾ ਦਈਏ।

ਕਿਸੇ ਵੀ ਸੁਆਲ ਲਈ ਹੇਠ ਲਿਖੇ ਫੋਨ ਨੰਬਰਾਂ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ

ਫੋਨ: (408) 896-4518, (408) 667-3116 ਜਾਂ (510) 299-7982





## ਭਾਈ ਦਵਿੰਦਰ ਸਿੰਘ ਸੋਢੀ 2 ਫਰਵਰੀ ਨੂੰ ਸੈਨ ਹੋਜ਼ੇ ਗੁਰੂ ਘਰ ਕੀਰਤਨ ਕਰਨਗੇ

**ਸੈਨ ਹੋਜ਼ੇ:** ਪੰਥ ਪ੍ਰਸਿੱਧ ਰਾਗੀ ਭਾਈ ਦਵਿੰਦਰ ਸਿੰਘ ਸੋਢੀ 2 ਫਰਵਰੀ, ਐਤਵਾਰ ਨੂੰ ਗੁਰਦੁਆਰਾ ਸੈਨ ਹੋਜ਼ੇ ਵਿਖੇ ਬਾਅਦ ਦੁਪਹਿਰ 12:30 ਤੋਂ 1:30 ਵਜੇ ਤੱਕ ਕੀਰਤਨ ਕਰਨਗੇ।

ਗੁਰਦੁਆਰਾ ਕਮੇਟੀ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਸੇ ਦਿਨ ਹੀ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਦਾ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਾਣ-ਸਤਿਕਾਰ ਕੀਤਾ ਜਾਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤ ਨੂੰ ਗੁਰਦੁਆਰਾ ਸਾਹਿਬ ਵਿਚ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਹੈ।

# ਸਿੱਖ ਕੁੜੀਆਂ ਦੀ ਧਰਮ ਤਬਦੀਲੀ ਦਾ ਲਿਆ ਗੰਭੀਰ ਨੋਟਿਸ


**ਅੰਮ੍ਰਿਤਸਰ:** ਦੇਸ਼-ਵਿਦੇਸ਼ ਵਿਚੋਂ ਸਿੱਖ ਕੁੜੀਆਂ ਨੂੰ ਵਿਆਹ ਦੇ ਨਾਂ 'ਤੇ ਵਰਗਲਾ ਕੇ ਮੁਸਲਿਮ ਦੇਸ਼ਾਂ ਵਿਚ ਲੈ ਜਾਣ, ਉਨ੍ਹਾਂ ਦਾ ਧਰਮ ਤਬਦੀਲ ਕਰਨ ਤੇ ਅਨੈਤਿਕ ਕੰਮ ਕਰਾਉਣ ਦੇ ਸਾਹਮਣੇ ਆਏ ਮਾਮਲਿਆਂ ਦਾ ਗੰਭੀਰ ਨੋਟਿਸ ਲੈਂਦਿਆਂ ਪੰਜ ਸਿੰਘ ਸਾਹਿਬਾਨ ਨੇ ਸਿੱਖ ਜਥੇਬੰਦੀ ਸਿੱਖ ਕੌਂਸਲ ਯੂ.ਕੇ. ਨੂੰ ਆਖਿਆ ਕਿ ਉਹ ਇਸ ਮਸਲੇ ਸਮੇਤ ਸਮੂਹ ਧਾਰਮਿਕ ਤੇ ਸਮਾਜਿਕ ਮਸਲਿਆਂ ਦੇ ਹੱਲ ਲਈ ਸਮੂਹਿਕ ਰਾਏ ਲੈ ਕੇ ਯੋਜਨਾ ਤਿਆਰ ਕਰਨ ਜੋ ਲਾਗੂ ਕਰਨ ਤੋਂ ਪਹਿਲਾਂ ਅਕਾਲ ਤਖ਼ਤ ਤੋਂ ਪ੍ਰਵਾਨਗੀ ਲਈ ਜਾਵੇ।

ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਰਾਜਸਥਾਨ ਦੇ ਸਿੱਖ ਵਿਦਿਅਕ ਟਰੱਸਟ ਗੁਰਦੁਆਰਾ ਬੁੱਢਾ ਜੋਹੜ ਟਰੱਸਟ ਦੀ ਕਮੇਟੀ ਦੇ 8 ਮੈਂਬਰਾਂ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ। ਪਟਨਾ ਸਾਹਿਬ ਵਿਖੇ ਹੋਏ ਝਗੜੇ ਦੇ ਮਾਮਲੇ ਨੂੰ ਅਗਲੀ ਮੀਟਿੰਗ 'ਤੇ ਪਾ ਦਿੱਤਾ ਗਿਆ ਹੈ।

ਮੀਟਿੰਗ ਵਿਚ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਤੋਂ ਗਿਆਨੀ ਮੱਲ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਜਥੇਦਾਰ ਬਲਵੰਤ ਸਿੰਘ ਨੰਦਗੜ੍ਹ, ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਤੇ ਗ੍ਰੰਥੀ ਗਿਆਨੀ ਸੁਖਜਿੰਦਰ ਸਿੰਘ ਸ਼ਾਮਲ ਹੋਏ। ਮੀਟਿੰਗ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਨਹੀਂ ਸੱਦਿਆ ਗਿਆ ਸੀ ਜਦੋਂਕਿ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਵੀ ਕੋਈ ਨੁਮਾਇੰਦਾ ਸ਼ਾਮਲ ਨਹੀਂ ਹੋਇਆ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਪੰਜ ਸਿੰਘ ਸਾਹਿਬਾਨ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਦੇਸ਼-ਵਿਦੇਸ਼ ਵਿਚੋਂ ਸਿੱਖ ਕੁੜੀਆਂ ਨੂੰ ਵਿਆਹ ਦੇ ਨਾਂ 'ਤੇ ਵਰਗਲਾ ਕੇ ਮੁਸਲਿਮ ਦੇਸ਼ਾਂ ਵਿਚ ਲਿਜਾਇਆ ਜਾ ਰਿਹਾ ਹੈ ਜਿਥੇ ਉਨ੍ਹਾਂ ਦੀ ਦੁਰਵਰਤੋਂ ਹੋ ਰਹੀ ਹੈ। ਇਕ ਪੰਜਾਬੀ ਅਖ਼ਬਾਰ ਵਿਚ ਛਪੇ ਇਸ਼ਤਿਹਾਰ ਵਿਚ ਸਿੰਘ ਸਾਹਿਬਾਨ ਤੇ ਪ੍ਰਚਾਰਕ ਸਿੱਖਾਂ ਬਾਰੇ ਭੱਦੀ ਸ਼ਬਦਾਵਲੀ ਵਰਤੇ ਜਾਣ ਦਾ ਸਖ਼ਤ ਨੋਟਿਸ ਲੈਂਦਿਆਂ ਉਨ੍ਹਾਂ ਸਬੰਧਤ ਗੁਰਦੁਆਰਾ ਕਮੇਟੀ ਤੇ ਅਖ਼ਬਾਰ ਤੋਂ ਸਪਸ਼ਟੀਕਰਨ ਮੰਗਿਆ ਹੈ।

ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ
COVERED CALIFORNIA
YOUR DESTINATION FOR
AFFORDABLE
QUALITY HEALTH CARE
INCLUDING MEDI-CAL
CERTIFIED INSURANCE AGENT
GURCHARAN SINGH MANN
License # 0C70672
(510) 797-7989
2450 PERALTA BLVD, SUITE 203
FREMONT CA 94536

Jammu Chiropractic
ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।
*We Accept Personal Injury (PI) Cases*
Medicare & Most Private Insurances Accepted
*Contact:*
Dr. Baljit Jammu
*Doctor of Chiropractic*
Ph: 510-940-8236
1090 La Playa Dr.,
Hayward CA 94545


DHL
GLOBALmail
Do More With Your Mail For Less
DHL Global Mail is dedicated to helping high-volume mailers save on shipping costs without sacrificing delivery performance or enhanced services like tracking.
Extensive Domestic & International Mail Services
DHL Global Mail connects you to customers in the U.S. and over 220 other countries and territories. With this reach and our robust selection of domestic and international mail services, we provide customized delivery solutions nobody else can match. What are your mailing needs?

Bigger Network, Larger Volume & More Postal Discounts
DHL Global Mail operates one of the world's largest domestic and international delivery networks..

*Amit Datta*
Direct: (510)-404-0087
Cell: (209) 915-9735
adatta@dhlglobalmail.com
*Tom Veit, Regional Sales Manager*
Direct: (916) 983-3183
Cell: (916) 847-3997
tveit@dhlglobalmail.com

Pinnacle Carriers Inc., San Jose, CA
Now Hiring Company Drivers
Team and Solo (With Two Yr Experience )
Owner Operators
Specialize in Reefer & Dry Loads.
Run All 48 States

*Trailer rentals
*Get paid weekly on time.
*Fuel advance
*Also provide fuel cards
We have late model trucks and brand new refers.
ਕੰਪਨੀ ਡਰਾਈਵਰਾਂ
ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)
ਓਨਰ ਅਪਰੇਟਰਾਂ ਦੀ ਲੋੜ ਹੈ
*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ ਅਤੇ ਫਿਊਲ ਕਾਰਡ
Sharanbeer Atwal: 408-373-4168
Manpreet and Preet: 408-835-3007
www.pinnaclecarriers.com
51-6

# ਨਸ਼ਾ ਤਸਕਰੀ 'ਚ ਸ਼ਾਮਲ ਲੀਡਰਾਂ ਦੇ ਨਾਂ ਦੱਸਣ ਦੇ ਹੁਕਮ

**ਚੰਡੀਗੜ੍ਹ:** ਨਸ਼ਾ ਤਸਕਰੀ ਵਿਚ ਰਾਜਸੀ ਆਗੂਆਂ ਤੇ ਹੋਰ ਨਾਮਵਰ ਸ਼ਖ਼ਸੀਅਤਾਂ ਦੀ ਸ਼ਮੂਲੀਅਤ ਦੇ ਭਖਦੇ ਮਸਲੇ ਵਿਚ ਪੰਜਾਬ ਪੁਲਿਸ ਵਿਭਾਗ ਕਸੂਤਾ ਘਿਰ ਗਿਆ ਹੈ। ਸੂਚਨਾ ਕਮਿਸ਼ਨ ਪੰਜਾਬ ਨੇ ਪੁਲਿਸ ਵਿਭਾਗ ਨੂੰ ਨਸ਼ਾ ਤਸਕਰੀ ਰਿਪੋਰਟ ਵਿਚ ਸ਼ਾਮਲ ਸੂਬੇ ਦੇ 10 ਨਾਮਵਰ ਨੇਤਾਵਾਂ ਤੇ ਸਮਾਜਿਕ ਹਸਤੀਆਂ ਦੇ ਨਾਂ ਸੌਂਪਣ ਲਈ ਸਬੰਧਿਤ ਆਰ.ਟੀ.ਆਈ. 'ਤੇ ਲੋੜੀਂਦੀ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਇਹ ਹੁਕਮ ਹਿਸਾਰ ਦੇ ਰਹਿਣ ਵਾਲੇ ਡਾ. ਸੰਦੀਪ ਕੁਮਾਰ ਗੁਪਤਾ ਦੀ ਸ਼ਿਕਾਇਤ 'ਤੇ ਸੁਣਵਾਈ ਕਰਦਿਆਂ ਜਾਰੀ ਕੀਤੇ ਗਏ। ਮਾਮਲੇ ਦੀ ਅਗਲੀ ਸੁਣਵਾਈ ਚਾਰ ਮਾਰਚ ਨੂੰ ਰੱਖੀ ਗਈ ਹੈ।

ਹਾਸਲ ਜਾਣਕਾਰੀ ਅਨੁਸਾਰ ਡਾ. ਗੁਪਤਾ ਨੇ 13 ਮਈ, 2013 ਨੂੰ ਪੰਜਾਬ ਗ੍ਰਹਿ ਵਿਭਾਗ ਨੂੰ ਆਰ.ਟੀ.ਆਈ. ਤਹਿਤ ਉਨ੍ਹਾਂ 10 ਨਾਮਵਰ ਨੇਤਾਵਾਂ ਤੇ ਸਮਾਜਿਕ ਸ਼ਖ਼ਸੀਅਤਾਂ ਦੇ ਨਾਂ ਦੱਸਣ ਲਈ ਕਿਹਾ ਸੀ ਜਿਹੜੇ ਕਿ ਪੰਜਾਬ ਦੇ ਸਾਬਕਾ ਡੀ.ਜੀ.ਪੀ. (ਜੇਲ੍ਹਾਂ) ਸ਼ਸ਼ੀ ਕਾਂਤ ਨੇ ਸਰਕਾਰ ਨੂੰ ਸੌਂਪੀ ਆਪਣੀ ਰਿਪੋਰਟ ਵਿਚ ਸ਼ਾਮਲ ਕੀਤੇ ਸਨ। ਗ੍ਰਹਿ ਵਿਭਾਗ ਨੇ ਡਾ. ਗੁਪਤਾ ਵੱਲੋਂ ਆਰ.ਟੀ.ਆਈ. ਤਹਿਤ ਮੰਗੀ ਉਪਰੋਕਤ ਜਾਣਕਾਰੀ ਦੇਣ ਤੋਂ ਕੋਰਾ ਇਨਕਾਰ ਕਰ ਦਿੱਤਾ ਸੀ। ਗ੍ਰਹਿ ਵਿਭਾਗ ਦਾ ਕਹਿਣਾ ਸੀ ਕਿ ਇਹ ਜਾਣਕਾਰੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਇਹ ਖ਼ੁਫ਼ੀਆ ਵਿੰਗ ਨਾਲ ਸਬੰਧਤ ਹੈ ਤੇ ਇਸ ਲਈ ਆਰ.ਟੀ.ਆਈ. ਐਕਟ ਦੇ ਸੈਕਸ਼ਨ 25 ਤਹਿਤ ਉਸ ਨੂੰ ਇਹ ਜਾਣਕਾਰੀ ਦੇਣ ਤੋਂ ਛੋਟ ਪ੍ਰਾਪਤ ਹੈ। ਡਾ. ਗੁਪਤਾ ਨੇ ਗ੍ਰਹਿ ਵਿਭਾਗ ਦੀ ਸ਼ਿਕਾਇਤ ਸੂਚਨਾ ਕਮਿਸ਼ਨ ਪੰਜਾਬ ਨੂੰ ਕਰ ਦਿੱਤੀ ਸੀ। ਮੁੱਖ ਸੂਚਨਾ ਕਮਿਸ਼ਨਰ ਰਮੇਸ਼ਇੰਦਰ ਸਿੰਘ ਦੀ ਅਦਾਲਤ ਵਿਚ ਡਾ. ਗੁਪਤਾ ਵੱਲੋਂ ਪੇਸ਼ ਨੁਮਾਇੰਦੇ ਨੇ ਆਪਣਾ ਪੱਖ ਰੱਖਦਿਆਂ ਕਿਹਾ ਕਿ ਆਰ.ਟੀ.ਆਈ. ਤਹਿਤ ਮੰਗੀ ਉਪਰੋਕਤ ਜਾਣਕਾਰੀ ਤਸਕਰੀ ਨਾਲ ਸਬੰਧਤ ਹੈ ਜੋ ਇਕ ਭ੍ਰਿਸ਼ਟ ਰੁਝਾਨ ਹੈ।

ਨੁਮਾਇੰਦੇ ਨੇ ਕਿਹਾ ਕਿ ਆਰ.ਟੀ.ਆਈ. ਐਕਟ ਦੇ ਸੈਕਸ਼ਨ 24 ਤਹਿਤ ਭ੍ਰਿਸ਼ਟਾਚਾਰ ਨਾਲ ਸਬੰਧਤ ਸੂਚਨਾ ਦੇਣ ਤੋਂ ਕਿਸੇ ਤਰ੍ਹਾਂ ਦੀ ਛੋਟ ਨਹੀਂ ਹੈ। ਨੁਮਾਇੰਦੇ ਨੇ ਅਦਾਲਤ ਵਿਚ ਪੰਜਾਬ ਤੇ ਹਰਿਆਣਾ ਹਾਈਕੋਰਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਹਾਈਕੋਰਟ ਅਨੁਸਾਰ ਉਹ ਜਾਣਕਾਰੀ, ਜਿਹੜੀ ਕਿ ਭ੍ਰਿਸ਼ਟਾਚਾਰ ਨਾਲ ਸਬੰਧਤ ਹੋਵੇ ਜਾਂ ਜਿਹੜੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਸੰਬੰਧਿਤ ਹੋਵੇ, ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।


ਦੂਜੇ ਪਾਸੇ ਅਦਾਲਤ ਵਿਚ ਆਪਣਾ ਪੱਖ ਰੱਖਦਿਆਂ ਗ੍ਰਹਿ ਵਿਭਾਗ ਨੇ ਕਿਹਾ ਕਿ ਉਪਰੋਕਤ ਜਾਣਕਾਰੀ ਡੀ.ਜੀ.ਪੀ. ਪੰਜਾਬ ਤੇ ਏ.ਡੀ.ਜੀ.ਪੀ. ਪੰਜਾਬ (ਖ਼ੁਫ਼ੀਆ ਵਿੰਗ) ਨਾਲ ਸਬੰਧ ਰੱਖਦੀ ਹੈ। ਵਿਭਾਗ ਨੇ ਕਿਹਾ ਕਿ ਡਾ. ਗੁਪਤਾ ਦੀ ਅਰਜ਼ੀ ਡੀ.ਜੀ.ਪੀ. ਤੇ ਏ.ਡੀ.ਜੀ.ਪੀ. ਦੇ ਲੋਕ ਸੂਚਨਾ ਅਧਿਕਾਰੀਆਂ ਨੂੰ ਭੇਜ ਦਿੱਤੀ ਗਈ ਸੀ। ਇਸ 'ਤੇ ਡਾ: ਗੁਪਤਾ ਦੇ ਨੁਮਾਇੰਦੇ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਜੇ ਅਜਿਹਾ ਹੈ ਤਾਂ ਡੀ.ਜੀ.ਪੀ. ਪੰਜਾਬ ਤੇ ਏ.ਡੀ.ਜੀ.ਪੀ. (ਖ਼ੁਫ਼ੀਆ ਵਿੰਗ) ਦੇ ਲੋਕ ਸੂਚਨਾ ਅਧਿਕਾਰੀਆਂ ਨੂੰ ਉਪਰੋਕਤ ਜਾਣਕਾਰੀ ਦੇਣ ਲਈ ਹੁਕਮ ਜਾਰੀ ਕੀਤੇ ਜਾਣੇ ਚਾਹੀਦੇ ਹਨ।

ਦੋਹਾਂ ਧਿਰਾਂ ਨੂੰ ਸੁਣਦਿਆਂ ਮੁੱਖ ਸੂਚਨਾ ਕਮਿਸ਼ਨਰ ਰਮੇਸ਼ਇੰਦਰ ਸਿੰਘ ਨੇ ਡਾ. ਗੁਪਤਾ ਵੱਲੋਂ ਮੰਗੀ ਜਾਣਕਾਰੀ 'ਤੇ ਲੋੜੀਂਦੀ ਕਾਰਵਾਈ ਕਰਨ ਵਾਸਤੇ ਡੀ.ਜੀ.ਪੀ. ਪੰਜਾਬ ਤੇ ਏ.ਡੀ.ਜੀ.ਪੀ. (ਖ਼ੁਫ਼ੀਆ ਵਿੰਗ) ਦੇ ਲੋਕ ਸੂਚਨਾ ਅਧਿਕਾਰੀਆਂ ਨੂੰ ਹੁਕਮ ਜਾਰੀ ਕਰ ਦਿੱਤੇ ਹਨ। ਮਾਮਲੇ ਦੀ ਅਗਲੀ ਸੁਣਵਾਈ ਹੁਣ ਚਾਰ ਮਾਰਚ ਨੂੰ ਹੋਵੇਗੀ।

## ਭੋਲੇ ਦੀ ਜ਼ੁਬਾਨ ਨੂੰ ਲੱਗਿਆ ਤਾਲਾ

**ਚੰਡੀਗੜ੍ਹ:** ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੀ ਹਿਰਾਸਤ ਵਿਚ ਡਰੱਗ ਮਾਫੀਏ ਦੇ ਸਰਗਣੇ ਜਗਦੀਸ਼ ਭੋਲਾ ਦੀ ਇਥੇ ਹਵਾਲਾ ਕਾਰੋਬਾਰ ਬਾਰੇ ਲੰਮੀ-ਚੌੜੀ ਪੁੱਛਗਿੱਛ ਕੀਤੀ ਗਈ। ਇਸ ਦੌਰਾਨ ਭੋਲੇ ਦਾ ਚਿਹਰਾ ਉਤਰਿਆ ਪਿਆ ਸੀ ਤੇ ਉਹ ਆਮ ਵਾਂਗ ਕੁਝ ਬੋਲਣ ਦੀ ਥਾਂ ਮੂੰਹ ਬੰਦ ਰੱਖਣ ਨੂੰ ਹੀ ਤਰਜੀਹ ਦਿੱਤੀ।

ਪੱਤਰਕਾਰਾਂ ਨੇ ਉਸ ਨੂੰ ਵਾਰ-ਵਾਰ ਸਵਾਲ ਕੀਤਾ ਕਿ ਡਰੱਗ ਮਾਫੀਏ ਵਿਚ ਹੋਰ ਦੋ ਕਿਹੜੇ ਮੰਤਰੀ ਸ਼ਾਮਲ ਹਨ ਪਰ ਭੋਲੇ ਨੇ ਇਸ ਸਵਾਲ ਦਾ ਜਵਾਬ ਦੇਣ ਤੋਂ ਨਿਰੰਤਰ ਟਾਲਾ ਵੱਟੀ ਰੱਖਿਆ। ਇਸ ਮੌਕੇ ਭੋਲੇ ਦੇ ਚਿਹਰੇ ਉਪਰ ਮਾਯੂਸੀ ਛਾਈ ਹੋਈ ਸੀ। ਇਸ ਸਾਰੀ ਪੜਤਾਲ ਦੌਰਾਨ ਈਡੀ ਦੇ ਕਿਸੇ ਵੀ ਅਧਿਕਾਰੀ ਨੇ ਕੋਈ ਜਾਣਕਾਰੀ ਨਹੀਂ ਦਿੱਤੀ। ਸੂਤਰਾਂ ਅਨੁਸਾਰ ਈਡੀ ਦੀ ਟੀਮ ਨੇ ਭੋਲੇ ਕੋਲੋਂ ਖ਼ਾਸ ਕਰਕੇ ਹਵਾਲਾ ਕਾਰੋਬਾਰ ਬਾਰੇ ਜਾਣਕਾਰੀ ਹਾਸਲ ਕਰਨ ਦਾ ਯਤਨ ਕੀਤਾ ਹੈ। ਦਰਅਸਲ ਪਿਛਲੇ ਸਮੇਂ ਤੋਂ ਇਹ ਖ਼ੁਲਾਸੇ ਹੋਏ ਹਨ ਕਿ



ਡਰੱਗ ਮਾਫੀਆ ਨੇ ਦਰਜਨਾਂ ਪਰਵਾਸੀ ਭਾਰਤੀਆਂ ਦੀ ਮਦਦ ਨਾਲ ਕਰੋੜਾਂ ਰੁਪਏ ਦੇ ਕਾਲੇ ਧਨ ਨੂੰ ਹਵਾਲੇ ਰਾਹੀਂ ਇਧਰ-ਉਧਰ ਕੀਤਾ ਹੈ। ਕੁਝ ਸਿਆਸੀ ਆਗੂ ਦੋਸ਼ ਲਾ ਰਹੇ ਹਨ ਕਿ ਡਰੱਗ ਮਾਫੀਆ ਚੋਣਾਂ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਮੋਟਾ ਚੋਣ ਫੰਡ ਵੀ ਦਿੰਦਾ ਰਿਹਾ ਹੈ। ਸੂਤਰਾਂ ਅਨੁਸਾਰ ਇਸ ਬਾਰੇ ਵੀ ਭੋਲੇ ਦੀ ਪੁੱਛਗਿੱਛ ਕੀਤੀ ਗਈ ਹੈ।

## ਕਈ ਪਰਵਾਸੀ ਪੰਜਾਬੀਆਂ ਦੀ ਵੀ ਆਈ ਸ਼ਾਮਤ

**ਚੰਡੀਗੜ੍ਹ:** ਨਸ਼ਾ ਤਸਕਰੀ ਕੇਸ ਵਿਚ ਕਈ ਪਰਵਾਸੀ ਪੰਜਾਬੀਆਂ ਦੀ ਸ਼ਾਮਤ ਆ ਸਕਦੀ ਹੈ। ਇਸ ਸਬੰਧੀ ਨਸ਼ਾ ਤਸਕਰ ਜਗਦੀਸ਼ ਭੋਲਾ ਦਾ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਲੰਘੇ ਦਿਨੀਂ ਇਕ ਦਿਨਾਂ ਰਿਮਾਂਡ ਹਾਸਲ ਕਰਕੇ ਚੰਡੀਗੜ੍ਹ ਦੇ ਸੈਕਟਰ 18 ਸਥਿਤ ਖੇਤਰੀ ਦਫ਼ਤਰ ਵਿਚ ਪੁੱਛਗਿੱਛ ਕੀਤੀ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਪਟਿਆਲਾ ਦੀ ਅਦਾਲਤ ਕੋਲੋਂ ਭੋਲਾ ਦਾ ਸੱਤ ਦਿਨਾਂ ਰਿਮਾਂਡ ਮੰਗਿਆ ਗਿਆ ਸੀ ਤਾਂ ਜੋ ਨਸ਼ਾ ਤਸਕਰੀ ਵਿਚ ਪਰਵਾਸੀ ਭਾਰਤੀਆਂ ਦੀ ਸ਼ਮੂਲੀਅਤ, ਨਸ਼ਾ ਕਾਰੋਬਾਰ ਵਿਚ ਹਜ਼ਾਰਾਂ ਕਰੋੜ ਰੁਪਏ ਦਾ ਲੈਣ ਦੇਣ ਤੇ ਇਸ ਕਾਲੇ ਧਨ ਨੂੰ ਜਾਇਜ਼ ਬਣਾਉਣ ਲਈ ਵਰਤੇ ਜਾਂਦੇ ਹਰਬਿਆਂ ਨੂੰ ਉਜਾਗਰ ਕਰਨ ਲਈ ਤਸੱਲੀ ਨਾਲ ਪੁੱਛਗਿੱਛ ਕੀਤੀ ਜਾ ਸਕੇ।

ਡਾਇਰੈਕਟੋਰੇਟ ਨੂੰ ਹਾਲ ਦੀ ਘੜੀ ਇਕ ਦਿਨਾਂ ਰਿਮਾਂਡ ਹੀ ਮਿਲਣ ਕਾਰਨ ਪੂਰਾ ਸਬੰਧਤ ਅਮਲਾ ਫੌਰੀ ਹਰਕਤ ਵਿਚ ਆ ਗਿਆ। ਭੋਲਾ ਦੀ ਗ੍ਰਿਫਤਾਰੀ ਤੋਂ ਕਰੀਬ ਦੋ ਮਹੀਨੇ ਮਗਰੋਂ ਉਹ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਹਵਾਲੇ ਕੀਤਾ ਗਿਆ ਹੈ ਜਦਕਿ ਡਾਇਰੈਕਟੋਰੇਟ ਵੱਲੋਂ ਇਸ ਛੇ ਹਜ਼ਾਰ ਕਰੋੜ ਰੁਪਏ ਦੇ ਦੱਸੇ ਜਾ ਰਹੇ ਭੋਲਾ ਦੇ ਨਸ਼ਾ ਤੰਤਰ ਤੇ ਇਸ ਵਿਚ ਤਿੰਨ ਦਰਜਨ ਦੇ ਕਰੀਬ ਸ਼ੱਕੀ ਪਰਵਾਸੀ ਭਾਰਤੀਆਂ ਦੇ ਨਾਂ ਉਜਾਗਰ ਹੋਣ, ਭੋਲਾ ਤੇ ਇਸ ਕੇਸ ਦੇ ਢਾਈ ਦਰਜਨ ਦੇ ਕਰੀਬ ਹੋਰਾਂ ਦੋਸ਼ੀਆਂ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਖਾਸ ਕਰਕੇ ਦਿੱਲੀ, ਮੁੰਬਈ, ਪੰਜਾਬ, ਹਰਿਆਣਾ, ਰਾਜਸਥਾਨ, ਹੈਦਰਾਬਾਦ ਵਿਚ ਕਰੋੜਾਂ ਰੁਪਏ ਦੀਆਂ ਬੇਨਾਮੀ ਜਾਇਦਾਦਾਂ ਬਣਾਈਆਂ ਹੋਣ ਦੇ ਖੁਲਾਸੇ ਤੇ ਇਸ ਕੇਸ ਦੇ ਮੁੱਖ ਦੋਸ਼ੀ ਭੋਲਾ ਦੇ ਸਿਆਸੀ ਪਾਰਟੀਆਂ ਖਾਸ ਕਰ ਕੁਝ ਚੋਟੀ ਦੇ ਸਿਆਸਤਦਾਨਾਂ ਦੇ ਨਾਲ ਸਬੰਧ ਰਹੇ ਹੋਣ ਦੇ ਚਰਚਿਆਂ ਦੇ ਮੱਦੇਨਜ਼ਰ ਉਸ ਕੋਲੋਂ ਮੁਸ਼ਤੈਦੀ ਨਾਲ ਪੁੱਛਗਿੱਛ ਕਰਨ ਦੀ ਤਿਆਰੀ ਕੀਤੀ ਜਾ ਰਹੀ ਸੀ।

ਭੋਲਾ ਦੇ ਦੇ ਰਿਮਾਂਡ ਤੇ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਉਸ ਕੋਲੋਂ ਗਹੁ ਨਾਲ ਕੀਤੀ ਗਈ ਪੁੱਛਗਿੱਛ ਨੂੰ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਕੁਝ ਦਿਨ ਪਹਿਲਾਂ ਮੁਹਾਲੀ ਅਦਾਲਤ ਵਿਚ ਉਸ ਦੀ ਪੇਸ਼ੀ ਦੌਰਾਨ ਉਸ ਵੱਲੋਂ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ 'ਤੇ ਵੀ ਨਸ਼ਾ ਕਾਰੋਬਾਰ ਵਿਚ ਸ਼ਾਮਲ ਹੋਣ ਦੇ ਲਾਏ ਗਏ ਦੋਸ਼ਾਂ ਮਗਰੋਂ ਪੰਜਾਬ ਪੁਲਿਸ ਉਸ ਨੂੰ ਲਗਾਤਾਰ ਆਪਣੇ ਰਿਮਾਂਡ ਵਿਚ ਰੱਖੀ ਬੈਠੀ ਹੈ ਤੇ ਇਸ ਦੌਰਾਨ ਉਸ ਨੂੰ ਮੀਡੀਆ ਤੋਂ ਵੀ ਬਿਲਕੁਲ ਪਰੇ ਰੱਖਿਆ ਹੋਇਆ ਹੈ ਪਰ ਉਸ ਦਿਨ ਮਗਰੋਂ ਕਿਤੇ ਜਾ ਕੇ ਉਹ ਕੁਝ ਹੱਦ ਤੱਕ ਪੰਜਾਬ ਪੁਲਿਸ ਦੇ ਘੇਰੇ ਵਿਚੋਂ ਬਾਹਰ ਆਇਆ ਹੈ।

ਭੋਲਾ ਦਾ ਰਿਮਾਂਡ ਖ਼ਤਮ ਹੋਣ ਤੋਂ ਬਾਅਦ ਉਸ ਨੂੰ ਪਟਿਆਲਾ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿਥੋਂ ਉਸ ਨੂੰ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਗਿਆ ਹੈ। ਭੋਲੇ ਨੇ ਦੋਸ਼ ਲਾਇਆ ਹੈ ਕਿ ਰਿਮਾਂਡ ਦੌਰਾਨ ਈਡੀ ਨੇ ਦਬਾਅ ਪਾ ਕੇ ਕੁਝ ਬਿਆਨ 'ਤੇ ਹਸਤਾਖਰ ਕਰਵਾਏ ਹਨ। ਉਸ ਦੇ ਵਕੀਲ ਨੇ ਛੇ ਫਰਵਰੀ ਦੀ ਅਗਲੀ ਪੇਸ਼ੀ 'ਤੇ ਇਨ੍ਹਾਂ ਬਿਆਨਾਂ ਦੀ ਕਾਪੀ ਮੁਹੱਈਆ ਕਰਾਉਣ ਲਈ ਅਦਾਲਤ ਵਿਚ ਅਰਜ਼ੀ ਦਾਖ਼ਲ ਕੀਤੀ ਹੈ।

ਇਹ ਵੀ ਸ਼ੰਕਾ ਜਾਹਰ ਕੀਤਾ ਜਾ ਰਿਹਾ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਉਸ ਵੱਲੋਂ ਆਪਣਾ ਕਾਲਾ ਧਨ ਕਿਸੇ ਸਿਆਸੀ ਧਿਰ ਨੂੰ ਪਾਰਟੀ ਫੰਡ ਜਾਂ ਕਿਸੇ ਹੋਰ ਢੰਗ ਤਰੀਕੇ ਖਪਾਇਆ ਹੋਣ ਦਾ ਖ਼ੁਲਾਸਾ ਕਰ ਦਿੱਤਾ ਜਾਂਦਾ ਹੈ ਤਾਂ ਪੰਜਾਬ ਵਿਚ ਮੌਜੂਦਾ ਸੱਤਾਧਾਰੀ ਪਾਰਟੀ ਜ਼ਰੂਰ ਕਿਸੇ ਨਾ ਕਿਸੇ ਸੰਕਟ ਵਿਚ ਆ ਸਕਦੀ ਹੈ।

# ਭਾਈ ਗੁਰਮੀਤ ਸਿੰਘ ਮੁੜ ਬੁੜੈਲ ਜੇਲ੍ਹ ਵਿਚ ਬੰਦ



**ਚੰਡੀਗੜ੍ਹ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਭਾਈ ਗੁਰਮੀਤ ਸਿੰਘ 28 ਦਿਨ ਦੀ ਪੈਰੋਲ ਕੱਟਣ ਉਪਰੰਤ ਮੁੜ ਬੁੜੈਲ ਜੇਲ੍ਹ ਵਿਚ ਪਹੁੰਚ ਗਏ। ਉਨ੍ਹਾਂ ਆਪਣੀ ਪੈਰੋਲ 'ਤੇ ਰਿਹਾਈ ਵਧਾਉਣ ਲਈ ਬੁੜੈਲ ਜੇਲ੍ਹ ਅਥਾਰਿਟੀ ਤੇ ਪੰਜਾਬ ਤੇ ਹਰਿਆਣਾ ਹਾਈਕੋਰਟ ਤੱਕ ਪਹੁੰਚ ਕੀਤੀ ਸੀ ਪਰ ਹਾਈਕੋਰਟ ਨੇ ਪੈਰੋਲ ਖ਼ਤਮ ਹੋਣ ਤੋਂ ਐਨ ਇਕ ਦਿਨ ਪਹਿਲਾਂ ਉਨ੍ਹਾਂ ਦੇ ਜੇਲ੍ਹ ਜਾਣ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ।

ਜਦਕਿ ਜੇਲ੍ਹ ਅਥਾਰਿਟੀ ਨੇ ਅਜੇ ਇਸ ਮਾਮਲੇ 'ਤੇ ਕੋਈ ਫੈਸਲਾ ਨਹੀਂ ਕੀਤਾ। ਉਨ੍ਹਾਂ ਦੇ ਨਾਲ ਹੀ ਰਿਹਾਅ ਹੋਏ ਬੇਅੰਤ ਸਿੰਘ ਕਤਲ ਕਾਂਡ ਵਿਚ ਉਮਰ ਕੈਦ ਕੱਟ ਰਹੇ ਭਾਈ ਲਖਵਿੰਦਰ ਸਿੰਘ ਲੱਖਾ ਤੇ ਭਾਈ ਸ਼ਮਸ਼ੇਰ ਸਿੰਘ ਸ਼ੇਰਾ ਦੀ ਵੀ ਪੈਰੋਲ ਖ਼ਤਮ ਹੋਣ ਵਾਲੀ ਹੀ ਹੈ ਤੇ ਉਹ 25 ਜਨਵਰੀ ਨੂੰ ਮੁੜ ਬੁੜੈਲ ਜੇਲ੍ਹ ਵਿਚ ਆਤਮ-ਸਮਰਪਣ ਕਰਨਗੇ। ਇਨ੍ਹਾਂ ਤਿੰਨਾਂ ਸਿੰਘਾਂ ਦੀ ਪੈਰੋਲ 'ਤੇ ਰਿਹਾਈ ਭਾਈ ਗੁਰਬਖ਼ਸ਼ ਸਿੰਘ ਵੱਲੋਂ ਕੀਤੀ ਲੰਮੀ ਭੁੱਖ ਹੜਤਾਲ ਉਪਰੰਤ ਹੋਈ ਸੀ ਅਤੇ ਉਸ ਵੇਲੇ ਸਿੱਖ ਪੰਥ ਨੇ ਆਸ ਪ੍ਰਗਟਾਈ ਸੀ ਕਿ ਸ਼ੁਰੂ ਵਿਚ ਦਿੱਤੀ ਗਈ ਤਿੰਨ ਹਫਤਿਆਂ ਦੀ ਪੈਰੋਲ ਨੂੰ ਸਰਕਾਰ ਬਾਅਦ ਵਿਚ ਵਧਾ ਦੇਵੇਗੀ ਪਰ ਹੁਣ ਅਜਿਹਾ ਨਾ ਹੋਣ 'ਤੇ ਸਿੱਖ ਹਲਕਿਆਂ ਵਿਚ ਕਾਫ਼ੀ ਰੋਸ ਪਾਇਆ ਜਾ ਰਿਹਾ ਹੈ।

## ਰਾਕੇਸ਼ ਖੁਰਾਣਾ ਹਾਰਵਰਡ ਦੇ ਡੀਨ ਨਿਯੁਕਤ

**ਨਿਊ ਯਾਰਕ:** ਭਾਰਤੀ ਮੂਲ ਦੇ ਵਿਦਵਾਨ ਰਾਕੇਸ਼ ਖੁਰਾਣਾ ਨੂੰ ਵੱਕਾਰੀ ਹਾਰਵਰਡ ਕਾਲਜ ਦਾ ਡੀਨ ਨਿਯੁਕਤ ਕੀਤਾ ਗਿਆ ਹੈ ਤੇ ਉਹ ਜੁਲਾਈ ਵਿਚ ਆਪਣਾ ਚਾਰਜ ਲੈਣਗੇ। ਖੁਰਾਣਾ ਇਸ ਵੇਲੇ ਹਾਰਵਰਡ ਬਿਜ਼ਨਸ ਸਕੂਲ ਵਿਚ ਮਾਰਵਿਨ ਬਾਓਰ ਪ੍ਰੋਫੈਸਰ-ਲੀਡਰਸ਼ਿਪ ਡਿਵੈਲਪਮੈਂਟ ਆਰਟਸ ਫੈਕਲਟੀ 'ਚ ਸਮਾਜ ਸ਼ਾਸਤਰ ਦੇ ਪ੍ਰੋਫੈਸਰ ਤੇ ਹਾਰਵਰਡ ਦੇ ਕੈਬਟ ਹਾਊਸ ਦੇ ਕੋ-ਮਾਸਟਰ ਹਨ।

## ਮਲਕੀਤ ਕੀਤੂ ਹੱਤਿਆ ਕੇਸ ਦਾ ਭਗੌੜਾ ਗ੍ਰਿਫ਼ਤਾਰ

**ਬਰਨਾਲਾ:** ਬਰਨਾਲਾ ਪੁਲਿਸ ਨੇ ਹਲਕਾ ਬਰਨਾਲਾ ਦੇ ਸਾਬਕਾ ਅਕਾਲੀ ਵਿਧਾਇਕ ਮਲਕੀਤ ਸਿੰਘ ਕੀਤੂ ਦਾ ਭਗੌੜਾ ਕਾਤਲ ਜਸਪ੍ਰੀਤ ਸਿੰਘ ਜੱਸਾ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐਸਐਸਪੀ ਬਰਨਾਲਾ ਸ੍ਰੀ ਉਪਿੰਦਰਜੀਤ ਸਿੰਘ ਘੁੰਮਣ ਨੇ ਦੱਸਿਆ ਕਿ ਮਲਕੀਤ ਸਿੰਘ ਕੀਤੂ ਹੱਤਿਆ ਕੇਸ ਵਿਚ ਨਾਮਜ਼ਦ ਮੁੱਖ ਦੋਸ਼ੀ ਜਸਪ੍ਰੀਤ ਸਿੰਘ ਜੱਸਾ 15 ਨਵੰਬਰ, 2013 ਨੂੰ ਮੋਗਾ



*ਮਲਕੀਤ ਸਿੰਘ ਕੀਤੂ*

ਅਦਾਲਤ ਵਿਚੋਂ ਪੇਸ਼ੀ ਭੁਗਤਣ ਤੋ ਬਾਅਦ ਜਗਰਾਉਂ ਤੋਂ ਪੁਲਿਸ ਨੂੰ ਚਕਮਾ ਦੇ ਕੇ ਫ਼ਰਾਰ ਹੋ ਗਿਆ ਸੀ।

ਸੀਆਈਏ ਸਟਾਫ਼ ਦੇ ਇੰਚਾਰਜ ਬਲਜੀਤ ਸਿੰਘ ਦੀ ਅਗਵਾਈ ਹੇਠ ਬਰਨਾਲਾ ਪੁਲਿਸ ਨੇ ਦਿੱਲੀ ਬਾਰਡਰ ਦੇ ਨਜ਼ਦੀਕ ਪਿੰਡ ਕੁੰਡਲੀ ਹਰਿਆਣਾ ਤੋਂ ਜੱਸਾ ਨੂੰ ਗ੍ਰਿਫ਼ਤਾਰ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜਸਪ੍ਰੀਤ ਸਿੰਘ ਜੱਸਾ ਖ਼ਿਲਾਫ਼ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿਚ 30 ਅਪਰਾਧਿਕ ਮੁਕੱਦਮੇ ਦਰਜ ਹਨ।

# ਫਰੀਦਕੋਟੀਆਂ ਨੇ ਕੀਤੀ ਤੰਬਾਕੂ ਤੋਂ ਤੌਬਾ

**ਚੰਡੀਗੜ੍ਹ:** ਪੰਜਾਬ ਦੇ ਜ਼ਿਲ੍ਹਾ ਫ਼ਰੀਦਕੋਟ ਦੇ ਲੋਕ ਜਨਤਕ ਥਾਵਾਂ 'ਤੇ ਤੰਬਾਕੂ ਦੀ ਸਭ ਤੋਂ ਘੱਟ ਵਰਤੋਂ ਕਰਦੇ ਹਨ। ਸਰਕਾਰ ਵੱਲੋਂ ਰਾਜ ਦੇ ਤੰਬਾਕੂ ਤੇ ਧੂੰਆਂ ਮੁਕਤ ਕਰਾਰ ਦਿੱਤੇ ਗਏ ਜ਼ਿਲ੍ਹਿਆਂ ਵਿਚੋਂ ਫ਼ਰੀਦਕੋਟ ਸਭ ਤੋਂ ਵੱਧ ਅੰਕ ਲੈ ਕੇ ਅੱਗੇ ਹੈ। ਫ਼ਿਰੋਜ਼ਪੁਰ, ਪਟਿਆਲਾ ਤੇ ਫ਼ਾਜ਼ਿਲਕਾ ਜ਼ਿਲ੍ਹਿਆਂ ਵਿਚ ਅਜੇ ਵੀ ਲੋਕ ਸ਼ਰੇਆਮ ਖੜ੍ਹੇ ਹੋ ਕੇ ਸਿਗਰਟ ਬੀੜੀ ਦੀ ਵਰਤੋਂ ਕਰਨ ਤੋਂ ਸੰਕੋਚ ਨਹੀਂ ਕਰਦੇ। ਇਹ ਤੱਥ ਪੀ.ਜੀ.ਆਈ. ਦੀ ਰਿਪੋਰਟ ਤੋਂ ਸਾਹਮਣੇ ਆਏ ਹਨ।

ਰਿਪੋਰਟ ਅਨੁਸਾਰ ਚਾਰ ਜ਼ਿਲ੍ਹਿਆਂ ਵਿਚੋਂ ਫ਼ਰੀਦਕੋਟ ਜ਼ਿਲ੍ਹਾ 95.7 ਫ਼ੀਸਦ ਤੰਬਾਕੂ ਦੇ ਧੂੰਏਂ ਤੋਂ ਮੁਕਤ ਹੈ। ਫ਼ਿਰੋਜ਼ਪੁਰ ਜ਼ਿਲ੍ਹਾ 89.5 ਫੀਸਦ ਤੰਬਾਕੂ ਮੁਕਤ ਦੱਸਿਆ ਗਿਆ ਹੈ। ਪਟਿਆਲਾ 89.1 ਫ਼ੀਸਦ ਤੇ ਫ਼ਾਜ਼ਿਲਕਾ 88.8 ਪ੍ਰਤੀਸ਼ਤ ਧੂੰਆਂ ਰਹਿਤ ਕਿਹਾ ਗਿਆ ਹੈ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ ਤੰਬਾਕੂ ਤੇ ਧੂੰਆਂ ਮੁਕਤ ਐਲਾਨੇ ਗਏ 12 ਹੋਰ ਜ਼ਿਲ੍ਹਿਆਂ ਦੇ ਅਧਿਐਨ ਦੀ ਜ਼ਿੰਮੇਵਾਰੀ ਵੀ ਪੀ.ਜੀ.ਆਈ. ਨੂੰ ਦਿੱਤੀ ਜਾ ਰਹੀ ਹੈ।

ਸਰਕਾਰ ਵੱਲੋਂ ਜ਼ਿਲ੍ਹਿਆਂ ਨੂੰ ਤੰਬਾਕੂ ਮੁਕਤ ਦਾ ਦਰਜਾ ਦੇਣ ਤੋਂ ਪਹਿਲਾਂ ਵੀ ਰਿਪੋਰਟ ਲਈ ਜਾਂਦੀ ਹੈ। ਸਰਕਾਰ ਵੱਲੋਂ 16 ਜ਼ਿਲ੍ਹਿਆਂ ਨੂੰ ਪਹਿਲਾਂ ਧੂੰਆਂ ਮੁਕਤ ਕਰਾਰ ਦਿੱਤਾ ਗਿਆ ਸੀ ਤੇ ਹੁਣ ਇਸ ਵਿਚ ਦੋ ਹੋਰ ਸ਼ਾਮਲ ਕੀਤੇ ਜਾ ਰਹੇ ਹਨ। ਇਸ ਤੋਂ ਬਾਅਦ ਚਾਰ ਜ਼ਿਲ੍ਹੇ ਇਸ ਲੜੀ ਵਿਚ ਸ਼ਾਮਲ ਹੋਣ ਤੋਂ ਰਹਿ ਜਾਣਗੇ।

ਪੰਜਾਬ ਵਿਚ ਜਨਤਕ ਥਾਵਾਂ ਨੂੰ ਬੀੜੀ ਸਿਗਰਟ ਦੇ ਧੂੰਏਂ ਤੋਂ ਮੁਕਤ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਸੂਬਾ ਸਰਕਾਰ ਵੱਲੋਂ ਜਲੰਧਰ ਤੇ ਤਰਨ ਤਾਰਨ ਜ਼ਿਲ੍ਹਿਆਂ ਨੂੰ ਤੰਬਾਕੂ ਤੇ ਧੂੰਆਂ ਮੁਕਤ ਐਲਾਨਣ ਦੀ ਤਿਆਰੀ ਕੀਤੀ ਜਾ ਰਹੀ ਹੈ। ਪੀ.ਜੀ.ਆਈ. ਦੇ ਮਾਹਿਰਾਂ ਦੀ ਰਿਪੋਰਟ ਵਿਚ ਪੰਜਾਬ ਸਰਕਾਰ ਨੂੰ ਚਾਰ ਜ਼ਿਲ੍ਹਿਆਂ ਬਾਰੇ ਰਿਪੋਰਟ ਸੌਂਪੀ ਗਈ ਹੈ। ਇਸ ਵਿਚ ਜਲੰਧਰ ਤੇ ਤਰਨ ਤਾਰਨ ਨੂੰ ਤੰਬਾਕੂ ਮੁਕਤ ਐਲਾਨਣ ਦੀ ਸਿਫਾਰਸ਼ ਕੀਤੀ ਗਈ ਹੈ। ਮਾਹਿਰਾਂ ਵੱਲੋਂ ਤਰਨਤਾਰਨ ਤੇ ਜਲੰਧਰ ਜ਼ਿਲ੍ਹੇ ਵਿਚ ਜਨਤਕ ਥਾਵਾਂ 'ਤੇ ਨਾਮਾਤਰ ਸਿਗਰਟ ਬੀੜੀ ਪੀਣ ਦੀ



ਰਿਪੋਰਟ ਦਿੱਤੀ ਗਈ ਹੈ। ਪੰਜਾਬ ਤੰਬਾਕੂ ਕੰਟਰੋਲ ਪ੍ਰੋਗਰਾਮ ਦੇ ਇੰਚਾਰਜ ਡਾ. ਰਾਕੇਸ਼ ਗੁਪਤਾ ਨੇ ਦੱਸਿਆ ਕਿ ਪੀ.ਜੀ.ਆਈ. ਵੱਲੋਂ ਤਿਆਰ ਕੀਤੀ ਗਈ ਰਿਪੋਰਟ ਦੇ ਆਧਾਰ 'ਤੇ ਜਲੰਧਰ ਜ਼ਿਲ੍ਹੇ ਨੂੰ ਧੂੰਆਂ ਮੁਕਤ ਐਲਾਨੇ ਜਾਣ ਦੀ ਤਿਆਰੀ ਚੱਲ ਰਹੀ ਹੈ। ਤਰਨ ਤਾਰਨ ਜ਼ਿਲ੍ਹੇ ਦੀ ਲਿਖਤੀ ਰਿਪੋਰਟ ਨਹੀਂ ਮਿਲੀ ਹੈ ਪਰ ਮਾਹਿਰਾਂ ਨੇ ਜ਼ੁਬਾਨੀ ਹਰੀ ਝੰਡੀ ਦੇ ਦਿੱਤੀ ਹੈ। ਸਰਕਾਰ ਵੱਲੋਂ ਫ਼ਰੀਦਕੋਟ, ਫ਼ਿਰੋਜ਼ਪੁਰ, ਫ਼ਾਜ਼ਿਲਕਾ, ਪਟਿਆਲਾ, ਸ੍ਰੀ ਮੁਕਤਸਰ ਸਾਹਿਬ, ਕਪੂਰਥਲਾ, ਹੁਸ਼ਿਆਰਪੁਰ, ਸੰਗਰੂਰ, ਨਵਾਂ ਸ਼ਹਿਰ, ਫ਼ਤਿਹਗੜ੍ਹ ਸਾਹਿਬ, ਗੁਰਦਾਸਪੁਰ, ਰੂਪਨਗਰ, ਅੰਮ੍ਰਿਤਸਰ ਸਾਹਿਬ, ਮਾਨਸਾ ਤੇ ਅਜੀਤਗੜ੍ਹ ਨੂੰ ਤੰਬਾਕੂ ਮੁਕਤ ਐਲਾਨਿਆ ਜਾ ਚੁੱਕਿਆ ਹੈ। ਸਿਹਤ ਮੰਤਰੀ ਸੁਰਜੀਤ ਜਿਆਨੀ ਨੇ ਕਿਹਾ ਕਿ ਸੂਬੇ ਨੂੰ ਤੰਬਾਕੂ ਮੁਕਤ ਕਰਨ ਦਾ ਟੀਚਾ ਮਿਥਿਆ ਗਿਆ ਹੈ।

# ਗੁਰਦੁਆਰਾ ਫਰੀਮਾਂਟ ਸੁਪਰੀਮ ਕੌਂਸਲ ਚੋਣਾਂ-2014

## ਚੋਣ ਨੋਟਿਸ

20 ਜਨਵਰੀ 2014
ਸਤਿਕਾਰਯੋਗ ਸੰਗਤ ਮੈਂਬਰ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥



### ਸੁਪਰੀਮ ਕੌਂਸਲ ਦੀਆਂ ਚੋਣਾਂ ਦਾ ਪ੍ਰੋਗਰਾਮ

ਵੋਟਰਾਂ ਦੀ ਰਜਿਸਟਰੇਸ਼ਨ
29 ਜਨਵਰੀ 2014, ਸ਼ਾਮ 5 ਵਜੇ ਤੱਕ (ਐਤਵਾਰ ਅਤੇ ਬੁੱਧਵਾਰ)

ਸੁਪਰੀਮ ਕੌਂਸਲ ਦੇ ਉਮੀਦਵਾਰਾਂ ਲਈ ਨਾਮਜ਼ਦਗੀ ਭਰਨ ਦੀ ਅੰਤਿਮ ਤਾਰੀਖ ਤੇ ਸਮਾਂ: 5 ਫਰਵਰੀ 2014, ਰਾਤ 8 ਵਜੇ ਤੱਕ

ਨਾਮਜ਼ਦਗੀਆਂ ਵਾਪਸ ਲੈਣ ਦੀ ਅੰਤਿਮ ਤਾਰੀਖ ਤੇ ਸਮਾਂ:
9 ਫਰਵਰੀ 2014, ਸ਼ਾਮ 5 ਵਜੇ ਤੱਕ

**ਚੋਣਾਂ ਐਤਵਾਰ, 9 ਮਾਰਚ 2014, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਹੋਣਗੀਆਂ**

**ਕਿਸੇ ਵੀ ਸਵਾਲ ਜਾਂ ਸਪਸ਼ਟੀਕਰਨ ਲਈ ਸੁਪਰੀਮ ਕੌਂਸਲ ਨਾਲ ਫੋਨ: 510-790-0177 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।**

**ਵਲੋਂ: ਸੁਪਰੀਮ ਕੌਂਸਲ, ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੀਫੋਰਨੀਆ)**

# ਮਾਨ ਅਕਾਲੀ ਦਲ ਦੇ ਸੁਖਜਿੰਦਰ ਸਿੰਘ ਨੂੰ ਅਟਾਰਨੀ ਪੰਨੂ ਨੇ ਅਮਰੀਕਾ 'ਚ ਦੁਆਈ ਰਾਜਸੀ ਸ਼ਰਣ

**ਨਿਊ ਯਾਰਕ:** ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰ ਸੁਖਜਿੰਦਰ ਸਿੰਘ ਨੂੰ ਨਿਊ ਯਾਰਕ ਵਿਚ ਇਮੀਗ੍ਰੇਸ਼ਨ ਜੱਜ ਨੇ ਸਿਆਸੀ ਸ਼ਰਨ ਦੇ ਦਿੱਤੀ ਹੈ। ਮਾਨ ਧੜੇ ਵਲੋਂ ਖਾਲਿਸਤਾਨ ਦੇ ਸਮਰਥਨ ਵਿਚ ਕੀਤੇ ਜਾਂਦੇ ਪ੍ਰਦਰਸ਼ਨਾਂ ਤੇ ਰੈਲੀਆਂ ਵਿਚ ਸੁਖਜਿੰਦਰ ਸਰਗਰਮੀ ਨਾਲ ਸ਼ਾਮਿਲ ਹੋਇਆ ਕਰਦਾ ਸੀ ਤੇ ਪੁਲਿਸ ਤੋਂ ਆਪਣੀ ਜਾਨ ਬਚਾਉਣ ਲਈ ਭਾਰਤ ਛੱਡ ਆਇਆ ਸੀ। ਮਾਨ ਧੜੇ ਦੀ ਮੈਂਬਰੀ ਤੇ ਸਿਆਸੀ ਸਰਗਰਮੀਆਂ ਕਾਰਨ ਭਾਰਤ ਵਿਚ ਸੁਖਜਿੰਦਰ ਨੂੰ ਭਾਰਤੀ ਪੁਲਿਸ ਵਲੋਂ ਗੈਰ-ਕਾਨੂੰਨੀ ਹਿਰਾਸਤ ਵਿਚ ਰਖਿਆ ਗਿਆ, ਉਸ 'ਤੇ ਤਸ਼ਦਦ ਕੀਤੇ ਗਏ ਤੇ ਧਮਕਾਇਆ ਗਿਆ ਸੀ।

ਅਮਰੀਕਾ ਵਿਚ ਬਿਨਾ ਕਾਗਜ਼ਾਤ ਦਾਖਲ ਹੋਣ 'ਤੇ ਸੁਖਜਿੰਦਰ ਨੂੰ ਅਮਰੀਕੀ ਇਮੀਗ੍ਰੇਸ਼ਨ ਵਲੋਂ ਸਰਹੱਦ 'ਤੇ ਗ੍ਰਿਫਤਾਰ ਕਰ ਲਿਆ ਗਿਆ ਸੀ। ਅਟਾਰਨੀ ਪੰਨੂ ਨੇ ਪਹਿਲਾਂ ਉਸ ਨੂੰ ਬਾਂਡ 'ਤੇ ਰਿਹਾ ਕਰਵਾਇਆ ਫਿਰ ਉਸ ਨੂੰ ਜਦੋਂ ਉਸ ਦੀ ਸਿਆਸੀ ਸ਼ਰਣ ਦੀ ਅਰਜ਼ੀ ਵਿਚਾਰ ਅਧੀਨ ਸੀ, ਵਰਕ ਪਰਮਿਟ ਦਿਵਾਇਆ। ਹੁਣ ਜਦੋਂ ਇਮੀਗ੍ਰੇਸ਼ਨ ਜੱਜ ਨੇ ਸੁਖਜਿੰਦਰ ਨੂੰ ਸਿਆਸੀ ਸ਼ਰਣ ਦੇ ਦਿੱਤੀ ਹੈ, ਉਹ ਗਰੀਨ ਕਾਰਡ ਆਧਾਰਤ ਸ਼ਰਣ ਲੈਣ ਦੇ ਯੋਗ ਹੋ ਜਾਵੇਗਾ।

ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕਈ ਮੈਂਬਰ ਪਿਛਲੇ ਸਮਿਆਂ ਵਿਚ ਹੀ ਆਪਣੀ ਜਾਨ ਨੂੰ ਖਤਰੇ ਕਾਰਨ ਭਾਰਤ ਛੱਡ ਆਏ ਸਨ, ਉਦੋਂ ਤੋਂ ਇਮੀਗ੍ਰੇਸ਼ਨ ਅਦਾਲਤਾਂ ਵਿਚ ਸੈਂਕੜੇ ਹਜ਼ਾਰਾਂ ਕੇਸ ਵਿਚਾਰ ਅਧੀਨ ਹਨ ਤੇ ਸੁਖਜਿੰਦਰ ਦਾ ਕੇਸ ਉਨ੍ਹਾਂ ਵਿਚੋਂ ਇਕ ਹੈ।

ਅਟਾਰਨੀ ਪੰਨੂ ਅਨੁਸਾਰ ਮਾਨ ਧੜੇ ਦੇ ਜਿਨ੍ਹਾਂ ਮੈਂਬਰਾਂ ਨੂੰ ਹਾਲ ਵਿਚ ਹੀ ਅਮਰੀਕੀ ਇਮੀਗ੍ਰੇਸ਼ਨ ਵਿਭਾਗ ਵਲੋਂ ਰਿਹਾ ਕੀਤਾ ਗਿਆ ਹੈ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਵਿਚ ਦਾਖਲ ਹੋਣ ਤੋਂ ਇਕ ਸਾਲ ਦੇ ਅੰਦਰ ਅੰਦਰ ਆਪਣੀ ਸ਼ਰਣ ਦੀ ਅਰਜ਼ੀ ਦਾਇਰ ਕਰਨ। ਸ਼ਰਣ ਦੀ ਅਰਜ਼ੀ ਦਾਇਰ ਕਰਨ ਤੋਂ 150 ਦਿਨਾਂ ਬਾਅਦ ਉਹ ਵਰਕ ਪਰਮਿਟ ਲੈਣ ਦੇ ਯੋਗ ਹੋ ਜਾਣਗੇ।

ਸੁਖਜਿੰਦਰ ਦੀ ਸੁਣਵਾਈ ਦੌਰਾਨ ਅਮਰੀਕੀ ਇਮੀਗ੍ਰੇਸ਼ਨ ਅਟਾਰਨੀ ਨੇ ਇਮੀਗ੍ਰੇਸ਼ਨ ਜੱਜ ਨੂੰ ਕਿਹਾ ਕਿ ਸੁਖਜਿੰਦਰ ਦੀ ਸ਼ਰਣ ਦੀ ਅਰਜ਼ੀ ਰੱਦ ਕਰ ਦਿੱਤੀ ਜਾਵੇ ਕਿਉਂਕਿ ਸੁਖਜਿੰਦਰ ਦੀ ਦਿਖ ਅੰਮ੍ਰਿਤਧਾਰੀ ਨਹੀਂ ਹੈ ਤੇ ਭਾਰਤ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੈਂਬਰਾਂ ਨੂੰ ਖਤਰੇ ਬਾਰੇ ਕੋਈ ਦਸਤਾਵੇਜ਼ ਨਹੀਂ ਹੈ। ਸੁਖਜਿੰਦਰ ਦੀ ਸਿਆਸੀ ਸ਼ਰਣ ਦੇ ਦਾਅਵੇ ਦੇ ਸਮਰਥਨ ਵਿਚ ਅਟਾਰਨੀ ਪੰਨੂ ਨੇ ਭਾਰਤ ਦੇ ਮੌਜੂਦਾ ਹਾਲਾਤ ਬਾਰੇ ਦਸਤਾਵੇਜ਼ , ਵੱਖ ਵੱਖ ਮਨੁੱਖੀ ਅਧਿਕਾਰ ਸੰਸਥਾਵਾਂ ਦੀਆਂ ਰਿਪੋਰਟਾਂ ਪੇਸ਼ ਕੀਤੀਆਂ ਤੇ ਇਹ ਸਾਬਿਤ ਕਰਨ ਲਈ ਸੰਖੇਪ ਵਿਚ ਕਾਨੂੰਨੀ ਪੱਖ ਦਿੱਤਾ ਕਿ ਕਿਵੇਂ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਵਰਕਰਾਂ ਤੇ ਕਾਰਕੁੰਨਾਂ ਨੂੰ ਭਾਰਤ ਵਿਚ ਅਜੇ ਵੀ ਖਤਰਾ ਹੈ ਤੇ ਉਨ੍ਹਾਂ ਨੂੰ ਸਿਆਸੀ ਸ਼ਰਣ ਦਿੱਤੀ ਜਾਣੀ ਚਾਹੀਦੀ ਹੈ।



*ਸੁਖਜਿੰਦਰ ਸਿੰਘ ਅਤੇ ਅਟਾਰਨੀ ਗੁਰਪਤਵੰਤ ਸਿੰਘ ਪੰਨੂ*

ਸੁਖਜਿੰਦਰ ਸਿੰਘ ਅਨੁਸਾਰ ਅਟਾਰਨੀ ਪੰਨੂ ਤੇ ਉਨ੍ਹਾਂ ਦੇ ਸਟਾਫ ਦੀ ਵਧੀਆ ਸਲਾਹ ਤੇ ਠੀਕ ਤਰੀਕੇ ਨਾਲ ਕੀਤੀ ਗਈ ਕਾਨੂੰਨੀ ਪੈਰਵਾਈ ਕਰਕੇ ਉਹ ਆਪਣਾ ਸਿਆਸੀ ਸ਼ਰਣ ਦਾ ਕੇਸ ਜਿੱਤਣ ਵਿਚ ਕਾਮਯਾਬ ਹੋਇਆ ਹੈ। ਉਸ ਅਨੁਸਾਰ ਅਟਾਰਨੀ ਪੰਨੂ ਦੀਆਂ ਸੇਵਾਵਾਂ ਲੈਣ ਤੋਂ ਪਹਿਲਾਂ ਕਈਆਂ ਨੇ ਮੇਰਾ ਹੌਂਸਲਾ ਤੋੜ ਦਿੱਤਾ ਸੀ ਕਿ ਅਕਾਲੀ ਦਲ (ਅੰਮ੍ਰਿਤਸਰ) ਦੇ ਕੁਝ ਮੈਂਬਰਾਂ ਨੂੰ ਹੁਣ ਸਿਆਸੀ ਸ਼ਰਨ ਨਹੀਂ ਮਿਲਦੀ ਤੇ ਮੈਨੂੰ ਡਿਪੋਰਟ ਕਰ ਦਿੱਤਾ ਜਾਵੇਗਾ। ਪਰ ਅਟਾਰਨੀ ਪੰਨੂ ਨੇ ਮੈਨੂੰ ਭਰੋਸਾ ਦਿੱਤਾ ਕਿ ਜੇ ਤੈਨੂੰ ਭਾਰਤ ਵਿਚ ਤਸ਼ਦਦ, ਗੈਰ ਕਾਨੂੰਨੀ ਹਿਰਾਸਤ ਤੇ ਜਾਨ ਨੂੰ ਧਮਕੀ ਦਾ ਸਾਹਮਣਾ ਕਰਨਾ ਪਿਆ ਹੈ ਤੇ ਮੇਰੀਆਂ ਸਿਆਸੀ ਸਰਗਰਮੀਆਂ ਤੇ ਮਾਨ ਧੜੇ ਨਾਲ ਮੈਂਬਰੀ ਕਰਕੇ ਮੇਰੇ ਪਰਿਵਾਰ ਨੂੰ ਹੁਣ ਵੀ ਇਹ ਸਭ ਕੁਝ ਸਹਿਣਾ ਪੈ ਰਿਹਾ ਹੈ ਤਾਂ ਇਮੀਗ੍ਰੇਸ਼ਨ ਜੱਜ ਮੈਨੂੰ ਸਿਆਸੀ ਸ਼ਰਨ ਜ਼ਰੂਰ ਦੇ ਦੇਣਗੇ।

ਅਟਾਰਨੀ ਪੰਨੂ ਅਨੁਸਾਰ ਅਕਾਲੀ ਦਲ (ਅੰਮ੍ਰਿਤਸਰ) ਦੇ ਜਿਨ੍ਹਾਂ ਮੈਂਬਰਾਂ ਨੂੰ ਭਾਰਤ ਵਿਚ ਸਿਆਸੀ ਜਬਰ ਦਾ ਸਾਹਮਣਾ ਕਰਨਾ ਪਿਆ ਹੈ ਤੇ ਉਹ ਆਪਣੀਆਂ ਜਾਨਾਂ ਬਚਾਉਣ ਲਈ ਅਮਰੀਕਾ ਆ ਗਏ ਹਨ ਤਾਂ ਉਹ ਸਾਰੇ ਸਿਆਸੀ ਸ਼ਰਣ ਹਾਸਿਲ ਕਰਨ ਦੇ ਯੋਗ ਹੈ। ਸੁਖਜਿੰਦਰ ਵਰਗੇ ਕਈ ਹੋਰ ਲੋਕ ਹਨ ਜੋ ਕਿ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਅਕਾਲੀ ਦਲ ਦੇ ਮੈਂਬਰ ਹਨ ਤੇ ਹਾਲ ਵਿਚ ਹੀ ਆਪਣੀਆਂ ਜਾਨਾਂ ਬਚਾਉਣ ਲਈ ਭਾਰਤ ਛੱਡ ਆਏ ਹਨ। ਇਨ੍ਹਾਂ ਵਿਚੋਂ ਕਈਆਂ ਨੂੰ ਤਾਂ ਟੈਕਸਸ, ਐਰੀਜ਼ੋਨਾ ਤੇ ਹੋਰ ਥਾਂਵਾਂ 'ਤੇ ਹਿਰਾਸਤ ਵਿਚ ਰਖਿਆ ਹੋਇਆ ਹੈ ਜਾਂ ਹਾਲ ਵਿਚ ਰਿਹਾ ਕੀਤਾ ਗਿਆ ਹੈ।

**ਅਟਾਰਨੀ ਪੰਨੂ ਨੇ ਕਿਹਾ ਹੈ ਕਿ ਜੇਕਰ ਕੋਈ ਆਪ ਜਾਂ ਉਸ ਦਾ ਕੋਈ ਜਾਣਕਾਰ ਅਕਾਲੀ ਦਲ (ਅੰਮ੍ਰਿਤਸਰ) ਦੀ ਮੈਂਬਰੀ ਕਾਰਨ ਸਿਆਸੀ ਸ਼ਰਣ ਦਾ ਦਾਅਵੇਦਾਰ ਹੈ ਤਾਂ ਉਹ ਫੌਰਨ ਉਸ ਦੇ ਦਫਤਰ ਨਾਲ ਸੰਪਰਕ ਫੋਨ 718-672-8000 ਜਾਂ 510-796-9000 ਰਾਹੀਂ ਕਰ ਸਕਦਾ ਹੈ।**

ਅਟਾਰਨੀ ਪੰਨੂ ਐਰੀਜ਼ੋਨਾ, ਕੈਲੀਫੋਰਨੀਆ, ਪੈਨਸਿਲਵੇਨੀਆ, ਟੈਕਸਸ, ਵਾਸ਼ਿੰਗਟਨ, ਸਿਆਟਲ, ਇੰਡੀਆਨਾ, ਇਲੀਨਾਏ, ਨਿਊ ਜਰਸੀ, ਨਿਊ ਯਾਰਕ ਤੇ ਹੋਰ ਰਾਜਾਂ ਵਿਚ ਇਮੀਗ੍ਰੇਸ਼ਨ ਕੇਸਾਂ ਦੀ ਪੈਰਵਾਈ ਕਰਦੇ ਹਨ।

*Space sponsored by Pannun Law Firm*

**Punjab Times**

**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੁਲਜੀਤ ਢੱਟ ਨੂੰ ਪੁਲਿਸ ਨੇ ਕੀਤਾ ਸੀ ਲਾਪਤਾ

**ਹੁਸ਼ਿਆਰਪੁਰ:** ਸ਼ਹੀਦ ਭਗਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਕੁਲਜੀਤ ਸਿੰਘ ਢੱਟ ਦੀ ਹਿਰਾਸਤੀ ਮੌਤ ਦੀ ਜਾਂਚ ਕਰਨ ਵਾਲੇ ਰਣਦੇਵ ਕਮਿਸ਼ਨ ਦੇ ਮੁਖੀ ਐਚ.ਐਲ. ਰਣਦੇਵ ਸੋਮਵਾਰ ਨੂੰ ਹੁਸ਼ਿਆਰਪੁਰ ਦੇ ਵਧੀਕ ਸੈਸ਼ਨ ਜੱਜ ਜੇ.ਐਸ. ਭਿੰਡਰ ਦੀ ਅਦਾਲਤ 'ਚ ਪੇਸ਼ ਹੋਏ। ਉਨ੍ਹਾਂ ਨੇ ਸਾਲ 1993 ਵਿਚ ਸੁਪਰੀਮ ਕੋਰਟ ਨੂੰ ਸੌਂਪੀ ਆਪਣੀ ਜਾਂਚ ਰਿਪੋਰਟ ਦੀ ਪੁਸ਼ਟੀ ਕੀਤੀ ਜਿਸ ਵਿਚ ਉਨ੍ਹਾਂ ਨੇ ਸ੍ਰੀ ਢੱਟ ਦੇ ਲਾਪਤਾ ਹੋਣ ਲਈ ਪੰਜਾਬ ਪੁਲਿਸ ਦੇ ਪੰਜ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਸ੍ਰੀ ਰਣਦੇਵ ਨੇ ਮੁਲਜ਼ਮਾਂ ਅਤੇ ਇਸਤਗਾਸਾ ਪੱਖ ਦੇ ਵਕੀਲਾਂ ਦੀ ਹਾਜ਼ਰੀ 'ਚ ਬਿਆਨ ਦਿੱਤਾ ਕਿ 20 ਸਾਲ ਪਹਿਲਾਂ ਉਨ੍ਹਾਂ ਨੇ ਆਪਣੀ ਜਾਂਚ ਰਿਪੋਰਟ ਵਿਚ ਜੋ ਕੁਝ ਲਿਖਿਆ ਸੀ, ਉਸ ਦੀ ਉਹ ਪੁਸ਼ਟੀ ਕਰਦੇ ਹਨ।

ਕਮਿਸ਼ਨ ਵਲੋਂ ਜਿਨ੍ਹਾਂ ਪੰਜ ਅਧਿਕਾਰੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ, ਉਨ੍ਹਾਂ ਵਿਚ ਉਦੋਂ ਦੇ ਹੁਸ਼ਿਆਰਪੁਰ ਦੇ ਐਸ.ਪੀ. (ਅਪਰੇਸ਼ਨ) ਐਸ. ਬਸਰਾ, ਡੀ.ਐਸ.ਪੀ. ਦਸੂਹਾ ਅਜੀਤ ਸਿੰਘ ਸੰਧੂ, ਐਸ.ਐਚ.ਓ. ਦਸੂਹਾ ਜਸਪਾਲ ਸਿੰਘ, ਐਸ.ਐਚ.ਓ. ਟਾਂਡਾ ਸਰਦੂਲ ਸਿੰਘ ਅਤੇ ਗੜ੍ਹਦੀਵਾਲਾ ਚੌਕੀ ਦੇ ਇੰਚਾਰਜ ਸੀਤਾ ਰਾਮ



*ਕੁਲਜੀਤ ਸਿੰਘ ਢੱਟ*

ਸ਼ਾਮਲ ਸਨ। ਇਨ੍ਹਾਂ ਵਿਚੋਂ ਅਜੀਤ ਸਿੰਘ ਸੰਧੂ ਅਤੇ ਸਰਦੂਲ ਸਿੰਘ ਦੀ ਮੌਤ ਹੋ ਗਈ ਹੈ ਜਦੋਂਕਿ ਬਾਕੀ ਤਿੰਨਾਂ ਖਿਲਾਫ ਕੇਸ ਚੱਲ ਰਿਹਾ ਹੈ।

ਢੱਟ ਪਰਿਵਾਰ ਦੀ ਸ਼ਿਕਾਇਤ ਮੁਤਾਬਿਕ 23 ਜੁਲਾਈ 1989 ਨੂੰ ਸ੍ਰੀ ਢੱਟ ਨੂੰ ਹੁਸ਼ਿਆਰਪੁਰ ਪੁਲਿਸ ਨੇ ਗੜ੍ਹੀ ਪਿੰਡ 'ਚੋਂ ਚੁੱਕਿਆ ਸੀ ਅਤੇ ਉਸੇ ਦਿਨ ਉਨ੍ਹਾਂ ਨੂੰ ਖ਼ਤਮ ਕਰ ਦਿੱਤਾ ਸੀ ਜਦੋਂਕਿ ਪੁਲਿਸ ਨੇ ਆਪਣੀ ਰਿਪੋਰਟ ਵਿਚ ਕਿਹਾ ਸੀ ਕਿ ਸ੍ਰੀ ਢੱਟ ਨੂੰ 25 ਜੁਲਾਈ ਨੂੰ ਇਕ ਅਪਰਾਧਕ ਮਾਮਲੇ 'ਚ ਹਿਰਾਸਤ ਵਿਚ ਲਿਆ ਗਿਆ ਸੀ ਅਤੇ ਉਸੇ ਰਾਤ ਜਦੋਂ ਉਨ੍ਹਾਂ ਨੂੰ ਹਥਿਆਰਾਂ ਦੀ ਬਰਾਮਦਗੀ ਲਈ ਮੰਡ ਇਲਾਕੇ 'ਚ ਲਿਜਾਇਆ ਗਿਆ ਤਾਂ ਉਹ ਹੱਥਕੜੀ ਛੁਡਵਾ ਕੇ ਫ਼ਰਾਰ ਹੋ ਗਿਆ। ਸ੍ਰੀ ਢੱਟ ਦੇ ਪਰਿਵਾਰ ਵੱਲੋਂ ਇਹ ਮਾਮਲਾ ਸੁਪਰੀਮ ਕੋਰਟ ਕੋਲ ਲਿਜਾਇਆ ਗਿਆ। ਅਦਾਲਤ ਦੇ ਹੁਕਮਾਂ 'ਤੇ 1990 ਵਿਚ ਰਣਦੇਵ ਕਮਿਸ਼ਨ ਮੁਕੱਰਰ ਹੋਇਆ ਜਿਸ ਨੇ 15 ਅਕਤੂਬਰ 1993 ਨੂੰ ਆਪਣੀ ਰਿਪੋਰਟ ਅਦਾਲਤ ਨੂੰ ਸੌਂਪੀ। ਇਸ ਰਿਪੋਰਟ ਦੇ ਅਧਾਰ 'ਤੇ ਅਦਾਲਤ ਨੇ ਪੰਜਾਬ ਸਰਕਾਰ ਨੂੰ ਕਾਰਵਾਈ ਕਰਨ ਲਈ ਆਖਿਆ ਸੀ। ਉਦੋਂ ਦੇ ਜਲੰਧਰ ਰੇਂਜ ਦੇ ਡੀ.ਆਈ.ਜੀ. ਸ੍ਰੀ ਜੇ.ਪੀ ਬਿਰਦੀ ਵਲੋਂ ਮਾਮਲੇ ਦੀ ਜਾਂਚ ਕਰਨ ਉਪਰੰਤ ਦੋਸ਼ੀ ਅਧਿਕਾਰੀਆਂ ਖਿਲਾਫ਼ ਮਾਰਨ ਦੀ ਨੀਅਤ ਨਾਲ ਅਗਵਾ ਕਰਨ, ਗੈਰ-ਕਾਨੂੰਨੀ ਹਿਰਾਸਤ 'ਚ ਰੱਖਣ, ਰਿਕਾਰਡ ਨਾਲ ਛੇੜਛਾੜ ਕਰਨ ਸਬੰਧੀ ਮਾਮਲਾ ਦਰਜ ਕੀਤਾ ਗਿਆ ਸੀ।

# ਪੁਲਿਸ ਵੱਲੋਂ ਖਾੜਕੂ ਕਰਾਰ ਦਿੱਤੇ ਪੰਜ ਨੌਜਵਾਨ ਬਰੀ

**ਨਵਾਂ ਸ਼ਹਿਰ:** ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਨੀਲਮ ਅਰੋੜਾ ਦੀ ਅਦਾਲਤ ਵੱਲੋਂ ਦੇਸ਼ ਵਿਰੋਧੀ ਗਤੀਵਿਧੀਆਂ ਦੇ ਦਰਜ ਮਾਮਲੇ ਨਾਲ ਸਬੰਧਿਤ 5 ਜਣਿਆਂ ਨੂੰ ਬਰੀ ਕਰ ਦਿੱਤਾ ਗਿਆ।

ਜ਼ਿਕਰਯੋਗ ਹੈ ਕਿ 27 ਮਾਰਚ, 2010 ਨੂੰ ਥਾਣਾ ਸਿਟੀ ਨਵਾਂਸ਼ਹਿਰ ਦੀ ਪੁਲਿਸ ਨੇ ਗੁਪਤ ਇਤਲਾਹ ਦੇ ਆਧਾਰ 'ਤੇ ਮਾਮਲਾ ਦਰਜ ਕੀਤਾ ਸੀ ਜਿਸ ਵਿਚ ਪੁਲਿਸ ਨੇ ਜ਼ਿਕਰ ਕੀਤਾ ਸੀ ਕਿ ਧਰਮਿੰਦਰ ਸਿੰਘ ਆਪਣੇ ਸਾਥੀਆਂ ਗੁਰਪ੍ਰੀਤ ਸਿੰਘ ਵਾਸੀ ਰੁੜਕਾ ਕਲਾਂ (ਲੁਧਿਆਣਾ) ਜੋ ਉਸ ਸਮੇਂ ਸ਼ਿੰਗਾਰ ਸਿਨੇਮਾ ਬੰਬ ਕਾਂਡ ਦੇ ਮਾਮਲੇ 'ਚ ਨਾਭਾ ਜੇਲ੍ਹ 'ਚ ਬੰਦ ਸੀ ਅਤੇ ਖਾੜਕੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਿਤ ਹੈ, ਪ੍ਰਸ਼ੋਤਮ ਉਰਫ਼ ਪੰਮਾ ਵਾਸੀ ਮੜੌਲੀ (ਅੰਬਾਲਾ) ਅਤੇ ਗੋਲਡੀ ਵਾਸੀ ਘੇਲ (ਅੰਬਾਲਾ) ਵਾਸੀ ਫਰਾਂਸ ਦੇਸ਼ ਨਾਲ ਸਾਜ਼ਿਸ਼ ਰਚ ਕੇ ਭਾਰਤ ਖਿਲਾਫ਼ ਗੈਰ-ਕਾਨੂੰਨੀ ਯੋਜਨਾ ਬਣਾ ਰਹੇ ਸਨ। ਧਰਮਿੰਦਰ ਸਿੰਘ ਅਤੇ ਪ੍ਰਭਦਿਆਲ ਸਿੰਘ ਨੂੰ ਦਰਜ ਮਾਮਲੇ ਤੋਂ ਇਕ ਸਾਲ ਬਾਅਦ ਅਦਾਲਤ ਵੱਲੋਂ ਜ਼ਮਾਨਤ ਦੇ ਦਿੱਤੀ ਗਈ ਸੀ ਜਦ ਕਿ ਹਰਮਿੰਦਰ ਸਿੰਘ, ਗੁਰਪ੍ਰੀਤ ਸਿੰਘ ਅਤੇ ਪ੍ਰਸ਼ੋਤਮ ਸਿੰਘ ਨਾਭਾ ਜੇਲ੍ਹ 'ਚ ਨਜ਼ਰਬੰਦ ਸਨ। ਪੁਲਿਸ ਵੱਲੋਂ ਖਾੜਕੂ ਕਰਾਰ ਦਿੱਤੇ ਇਨ੍ਹਾਂ ਵਿਅਕਤੀਆਂ ਦੇ ਪੱਖ 'ਚ ਵਕੀਲ ਅਜੀਤ ਸਿੰਘ ਸਿਆਣ ਅਤੇ ਏ.ਕੇ. ਸਰੀਨ ਵੱਲੋਂ ਦਲੀਲਾਂ ਦਿੱਤੀਆਂ ਗਈਆਂ ਪਰ ਪੁਲਿਸ ਇਨ੍ਹਾਂ ਵਿਰੁੱਧ 'ਚ ਕੋਈ ਪੁਖ਼ਤਾ ਪ੍ਰਮਾਣ ਪੇਸ਼ ਨਹੀਂ ਕਰ ਸਕੀ ਜਿਸ ਕਰ ਕੇ ਜੱਜ ਵੱਲੋਂ ਪ੍ਰਸ਼ੋਤਮ ਸਿੰਘ, ਹਰਮਿੰਦਰ ਸਿੰਘ, ਗੁਰਪ੍ਰੀਤ ਸਿੰਘ, ਪ੍ਰਭਦਿਆਲ ਸਿੰਘ ਅਤੇ ਧਰਮਿੰਦਰ ਸਿੰਘ ਨੂੰ ਬਰੀ ਕਰ ਦਿੱਤਾ ਗਿਆ।

# ਪ੍ਰੋ. ਭੁੱਲਰ ਕੇਸ ਨਾਲ ਹਰ ਮੋੜ 'ਤੇ ਜੁੜਦੇ ਰਹੇ ਨੇ ਨਵੇਂ ਤੱਥ

*(ਸਫਾ ਇਕ ਦੀ ਬਾਕੀ)*

ਪਟੀਸ਼ਨ ਬਾਰੇ ਨੋਟਿਸ ਜਾਰੀ ਕੀਤੇ ਜਾਣਗੇ।

ਪ੍ਰੋ. ਭੁੱਲਰ ਦੀ ਪਤਨੀ ਨੇ ਸੁਪਰੀਮ ਕੋਰਟ ਦੇ 12 ਅਪਰੈਲ ਦੇ ਹੁਕਮ ਖਿਲਾਫ ਨਜ਼ਰਸਾਨੀ ਪਟੀਸ਼ਨ ਦਾਇਰ ਕੀਤੀ ਹੈ। 12 ਅਪਰੈਲ ਦੇ ਹੁਕਮ ਵਿਚ ਸੁਪਰੀਮ ਕੋਰਟ ਨੇ ਸਰਕਾਰ ਵੱਲੋਂ ਉਸ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਲੈਣ ਵਿਚ ਕੀਤੀ ਦੇਰੀ ਕਾਰਨ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਸਬੰਧੀ ਅਪੀਲ ਰੱਦ ਕਰ ਦਿੱਤੀ ਸੀ।

ਦਿੱਲੀ ਵਿਚ ਸਤੰਬਰ 1993 ਵਿਚ ਹੋਏ ਬੰਬ ਧਮਾਕੇ ਲਈ ਭੁੱਲਰ ਨੂੰ ਦੋਸ਼ੀ ਠਹਿਰਾਉਂਦੇ ਹੋਏ ਅਦਾਲਤ ਨੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਇਸ ਬੰਬ ਧਮਾਕੇ ਵਿਚ ਨੌਂ ਵਿਅਕਤੀ ਮਾਰੇ ਗਏ ਤੇ ਉਸ ਸਮੇਂ ਦੇ ਯੂਥ ਕਾਂਗਰਸ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਸਮੇਤ 25 ਹੋਰ ਜ਼ਖ਼ਮੀ ਹੋ ਗਏ ਸਨ। 26 ਮਾਰਚ 2002 ਨੂੰ ਸੁਪਰੀਮ ਕੋਰਟ ਨੇ ਅਗਸਤ 2001 ਵਿਚ ਹੇਠਲੀ ਅਦਾਲਤ ਵੱਲੋਂ ਦਿੱਤੀ ਮੌਤ ਦੀ ਸਜ਼ਾ ਵਿਰੁੱਧ ਭੁੱਲਰ ਦੀ ਅਪੀਲ ਖਾਰਜ ਕਰ ਦਿੱਤੀ ਸੀ।

# ਗੁਰਦਾਸਪੁਰ ਕਾਂਡ: ਪੰਜਾਬ ਪੁਲਿਸ ਦੀ ਗੋਲੀ ਨਾਲ ਹੋਈ ਸੀ ਮੌਤ

**ਚੰਡੀਗੜ੍ਹ:** ਗੁਰਦਾਸਪੁਰ ਗੋਲੀ ਕਾਂਡ 'ਚ ਮਾਰੇ ਗਏ ਸਿੱਖ ਨੌਜਵਾਨ ਜਸਪਾਲ ਸਿੰਘ ਅਤੇ ਇਕ ਜ਼ਖ਼ਮੀ ਦੇ ਸਰੀਰ 'ਚੋਂ ਮਿਲੀਆਂ ਗੋਲੀਆਂ ਪੰਜਾਬ ਪੁਲਿਸ ਨਾਲ ਸਬੰਧਿਤ ਏ.ਕੇ.-47 ਰਾਈਫਲਾਂ ਦੀਆਂ ਹੀ ਹੋਣ ਦੀ ਪੁਸ਼ਟੀ ਹੋ ਗਈ ਹੈ। ਇਹ ਖੁਲਾਸਾ ਸੀ.ਐਫ.ਐਸ.ਐਲ. (ਸੈਂਟਰਲ ਫੋਰੈਂਸਿਕ ਸਾਇੰਸ ਲੈਬਾਰਟਰੀ) ਸੈਕਟਰ-36 ਏ, ਚੰਡੀਗੜ੍ਹ ਵੱਲੋਂ ਪੰਜਾਬ ਪੁਲਿਸ ਦੀਆਂ 71 ਏ.ਕੇ.- 47 ਰਾਈਫਲਾਂ ਦੀ ਪਿਛਲੇ ਮਹੀਨਿਆਂ ਦੌਰਾਨ ਕੀਤੀ ਉੱਚ ਪੱਧਰੀ ਜਾਂਚ ਮਗਰੋਂ ਹੋਇਆ ਹੈ। ਇਸ ਬਾਰੇ ਜਾਣਕਾਰੀ ਪੰਜਾਬ ਸਰਕਾਰ ਵੱਲੋਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਦਿੱਤੀ ਗਈ ਹੈ।

ਪੰਜਾਬ ਸਰਕਾਰ ਨੇ ਅਦਾਲਤ ਨੂੰ ਦੱਸਿਆ ਕਿ ਹੁਣ ਇਸ ਮਾਮਲੇ ਨੂੰ ਲੈ ਕੇ ਰਾਜ ਸਰਕਾਰ ਗੁਰਦਾਸਪੁਰ ਦੇ ਤਤਕਾਲੀ ਐਸ.ਐਸ.ਪੀ. ਵਰਿੰਦਰਪਾਲ ਸਿੰਘ ਅਤੇ ਡੀ.ਐਸ.ਪੀ. ਮਨਪ੍ਰੀਤ ਸਿੰਘ ਖਿਲਾਫ਼ ਵਿਭਾਗੀ ਜਾਂਚ ਕਰ ਰਹੀ ਹੈ ਅਤੇ ਇਸ ਵਾਸਤੇ ਉਸ ਨੂੰ ਹੋਰ ਦੋ ਮਹੀਨੇ ਦੀ ਮੋਹਲਤ ਚਾਹੀਦੀ ਹੈ। ਇਸ ਤੋਂ ਇਲਾਵਾ ਜਾਂਚ ਨੂੰ ਲੈ ਕੇ ਹੁਣ ਤੱਕ ਹੁੰਦੀ ਆਈ ਕੋਤਾਹੀ ਅਤੇ ਹੋਰ



ਉਣਤਾਈਆਂ ਵਜੋਂ ਅੰਡਰ ਸੈਕਟਰੀ (ਗ੍ਰਹਿ) ਸੇਵਾ ਸਿੰਘ ਦੀ ਇਕ ਸਾਲਾਨਾ ਇੰਕਰੀਮੈਂਟ ਰੋਕਣ ਦਾ ਫ਼ੈਸਲਾ ਕੀਤਾ ਗਿਆ ਹੈ ਅਤੇ ਡਿਊਟੀ 'ਚ ਲਾਪ੍ਰਵਾਹੀ ਕਰਕੇ ਪੀ.ਸੀ.ਐਸ. ਤੇਜਿੰਦਰਪਾਲ ਸਿੰਘ ਖਿਲਾਫ਼ ਵੀ ਕਾਰਵਾਈ ਕੀਤੀ ਜਾ ਰਹੀ ਹੈ। ਹਾਈਕੋਰਟ ਨੂੰ ਇਹ ਜਾਣਕਾਰੀ ਵੀ ਦਿੱਤੀ ਗਈ ਹੈ ਕਿ ਸਾਬਕਾ ਆਈ.ਏ.ਐਸ. ਸ੍ਰੀ ਸੀ.ਐਸ. ਤਲਵਾੜ ਦੀ ਥਾਂ ਹੁਣ ਸਾਬਕਾ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਬੀ.ਸੀ. ਗੁਪਤਾ ਨੂੰ ਜਾਂਚ ਅਧਿਕਾਰੀ ਲਾਇਆ ਗਿਆ ਹੈ।

# ਮਨੀਲਾ ਦੀ ਜੇਲ੍ਹ ਵਿਚ ਕੈਦੀਆਂ 'ਤੇ ਤਸੀਹੇ

**ਮਨੀਲਾ:** ਫਿਲਪੀਨਜ਼ ਦੇ ਮਨੁੱਖੀ ਅਧਿਕਾਰ ਕਮਿਸ਼ਨ ਨੇ ਮਨੀਲਾ ਲਾਗੇ ਤਸੀਹਾ ਕੇਂਦਰ ਵਿਚ ਪੁਲਿਸ ਅਫ਼ਸਰਾਂ ਵੱਲੋਂ ਕੈਦੀਆਂ ਨਾਲ 'ਤਸੀਹਾ ਚੱਕਰ' ਚਲਾਉਣ ਅਤੇ ਅਣਮਨੁੱਖੀ ਸਲੂਕ ਕਰਨ ਦੀਆਂ ਕਰਤੂਤਾਂ ਤੋਂ ਪਰਦਾ ਹਟਾਇਆ ਹੈ। ਮਨੁੱਖੀ ਹੱਕਾਂ ਬਾਰੇ ਕਮਿਸ਼ਨ ਦੀ ਚੇਅਰਪਰਸਨ ਲੋਰੇਟਾ ਐਨ. ਰੋਜ਼ਾਲਿਸ ਨੇ ਆਖਿਆ ਕਿ ਤਾਨਾਸ਼ਾਹੀ ਦੇ ਜੂਲੇ ਹੇਠੋਂ ਨਿਕਲਣ ਤੋਂ ਬਾਅਦ ਵੀ ਫਿਲਪੀਨਜ਼ ਵਿਚ ਪਿਛਲੇ ਤਿੰਨ ਦਹਾਕਿਆਂ ਤੋਂ ਵੱਧ ਅਰਸੇ ਤੋਂ ਤਸ਼ੱਦਦ ਦੇ ਤੌਰ-ਤਰੀਕੇ ਅਪਣਾਏ ਜਾਂਦੇ ਰਹੇ ਹਨ। ਤਾਨਾਸ਼ਾਹ ਫਰਡੀਨੈਂਡ ਮਾਰਕੋਸ ਦੇ ਸ਼ਾਸਨ ਕਾਲ ਵਿਚ ਤਸ਼ੱਦਦ ਦਾ ਸ਼ਿਕਾਰ ਬਣੇ ਹਜ਼ਾਰਾਂ ਲੋਕਾਂ ਨੇ ਹਰਜਾਨੇ ਦਾ ਕੇਸ ਜਿੱਤਿਆ ਸੀ। ਮਾਰਕੋਸ ਨੂੰ 1986 ਦੇ ਜਨ ਵਿਦਰੋਹ ਤੋਂ ਬਾਅਦ ਗੱਦੀ ਛੱਡਣੀ ਪਈ ਸੀ। ਲੰਡਨ ਆਧਾਰਤ ਮਨੁੱਖੀ ਹੱਕਾਂ ਦੀ ਸੰਸਥਾ ਅਮਨੈਸਟੀ ਇੰਟਰਨੈਸ਼ਨਲ ਨੇ ਆਖਿਆ ਕਿ ਇਸ ਖੇਡ ਦੌਰਾਨ ਕੈਦੀਆਂ ਜਿਨ੍ਹਾਂ 'ਚੋਂ ਬਹੁਤੇ ਨਸ਼ਿਆਂ ਦੇ ਕੇਸਾਂ 'ਚ ਫੜੇ ਗਏ ਹੁੰਦੇ ਹਨ, ਨੂੰ 'ਟੌਰਚਰ ਵੀਲ੍ਹ' 20 ਸੈਕਿੰਡ ਦੇ ਮੈਨੀ ਪੈਕਮੈਨ 'ਤੇ ਰੁਕਣ ਉਤੇ 20 ਮੁੱਕੇ ਮਾਰੇ ਜਾਂਦੇ ਸਨ। ਰੋਜ਼ਾਲਿਸ ਜੋ ਖ਼ੁਦ ਮਾਰਕੋਸ ਦੇ ਸ਼ਾਸਨ ਦੌਰਾਨ ਤਸ਼ੱਦਦ ਦਾ ਨਿਸ਼ਾਨਾ ਬਣੀ ਸੀ, ਨੇ ਇਸ ਟੌਰਚਰ ਗੇਮ ਨੂੰ ਖ਼ੌਫ਼ਨਾਕ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਇਸ ਮੁੱਦੇ 'ਤੇ ਪੁਲਿਸ ਅਫਸਰਾਂ ਨਾਲ ਗੱਲਬਾਤ ਕੀਤੀ ਹੈ। ਰਾਸ਼ਟਰਪਤੀ ਬੈਨੀਨੋ ਐਕੁਇਨੋ ਤੀਜੇ ਨੇ ਪਿਛਲੇ ਸਾਲਾਂ ਦੌਰਾਨ ਮਨੁੱਖੀ ਹੱਕਾਂ ਦੀਆਂ ਖਿਲਾਫ਼ ਵਰਜ਼ੀਆਂ ਕਰਨ ਵਾਲਿਆਂ 'ਤੇ ਮੁਕੱਦਮਾ ਚਲਾਉਣ ਦਾ ਤਹੱਈਆ ਕੀਤਾ ਹੈ, ਹਾਲਾਂਕਿ ਐਕੁਇਨੋ ਦੇ ਪਿਤਾ ਨੇ ਮਾਰਕੋਸ ਦੇ ਖ਼ਿਲਾਫ਼ ਲੋਕਤੰਤਰ ਲਈ ਵੱਡੀ ਲੜਾਈ ਲੜੀ ਸੀ ਪਰ ਮਨੁੱਖੀ ਹੱਕਾਂ ਦੀਆਂ ਜਥੇਬੰਦੀਆਂ ਦਾ ਕਹਿਣਾ ਹੈ ਕਿ ਐਕੁਇਨੋ ਦੇ ਨੱਕ ਹੇਠ ਵੀ ਇਹ ਸਿਲਸਿਲਾ ਚਲਦਾ ਰਿਹਾ।

# ਰਾਹੁਲ ਗਾਂਧੀ ਦੇ ਬਿਆਨ ਨੇ ਜ਼ਖਮਾਂ 'ਤੇ ਲੂਣ ਛਿੜਕਿਆ

*(ਸਫਾ ਇਕ ਦੀ ਬਾਕੀ)*

ਕਰਵਾਉਣ ਬਦਲੇ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਤੇ ਐਚ.ਕੇ.ਐਲ. ਭਗਤ ਵਰਗਿਆਂ ਨੂੰ ਪਾਰਟੀ ਵਿਚ ਵੱਡੇ ਅਹੁਦੇ ਦੇ ਕੇ ਨਿਵਾਜਿਆ ਸੀ। ਇਨ੍ਹਾਂ ਦੰਗਿਆਂ ਦੌਰਾਨ ਇਕੱਲੀ ਦਿੱਲੀ ਵਿਚ ਹੀ ਤਕਰੀਬਨ ਚਾਰ ਹਜ਼ਾਰ ਸਿੱਖ ਮਾਰੇ ਗਏ ਸਨ।

ਸੁਪਰੀਮ ਕੋਰਟ ਦੇ ਉਘੇ ਵਕੀਲ ਅਤੇ ਆਮ ਆਦਮੀ ਪਾਰਟੀ (ਆਪ) ਦੇ ਆਗੂ ਐਡਵੋਕੇਟ ਐਚ.ਐਸ. ਫੂਲਕਾ ਨੇ ਕਿਹਾ ਕਿ ਰਾਹੁਲ ਗਾਂਧੀ ਨੇ ਠੀਕ ਆਖਿਆ ਹੈ ਕਿ ਗੁਜਰਾਤ ਅਤੇ 1984 ਦੇ ਦਿੱਲੀ ਦੰਗਿਆਂ ਵਿਚਕਾਰ ਫਰਕ ਹੈ ਪਰ ਉਸ ਵਲੋਂ ਇਸ ਸਬੰਧੀ ਦਿੱਤੀ ਗਈ ਦਲੀਲ ਗਲਤ ਹੈ। ਉਨ੍ਹਾਂ ਆਖਿਆ ਕਿ ਗੁਜਰਾਤ ਦੰਗਿਆਂ ਵਿਚ 131 ਬੰਦਿਆਂ ਨੂੰ ਉਮਰ ਕੈਦ ਦੀ ਸਜ਼ਾ ਹੋ ਚੁੱਕੀ ਹੈ, 10 ਨੂੰ ਮੌਤ ਦੀ ਸਜ਼ਾ ਅਤੇ ਇਕ ਮੰਤਰੀ ਨੂੰ 28 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ ਜਦੋਂਕਿ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਕਿਸੇ ਨੂੰ ਵੀ ਅਜਿਹੀ ਸਜ਼ਾ ਨਹੀਂ ਹੋਈ। ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਕਿਹਾ ਕਿ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਕਾਂਗਰਸ ਸਰਕਾਰ ਤੇ ਕਾਂਗਰਸ ਪਾਰਟੀ ਦੀ ਪੂਰੀ ਤਰ੍ਹਾਂ ਸ਼ਮੂਲੀਅਤ ਸੀ। ਇਸ ਮਾਮਲੇ ਵਿਚ ਉਸ ਦੇ ਪਿਤਾ ਰਾਜੀਵ ਗਾਂਧੀ ਦਾ ਰੋਲ ਵੀ ਇਕ ਕਿਤਾਬ ਦੇ ਖੁੱਲ੍ਹੇ ਪੰਨੇ ਵਾਂਗ ਹੈ। ਸਰਕਾਰ ਤੇ ਪ੍ਰਸ਼ਾਸਨ ਦੇ ਸਹਿਯੋਗ ਤੋਂ ਬਿਨਾਂ ਸਮੂਹਿਕ ਕਤਲੇਆਮ ਨਹੀਂ ਹੋ ਸਕਦਾ ਸੀ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਸੰਯੁਕਤ ਰਾਸ਼ਟਰ ਨੂੰ ਪੱਤਰ ਭੇਜ ਕੇ ਅਪੀਲ ਕਰ ਚੁੱਕੇ ਹਨ ਕਿ ਸਿੱਖ ਵਿਰੋਧੀ ਦੰਗਿਆਂ ਵਿਚ ਰਾਜੀਵ ਗਾਂਧੀ ਤੇ ਪੀ.ਵੀ. ਨਰਸਿਮ੍ਹਾ ਰਾਓ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਹੁਣ ਸੁਪਰੀਮ ਕੋਰਟ ਇਸ ਇਕਬਾਲ ਦਾ ਸਵੈ-ਨੋਟਿਸ ਲਵੇ ਅਤੇ ਇਸ ਮਾਮਲੇ ਦੀ ਉਚ ਪੱਧਰੀ ਜਾਂਚ ਕਰਾਏ। ਉਨ੍ਹਾਂ ਸਿੱਖ ਭਾਈਚਾਰੇ ਨੂੰ ਕਾਂਗਰਸ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਆਗੂ ਨੈਤਿਕ ਆਧਾਰ 'ਤੇ ਆਪਣੇ ਅਹੁਦਿਆਂ ਤੋਂ ਅਸਤੀਫੇ ਦੇਣ। ਰਾਹੁਲ ਗਾਂਧੀ ਦੇ ਕਬੂਲ ਕਰ ਲੈਣ ਨਾਲ ਇਹ ਗੱਲ ਸਪਸ਼ਟ ਹੋ ਗਈ ਹੈ ਕਿ ਕਾਂਗਰਸ ਦੇ ਇਸ਼ਾਰੇ 'ਤੇ ਹੀ ਨਵੰਬਰ 1984 ਵਿਚ ਸਿੱਖ ਵਿਰੋਧੀ ਦੰਗੇ ਹੋਏ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਮਾਮਲੇ ਬਾਰੇ ਮਾਹਿਰਾਂ ਦੀ ਰਾਏ ਲੈ ਕੇ ਕਾਨੂੰਨੀ ਚਾਰਾਜੋਈ ਕਰਨ ਬਾਰੇ ਵਿਚਾਰ ਕੀਤਾ ਜਾਵੇਗਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



# Want to Sell Your Home

## We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

**Please call me to find out value of your home.**
**If you are thinking to Buy or Sell a Home, please give us a chance**

*Call: Sohanpreet 'Sam' Chahal*
**@916-612-5773**
Serving from Bay Area to Sacramento

**Multi-Million Dollars Producer-2007 to 2012**

## Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
**ਗੁਰਬੰਸ ਸਿੰਘ ਗਿੱਲ, ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

**ਸੰਪਰਕ ਕਰੋ: ਪਾਲ ਫੋਨ 1-800-705-3863**

**Trucking Companies-Improve Your Cash Flow**

*Low Rates *One-Time Discounts *No Minimums

## Call Paul at 1-800-705-3863

**Transportation Funding Group, Inc.**
Minneapolis , MN 55426

# ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਲਾਮਬੰਦੀ

**ਚੰਡੀਗੜ੍ਹ:** ਪੰਜਾਬ, ਦਿੱਲੀ, ਹਰਿਆਣਾ ਤੇ ਜੰਮੂ ਦੀਆਂ ਜੇਲ੍ਹਾਂ ਵਿਚ ਤੈਅ ਸਜ਼ਾ ਭੁਗਤਣ ਦੇ ਬਾਵਜੂਦ ਬੰਦ 120 ਸਿੱਖਾਂ ਦੀ ਰਿਹਾਈ ਲਈ ਮੁੜ ਸਰਗਰਮੀ ਵਿੱਢੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਯੂਨਾਈਟਿਡ ਸਿੱਖ ਮੂਵਮੈਂਟ ਦੇ ਵਫਦ ਨੂੰ ਰਾਜ ਦੀਆਂ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਦੇ ਮਾਮਲੇ 'ਤੇ ਤੁਰੰਤ ਗੌਰ ਕਰਨ ਤੇ ਹੋਰ ਰਾਜਾਂ ਦੀਆਂ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਲਈ ਸਬੰਧਤ ਸੂਬਿਆਂ ਦੀਆਂ ਸਰਕਾਰਾਂ ਨਾਲ ਸੰਪਰਕ ਕਰਨ ਦੀ ਹਾਮੀ ਭਰੀ ਹੈ।




ਯੂਨਾਈਟਿਡ ਸਿੱਖ ਮੂਵਮੈਂਟ ਵੱਲੋਂ ਸ. ਬਾਦਲ ਨੂੰ ਸੌਂਪੀ ਗਈ ਸੂਚੀ ਵਿਚ 120 ਬੰਦੀ ਸਿੱਖਾਂ ਦੇ ਨਾਂ ਹਨ ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ। ਇਨ੍ਹਾਂ ਵਿਚੋਂ 99 ਪੰਜਾਬ ਦੀਆਂ ਜੇਲ੍ਹਾਂ ਵਿਚ ਬੰਦ ਹਨ। ਸੂਚੀ ਅਨੁਸਾਰ ਇਨ੍ਹਾਂ 120 ਸਿੱਖ ਬੰਦੀਆਂ ਵਿਚੋਂ 16 ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਜਿਨ੍ਹਾਂ ਵਿਚੋਂ ਅੱਠ ਟਾਡਾ ਲਾਇਆ ਗਿਆ ਹੈ ਤੇ ਬਾਕੀ ਕਤਲ ਦੇ ਦੋਸ਼ੀ ਹਨ। ਯੂਨਾਈਟਿਡ ਸਿੱਖ ਮੂਵਮੈਂਟ ਦੇ ਵਫਦ ਨੇ ਸ. ਬਾਦਲ ਨੂੰ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ 4 ਅਗਸਤ, 1982 ਨੂੰ ਆਨੰਦਪੁਰ ਸਾਹਿਬ ਦੇ ਮਤੇ ਨੂੰ ਲਾਗੂ ਕਰਵਾਉਣ ਲਈ ਲਾਇਆ ਮੋਰਚਾ ਨਾ ਤਾਂ ਜਿੱਤਿਆ ਗਿਆ ਹੈ, ਨਾ ਹਾਰਿਆ ਹੈ ਤੇ ਨਾ ਹੀ ਛੱਡਿਆ ਗਿਆ ਹੈ। ਇਹ ਦਸਤਾਵੇਜ਼ ਅੱਜ ਵੀ ਸਾਰਥਕ ਸਾਬਤ ਹੋ ਸਕਦਾ ਹੈ। ਉਨ੍ਹਾਂ ਮੰਗ ਕੀਤੀ ਕਿ ਜੇਲ੍ਹਾਂ ਵਿਚ ਬੰਦ ਕੈਦੀਆਂ ਨੂੰ ਰਾਜਸੀ ਤੌਰ 'ਤੇ ਵਿਚਾਰ ਕਰਕੇ ਰਿਹਾਅ ਕਰਵਾਇਆ ਜਾਵੇ। ਮੂਵਮੈਂਟ ਨੇ 13 ਅਪਰੈਲ, 1978 ਤੋਂ ਲੈ ਕੇ ਹੁਣ ਤੱਕ ਦੇਸ਼ ਭਰ ਵਿਚ ਸਿੱਖਾਂ ਦੇ ਹੋਏ ਖੂਨ ਖਰਾਬੇ, ਤਸ਼ੱਦਦ ਤੇ ਆਰਥਿਕ ਨੁਕਸਾਨ ਦੇ ਅੰਕੜੇ ਇਕੱਠੇ ਕਰਕੇ ਦਸਤਾਵੇਜ਼ ਤਿਆਰ ਕਰਨ ਲਈ ਕਮਿਸ਼ਨ ਬਣਾਉਣ ਦੀ ਮੰਗ ਵੀ ਕੀਤੀ ਹੈ। ਮੁੱਖ ਮੰਤਰੀ ਨੇ ਵਫਦ ਵੱਲੋਂ ਉਠਾਈਆਂ ਨੌਂ ਮੰਗਾਂ 'ਤੇ ਹੁੰਗਾਰਾ ਦਿੱਤਾ ਹੈ।

ਇਸ ਦੌਰਾਨ ਸਿੱਖ ਕੈਦੀਆਂ ਦੀ ਪੱਕੀ ਰਿਹਾਈ ਦੀ ਮੰਗ ਨੂੰ ਲੈ ਕੇ ਲੰਘੇ ਦਿਨੀਂ ਵੱਖ-ਵੱਖ ਧਾਰਮਿਕ ਤੇ ਸਿੱਖ ਜਥੇਬੰਦੀਆਂ ਵੱਲੋਂ ਵਰ੍ਹਦੇ ਮੀਂਹ ਵਿਚ ਰੋਸ ਮਾਰਚ ਕੀਤਾ ਗਿਆ। ਇਸ ਦੌਰਾਨ ਪ੍ਰਦਰਸ਼ਨਕਾਰੀ ਸਿੱਖ ਆਗੂਆਂ ਨੇ ਪੰਜਾਬ ਸਰਕਾਰ ਤੇ ਅਕਾਲ ਤਖ਼ਤ ਦੇ ਜਥੇਦਾਰ 'ਤੇ ਆਪਣੇ ਵਾਅਦੇ ਤੋਂ ਮੁੱਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਭਾਈ ਗੁਰਬਖ਼ਸ਼ ਸਿੰਘ ਖਾਲਸਾ ਦੀ ਅਰਦਾਸ ਤੁੜਵਾ ਕੇ ਪੰਥ ਨਾਲ ਧਰੋਹ ਕਮਾਇਆ ਹੈ।

ਸਿੱਖ ਜਥੇਬੰਦੀਆਂ ਦੇ ਆਗੂ ਤੇ ਧਾਰਮਿਕ ਨੁਮਾਇੰਦੇ ਮੁਹਾਲੀ ਦੇ ਫੇਜ਼-3ਬੀ1 ਸਥਿਤ ਗੁਰਦੁਆਰਾ ਸਾਚਾ ਧਨ ਸਾਹਿਬ ਵਿਚ ਇਕੱਠੇ ਹੋਏ ਤੇ ਦੁਪਹਿਰ ਤੱਕ ਸਿੱਖ ਆਗੂਆਂ ਨੇ ਕੌਮ ਦੇ ਸਾਂਝੇ ਮਸਲਿਆਂ ਤੇ ਬੰਦੀ ਸਿੱਖਾਂ ਦੀ ਰਿਹਾਈ ਲਈ ਖੁੱਲ੍ਹ ਕੇ ਵਿਚਾਰਾਂ ਕੀਤੀਆਂ। ਇਸ ਮਗਰੋਂ ਅਰਦਾਸ ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਮੁਹਾਲੀ ਦੇ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਵਰ੍ਹਦੇ ਮੀਂਹ ਵਿਚ ਰੋਸ ਮਾਰਚ ਕੀਤਾ ਤੇ ਰੋਸ ਧਰਨਾ ਦਿੱਤਾ। ਇਸ ਮੌਕੇ ਬੁਲਾਰਿਆਂ ਨੇ ਮੰਗ ਕੀਤੀ ਕਿ ਸਿੱਖ ਨੌਜਵਾਨਾਂ ਦੀ ਬਿਨਾਂ ਸ਼ਰਤ ਪੱਕੀ ਰਿਹਾਈ ਲਈ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦ ਕੇ ਸਰਬਸੰਮਤੀ ਨਾਲ ਸਾਂਝਾ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਜਾਵੇ ਤਾਂ ਜੋ ਜੇਲ੍ਹਾਂ ਵਿਚ ਬੰਦ ਬੇਕਸੂਰ ਨੌਜਵਾਨਾਂ ਦੀ ਰਿਹਾਈ ਦਾ ਰਾਹ ਪੱਧਰਾ ਹੋ ਸਕੇ। ਦਲ ਖਾਲਸਾ ਦੇ ਮੁਖੀ ਸਤਨਾਮ ਸਿੰਘ ਪਾਉਂਟਾ ਸਾਹਿਬ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਵੱਲੋਂ ਨੌਜਵਾਨਾਂ 'ਤੇ ਦਰਜ ਕੇਸ ਗੈਰਕਾਨੂੰਨੀ ਹਨ। ਉਨ੍ਹਾਂ ਕਿਹਾ ਕਿ ਹੁਣ ਇਨਸਾਫ਼ ਦੀ ਉਮੀਦ ਛੱਡ ਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਹੇਠਲੇ ਪੱਧਰ 'ਤੇ ਲੋਕ ਲਹਿਰ ਬਣਾਉਣ ਦੀ ਸਖ਼ਤ ਲੋੜ ਹੈ।

## ਮੁੱਖ ਮੰਤਰੀ ਬਾਦਲ ਨੂੰ ਬੰਦੀ ਸਿੱਖਾਂ ਦੀ ਸੂਚੀ ਸੌਂਪੀ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸੌਂਪੀ ਸੂਚੀ ਵਿਚ ਦੱਸਿਆ ਗਿਆ ਹੈ ਕਿ ਕੇਂਦਰੀ ਜੇਲ੍ਹ ਪਟਿਆਲਾ ਵਿਚ ਬੇਅੰਤ ਸਿੰਘ ਹੱਤਿਆ ਕਾਂਡ ਵਿਚ ਫ਼ਾਂਸੀ ਦੀ ਸਜ਼ਾਯਾਫ਼ਤਾ ਭਾਈ ਬਲਵੰਤ ਸਿੰਘ ਰਾਜੋਆਣਾ ਬੰਦ ਹਨ। ਹੋਰ ਰਾਜਾਂ ਦੀਆਂ ਜੇਲ੍ਹਾਂ ਵਿਚ ਬੰਦ ਕੈਦੀਆਂ ਵਿਚੋਂ ਸੱਤ ਸਿੱਖ ਹਰਿਆਣਾ ਦੀ ਕੇਂਦਰੀ ਜੇਲ੍ਹ ਸਿਰਸਾ ਵਿਚ ਬੰਦ ਹਨ। ਇਨ੍ਹਾਂ ਵਿਚ ਸ਼ਿਵਰਾਜ ਸਿੰਘ, ਬਲਕਰਨ ਸਿੰਘ, ਅਮਰਜੀਤ ਸਿੰਘ, ਨਿਰਮਲ ਸਿੰਘ, ਗੁਰਪ੍ਰੀਤ ਸਿੰਘ, ਰਾਜੂ ਸਿੰਘ ਤੇ ਗੁਰਵਿੰਦਰ ਸਿੰਘ ਸੋਨੂੰ ਨੂੰ 7-7 ਸਾਲ ਦੀ ਕੈਦ ਹੋਈ ਹੈ। ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਦਵਿੰਦਰਪਾਲ ਸਿੰਘ ਭੁੱਲਰ ਨੂੰ ਮੌਤ ਦੀ ਸਜ਼ਾ ਹੋਈ ਹੈ।

ਬੇਅੰਤ ਸਿੰਘ ਹੱਤਿਆ ਕਾਂਡ ਦੇ ਦੋਸ਼ੀ ਜਗਤਾਰ ਸਿੰਘ ਹਵਾਰਾ ਇਸ ਜੇਲ੍ਹ ਵਿਚ ਮੌਤ ਤੱਕ ਉਮਰ ਕੈਦ ਦੀ ਸਜ਼ਾ ਭੋਗ ਰਹੇ ਹਨ। ਤਿਹਾੜ ਜੇਲ੍ਹ ਵਿਚ ਹੀ ਬੇਅੰਤ ਸਿੰਘ ਹੱਤਿਆ ਕਾਂਡ (302) ਦੇ ਮਾਮਲੇ ਵਿਚ ਬੱਬਰ ਖ਼ਾਲਸਾ ਦਾ ਕਾਰਕੁਨ ਪਰਮਜੀਤ ਸਿੰਘ ਭਿਓਰਾ 1995 ਤੋਂ ਬੰਦ ਹੈ। ਇਸੇ ਤਰ੍ਹਾਂ 1995 ਤੋਂ ਹੀ ਟਾਡਾ ਤਹਿਤ ਦਿਆ ਸਿੰਘ ਲਾਹੌਰੀਆ ਵੀ ਇਸੇ ਜੇਲ੍ਹ ਵਿਚ ਬੰਦ ਹਨ। 2005 ਤੋਂ ਹੋਰ ਮਾਮਲੇ ਵਿਚ ਬਲਜੀਤ ਸਿੰਘ ਭਾਊ ਵੀ ਤਿਹਾੜ ਜੇਲ੍ਹ ਵਿਚ ਬੰਦ ਹੈ। ਜੰਮੂ ਦੀ ਅੰਫੁਲਾ ਜੇਲ੍ਹ ਵਿਚ ਆਰਮਜ਼ ਐਕਟ ਤਹਿਤ ਮਈ 2007 ਤੋਂ ਚਾਰ ਸਿੱਖ ਮਲਕੀਤ ਸਿੰਘ ਭੂਤਨਾ, ਜਗਜੀਤ ਸਿੰਘ, ਸੁਰਜੀਤ ਸਿੰਘ ਤੇ ਹਰਬੰਸ ਸਿੰਘ ਬੰਦ ਹਨ।

ਟਾਡਾ ਤਹਿਤ ਕੇਂਦਰੀ ਜੇਲ੍ਹ ਪੀਲੀਭੀਤ ਉਤਰ ਪ੍ਰਦੇਸ਼ ਜੇਲ੍ਹ ਵਿਚ ਟਾਡਾ ਤਹਿਤ 1991 ਤੋਂ ਵਰਿਆਮ ਸਿੰਘ, ਕੇਂਦਰੀ ਜੇਲ੍ਹ ਗੁਲਬਰਗ (ਕਰਨਾਟਕਾ) ਵਿਚ ਟਾਡਾ ਤਹਿਤ 1990 ਤੋਂ ਗੁਰਦੀਪ ਸਿੰਘ ਖੈਹਰਾ ਤੇ ਕੇਂਦਰੀ ਜੇਲ੍ਹ ਬੀਕਾਨੇਰ ਵਿਚ ਕਤਲ ਦੇ ਕੇਸ ਵਿਚ 1995 ਤੋਂ ਗੁਰਮੀਤ ਸਿੰਘ ਫੌਜੀ ਬੰਦ ਹਨ। ਉਮਰ ਕੈਦ ਕੱਟ ਰਹੇ ਕੈਦੀਆਂ ਵਿਚੋਂ ਨਾਭਾ ਜੇਲ੍ਹ ਵਿਚ ਟਾਡਾ ਤਹਿਤ 1992 ਤੋਂ ਲਾਲ ਸਿੰਘ ਤੇ 1999 ਤੋਂ ਦਿਲਬਾਗ ਸਿੰਘ ਤੇ ਸਵਰਨ ਸਿੰਘ ਬੰਦ ਹਨ।

ਬੇਅੰਤ ਸਿੰਘ ਹੱਤਿਆ ਕਾਂਡ ਮਾਮਲੇ ਵਿਚ ਮਾਡਲ ਜੇਲ੍ਹ ਬੁੜੈਲ (ਚੰਡੀਗੜ੍ਹ) ਵਿਚ ਲਖਵਿੰਦਰ ਸਿੰਘ, ਗੁਰਮੀਤ ਸਿੰਘ ਤੇ ਸ਼ਮਸ਼ੇਰ ਸਿੰਘ ਬੰਦ ਹਨ। ਭਾਵੇਂ ਗੁਰਬਖ਼ਸ਼ ਸਿੰਘ ਖਾਲਸਾ ਦੀ ਭੁੱਖ ਹੜਤਾਲ ਤੋਂ ਬਾਅਦ ਇਨ੍ਹਾਂ ਤਿੰਨਾਂ ਸਮੇਤ ਲਾਲ ਸਿੰਘ ਨੂੰ ਸਰਕਾਰ 28 ਦਿਨਾਂ ਦੀ ਪੈਰੋਲ 'ਤੇ ਰਿਹਾਅ ਕਰਨ ਲਈ ਮਜਬੂਰ ਹੋਈ ਸੀ ਪਰ ਅਗਲੇ ਦਿਨੀਂ ਇਨ੍ਹਾਂ ਚਾਰਾਂ ਨੂੰ ਮੁੜ ਸੀਖਾਂ ਪਿੱਛੇ ਬੰਦ ਹੋਣਾ ਪਵੇਗਾ। ਕੇਂਦਰੀ ਜੇਲ੍ਹ ਲੁਧਿਆਣਾ ਵਿਚ ਸੁਬੇਗ ਸਿੰਘ ਤੇ ਕੇਂਦਰੀ ਜੇਲ੍ਹ ਪਟਿਆਲਾ ਵਿਚ ਨੰਦ ਸਿੰਘ ਤੇ ਕੇਂਦਰੀ ਜੇਲ੍ਹ ਅੰਮ੍ਰਿਤਸਰ ਵਿਚ ਬਾਜ ਸਿੰਘ ਤੇ ਹਰਦੀਪ ਸਿੰਘ ਵੀ ਉਮਰ ਕੈਦ ਦੀ ਸਜ਼ਾ ਕੱਟ ਰਹੇ ਹਨ।

# ਮਰਾਠਵਾੜਾ ਦੇ ਸਿੱਖ ਹੋਏ ਕਾਂਗਰਸ ਤੋਂ ਖਫਾ

**ਚੰਡੀਗੜ੍ਹ:** ਮਹਾਰਾਸ਼ਟਰ ਦੇ ਮਰਾਠਵਾੜਾ ਵਿਚ ਵਸੇ ਸਿੱਖਾਂ ਨੂੰ ਕਾਂਗਰਸ ਤੋਂ ਇਸ ਗੱਲ 'ਤੇ ਗਿਲ੍ਹਾ ਹੈ ਕਿ ਉਸ ਨਾਲ ਦਹਾਕਿਆਂ ਤੋਂ ਜੁੜੇ ਰਹਿਣ ਦੇ ਬਾਵਜੂਦ ਉਨ੍ਹਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਇਸ ਬਾਰੇ ਮਰਾਠਵਾੜਾ ਦੇ ਸਿੱਖਾਂ ਨੇ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਤੇ

***ਮਰਾਠਵਾੜਾ ਖੇਤਰ ਵਿਚ ਹਨ 13 ਲੱਖ ਤੋਂ ਵੱਧ ਸਿੱਖ ਵੋਟਰ***

ਉਪ ਪ੍ਰਧਾਨ ਰਾਹੁਲ ਗਾਂਧੀ ਨੂੰ ਜਾਣੂ ਕਰਵਾ ਦਿੱਤਾ ਹੈ। ਮਰਾਠਵਾੜਾ ਦੇ ਸਿੱਖਾਂ ਦੀ ਮੰਗ ਹੈ ਕਿ ਉਨ੍ਹਾਂ ਨੂੰ ਪਾਰਟੀ ਵੱਲੋਂ ਸੰਸਦ ਜਾਂ ਮਹਾਰਾਸ਼ਟਰ ਵਿਧਾਨ ਸਭਾ ਵਿਚ ਪ੍ਰਤੀਨਿਧਤਾ ਦਿੱਤੀ ਜਾਵੇ। ਕਾਂਗਰਸ ਲੀਡਰਸ਼ਿਪ ਕੋਲ ਆਪਣੀ ਗੱਲ ਰੱਖਣ ਵਾਲੇ ਨਾਂਦੇੜ ਦੇ ਸਿੱਖ ਆਗੂਆਂ ਵਿਚੋਂ ਇਕ ਸ਼ਮਸ਼ੇਰ ਸਿੰਘ ਸੋਢੀ ਨੇ ਦੱਸਿਆ ਕਿ ਮਰਾਠਵਾੜਾ ਖੇਤਰ ਵਿਚ 13 ਲੱਖ ਤੋਂ ਵੱਧ ਸਿੱਖ ਵੋਟਰ ਹਨ ਤੇ ਉਹ ਪੱਕੇ ਤੌਰ 'ਤੇ ਕਾਂਗਰਸ ਨਾਲ ਜੁੜੇ ਹਨ। ਉਥੋਂ ਦੇ ਸਿੱਖਾਂ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣੇ ਵੱਲ ਕਰਨ ਦੀ ਕੋਸ਼ਿਸ਼ ਕੀਤੀ ਪਰ ਉਥੇ ਦਲ ਦਾ ਪੱਕਾ ਦਫ਼ਤਰ ਵੀ ਨਹੀਂ ਖੋਲ੍ਹਣ ਦਿੱਤਾ ਗਿਆ।

ਉਨ੍ਹਾਂ ਦੱਸਿਆ ਕਿ 40 ਸਾਲਾਂ ਤੋਂ ਕਾਂਗਰਸ ਨਾਲ ਜੁੜੇ ਹਨ ਪਰ ਦੁਖ ਇਸ ਗੱਲ ਦਾ ਹੈ ਕਿ ਐਨੀ ਦ੍ਰਿੜ੍ਹਤਾ ਨਾਲ ਜੁੜਨ ਦੇ ਬਾਵਜੂਦ ਘੱਟ ਗਿਣਤੀਆਂ ਨੂੰ ਪਾਰਟੀ ਨੇ ਨਾ ਸੰਸਦ ਵਿਚ ਤੇ ਨਾ ਹੀ ਵਿਧਾਨ ਸਭਾ ਵਿਚ ਪ੍ਰਤੀਨਿਧਤਾ ਦਿੱਤੀ। ਉਨ੍ਹਾਂ ਦੱਸਿਆ ਕਿ ਮਰਾਠਵਾੜਾ ਸਿੱਖ ਭਾਈਚਾਰੇ ਨੂੰ ਦੇਸ਼ ਦੀ ਆਜ਼ਾਦੀ ਮਗਰੋਂ ਲੋਕ ਸਭਾ, ਰਾਜ ਸਭਾ ਜਾਂ ਵਿਧਾਨ ਸਭਾ ਇਥੋਂ ਤੱਕ ਕਿਸੇ ਕੇਂਦਰੀ ਬੋਰਡ ਵਿਚ ਵੀ ਪ੍ਰਤੀਨਿਧਤਾ ਨਹੀਂ ਮਿਲੀ।

ਕਾਂਗਰਸ ਦੇ ਮਹਾਰਾਸ਼ਟਰ ਮਾਮਲਿਆਂ ਦੇ ਇੰਚਾਰਜ ਤੇ ਪਾਰਟੀ ਜਨਰਲ ਸਕੱਤਰ ਮੋਹਨ ਪ੍ਰਕਾਸ਼ ਰਾਹੀਂ ਸ੍ਰੀਮਤੀ ਗਾਂਧੀ ਨੂੰ ਭੇਜੀ ਮੰਗ ਵਿਚ ਸ. ਸੋਢੀ ਤੇ ਉਨ੍ਹਾਂ ਦੇ ਸਮਰਥਕਾਂ ਨੇ ਮੰਗ ਕੀਤੀ ਕਿ ਰਾਜ ਵਿਧਾਨ ਸਭਾ ਵਿਚਲੀ ਵਿਧਾਨ ਪ੍ਰੀਸ਼ਦ ਵਿਚ ਮਰਾਠਵਾੜਾ ਵਿਚੋਂ ਘੱਟੋ-ਘੱਟ ਇਕ ਸਿੱਖ ਨੂੰ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਦੱਸਿਆ ਕਿ 1990 ਵਿਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਮਰਾਠਵਾੜਾ ਸਿੱਖਾਂ ਵਿਚੋਂ ਵਿਧਾਨ ਪ੍ਰੀਸ਼ਦ ਵਿਚ ਇਕ ਸਿੱਖ ਨੂੰ ਪ੍ਰਤੀਨਿਧਤਾ ਦੇਣ ਦਾ ਵਾਅਦਾ ਕੀਤਾ ਸੀ। ਸ੍ਰੀਮਤੀ ਗਾਂਧੀ ਨੂੰ ਭੇਜੇ ਮੰਗ ਪੱਤਰ ਵਿਚ ਵੀ ਉਸ ਵਾਅਦੇ ਨੂੰ ਚੇਤੇ ਕਰਵਾਇਆ ਗਿਆ ਹੈ। ਸ. ਸੋਢੀ ਨੇ ਉਮੀਦਵਾਰੀ ਲਈ ਆਪਣਾ ਕੇਸ ਮਜ਼ਬੂਤ ਕਰਦਿਆਂ ਮੰਗ ਪੱਤਰ ਨਾਲ ਸ੍ਰੀ ਗਾਂਧੀ ਵੱਲੋਂ ਕੀਤੇ ਵਾਅਦੇ ਵਾਲੀ ਚਿੱਠੀ ਵੀ ਲਾਈ ਹੈ। ਨਾਲ ਹੀ ਉਹ ਫੋਟੋ ਵੀ ਲਾਈ ਹੈ ਜਿਸ ਵਿਚ ਸ. ਸੋਢੀ ਦੇ ਦਾਦਾ ਮਾਸਟਰ ਗੁਰਦਿਆਲ ਸਿੰਘ ਤਤਕਾਲੀ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਤੇ ਵਿਜੈ ਲਕਸ਼ਮੀ ਪੰਡਿਤ ਨਾਲ ਖੜ੍ਹੇ ਹਨ।

# ਯਾਦਗਾਰਾਂ ਮੁਕੰਮਲ ਕਰਨ ਲਈ ਸਾਢੇ 10 ਕਰੋੜ ਮਨਜ਼ੂਰ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਯਾਦਗਾਰਾਂ ਦੇ ਪ੍ਰੋਜੈਕਟਾਂ ਦੇ ਰਹਿੰਦੇ ਕੰਮ ਨੂੰ ਮੁਕੰਮਲ ਕਰਨ ਲਈ ਕਰੀਬ 10.5 ਕਰੋੜ ਰੁਪਏ ਦੇ ਪ੍ਰਸਤਾਵਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਸੱਭਿਆਚਾਰਕ ਮਾਮਲੇ ਵਿਭਾਗ ਦੀ ਮੀਟਿੰਗ ਦੌਰਾਨ ਸ. ਬਾਦਲ ਨੇ ਚੱਪੜਚਿੜੀ ਵਿਖੇ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ ਨਾਲ ਸਬੰਧਤ 1.65 ਕਰੋੜ ਰੁਪਏ ਦੀ ਲਾਗਤ ਵਾਲੇ ਐਲੀਵੇਟਰ ਪ੍ਰੋਜੈਕਟ ਤੋਂ ਇਲਾਵਾ ਵੱਡਾ ਘੱਲੂਘਾਰਾ ਕੁੱਪ ਰੋਹੀੜਾ, ਛੋਟਾ ਘੱਲੂਘਾਰਾ ਕਾਹਨੂੰਵਾਨ, ਬਸੀਆਂ ਕੋਠੀ (ਰਾਏਕੋਟ) ਤੇ ਭਾਈ ਰਣਧੀਰ ਸਿੰਘ (ਨਾਰੰਗਵਾਲ) ਦੀਆਂ ਯਾਦਗਾਰਾਂ ਨਾਲ ਸਬੰਧਤ ਐਡੀਟੋਰੀਅਲ, ਥੋੜ੍ਹੀ ਮਿਆਦ ਦੀਆਂ ਦਸਤਾਵੇਜ਼ੀ ਫਿਲਮਾਂ ਤੇ ਹੋਰ ਸਿਵਲ ਕੰਮਾਂ ਲਈ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਲੋਕਾਂ ਨੂੰ ਆਕਰਸ਼ਿਤ ਕਰਨ ਲਈ ਸਾਰੀਆਂ ਯਾਦਗਾਰਾਂ ਵਿਚ ਲਾਈਟ ਤੇ ਸਾਊਂਡ ਪ੍ਰੋਗਰਾਮ ਦੀ ਯੋਜਨਾ ਤਿਆਰ ਕਰਨ ਸਬੰਧੀ ਵੀ ਵਿਭਾਗ ਨੂੰ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ ਦੱਸਿਆ ਗਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਫਤਹਿਗੜ੍ਹ ਸਾਹਿਬ ਵਿਖੇ ਆਪਣੀ ਪੰਜ ਏਕੜ ਜ਼ਮੀਨ ਬਾਬਾ ਮੋਤੀ ਰਾਮ ਮਹਿਰਾ ਯਾਦਗਾਰ ਸਥਾਪਤ ਕਰਨ ਲਈ ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਦੇ ਨਾਂ ਤਬਦੀਲ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਚ ਭਾਈ ਜੈਤਾ ਦੀ ਯਾਦਗਾਰ ਤੇ ਕਰਤਾਰਪੁਰ ਵਿਚ ਗੁਰੂ ਮਿਰਜਾ ਨੰਦ ਯਾਦਗਾਰ ਸਬੰਧੀ ਡਿਜ਼ਾਇਨ ਤਿਆਰ ਕਰਨ ਲਈ ਟੈਂਡਰ ਮੰਗੇ ਗਏ ਹਨ। ਕਪੂਰਥਲਾ ਵਿਚ ਸਵਾਮੀ ਵਿਵੇਕਾਨੰਦ ਦੀ ਯਾਦਗਾਰ ਸਥਾਪਤ ਕਰਨ, ਫ਼ਿਰੋਜ਼ਪੁਰ ਵਿਚ ਭਾਈ ਮਰਦਾਨਾ ਤੇ ਸੁਨਾਮ ਵਿਚ ਸ਼ਹੀਦ ਉਧਮ ਸਿੰਘ ਦੀ ਯਾਦਗਾਰ ਸਥਾਪਤ ਕਰਨ ਲਈ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਸੱਭਿਆਚਾਰਕ ਮਾਮਲਿਆਂ ਦੇ ਵਿਭਾਗ ਨੇ ਚਮਕੌਰ ਸਾਹਿਬ ਵਿਚ ਥੀਮ ਪਾਰਕ ਬਣਾਉਣ ਲਈ ਵੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸ. ਬਾਦਲ ਨੇ ਸਵਾਮੀ ਵਿਵੇਕਾਨੰਦ ਦੀਆਂ ਸਿੱਖਿਆਵਾਂ ਨਾਲ ਸਬੰਧਤ ਸੱਤ ਕਿਤਾਬਾਂ ਦਾ ਪੰਜਾਬੀ ਅਨੁਵਾਦ ਵੀ ਜਾਰੀ ਕੀਤਾ। ਮੀਟਿੰਗ ਦੌਰਾਨ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ, ਸੈਰ-ਸਪਾਟਾ ਤੇ ਸੱਭਿਆਚਾਰਕ ਮੰਤਰੀ ਸਰਵਣ ਸਿੰਘ ਫਿਲੌਰ, ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਤੇ ਹੋਰ ਆਗੂ ਸ਼ਾਮਲ ਸਨ।

# ਕੇਸਗੜ੍ਹ 'ਚ ਸਜਣਗੀਆਂ ਦਸਮ ਪਿਤਾ ਦੀਆਂ ਨਿਸ਼ਾਨੀਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਵਸਤਾਂ ਨੂੰ ਤਖ਼ਤ ਕੇਸਗੜ੍ਹ ਆਨੰਦਪੁਰ ਸਾਹਿਬ ਵਿਖੇ ਸੁਸ਼ੋਭਿਤ ਕਰਨ ਦਾ ਫ਼ੈਸਲਾ ਕਰ ਲਿਆ ਹੈ। ਸੂਬੇ ਦੇ ਸੱਭਿਆਚਾਰਕ ਮਾਮਲੇ ਤੇ ਪੁਰਾਤੱਤਵ ਵਿਭਾਗ ਨੇ ਇਹ ਫੈਸਲਾ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੇ ਮੱਦੇਨਜ਼ਰ ਲਿਆ ਹੈ। ਉੱਚ ਅਦਾਲਤ ਨੇ ਇਤਿਹਾਸਕ ਵਸਤਾਂ ਸੰਗਤਾਂ ਦੇ ਦਰਸ਼ਨਾਂ ਲਈ ਢੁਕਵੀਂ ਥਾਂ 'ਤੇ ਰੱਖਣ ਦਾ ਹੁਕਮ ਦਿੱਤਾ ਸੀ।

ਵਿਭਾਗ ਦੇ ਪ੍ਰਮੁੱਖ ਸਕੱਤਰ ਐਸ ਐਸ ਚੰਨੀ ਨੇ ਸਰਕਾਰ ਵੱਲੋਂ ਲਏ ਫ਼ੈਸਲੇ ਦੀ ਪੁਸ਼ਟੀ ਕੀਤੀ ਹੈ। ਇਹ ਇਤਿਹਾਸਕ ਵਸਤਾਂ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਮੰਨਿਆ ਗਿਆ ਹੈ, ਇਸ ਸਮੇਂ ਪਟਿਆਲਾ ਦੇ ਬੁਰਜ ਬਾਬਾ ਆਲਾ ਸਿੰਘ ਵਿਖੇ ਰੱਖੀਆਂ ਹੋਈਆਂ ਹਨ। ਸੂਤਰਾਂ ਮੁਤਾਬਕ ਦਸਵੇਂ ਗੁਰੂ ਦੀਆਂ ਨਿਸ਼ਾਨੀਆਂ ਨੂੰ ਤਖ਼ਤ ਕੇਸਗੜ੍ਹ ਸਹਿਬ ਵਿਖੇ ਇਸ ਲਈ ਰੱਖਣ ਦਾ ਫ਼ੈਸਲਾ ਕੀਤਾ ਹੈ ਕਿਉਂਕਿ ਗੁਰੂ ਜੀ ਦੇ ਸ਼ਸਤਰ ਵੀ ਇਸੇ ਤਖ਼ਤ 'ਤੇ ਹੀ ਰੱਖੇ ਗਏ ਹਨ।

ਵਿਭਾਗ ਦਾ ਕਹਿਣਾ ਹੈ ਕਿ ਜਿਸ ਮਰਿਆਦਾ ਨਾਲ ਸ਼ਸਤਰਾਂ ਨੂੰ ਰੱਖਿਆ ਗਿਆ ਹੈ, ਉਸੇ ਤਰ੍ਹਾਂ ਇਨ੍ਹਾਂ ਨਿਸ਼ਾਨੀਆਂ ਨੂੰ ਵੀ ਰੱਖਿਆ ਜਾਵੇਗਾ। ਇਹ ਕਾਰਵਾਈ ਕੁਝ ਦਿਨਾਂ ਤੱਕ ਹੀ ਆਰੰਭ ਹੋਣ ਦੇ ਆਸਾਰ ਹਨ। ਦਸਵੇਂ ਗੁਰੂ ਦੀਆਂ ਨਿਸ਼ਾਨੀਆਂ



ਵਿਚ ਚੋਲਾ ਜੋ ਗੁਰੂ ਜੀ ਨੇ ਬਾਬਾ ਤ੍ਰਿਲੋਕਾ ਨੂੰ ਦਿੱਤਾ ਸੀ, ਗੁਰੂ ਜੀ ਦੀ ਹੱਥ ਲਿਖਤ ਜੋ ਨਾਭਾ ਦੇ ਰਾਜਾ ਭਰਪੂਰ ਸਿੰਘ ਨੇ ਭਾਈ ਤਾਰਾ ਸਿੰਘ ਤੋਂ ਇਕ ਹਜ਼ਾਰ ਰੁਪਏ ਸਾਲਾਨਾ ਜਗੀਰ ਬਦਲੇ ਹਾਸਲ ਕੀਤੀ ਸੀ, ਭੰਗਾਣੀ ਦੇ ਯੁੱਧ ਤੋਂ ਬਾਅਦ ਸਢੌਰਾ ਦੇ ਸੱਯਦ ਪੀਰ ਬੁੱਧੂ ਸ਼ਾਹ ਨੂੰ ਉਸ ਦੀ ਵਫ਼ਾਦਾਰੀ ਲਈ ਦਿੱਤੇ ਗਏ ਕੰਘਾ ਤੇ ਦਸਤਾਰ ਜੋ ਬਾਬਾ ਤ੍ਰਿਲੋਕਾ ਨੂੰ ਭੇਟ ਕੀਤੇ ਸਨ ਤੇ ਤਿੰਨ ਤਲਵਾਰਾਂ ਸ਼ਾਮਲ ਹਨ, ਜਿਨ੍ਹਾਂ ਵਿਚ ਤਖ਼ਤ ਦਮਦਮਾ ਸਾਹਿਬ ਵਿਖੇ ਭਾਈ ਤ੍ਰਿਲੋਕਾ ਨੂੰ ਭੇਟ ਕੀਤੀ ਤਲਵਾਰ, ਨਾਭਾ ਦੇ ਰਾਜਾ ਜਸਵੰਤ ਸਿੰਘ ਵੱਲੋਂ ਖਰੀਦੀ ਤੇ ਰਾਏ ਕੱਲ੍ਹਾ ਨੂੰ ਭੇਟ ਕੀਤੀ ਤਲਵਾਰ ਤੇ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਵੱਲੋਂ ਲਿਆਂਦੀ ਤਲਵਾਰ ਸ਼ਾਮਲ ਹਨ।

ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਨੂੰ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਸੁਸ਼ੋਭਿਤ ਕਰਨ ਤੋਂ ਪਹਿਲਾਂ ਸਰਕਾਰ ਵੱਲੋਂ ਇਨ੍ਹਾਂ ਵਸਤਾਂ ਦੇ ਪੰਜਾਬ ਦਰਸ਼ਨ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ। ਇਸ ਪ੍ਰੋਗਰਾਮ ਮੁਤਾਬਕ ਦਸਵੇਂ ਗੁਰੂ ਦੀਆਂ ਨਿਸ਼ਾਨੀਆਂ ਨੂੰ ਪੂਰੇ ਪੰਜਾਬ ਵਿਚ ਲਿਜਾ ਕੇ ਲੋਕਾਂ ਨੂੰ ਦਰਸ਼ਨ ਕਰਾਏ ਜਾਣਗੇ। ਪੰਜਾਬ ਦਰਸ਼ਨ ਕਰਾਉਣ ਦੇ ਫੈਸਲੇ ਨੂੰ ਰਾਜਸੀ ਨਜ਼ਰੀਏ ਤੋਂ ਵੀ ਦੇਖਿਆ ਜਾ ਰਿਹਾ ਹੈ ਕਿਉਂਕਿ ਪੰਜਾਬ ਭਰ ਵਿਚ ਗੁਰੂ ਜੀ ਦੀਆਂ ਨਿਸ਼ਾਨੀਆਂ ਲੋਕਾਂ ਤੱਕ ਲਿਜਾਣ ਨਾਲ ਹੁਕਮਰਾਨ ਪਾਰਟੀ ਨੂੰ ਲਾਭ ਮਿਲ ਸਕਦਾ ਹੈ।

ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਕੁਝ ਵਸਤਾਂ ਬੇਸ਼ੱਕ ਤਖ਼ਤ ਦਮਦਮਾ ਸਾਹਿਬ ਵਿਖੇ ਵੀ ਪਈਆਂ ਹਨ ਪਰ ਮਹੱਤਵਪੂਰਨ ਵਸਤਾਂ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਹੀ ਸੰਗਤਾਂ ਦੇ ਦਰਸ਼ਨਾਂ ਲਈ ਰੱਖੀਆਂ ਗਈਆਂ ਹਨ। ਮਹੱਤਵਪੂਰਨ ਤੱਥ ਇਹ ਵੀ ਹੈ ਕਿ ਇਹ ਵਸਤਾਂ ਪਿਛਲੇ ਕਈ ਸਾਲਾਂ ਤੋਂ ਸੀਲਬੰਦ ਬਕਸੇ ਵਿਚ ਪਈਆਂ ਹਨ। ਸਰਕਾਰ ਦੇ ਇਸ ਫ਼ੈਸਲੇ ਨਾਲ ਹੁਣ ਸੰਗਤਾਂ ਗੁਰੂ ਦੀਆਂ ਨਿਸ਼ਾਨੀਆਂ ਦੇ ਦਰਸ਼ਨ ਹੀ ਨਹੀਂ ਕਰ ਸਕਣਗੀਆਂ ਸਗੋਂ ਮਰਿਆਦਾ ਨਾਲ ਸੰਭਾਲੀਆਂ ਵੀ ਜਾਣਗੀਆਂ।

# ਸਿੱਖ ਪੰਚਾਇਤ ਨੇ ਸਰਬਸੰਮਤੀ ਪ੍ਰਤੀ ਵਚਨ ਦ੍ਰਿੜਾਇਆ

**ਫਰੀਮਾਂਟ (ਬਿਊਰੋ):** ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਨੂੰ ਮੁੱਖ ਰੱਖ ਕੇ ਸਿੱਖ ਪੰਚਾਇਤ ਦੀ ਇਕ ਮੀਟਿੰਗ ਲੰਘੇ ਐਤਵਾਰ ਨੂੰ ਹੋਈ ਜਿਸ ਵਿਚ ਸਿੱਖ ਪੰਚਾਇਤ ਦੇ ਵੱਖ ਵੱਖ ਬੁਲਾਰਿਆਂ ਨੇ ਇਸ ਗੱਲ ਉਤੇ ਜ਼ੋਰ ਦਿੱਤਾ ਕਿ ਸੰਨ 2012 ਵਾਂਗ ਹੀ ਚੋਣਾਂ ਦੀ ਵਿਧੀ ਛੱਡ ਕੇ ਗੁਰਮਤੇ ਰਾਹੀਂ ਸੁਪਰੀਮ ਕੌਂਸਲ ਦੇ ਮੈਂਬਰਾਂ ਦੀ ਚੋਣ ਕੀਤੀ ਜਾਵੇ ਤਾਂ ਜੋ ਧੜੇਬੰਦਕ ਖਿੱਚੋਤਾਣ ਤੋਂ ਬਚਾਅ ਰਹੇ ਅਤੇ ਗੁਰੂ ਘਰ ਅੰਦਰ ਮਾਹੌਲ ਸੁਖਾਵਾਂ ਰਹੇ। ਜ਼ਿਕਰਯੋਗ ਹੈ ਕਿ ਸੁਪਰੀਮ ਕੌਂਸਲ ਦੀਆਂ ਚੋਣਾਂ ਨੂੰ ਲੈ ਕੇ ਕਰੀਬ ਇਕ ਦਹਾਕਾ ਇਕ ਦੂਜੇ ਦੇ ਸਖਤ ਵਿਰੁਧ ਰਹੇ ਦੋ ਧੜਿਆਂ ਦੀ ਪਹਿਲਕਦਮੀ ਨਾਲ ਦੋ ਸਾਲ ਪਹਿਲਾਂ ਸਿੱਖ ਪੰਚਾਇਤ ਦਾ ਗਠਨ ਹੋਇਆ ਸੀ ਅਤੇ ਸੁਪਰੀਮ ਕੌਂਸਲ ਦੇ ਮੈਂਬਰਾਂ ਦੀ ਚੋਣ ਗੁਰਮਤੇ ਦੀ ਵਿਧੀ ਅਪਨਾ ਕੇ ਸਰਬਸੰਮਤੀ ਨਾਲ ਕੀਤੀ ਗਈ ਸੀ।



ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਇਸ ਗੱਲ 'ਤੇ ਤਸੱਲੀ ਪ੍ਰਗਟਾਈ ਕਿ ਸਭ ਕਿਆਸਾਂ ਦੇ ਉਲਟ ਗੁਰਮਤੇ ਰਾਹੀਂ ਬਣੀ ਸੁਪਰੀਮ ਕੌਂਸਲ ਨੇ ਨਾ ਸਿਰਫ ਪੂਰੀ ਇਕਜੁੱਟਤਾ ਹੀ ਦਿਖਾਈ ਬਲਕਿ ਗੁਰੂ ਘਰ ਦੇ ਕਈ ਪ੍ਰਾਜੈਕਟ ਕਾਮਯਾਬੀ ਨਾਲ ਨੇਪਰੇ ਚਾੜ੍ਹੇ ਗਏ ਹਨ ਅਤੇ ਸੰਗਤ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਖੁਸ਼ ਹੈ। ਸਿੱਖ ਪੰਚਾਇਤ ਦੀ ਇਸ ਪਹਿਲੀ ਮੀਟਿੰਗ ਵਿਚ ਵੱਖ ਵੱਖ ਧੜਿਆਂ ਦੇ ਨੁਮਾਇੰਦੇ ਵੱਡੀ ਗਿਣਤੀ ਵਿਚ ਹਾਜ਼ਰ ਹੋਏ ਅਤੇ ਸਾਰੇ ਧੜਿਆਂ ਨੇ ਇੱਕ ਮੰਚ 'ਤੇ ਇਕੱਠੇ ਹੋਣ ਪ੍ਰਤੀ ਵਚਨਬੱਧਤਾ ਦੁਹਰਾਈ। ਬੁਲਾਰਿਆਂ ਨੇ ਸਾਰੀਆਂ ਧਿਰਾਂ ਨੂੰ ਸਰਬਸੰਮਤੀ ਕਰਨ ਦੀ ਅਪੀਲ ਕੀਤੀ ਤਾਂ ਜੋ ਆਪਸੀ ਧੜੇਬੰਦਕ ਖਿੱਚੋਤਾਣ ਤੋਂ ਬਚਿਆ ਜਾ ਸਕੇ।

ਇਸ ਗੱਲ 'ਤੇ ਤਸੱਲੀ ਪ੍ਰਗਟਾਈ ਗਈ ਕਿ ਗੁਰਦੁਆਰਾ ਫਰੀਮਾਂਟ ਦੀ ਸੰਗਤ ਨੇ ਸਰਬਸੰਮਤੀ ਨਾਲ ਬਣੀ ਮੌਜੂਦਾ ਸੁਪਰੀਮ ਕੌਂਸਲ ਉਤੇ ਭਰੋਸੇ ਦੀ ਜੋ ਮੋਹਰ ਲਾਈ ਸੀ, ਸੁਪਰੀਮ ਕੌਂਸਲ ਉਸ 'ਤੇ ਪੂਰੀ ਉਤਰੀ ਹੈ। ਸਰਬਸੰਮਤੀ ਵਾਲੇ ਪ੍ਰਬੰਧ ਦੀ ਸਿਫਤ ਇਹ ਹੈ ਕਿ ਦੋ ਸਾਲ ਬਾਅਦ ਸੁਪਰੀਮ ਕੌਂਸਲ ਦੇ ਉਮੀਦਵਾਰ ਬਣਨ ਲਈ ਦੋ ਸਾਲ ਤੋਂ ਸੇਵਾ ਕਰ ਰਹੇ ਸੁਪਰੀਮ ਕੌਂਸਲ ਦੇ ਪੰਜਾਂ ਸਿੰਘਾਂ ਨੂੰ ਵੀ ਨਵੇਂ ਸਿਰੇ ਤੋਂ ਹੀ ਬੇਨਤੀ ਪੱਤਰ ਦੇਣਾ ਪੈਂਦਾ ਹੈ। ਇਸ ਨਾਲ ਹਰ ਇਕ ਨੂੰ ਸੇਵਾ ਕਰਨ ਦਾ ਮੌਕਾ ਮਿਲ ਸਕਦਾ ਹੈ।

ਗੁਰਦੁਆਰਾ ਸਾਹਿਬ ਵਿਚ ਚੱਲ ਰਹੇ ਕਾਰਜਾਂ ਵਿਚਲੀਆਂ ਊਣਤਾਈਆਂ ਜਾਂ ਢਿੱਲ-ਮੱਠ ਬਾਰੇ ਵਿਚਾਰ ਉਪਰੰਤ ਫੈਸਲਾ ਕੀਤਾ ਗਿਆ ਕਿ ਇਸ ਵਾਰ ਸ਼ਿਕਾਇਤ ਨਿਵਾਰਨ ਕਮੇਟੀ ਬਣਾਈ ਜਾਵੇਗੀ ਜੋ ਹਰ ਔਕੜ ਦੇ ਹੱਲ ਲਈ ਆਪਣੀ ਪੂਰੀ ਵਾਹ ਲਾਏਗੀ।

ਇਸ ਗੱਲ ਦਾ ਪੱਕਾ ਇਰਾਦਾ ਕੀਤਾ ਗਿਆ ਕਿ ਲੰਗਰ ਨੂੰ ਸਿਹਤਮੰਦ ਕੀਤਾ ਜਾਵੇਗਾ। ਖਾਲਸਾ ਸਕੂਲ ਤੇ ਸੇਵਾਦਾਰਾਂ ਲਈ ਕਮਰਿਆਂ ਦੀ ਉਸਾਰੀ ਅਗਲੇ ਮਹੀਨੇ ਸ਼ੁਰੂ ਹੋ ਜਾਵੇਗੀ, ਕਿਉਂਕਿ ਸਿਟੀ ਪ੍ਰਸ਼ਾਸਨ ਵੱਲੋਂ ਸਾਰੇ ਕਾਗਜ਼ਾਤ ਪੂਰੇ ਹੋ ਗਏ ਹਨ। ਮੀਟਿੰਗ ਦੌਰਾਨ ਜਿਨ੍ਹਾਂ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਉਨ੍ਹਾਂ ਵਿਚ ਹੋਰਨਾਂ ਤੋਂ ਇਲਾਵਾ ਭਾਈ ਲਖਬੀਰ ਸਿੰਘ, ਭਾਈ ਰਾਮ ਸਿੰਘ, ਭਾਈ ਗੁਰਮੀਤ ਸਿੰਘ ਖਾਲਸਾ, ਸਿੱਖ ਯੂਥ ਆਫ ਅਮਰੀਕਾ ਦੇ ਸੀਨੀਅਰ ਮੈਂਬਰ ਜਸਜੀਤ ਸਿੰਘ, ਬਲਵਿੰਦਰਪਾਲ ਸਿੰਘ ਖਾਲਸਾ, ਡਾ. ਪ੍ਰਿਤਪਾਲ ਸਿੰਘ, ਹਰਜੀਤ ਸਿੰਘ, ਅੰਮ੍ਰਿਤਪਾਲ ਸਿੰਘ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਹਰ ਦੋ ਸਾਲ ਬਾਅਦ ਹੁੰਦੀਆਂ ਚੋਣਾਂ ਨੂੰ ਨਾ ਸਿਰਫ ਕੈਲੀਫੋਰਨੀਆ ਹੀ ਬਲਕਿ ਪੂਰੇ ਉਤਰੀ ਅਮਰੀਕਾ ਵਿਚ ਬੜੀ ਦਿਲਚਸਪੀ ਅਤੇ ਗੰਭੀਰਤਾ ਨਾਲ ਵਾਚਿਆ ਜਾਂਦਾ ਹੈ।

## Matrimonial

### ਵਰ ਦੀ ਲੋੜ

ਨਿਊ ਯਾਰਕ ਵਸਦੀ ਰਾਮਗੜ੍ਹੀਆ ਸਿੱਖ ਲੜਕੀ, ਬੀ ਏ, 30 ਸਾਲ, 5'-2" ਲਈ ਨਸ਼ਿਆਂ ਤੋਂ ਰਹਿਤ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 516-450-7104, prince.kular@yahoo.com

Wanted suitable match for 27yrs, height 5'-2", divorced, US Citizen well settled girl. Must be living in the US. Contact: pb82268@gmail.com

### ਕੰਨਿਆਂ ਦੀ ਲੋੜ

**Suitable girl wanted for Jatt Sikh US citizen BSc, 24, 5'-10". Girl from US with DDS/ MBBS/Eng./Nursing degree, 22 to 24, height 5'-5". No caste bar. Send photo & bio-data @ bsimerb@yahoo.com**

Wanted mature, family oriented, vegetarian, preferably US based, over 28 girl for Lobana Sikh, 37, 5'-9" clean shaven, teetotaler, legally divorced, pending US immigration status. Issueless divorcee or widow can also be consided. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561

## ਡੇਰਾ ਸੰਚਾਲਕ ਬਲਾਤਕਾਰ ਦੇ ਦੋਸ਼ ਵਿਚ ਗ੍ਰਿਫ਼ਤਾਰ

**ਹੁਸ਼ਿਆਰਪੁਰ:** ਆਪਣੇ ਹੀ ਸਕੂਲ ਦੀ ਨੌਵੀਂ ਜਮਾਤ ਦੀ ਵਿਦਿਆਰਥਣ ਨਾਲ ਜਬਰ-ਜਨਾਹ ਦੀ ਕੋਸ਼ਿਸ਼ ਕਰਨ ਵਾਲੇ ਪਿੰਡ ਨਡਾਲੀ ਦੇ ਡੇਰਾ ਗੋਬਿੰਦਪੁਰੀ ਦੇ ਸੰਚਾਲਕ ਸਰੂਪ ਹਰੀ ਨੂੰ ਪੁਲਿਸ ਨੇ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ। ਪੁਲਿਸ ਅਨੁਸਾਰ ਬਾਬਾ ਮੱਧ ਪ੍ਰਦੇਸ਼ ਤੋਂ ਆਇਆ ਸੀ ਤੇ ਲੁਕਣ ਲਈ ਕਿਸੇ ਹੋਰ ਥਾਂ ਦੀ ਭਾਲ ਵਿਚ ਸੀ।

ਮੁਲਜ਼ਮ ਖਿਲਾਫ਼ ਹਰਿਆਣਾ ਥਾਣੇ ਵਿਚ ਦਫ਼ਾ 376 ਤੇ 511 ਤਹਿਤ ਮਾਮਲਾ ਦਰਜ ਹੈ। ਪੁਲੀਸ ਨੇ ਮੁਲਜ਼ਮ ਨੂੰ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ 'ਤੇ ਲੈ ਲਿਆ। ਡੇਰੇ ਦੇ ਕੰਪਾਊਂਡ ਵਿਚ ਚੱਲ ਰਹੇ ਸਕੂਲ ਦੀ ਵਿਦਿਆਰਥਣ ਨੇ ਦੋਸ਼ ਲਾਇਆ ਸੀ ਕਿ ਬਾਬੇ ਨੇ 9 ਜਨਵਰੀ ਨੂੰ ਉਸ ਨੂੰ ਆਪਣੇ ਕਮਰੇ ਵਿਚ ਸੱਦ ਕੇ ਉਸ ਨਾਲ ਜ਼ੋਰ ਜ਼ਬਰਦਸਤੀ ਦੀ ਕੋਸ਼ਿਸ਼ ਕੀਤੀ ਪਰ ਉਹ ਕਿਸੇ ਤਰ੍ਹਾਂ ਉਥੋਂ ਭੱਜਣ ਵਿਚ ਸਫ਼ਲ ਹੋ ਗਈ। ਡੇਰੇ ਦੇ ਸੇਵਾਦਾਰ ਬਲਵੀਰ ਸਿੰਘ ਜਿਸ ਨੇ ਬਹਾਨੇ ਨਾਲ ਲੜਕੀ ਨੂੰ ਬਾਬੇ ਕੋਲ ਭੇਜਿਆ ਸੀ, ਨੂੰ ਪੁਲਿਸ ਨੇ ਉਸੇ ਦਿਨ ਗ੍ਰਿਫ਼ਤਾਰ ਕਰ ਲਿਆ ਸੀ ਜਦਕਿ ਮੁੱਖ ਮੁਲਜ਼ਮ ਸਰੂਪ ਹਰੀ ਫ਼ਰਾਰ ਹੋ ਗਿਆ ਸੀ।

## ਸਿੱਖ ਸੰਸਦ ਮੈਂਬਰ ਤੇ ਜਾਂਚ ਅਫਸਰ ਦੀ ਮੀਟਿੰਗ 'ਤੇ ਸਵਾਲ

**ਲੰਡਨ:** ਇੰਗਲੈਂਡ ਦੇ ਇਕੋ-ਇਕ ਸਿੱਖ ਸੰਸਦ ਮੈਂਬਰ ਪਾਲ ਉਪਲ ਤੇ ਕੈਬਨਿਟ ਸੈਕਟਰੀ ਜੇਰਮੀ ਹੇਵੁਡ ਜੋ 1984 ਵਿਚ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਖਾੜਕੂਆਂ ਨੂੰ ਬਾਹਰ ਕੱਢਣ ਲਈ ਕੀਤੇ ਸਾਕਾ ਨੀਲਾ ਤਾਰਾ ਆਪ੍ਰੇਸ਼ਨ ਵਿਚ ਇੰਗਲੈਂਡ ਦੀ ਭੂਮਿਕਾ ਦੀ ਜਾਂਚ ਕਰ ਰਹੇ ਹਨ, ਵਿਚਾਲੇ ਹੋਈ ਮੀਟਿੰਗ ਵਿਵਾਦਾਂ ਵਿਚ ਘਿਰ ਗਈ ਹੈ। ਲੇਬਰ ਪਾਰਟੀ ਨੇ ਸਵਾਲ ਚੁੱਕਿਆ ਕਿ ਇਸ ਮਾਮਲੇ ਵਿਚ ਕਿਸੇ ਹੋਰ ਸੰਸਦ ਮੈਂਬਰ ਨੂੰ ਸ਼ਾਮਲ ਕਿਉਂ ਨਹੀਂ ਕੀਤਾ ਜਾ ਰਿਹਾ। ਉਪਲ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ ਸੰਸਦ ਮੈਂਬਰ ਹਨ।


ਪੰਜਾਬ ਵਿਚ ਜ਼ਮੀਨ ਵਿਕਾਊ ਹੈ

ਪੰਜਾਬ ਵਿਚ ਮੋਰਿੰਡਾ-ਚੁੰਨੀ ਰੋਡ ਉਤੇ, ਮੋਹਾਲੀ ਤੋਂ ਸਿਰਫ 25 ਕਿਲੋਮੀਟਰ ਦੂਰ ਵਧੀਆ ਉਪਜਾਊ 5 ਏਕੜ ਜ਼ਮੀਨ ਵਿਕਾਊ ਹੈ। ਇਸ ਵਿਚ ਸਾਢੇ ਬਾਰਾਂ ਹਾਰਸ ਪਾਵਰ ਦੀ ਮੋਟਰ ਲੱਗੀ ਹੋਈ ਹੈ।
ਪੈਸੇ ਅਮਰੀਕਾ ਜਾਂ ਕੈਨੇਡਾ ਵਿਚ ਵੀ ਲੈ ਸਕਦੇ ਹਾਂ।

ਸੰਪਰਕ ਕਰੋ:
ਫੋਨ: ਅਮਰੀਕਾ: 317-430-6545
ਇੰਡੀਆ: 91-98142-90592



ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਫਲੋਰਿਡਾ ਵਿਚ ਚੰਗੇ ਚਲਦੇ
ਭਾਰਤੀ ਰੈਸਟੋਰੈਂਟ ਲਈ
ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।
ਚੰਗੀ ਤਨਖਾਹ ਅਤੇ ਹੋਰ ਸਹੂਲਤਾਂ

ਸੰਪਰਕ ਕਰੋ:
ਫੋਨ 850-510-3466



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.

For Emergency Call anytime at 847-673-3825
EARLY BIRD SALE!!!!
India $545
London $250



MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines, Emirates, Singapore Airlines, Cathay Pacific, Korean Air, Lufthansa, China Airlines



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Thursday 9am to 8pm
Friday, Sat- Sunday- 9am to 7pm
(Tuesday Closed)

Cell: (510)-677-9942
Shop: (510)-505-9605
www.princebarbershop.com

# ਮੁੱਖ ਮੰਤਰੀਆਂ ਦੇ ਪਿੰਡਾਂ ਦੀ ਦਾਸਤਾਂ, ਕਿਤੇ ਧੁੱਪ ਕਿਤੇ ਛਾਂ!

**ਫਰੀਦਕੋਟ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਯਤਨਾਂ ਸਦਕਾ ਉਨ੍ਹਾਂ ਦੇ ਜੱਦੀ ਪਿੰਡ ਬਾਦਲ ਵਿਚ ਸਮੇਂ ਦੇ ਹਾਣ ਦੀ ਹਰੇਕ ਸਹੂਲਤ ਮੁਹੱਈਆ ਹੋਣ ਕਰਕੇ ਜਿਥੇ ਨੇੜਲੇ ਪਿੰਡ ਇਸ ਗੱਲ ਤੋਂ ਰਸ਼ਕ ਕਰਦੇ ਹਨ, ਉਥੇ ਦੇਸ਼ ਨੂੰ ਪਹਿਲਾ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇਣ ਵਾਲਾ ਪਿੰਡ ਸੰਧਵਾਂ, ਸਮੇਂ ਦੀਆਂ ਸੂਬਾ ਸਰਕਾਰਾਂ ਵੱਲੋਂ ਉਸ ਪ੍ਰਤੀ ਵਿਖਾਈ ਉਦਾਸੀਨਤਾ ਦੀ ਸ਼ਾਹਦੀ ਭਰਦਾ ਹੈ।

ਕੋਟਕਪੂਰਾ-ਫਰੀਦਕੋਟ ਸੜਕ 'ਤੇ ਸਥਿਤ ਸਾਢੇ ਚਾਰ ਹਜ਼ਾਰ ਦੀ ਆਬਾਦੀ ਵਾਲਾ ਇਹ ਪਿੰਡ ਸਾਫ ਪੀਣਯੋਗ ਪਾਣੀ ਜਿਹੀ ਬੁਨਿਆਦੀ ਸਹੂਲਤ ਤੋਂ ਵੀ ਵਾਂਝਾ ਹੈ। ਸਿਹਤ ਸੇਵਾਵਾਂ ਤੇ ਸਿੱਖਿਆ ਦੇ ਖੇਤਰ ਵਿਚ ਵੀ ਪਿੰਡ ਕਾਫੀ ਪਛੜ ਗਿਆ ਹੈ। ਸਿੱਖਿਆ ਸੰਸਥਾ ਦੇ ਨਾਂ 'ਤੇ ਇਥੇ ਇਕ ਹਾਈ ਸਕੂਲ ਹੈ। ਸੂਬੇ ਨੂੰ ਮੁੱਖ ਮੰਤਰੀ ਤੇ ਦੇਸ਼ ਨੂੰ ਪਹਿਲਾ ਸਿੱਖ ਰਾਸ਼ਟਰਪਤੀ ਦੇਣ ਵਾਲੇ ਇਸ ਪਿੰਡ ਕੋਲ ਨਾ ਕੋਈ ਵਿਸ਼ੇਸ਼ ਸਹੂਲਤਾਂ ਹਨ ਤੇ ਨਾ ਹੀ ਕੋਈ ਵਿਸ਼ੇਸ਼ ਰੁਤਬਾ।

ਉਧਰ, ਪਿੰਡ ਬਾਦਲ ਦੇ ਪਿੰਡ ਚਹੁੰਮਾਰਗੀ ਸੜਕਾਂ ਕਿਨਾਰੇ ਲੰਮੇ ਖਜੂਰ ਦੇ ਦਰਖਤਾਂ, ਸੋਰ ਊਰਜਾ ਨਾਲ ਚੱਲਣ ਵਾਲੀਆਂ ਲਾਈਟਾਂ ਤੇ ਸ਼ਾਨਦਾਰ ਇਮਾਰਤਾਂ ਨੂੰ ਦੇਖ ਕੇ ਕੋਈ ਇਹ ਭੁਲੇਖਾ ਖਾ ਸਕਦਾ ਹੈ ਕਿ ਉਹ ਕਿਸੇ ਆਧੁਨਿਕ ਟਾਊਨਸ਼ਿਪ ਵੱਲ ਜਾ ਰਿਹਾ ਹੈ ਪਰ ਇਹ ਪਿੰਡ ਬਾਦਲ ਦਾ ਰਾਹ ਹੈ। ਇਹ ਪੰਜਾਬ ਦੇ ਪੰਜ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਦਾ ਜੱਦੀ ਪਿੰਡ ਹੈ। ਪੰਜਾਬ ਦੇ ਹੋਰ ਕਈ ਪਿੰਡਾਂ ਵਿੱਚ ਜਿਥੇ ਪ੍ਰਾਇਮਰੀ ਸਕੂਲਾਂ ਵਰਗੀਆਂ ਬੁਨਿਆਦੀ ਸਹੂਲਤਾਂ ਵੀ ਨਹੀਂ ਹਨ, ਉਥੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਬਾਦਲ ਵਿਚ ਪੰਜ ਸਕੂਲ, ਦੋ ਕਾਲਜ, ਸਿਵਲ ਹਸਪਤਾਲ, ਜ਼ਿਲ੍ਹਾ ਪੱਧਰੀ ਪੋਲੀਕਲੀਨਿਕ, ਨਰਸਿੰਗ ਤੇ ਪੈਰਾਮੈਡੀਕਲ ਸਾਇੰਸਜ਼ ਇੰਸਟੀਚਿਊਟ, ਖੇਡ ਸਟੇਡੀਅਮ, ਸਾਈ ਦਾ ਟਰੇਨਿੰਗ ਸੈਂਟਰ, ਸ਼ੂਟਿੰਗ ਰੇਂਜ ਤੇ ਕਈ ਹੋਰ ਸਹੂਲਤਾਂ ਮੌਜੂਦ ਹਨ। ਜ਼ਿਕਰਯੋਗ ਹੈ ਕਿ ਜੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪਿੰਡ ਨੂੰ ਛੱਡ ਦੇਈਏ ਤਾਂ ਸਾਬਕਾ ਮੁੱਖ ਮੰਤਰੀਆਂ ਦੇ ਪਿੰਡ ਜਿਨ੍ਹਾਂ ਵਿਚ ਕੈਰੋਂ, ਸਰਾਏਨਾਗਾ, ਚੂਹੜ ਚੱਕ, ਸੰਧਵਾਂ, ਕੋਟਲੀ ਤੇ ਨਾਰੰਗਵਾਲ ਨੂੰ ਹਮੇਸ਼ਾ ਅਣਗੌਲਿਆ ਹੀ ਗਿਆ ਹੈ। ਮਰਹੂਮ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਪਿੰਡ ਸਰਾਏਨਾਗਾ ਦਾ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੀ ਕੁਝ ਸੁਧਾਰ ਹੋਇਆ। ਕੋਟਕਪੂਰਾ-ਮੁਕਤਸਰ ਸੜਕ 'ਤੇ ਵਸਿਆ ਇਹ ਪਿੰਡ ਵੀ ਪੀਣ ਵਾਲੇ ਪਾਣੀ, ਸੈਨੀਟੇਸ਼ਨ, ਸਿੱਖਿਆ ਤੇ ਸਿਹਤ ਜਿਹੀਆਂ ਮੁਢਲੀਆਂ ਸਹੂਲਤਾਂ ਤੋਂ ਮਹਿਰੂਮ ਹੈ।

ਪੰਜਾਬ ਦੇ ਸਭ ਤੋਂ ਮਕਬੂਲ ਰਹੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਦੇ ਪਿੰਡ ਕੈਰੋਂ ਦੀ ਜੇ ਗੱਲ ਕਰੀਏ ਤਾਂ ਹਾਲਤ ਇਥੇ ਵੀ ਕੋਈ ਬਹੁਤੀ ਬਿਹਤਰ ਨਹੀਂ, ਹਾਲਾਂਕਿ ਉਨ੍ਹਾਂ ਦਾ ਪੋਤਰਾ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਾ ਸਿਰਫ ਬਾਦਲ ਸਰਕਾਰ ਵਿਚ ਮੰਤਰੀ ਹੈ ਬਲਕਿ ਸ. ਬਾਦਲ ਦਾ ਜਵਾਈ



*ਪਿੰਡ ਕੈਰੋਂ ਦੇ ਰੇਲ ਸਟੇਸ਼ਨ ਦੀ ਬਾਹਰੀ ਝਲਕ।*

ਵੀ ਹੈ। ਸਾਂਝੇ ਪੰਜਾਬ ਦੇ ਮੁੱਖ ਮੰਤਰੀ ਹੁੰਦਿਆਂ ਸ. ਕੈਰੋਂ ਨੇ ਸੂਬੇ ਦੇ ਵਿਕਾਸ ਵਿਚ ਅਹਿਮ ਭੂਮਿਕਾ ਨਿਭਾਈ ਸੀ ਪਰ ਤਰਨ ਤਾਰਨ-ਪੱਟੀ ਸੜਕ 'ਤੇ ਸਥਿਤ ਇਸ ਪਿੰਡ ਦੇ ਲੋਕ ਪੀਣ ਵਾਲੇ ਪਾਣੀ ਤੇ ਸੀਵਰੇਜ ਜਿਹੀਆਂ ਮੁਢਲੀਆਂ ਲੋੜਾਂ ਨੂੰ ਤਰਸ ਰਹੇ ਹਨ। ਪਿੰਡ ਵਾਸੀਆਂ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਵਿਚ ਸੁੰਦਰ ਗਰਾਮ ਯੋਜਨਾ ਤਹਿਤ ਪਿੰਡ ਨੂੰ 1.18 ਕਰੋੜ ਦੀ ਗਰਾਂਟ ਮਿਲੀ ਸੀ ਪਰ ਉਸ ਮਗਰੋਂ ਕਿਸੇ ਨੇ ਇਧਰ ਨੂੰ ਮੂੰਹ ਨਹੀਂ ਕੀਤਾ।

ਸਾਬਕਾ ਮੁੱਖ ਮੰਤਰੀ ਮਰਹੂਮ ਲਛਮਣ ਸਿੰਘ ਗਿੱਲ ਜਿਨ੍ਹਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਿੰਡਾਂ ਦੇ ਵਿਕਾਸ ਲਈ ਨਵੇਂ ਰਾਹ ਖੋਲ੍ਹੇ, ਦਾ ਜੱਦੀ ਪਿੰਡ ਚੂਹੜ ਚੱਕ ਅੱਜ ਆਪਣੇ ਵਿਕਾਸ ਲਈ ਤਰਲੇ-ਮਿੰਨਤਾਂ ਕਰ ਰਿਹਾ ਹੈ। 15 ਹਜ਼ਾਰ ਤੋਂ ਉਪਰ ਦੀ ਆਬਾਦੀ ਵਾਲਾ ਇਹ ਮੋਗਾ ਜ਼ਿਲ੍ਹੇ ਦਾ ਸਭ ਤੋਂ ਵੱਡਾ ਪਿੰਡ ਹੋਣ ਦੇ ਬਾਵਜੂਦ ਬੁਨਿਆਦੀ ਸਹੂਲਤਾਂ ਤੋਂ ਸੱਖਣਾ ਹੈ। ਇਸ ਪਿੰਡ ਨੂੰ ਕਈ ਅਹਿਮ ਸ਼ਖਸੀਅਤਾਂ ਦੇਣ ਦਾ ਮਾਣ ਵੀ ਹਾਸਲ ਹੈ ਜਿਨ੍ਹਾਂ ਵਿਚ ਫਿਲਮਸਾਜ਼ ਜਗਜੀਤ ਸਿੰਘ (ਪੁੱਤ ਜੱਟਾਂ ਦੇ), ਆਜ਼ਾਦੀ ਘੁਲਾਟੀਆ ਗ਼ਦਰੀ ਬਾਬਾ ਰੋਢ ਸਿੰਘ, ਕੈਪਟਨ ਗੁਰਦਿੱਤ ਸਿੰਘ ਗਿੱਲ, ਨਗਿੰਦਰ ਸਿੰਘ ਗਿੱਲ (ਜਿਨ੍ਹਾਂ 1940-50 ਵਿਚ ਏਸ਼ਿਆਈ ਫਿਰਕੇ ਦੇ ਲੋਕਾਂ ਨੂੰ ਅਧਿਕਾਰ ਦਿਵਾਉਣ ਲਈ ਕੈਨੇਡਿਆਈ ਸਰਕਾਰ ਖਿਲਾਫ ਮੁਹਿੰਮ ਚਲਾਈ) ਤੇ ਨਾਸਾ 'ਚ ਕੰਮ ਕਰਦੇ ਪ੍ਰਸਿੱਧ ਵਿਗਿਆਨੀ ਗੁਰਦਿੱਤ ਸਿੰਘ ਗਿੱਲ ਸ਼ਾਮਲ ਹਨ।

ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦਾ ਜੱਦੀ ਪਿੰਡ ਕੋਟਲੀ (ਜੋ ਇਤਿਹਾਸਕ ਨਗਰ ਪਾਇਲ ਦੇ ਉੱਤਰ-ਪੱਛਮ ਵੱਲ ਸਥਿਤ ਹੈ), ਨੂੰ ਵੀ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਵੱਲੋਂ ਇਸ ਪਿੰਡ ਲਈ ਐਲਾਨਿਆ ਨਵਾਂ ਨਾਂ ਬੇਅੰਤ ਸਿੰਘ ਨਗਰ ਵੀ ਕਾਗਜ਼ਾਂ ਦੇ ਬੋਝ ਹੇਠ ਦੱਬ ਕੇ ਰਹਿ ਗਿਆ ਹੈ। ਲੁਧਿਆਣਾ ਜ਼ਿਲ੍ਹੇ ਵਿਚ ਹੀ ਸਾਬਕਾ ਮੁੱਖ ਮੰਤਰੀ ਜਸਟਿਸ ਗੁਰਨਾਮ ਸਿੰਘ ਦੇ ਪਿੰਡ ਨਾਰੰਗਵਾਲ ਦੀ ਹੋਣੀ ਵੀ ਕੁਝ ਅਜਿਹੀ ਹੀ ਹੈ ਪਰ ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਪਿੰਡ ਜੰਡਿਆਲਾ ਦੀ ਸਥਿਤੀ ਕੁਝ ਬਿਹਤਰ ਹੈ। ਪਿੰਡ ਵਿਚ ਜਿਥੇ ਮਿਆਰੀ ਸਿੱਖਿਆ, ਸਿਹਤ ਤੇ ਟਰਾਂਸਪੋਰਟ ਆਦਿ ਸਹੂਲਤਾਂ ਉਪਲਬਧ ਹਨ, ਉਥੇ ਸੜਕਾਂ ਦਾ ਵੀ ਕੋਈ ਸਾਨੀ ਨਹੀਂ।

# ਸਿਹਤ ਸਹੂਲਤਾਂ ਦੇਣ ਤੋਂ ਪੰਜਾਬ ਸਰਕਾਰ ਦੇ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਤੋਂ ਵੀ ਹੱਥ ਪਿੱਛੇ ਖਿੱਚਦੀ ਜਾ ਰਹੀ ਹੈ। ਪੰਜਾਬ ਦੇ 176 ਦੇ ਕਰੀਬ ਸਰਕਾਰੀ ਹਸਪਤਾਲਾਂ ਨੂੰ ਅੱਪਗ੍ਰੇਡ ਕਰਨ ਦੀ ਬਣਾਈ ਗਈ ਯੋਜਨਾ ਵਿਚ ਕਟੌਤੀ ਕਰ ਦਿੱਤੀ ਗਈ ਹੈ। ਸਰਕਾਰ ਨੇ ਹੁਣ 100 ਹਸਪਤਾਲਾਂ ਨੂੰ ਹੀ ਅੱਪਗ੍ਰੇਡ ਕਰਨ ਦੀ ਯੋਜਨਾ ਬਣਾਈ ਹੈ। ਜਿਹੜੇ 76 ਸਰਕਾਰੀ ਹਸਪਤਾਲ ਇਸ ਸੂਚੀ ਵਿਚੋਂ ਕੱਢੇ ਗਏ ਹਨ, ਉਨ੍ਹਾਂ ਵਿਚ ਬਹੁਤੇ ਪੇਂਡੂ ਇਲਾਕਿਆਂ ਦੇ ਹਨ।

ਪੰਜਾਬ ਸਰਕਾਰ ਨੇ ਸੂਬੇ ਦੇ 176 ਹਸਪਤਾਲਾਂ ਨੂੰ ਅੱਪਗ੍ਰੇਡ ਕਰਨ ਦਾ ਟੀਚਾ ਰੱਖਿਆ ਸੀ। ਇਸ ਯੋਜਨਾ ਤਹਿਤ ਸਾਰੇ ਸਰਕਾਰੀ ਹਸਪਤਾਲਾਂ ਵਿਚ ਸਾਰੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਤੇ ਹੋਰ ਲੋੜੀਂਦਾ ਸਾਜ਼ੋ-ਸਾਮਾਨ ਮੁਹੱਈਆ ਕਰਵਾਉਣਾ ਸੀ ਪਰ ਇਸ ਕੰਮ ਨੂੰ ਅਮਲ ਵਿਚ ਲਿਆਉਣ ਲੱਗਿਆਂ ਸਰਕਾਰ ਨੂੰ ਜਦੋਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਤਾਂ ਅੱਪਗ੍ਰੇਡ ਕੀਤੇ ਜਾਣ ਵਾਲੇ ਹਸਪਤਾਲਾਂ ਦੀ ਸੂਚੀ ਵਿਚ ਵੱਡਾ ਕੱਟ ਲਾ ਕੇ ਇਸ ਨੂੰ 100 ਤੱਕ ਹੀ ਸੀਮਤ ਕਰ ਦਿੱਤਾ ਗਿਆ। ਸਰਕਾਰ ਵੱਲੋਂ ਜਿਨ੍ਹਾਂ 100 ਹਸਪਤਾਲਾਂ ਨੂੰ ਅੱਪਗ੍ਰੇਡ ਕਰਨ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ, ਉਨ੍ਹਾਂ ਨੂੰ ਵੀ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ।

ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਪਿਛਲੇ ਸਾਲ 525 ਦੇ ਕਰੀਬ ਡਾਕਟਰਾਂ ਦੀਆਂ ਬਦਲੀਆਂ ਕਰਕੇ ਅੱਪਗ੍ਰੇਡ ਕੀਤੇ ਜਾਣ ਵਾਲੇ 100 ਹਸਪਤਾਲਾਂ ਵਿਚ ਉਨ੍ਹਾਂ ਨੂੰ ਤਾਇਨਾਤ ਕਰ ਦਿੱਤਾ ਸੀ ਤਾਂ ਜੋ ਇਨ੍ਹਾਂ ਹਸਪਤਾਲਾਂ ਵਿਚ ਹਰ ਤਰ੍ਹਾਂ ਦੀ ਬਿਮਾਰੀ ਦਾ ਮਾਹਿਰ ਡਾਕਟਰ ਮੁਹੱਈਆ ਹੋ ਸਕੇ। ਇਹ ਬਦਲੀਆਂ ਪਿਛਲੇ ਸਾਲ ਅਕਤੂਬਰ ਮਹੀਨੇ ਵਿਚ ਕੀਤੀਆਂ ਗਈਆਂ ਸਨ। ਦੂਜੇ ਪਾਸੇ ਸਿਹਤ ਵਿਭਾਗ 'ਤੇ ਪਏ ਰਾਜਨੀਤਕ ਦਬਾਅ ਕਾਰਨ ਡਾਕਟਰ ਮੁੜ ਆਪੋ ਆਪਣੀ ਥਾਂ 'ਤੇ ਚਲੇ ਗਏ।



ਇਨ੍ਹਾਂ ਹਸਪਤਾਲਾਂ ਨੂੰ ਅੱਪਗ੍ਰੇਡ ਕਰਨ ਦਾ ਕੰਮ ਵੀ ਅੱਧ-ਵਿਚਾਲੇ ਹੀ ਲਟਕਿਆ ਹੋਇਆ ਹੈ। ਸਰਕਾਰ ਦੀ ਯੋਜਨਾ ਤਹਿਤ ਅੱਪਗ੍ਰੇਡ ਹਸਪਤਾਲਾਂ ਵਿਚ ਡਿਜੀਟਲ ਐਕਸਰੇ ਮਸ਼ੀਨਾਂ, ਬੱਚਿਆਂ ਦੇ ਮਾਹਿਰ ਡਾਕਟਰ, ਸਰਜਨ, ਅੱਖਾਂ ਦੇ ਮਾਹਿਰ , ਔਰਤ ਰੋਗਾਂ ਦੇ ਮਾਹਿਰ ਡਾਕਟਰਾਂ ਸਮੇਤ ਹੋਰ ਟਰੇਂਡ ਸਟਾਫ ਵੀ ਤਾਇਨਾਤ ਕੀਤਾ ਜਾਣਾ ਹੈ। ਕਈ ਹਸਪਤਾਲਾਂ ਵਿਚ ਇਕ-ਇਕ, ਦੋ-ਦੋ ਡਾਕਟਰ ਹੀ ਕੰਮ ਚਲਾ ਰਹੇ ਹਨ।

ਇਨ੍ਹਾਂ ਡਾਕਟਰਾਂ ਨੂੰ ਸਰਕਾਰ ਨੇ ਅੱਪਗ੍ਰੇਡ ਕੀਤੇ ਜਾਣ ਵਾਲੇ ਹਸਪਤਾਲਾਂ ਵਿਚ ਬਦਲ ਦਿੱਤਾ ਸੀ ਜਿਸ ਕਾਰਨ ਪਿੰਡਾਂ ਦੇ ਕਈ ਹਸਪਤਾਲ ਬੰਦ ਹੋਣ ਕੰਢੇ ਪੁੱਜ ਗਏ ਹਨ। ਜਲੰਧਰ ਦੇ ਅੱਪਗ੍ਰੇਡ ਹੋਣ ਵਾਲੇ ਹਸਪਤਾਲਾਂ ਵਿਚ ਕਰਤਾਰਪੁਰ, ਸ਼ਾਹਕੋਟ ਤੇ ਆਦਮਪੁਰ ਦੇ ਕਮਿਊਨਿਟੀ ਹੈਲਥ ਸੈਂਟਰ ਤੇ ਤਹਿਸੀਲ ਪੱਧਰ 'ਤੇ ਨਕੋਦਰ ਤੇ ਫਿਲੌਰ ਦੇ ਹਸਪਤਾਲ ਸ਼ਾਮਲ ਹਨ। ਅੱਪਗ੍ਰੇਡ ਕੀਤੇ ਜਾਣ ਵਾਲੇ ਹਸਪਤਾਲਾਂ ਵਿਚ ਜ਼ਿਲ੍ਹੇ ਦੇ ਸਾਰੇ ਮੁੱਖ ਸਿਵਲ ਹਸਪਤਾਲਾਂ ਸਮੇਤ ਸਬ ਡਿਵੀਜ਼ਨ ਪੱਧਰ ਤੇ ਕਮਿਊਨਿਟੀ ਹੈਲਥ ਸੈਂਟਰ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਕੋਲ ਸਿਵਲ ਹਸਪਤਾਲਾਂ ਦੀ ਸਾਂਭ ਸੰਭਾਲ ਦਾ ਜ਼ਿੰਮਾ ਹੈ। ਥੋੜ੍ਹੇ ਦਿਨ ਪਹਿਲਾਂ ਹੀ ਕਾਰਪੋਰੇਸ਼ਨ ਦੇ ਨਵੇਂ ਚੇਅਰਮੈਨ ਥਾਪੇ ਗਏ ਹਨ। ਸਿਹਤ ਵਿਭਾਗ ਭਾਜਪਾ ਦੇ ਕੋਟੇ ਵਿਚ ਆਉਂਦਾ ਹੈ। ਪਹਿਲਾਂ ਸਿਹਤ ਮੰਤਰੀ ਮਦਨ ਮੋਹਨ ਮਿੱਤਲ ਸਨ, ਉਨ੍ਹਾਂ ਨੇ ਹੀ ਡਾਕਟਰਾਂ ਦੀਆਂ ਵੱਡੇ ਪੱਧਰ 'ਤੇ ਬਦਲੀਆਂ ਕੀਤੀਆਂ ਸਨ। ਹੁਣ ਇਹ ਵਿਭਾਗ ਭਾਜਪਾ ਦੇ ਮੰਤਰੀ ਸੁਰਜੀਤ ਕੁਮਾਰ ਜਿਆਣੀ ਕੋਲ ਆ ਗਿਆ ਹੈ। ਉਨ੍ਹਾਂ ਨੇ ਸਿਹਤ ਵਿਭਾਗ ਨੂੰ ਚੁਸਤ-ਦਰੁਸਤ ਕਰਨ ਦੇ ਇਰਾਦੇ ਨਾਲ ਸਿਵਲ ਹਸਪਤਾਲਾਂ ਵਿਚ ਅਚਨਚੇਤੀ ਛਾਪੇ ਵੀ ਮਾਰੇ ਹਨ। ਸਿਹਤ ਮੰਤਰੀ ਸ੍ਰੀ ਜਿਆਣੀ ਨੇ ਹਸਪਤਾਲਾਂ ਦੀ ਚੈਕਿੰਗ ਦੌਰਾਨ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤਾਂ ਕੀਤੀਆਂ ਹਨ ਕਿ ਉਹ ਸਰਕਾਰੀ ਹਸਪਤਾਲਾਂ ਦੀ ਸਫਾਈ ਵੱਲ ਉਚੇਚਾ ਧਿਆਨ ਦੇਣ ਤੇ ਡਾਕਟਰਾਂ ਵੱਲੋਂ ਲਿਖੀਆਂ ਗਈਆਂ ਦਵਾਈਆਂ ਹੀ ਵਰਤੀਆਂ ਜਾਣ।

# ਸ਼ਾਮਲਾਤ ਜ਼ਮੀਨਾਂ ਬਾਰੇ ਸਰਕਾਰ ਦੀ ਜਵਾਬ ਤਲਬੀ

**ਚੰਡੀਗੜ੍ਹ:** ਪੰਜਾਬ ਖਾਸਕਰ ਖੇਤਰੀ ਰਾਜਧਾਨੀ ਖੇਤਰ ਚੰਡੀਗੜ੍ਹ ਦੀ ਜ਼ਿਲ੍ਹਾ ਮੁਹਾਲੀ ਵਿਚਲੀ ਪੈਰੀਫੇਰੀ ਵਿਚ ਸ਼ਾਮਲਾਤ ਜ਼ਮੀਨਾਂ 'ਤੇ ਰਸੂਖਵਾਨਾਂ ਦੇ ਕਬਜ਼ਿਆਂ ਬਾਰੇ ਪੰਜਾਬ ਤੇ ਹਰਿਆਣਾ ਹਾਈਕੋਰਟ ਤੇ ਪੰਜਾਬ ਸਰਕਾਰ ਵਿਚਾਲੇ ਜਾਰੀ ਕਸ਼ਮਕਸ਼ ਦੇ ਚੱਲਦਿਆਂ ਹਾਈਕੋਰਟ ਨੇ ਫਿਰ ਰਾਜ ਸਰਕਾਰ ਨੂੰ ਇਹ ਕਬਜ਼ੇ ਛੁਡਵਾਉਣ ਤੇ ਦੋਸ਼ੀ ਮੋਹਤਬਰਾਂ ਤੇ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਹਿੱਤ ਆਪਣਾ ਸਟੈਂਡ ਸਪਸ਼ਟ ਕਰਨ ਲਈ ਆਖਿਆ ਹੈ।

ਹਾਈਕੋਰਟ ਦੇ ਜਸਟਿਸ ਹੇਮੰਤ ਗੁਪਤਾ ਤੇ ਜਸਟਿਸ ਫਤਹਿਦੀਪ ਸਿੰਘ ਵਾਲੇ ਡਵੀਜ਼ਨ ਬੈਂਚ ਵੱਲੋਂ ਇਸ ਕੇਸ ਦੀ ਸੁਣਵਾਈ ਕਰਦਿਆਂ ਪੰਜਾਬ ਸਰਕਾਰ ਨੂੰ ਆਉਂਦੀ 10 ਫਰਵਰੀ ਤੱਕ ਆਪਣਾ ਪੱਖ ਸਪਸ਼ਟ ਕਰ ਦੇਣ ਦੇ ਹੁਕਮ ਦਿੱਤੇ ਗਏ ਹਨ। ਹਾਈਕੋਰਟ ਨੇ ਕਿਹਾ ਹੈ ਕਿ ਜੇਕਰ ਸਰਕਾਰ ਇਸ ਸਬੰਧੀ ਸੀਨੀਅਰ ਪੱਧਰ ਦੇ ਅਧਿਕਾਰੀ ਨੂੰ ਜਾਂਚ ਲਈ ਬਿਠਾਉਣ ਲਈ ਰਾਜ਼ੀ ਹੈ ਤਾਂ ਉਸ ਨੂੰ ਜਸਟਿਸ ਕੁਲਦੀਪ ਸਿੰਘ ਟ੍ਰਿਬਿਊਨਲ ਦੀਆਂ ਲੱਭਤਾਂ ਨੂੰ ਮੁਢਲੇ ਸਬੂਤ ਵਜੋਂ ਆਧਾਰ ਬਣਾ ਕੇ ਕਾਰਵਾਈ ਹਿੱਤ ਪੰਜਾਬ ਵਿਲੇਜ ਕਾਮਨਲੈਂਡਜ਼ (ਰੈਗੂਲੇਸ਼ਨ) ਐਕਟ 1961 ਦੇ ਤਹਿਤ ਸ਼ਕਤੀਆਂ ਦੇਣੀਆਂ ਹੋਣਗੀਆਂ।

ਹਾਈਕੋਰਟ ਨੇ ਕੋਰਟ ਰੂਮ ਵਿਚ ਮੌਜੂਦ ਪੰਜਾਬ ਸਰਕਾਰ ਦੀ ਵਧੀਕ ਐਡਵੋਕੇਟ ਜਨਰਲ ਰੀਟਾ ਕੋਹਲੀ ਨੂੰ ਕਿਹਾ ਕਿ ਸਰਕਾਰ ਇਸ ਕੰਮ ਵਾਸਤੇ ਨਾਂ 'ਤੇ ਹਾਈਕੋਰਟ ਦੀ ਮਨਜ਼ੂਰੀ ਤੋਂ ਬਿਨਾਂ ਮੁਕੰਮਲ ਫ਼ੈਸਲਾ ਨਹੀਂ ਲਏਗੀ ਤੇ ਨਾਲ ਹੀ ਸੀਨੀਅਰ ਅਧਿਕਾਰੀ ਨੂੰ ਉਕਤ ਕਾਨੂੰਨ ਤਹਿਤ ਕਾਰਵਾਈ ਕਰਨ ਦੀ ਖੁੱਲ੍ਹ ਤੇ ਤਾਕਤਾਂ ਬਾਰੇ ਰਾਜ ਸਰਕਾਰ ਸਿੱਧਾ ਸਪਾਰਟ ਆਪਣਾ ਪੱਖ ਪੇਸ਼ ਕਰੇ। ਇਸ ਬਾਰੇ ਪੰਜਾਬ ਦੇ ਵਿੱਤ ਕਮਿਸ਼ਨਰ (ਮਾਲ) ਵੱਲੋਂ ਦਾਇਰ ਕੀਤੇ ਹਲਫ਼ਨਾਮੇ ਵਿਚ ਵੀ ਸਰਕਾਰ ਵੱਲੋਂ ਆਪਣਾ ਪੱਖ ਰੱਖਦਿਆਂ ਕਿਹਾ ਜਾ ਚੁੱਕਾ ਹੈ ਕਿ ਸਰਕਾਰ ਚਾਹੁੰਦੀ ਹੈ ਕਿ ਉਕਤ ਜ਼ਮੀਨਾਂ ਨੂੰ ਨਾਜਾਇਜ਼ ਕਬਜ਼ਿਆਂ ਵਿਚੋਂ ਛੁਡਾਉਣ ਵਾਸਤੇ ਕੋਈ ਪੁਖਤਾ ਰਣਨੀਤੀ ਘੜੀ ਜਾਵੇ ਤੇ ਇਸੇ ਲਈ ਪੰਜਾਬ ਸਰਕਾਰ ਹੁਣ ਆਪਣੇ ਪੱਧਰ 'ਤੇ ਅਫ਼ਸਰਾਂ ਦੀ ਅਗਵਾਈ ਵਾਲੀਆਂ ਕਮੇਟੀਆਂ ਬਣਾ ਕੇ ਮਾਲ ਰਿਕਾਰਡ ਦੀ ਪੁਣ ਛਾਣ ਕਰ ਰਹੀ ਹੈ।

## ਲਾਲੂ ਮਿਲਾਏਗਾ ਕਾਂਗਰਸ ਨਾਲ ਹੱਥ

**ਨਵੀਂ ਦਿੱਲੀ:** ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਕਾਂਗਰਸ ਨਾਲ ਹੱਥ ਮਿਲਾਉਣ ਜਾ ਰਹੇ ਹਨ। ਲੰਘੇ ਦਿਨ ਉਹ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਮਿਲੇ।

ਪਿਛਲੇ ਇਕ ਮਹੀਨੇ ਦੌਰਾਨ ਇਹ ਦੋਹਾਂ ਲੀਡਰਾਂ ਵਿਚਕਾਰ ਦੂਜੀ ਮੀਟਿੰਗ ਸੀ। ਦੋਵੇਂ ਪਾਰਟੀਆਂ ਬਿਹਾਰ ਵਿਚ ਧਰਮ ਨਿਰਪੱਖ ਗਠਜੋੜ ਬਣਾਉਣ ਦੀ ਕਵਾਇਦ ਕਰ ਰਹੀਆਂ ਹਨ ਤੇ ਇਸ ਮਾਮਲੇ ਵਿਚ ਲੋਕ ਜਨਸ਼ਕਤੀ ਪਾਰਟੀ ਨੂੰ ਵੀ ਨਾਲ ਜੋੜਨ ਬਾਰੇ ਵਿਚਾਰਾਂ ਚੱਲ ਰਹੀਆਂ ਹਨ।

ਅਜੇ ਲੰਘੇ ਦਿਨੀਂ ਹੀ ਕਾਂਗਰਸ ਦੇ ਸੀਨੀਅਰ ਆਗੂ ਦਿਗਵਿਜੈ ਸਿੰਘ ਲੋਕ ਜਨਸ਼ਕਤੀ ਪਾਰਟੀ ਦੇ ਮੁਖੀ ਰਾਮ ਵਿਲਾਸ ਪਾਸਵਾਨ ਨੂੰ ਮਿਲੇ ਹਨ ਤੇ ਤਿੰਨਾਂ ਧਿਰਾਂ ਵਿਚ ਛੇਤੀ ਸਮਝੌਤੇ ਦੇ ਆਸਾਰ ਹਨ।

# ਜੇਲ੍ਹਾਂ ਵਿਚ ਨੀਂਦ ਵਾਲੀ ਦਵਾਈ ਦੀ ਖਪਤ ਵਧੀ

**ਚੰਡੀਗੜ੍ਹ:** ਜੇਲ੍ਹਾਂ ਵਿਚ ਬੰਦ ਹਜ਼ਾਰਾਂ ਕੈਦੀ ਨੀਂਦ ਵਾਲੀ ਦਵਾਈ ਲੈ ਕੇ ਸੌਂਦੇ ਹਨ। ਬਹੁਤੇ ਕੈਦੀ ਤਾਂ ਇਸ ਦਵਾਈ ਦੇ ਆਦੀ ਬਣ ਗਏ ਹਨ ਕਿਉਂਕਿ ਇਸ ਦਵਾਈ ਵਿਚ ਨਸ਼ਾ ਹੁੰਦਾ ਹੈ। ਟੇਢੇ ਢੰਗ ਨਾਲ ਬਹੁਤੇ ਨਸ਼ੇੜੀ ਇਸ ਦਵਾਈ ਤੋਂ ਨਸ਼ੇ ਦੀ ਵੀ ਪੂਰਤੀ ਕਰਦੇ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ ਨੀਂਦ ਤੇ ਘਬਰਾਹਟ ਵਾਲੀ ਦਵਾਈ ਦੀ ਮੰਗ ਕਾਫ਼ੀ ਵਧ ਗਈ ਹੈ। ਪੰਜਾਬ ਸਰਕਾਰ ਹਰ ਵਰ੍ਹੇ ਲੱਖਾਂ ਰੁਪਏ ਸਿਰਫ਼ ਨੀਂਦ ਤੇ ਘਬਰਾਹਟ ਵਾਲੀ ਦਵਾਈ 'ਤੇ ਖਰਚ ਕਰਦੀ ਹੈ ਤੇ ਬਹੁਤੇ ਕੈਦੀਆਂ ਨੂੰ ਇਹ ਦਵਾਈ ਲੈਣ ਦੀ ਆਦਤ ਪੈ ਗਈ ਹੈ।

ਜਦੋਂ ਕਿਸੇ ਕੈਦੀ ਨੂੰ ਨੀਂਦ ਨਹੀਂ ਆਉਂਦੀ ਤਾਂ ਉਹ ਫਟ ਗੋਲੀ ਖਾ ਲੈਂਦਾ ਹੈ। ਆਰ.ਟੀ.ਆਈ. ਤਹਿਤ ਮਿਲੀ ਸੂਚਨਾ ਅਨੁਸਾਰ ਸਬ ਜੇਲ੍ਹ ਬਰਨਾਲਾ ਵਿਚ ਬੀਤੇ ਅੱਠ ਸਾਲਾਂ ਦੌਰਾਨ ਹਵਾਲਾਤੀ ਅਤੇ ਕੈਦੀ ਨੀਂਦ ਤੇ ਘਬਰਾਹਟ ਵਾਲੀਆਂ 1,40,380 ਗੋਲੀਆਂ ਛਕ ਗਏ ਹਨ ਜਿਨ੍ਹਾਂ 'ਤੇ ਸਰਕਾਰ ਨੂੰ 76453 ਰੁਪਏ ਖਰਚ ਕਰਨੇ ਪਏ ਹਨ। ਇਸ ਜੇਲ੍ਹ ਵਿਚ 2005-06 ਤੋਂ 2012-13 ਤੱਕ ਬੰਦੀਆਂ ਦੇ ਇਲਾਜ 'ਤੇ 15.85 ਲੱਖ ਰੁਪਏ ਖਰਚ ਕੀਤੇ ਗਏ ਹਨ।

ਇਸ ਸਮੇਂ ਦੌਰਾਨ 1.87 ਲੱਖ ਮਰੀਜ਼ ਓ.ਪੀ.ਡੀ. ਵਿਚ ਦੇਖੇ ਗਏ। ਰੋਪੜ ਜੇਲ੍ਹ ਵਿਚ ਬੰਦੀਆਂ ਦੇ ਇਲਾਜ 'ਤੇ ਅੱਠ ਵਰ੍ਹਿਆਂ ਵਿਚ 16.58 ਲੱਖ ਰੁਪਏ ਖਰਚ ਕੀਤੇ ਗਏ ਹਨ। ਇਸ ਜੇਲ੍ਹ ਵਿਚ ਇਸ ਸਮੇਂ ਦੌਰਾਨ 12147 ਬੰਦੀਆਂ



ਨੇ ਨੀਂਦ ਨਾ ਆਉਣ ਕਰਕੇ ਗੋਲੀਆਂ ਦੀ ਵਰਤੋਂ ਕੀਤੀ। ਸਬ ਜੇਲ੍ਹ ਮੋਗਾ ਵਿਚ ਇਸ ਸਮੇਂ ਦੌਰਾਨ 1150 ਮਰੀਜ਼ ਨੀਂਦ ਵਾਲੀਆਂ ਗੋਲੀਆਂ ਖਾ ਕੇ ਸੁੱਤੇ ਹਨ। ਇਨ੍ਹਾਂ ਮਰੀਜ਼ਾਂ ਨੇ ਘਬਰਾਹਟ ਤੇ ਨੀਂਦ ਨਾ ਆਉਣ ਦੀ ਸ਼ਿਕਾਇਤ ਕੀਤੀ ਸੀ। ਇਸ ਜੇਲ੍ਹ ਵਿਚ ਇਨ੍ਹਾਂ ਸਾਲਾਂ ਦੌਰਾਨ 31145 ਬੰਦੀਆਂ ਦੀ ਓਪੀਡੀ ਰਹੀ ਹੈ ਜਿਨ੍ਹਾਂ ਦੀ ਸਿਹਤ 'ਤੇ 3.82 ਲੱਖ ਰੁਪਏ ਖਰਚੇ ਗਏ ਹਨ।

ਜ਼ਿਲ੍ਹਾ ਜੇਲ੍ਹ ਹੁਸ਼ਿਆਰਪੁਰ ਨੇ ਲਿਖਤੀ ਸੂਚਨਾ ਵਿਚ ਦੱਸਿਆ ਹੈ ਕਿ ਕੁੱਲ ਮਰੀਜ਼ਾਂ ਵਿਚੋਂ 15 ਤੋਂ 20 ਫੀਸਦੀ ਮਰੀਜ਼ ਘਬਰਾਹਟ ਤੇ ਨੀਂਦ ਵਾਲੀ ਦਵਾਈ ਲੈ ਕੇ ਸੌਂਦੇ ਹਨ। ਅੱਠ ਵਰ੍ਹਿਆਂ ਵਿੱਚ ਇਸ ਜੇਲ੍ਹ ਵਿਚ 1.31 ਲੱਖ ਮਰੀਜ਼ਾਂ ਦੀ ਓਪੀਡੀ ਰਹੀ ਹੈ। ਜ਼ਨਾਨਾ ਜੇਲ੍ਹ ਲੁਧਿਆਣਾ ਦੀ ਗੱਲ ਕਰੀਏ ਤਾਂ ਔਰਤ ਕੈਦੀਆਂ ਨੂੰ ਵੀ ਇਹੋ ਸਮੱਸਿਆ ਹੈ। ਇਸ ਜੇਲ੍ਹ ਵਿਚ ਅੱਠ ਸਾਲਾਂ ਵਿਚ 1800 ਔਰਤ ਕੈਦਣਾਂ ਨੇ ਨੀਂਦ ਵਾਲੀ ਦਵਾਈ ਲੈ ਕੇ ਰਾਤ ਕੱਢੀ। ਇਸ ਜੇਲ੍ਹ ਵਿਚ ਇਸ ਸਮੇਂ ਦੌਰਾਨ ਕੈਦਣਾਂ ਦੇ ਇਲਾਜ 'ਤੇ 36.38 ਲੱਖ ਰੁਪਏ ਖਰਚ ਆਏ ਹਨ। ਖੁੱਲ੍ਹੀ ਖੇਤੀਬਾੜੀ ਜੇਲ੍ਹ ਨਾਭਾ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਉਨ੍ਹਾਂ ਦੀ ਜੇਲ੍ਹ ਵਿਚ ਤਾਂ ਸਿਰਫ਼ ਰਿਸ਼ਟ ਪੁਸ਼ਟ ਤੇ ਮਾਨਸਿਕ ਤੌਰ 'ਤੇ ਫਿੱਟ ਕੈਦੀ ਹੀ ਲਿਆਂਦੇ ਜਾਂਦੇ ਹਨ। ਇਹੀ ਕਾਰਨ ਹੈ ਕਿ ਇਸ ਜੇਲ੍ਹ ਦੀ ਅੱਠ ਸਾਲਾਂ ਵਿਚ ਓ.ਪੀ.ਡੀ. 2013 ਮਰੀਜ਼ਾਂ ਦੀ ਰਹੀ ਹੈ। ਕੇਂਦਰੀ ਜੇਲ੍ਹ ਬਠਿੰਡਾ ਦੇ ਪ੍ਰਬੰਧਕਾਂ ਨੇ ਮੰਨਿਆ ਕਿ ਜੇਲ੍ਹ ਵਿਚ ਨੀਂਦ ਤੇ ਘਬਰਾਹਟ ਦੀ ਦਵਾਈ ਆਉਂਦੀ ਹੈ ਪਰ ਉਨ੍ਹਾਂ ਵੇਰਵੇ ਨਾ ਦਿੱਤੇ।

ਇਸ ਬਾਰੇ ਆਈਜੀ (ਜੇਲ੍ਹਾਂ) ਜਗਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਬੰਦੀ ਜਦੋਂ ਪਰਿਵਾਰ ਨਾਲੋਂ ਟੁੱਟਦੇ ਹਨ ਤਾਂ ਉਹ ਇਕੱਲਤਾ ਮਹਿਸੂਸ ਕਰਦੇ ਹਨ ਤੇ ਖਾਸ ਕਰਕੇ ਪਹਿਲੀ ਦਫ਼ਾ ਜੇਲ੍ਹ ਆਉਣ ਵਾਲੇ ਬੰਦੀਆਂ ਨੂੰ ਜ਼ਿਆਦਾ ਤਣਾਓ ਹੁੰਦਾ ਹੈ ਜਿਨ੍ਹਾਂ ਨੂੰ ਲੋੜ ਪੈਣ 'ਤੇ ਹੀ ਘਬਰਾਹਟ ਤੇ ਨੀਂਦ ਆਦਿ ਲਈ ਦਵਾਈ ਦਿੱਤੀ ਜਾਂਦੀ ਹੈ।


# ਸੰਤੋਖ ਸਿੰਘ ਚਾਨਾ ਦਾ ਅਕਾਲ ਚਲਾਣਾ



ਸੈਨ ਹੋਜੇ (ਬਿਊਰੋ): ਸਥਾਨਕ ਸਿੱਖ ਪਤਵੰਤੇ ਸ. ਸੰਤੋਖ ਸਿੰਘ ਚਾਨਾ ਲੰਘੀ 24 ਜਨਵਰੀ ਸ਼ੁਕਰਵਾਰ ਸੁਰਗਵਾਸ ਹੋ ਗਏ। ਉਹ ਪੰਜਾਬ ਦੇ ਪਿੰਡ ਗੜ੍ਹ ਪਧਾਣਾ ਤੋ ਸਨ ਅਤੇ ਇਥੇ ਆਪਣੇ ਛੋਟੇ ਦੋ ਪੁਤਰਾਂ-ਪਰਮਜੀਤ ਚਾਨਾ ਅਤੇ ਸੁਰਜੀਤ ਚਾਨਾ ਪਾਸ ਰਹਿੰਦੇ ਸਨ। ਉਨ੍ਹਾਂ ਦੇ ਵਡੇ ਦੋ ਪੁੱਤਰ-ਬਲਦੀਪ ਸਿੰਘ ਚਾਨਾ ਅਤੇ ਬਲਵਿੰਦਰ ਸਿੰਘ ਚਾਨਾ ਇੰਗਲੈਂਡ ਰਹਿੰਦੇ ਹਨ।

ਸਵਰਗੀ ਸ. ਸੰਤੋਖ ਸਿੰਘ ਦਾ ਅੰਤਿਮ ਸੰਸਕਾਰ ਵੀਰਵਾਰ 30 ਜਨਵਰੀ ਨੂੰ ਹੇਵਰਡ ਦੇ ਚੈਪਲ ਆਫ ਚਾਈਮਜ਼ (32992 ਮਿਸ਼ਨ ਬੁਲੇਵਾਰਡ) ਸ਼ਮਸ਼ਾਨ ਘਾਟ ਵਿਖੇ 12 ਤੋਂ 2.30 ਤਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸੈਨ ਹੋਜੇ ਵਿਖੇ ਉਸੇ ਦਿਨ ਬਾਅਦ ਦੁਪਹਿਰ 4 ਵਜੇ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 408-314-9092 ਜਾਂ 408-693-6553 ਰਾਹੀਂ ਕੀਤਾ ਜਾ ਸਕਦਾ ਹੈ।

# ਗੁਰਦੇਵ ਸਿੰਘ ਭੱਠਲ ਸੁਰਗਵਾਸ



**ਸ਼ਿਕਾਗੋ (ਬਿਊਰੋ):** ਸਥਾਨਕ ਗੁਰਦੁਆਰਾ ਪੈਲਾਟਾਈਨ ਦੇ ਮੋਢੀ ਬੋਰਡ ਮੈਂਬਰਾਂ ਵਿਚੋਂ ਇਕ ਸਥਾਨਕ ਸਿੱਖ ਭਾਈਚਾਰੇ ਦੀ ਉਘੀ ਸ਼ਖਸੀਅਤ ਸ. ਗੁਰਦੇਵ ਸਿੰਘ ਭੱਠਲ ਲੰਘੀ 24 ਜਨਵਰੀ ਸ਼ੁਕਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ। ਉਹ 93 ਵਰ੍ਹਿਆਂ ਦੇ ਸਨ।

ਜ਼ਿਕਰਯੋਗ ਹੈ ਕਿ ਗੁਰਦੁਆਰਾ ਪੈਲਾਟਾਈਨ ਦੀ ਸਥਾਪਨਾ ਮੌਕੇ ਗੁਰੂ ਮਹਾਰਾਜ ਦੀ ਬੀੜ ਲਿਆਉਣ ਦੀ ਸੇਵਾ ਸ. ਗੁਰਦੇਵ ਸਿੰਘ ਭੱਠਲ ਨੇ ਹੀ ਨਿਭਾਈ ਸੀ। ਉਨ੍ਹਾਂ ਆਪਣੇ ਜੀਵਨ ਦੌਰਾਨ ਗੁਰੂਘਰ ਦੀ ਤਨ, ਮਨ, ਧਨ ਨਾਲ ਰਜ ਕੇ ਸੇਵਾ ਕੀਤੀ। ਉਹ ਆਪਣੇ ਪਿਛੇ ਪਤਨੀ ਬੀਬੀ ਗੁਰਬਖਸ਼ ਕੌਰ, ਦੋ ਪੁੱਤਰਾਂ-ਦਲਜਿੰਦਰ ਸਿੰਘ ਤੇ ਨਰਿੰਦਰ ਸਿੰਘ, ਨੂੰਹਾਂ ਅਤੇ ਚਾਰ ਪੋਤਰਿਆਂ ਦਾ ਭਰਿਆ ਪਰਿਵਾਰ ਛਡ ਗਏ ਹਨ। ਉਨ੍ਹਾਂ ਦਾ ਸਸਕਾਰ ਮੰਗਲਵਾਰ 28 ਜਨਵਰੀ ਨੂੰ ਕਰ ਦਿਤਾ ਗਿਆ। ਉਨ੍ਹਾਂ ਨਮਿਤ ਅੰਤਿਮ ਅਰਦਾਸ ਸਨਿਚਰਵਾਰ 1 ਫਰਵਰੀ ਨੂੰ ਸ਼ਾਮੀ 2 ਵਜੇ ਤੋਂ 4 ਵਜੇ ਤਕ ਗੁਰਦੁਆਰਾ ਪੈਲਾਟਾਈਨ ਵਿਖੇ ਹੋਵੇਗੀ। ਪਰਿਵਾਰ ਨਾਲ ਸੰਪਰਕ ਦਲਜਿੰਦਰ ਸਿੰਘ (ਬੱਬੀ) ਫੋਨ 312-593-5547 ਜਾਂ ਨਰਿੰਦਰ ਸਿੰਘ ਫੋਨ 773-585-3179 ਰਾਹੀਂ ਕੀਤਾ ਜਾ ਸਕਦਾ ਹੈ।

# ਪਟੇਲ ਦੇ ਬੁੱਤ ਲਈ ਸਿੱਖ ਧਾਰਮਿਕ ਸਥਾਨਾਂ ਤੋਂ ਮਿੱਟੀ ਲਿਆਉਣਾ ਸਿੱਖ ਜਜ਼ਬਿਆਂ ਨਾਲ ਖਿਲਵਾੜ: ਦੁਪਾਲਪੁਰ

**ਨਵਾਂ ਸ਼ਹਿਰ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਸ. ਤਰਲੋਚਨ ਸਿੰਘ ਦੁਪਾਲਪੁਰ ਨੇ ਭਾਜਪਾ ਦੇ ਏਜੰਡੇ ਅਨੁਸਾਰ ਬਣਾਏ ਜਾ ਰਹੇ ਸਰਦਾਰ ਵੱਲਭ ਭਾਈ ਪਟੇਲ ਦੇ ਬੁੱਤ ਲਈ ਸਿੱਖ ਧਾਰਮਿਕ ਅਸਥਾਨਾਂ ਤੋਂ ਮਿੱਟੀ ਅਤੇ ਲੋਹਾ ਆਦਿਕ ਇਕੱਤਰ ਕਰਨ ਲਈ ਭਾਜਪਾਈਆਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਤੁਰੇ ਸਿੱਖ ਸਿਆਸੀ ਆਗੂਆਂ 'ਤੇ ਵਿਅੰਗ ਕੱਸਦਿਆਂ ਸਲਾਹ ਦਿੱਤੀ ਹੈ ਕਿ ਇਸ ਕਾਰਜ ਲਈ ਸਿਰਦਾਰ ਕਪੂਰ ਸਿੰਘ ਦੇ ਗ੍ਰਹਿ, ਤਿੰਨ ਜਾਮਣ, ਖਾਜਾ ਬਾਜੂ ਜਗਰਾਵਾਂ ਦੇ ਵਿਹੜੇ 'ਚੋਂ ਵੀ ਮਿੱਟੀ ਪੁੱਟ ਲਿਆਂਦੀ ਜਾਵੇ ਜਿੱਥੇ ਸਿੱਖਾਂ ਵਿਰੁਧ ਤੁਅੱਸਬ ਨਾਲ ਭਰੇ ਹੋਏ ਪਟੇਲ ਦਾ ਰਾਜ-ਕੋਪ ਝੱਲਦਿਆਂ ਸਾਚੀ ਸਾਖੀ ਲਿਖੀ ਗਈ ਅਤੇ ਸਿਰਦਾਰ ਕਪੂਰ ਸਿੰਘ ਨੇ ਜਿੰਦਗੀ ਦੇ ਅੰਤਲੇ ਦਿਨ ਕਰੁਣਾਮਈ ਹਾਲਤ ਵਿਚ ਗੁਜ਼ਾਰੇ।



ਇਥੇ ਜਾਰੀ ਇਕ ਬਿਆਨ ਵਿਚ ਸ. ਦੁਪਾਲਪੁਰ ਨੇ ਸਿੱਖ ਭਾਈਚਾਰੇ ਨੂੰ ਯਾਦ ਕਰਵਾਇਆ ਕਿ ਦੇਸ਼ ਅਜ਼ਾਦ ਹੋਣ ਤੋਂ ਡੇਢ ਕੁ ਮਹੀਨਾ ਬਾਅਦ ਹੀ ਇਸੇ ਪਟੇਲ ਨੇ ਸਿੱਖਾਂ ਦੇ 'ਜ਼ਰਾਇਮ ਪੇਸ਼ਾ' ਲੋਕ ਹੋਣ ਦਾ ਮੁਤੱਸਬੀ 'ਸਰਕੂਲਰ' ਜਾਰੀ ਕੀਤਾ ਸੀ। 'ਸਾਚੀ ਸਾਖੀ' ਵਿਚਲਾ ਉਕਤ ਸਿੱਖ ਵਿਰੋਧੀ ਬਿਰਤਾਂਤ ਭੁਲਾ ਕੇ ਅੱਜ ਕੁਝ ਭੁੱਲੜ ਸਿੱਖ ਪਟੇਲ ਦਾ ਬੁੱਤ ਬਣਾਉਣ ਲਈ ਗੁਰ ਅਸਥਾਨਾਂ 'ਚੋਂ ਮਿੱਟੀ-ਲੋਹਾ ਇਕੱਠਾ ਕਰਨ ਲਈ ਪੱਬਾਂ ਭਾਰ ਹੋਏ ਫਿਰਦੇ ਹਨ। ਭਾਜਪਾ ਦੇ ਸਿਆਸੀ ਮੰਤਵਾਂ ਦੀ ਪੂਰਤੀ ਕਰਦਿਆਂ, ਇੱਕ ਸਿੱਖ ਸਿਆਸੀ ਦਲ ਵਲੋਂ ਉਕਤ ਕੌਮ-ਘਾਤੀ ਰਵਈਆ ਅਪਨਾਉਣਾ, ਪੂਰੇ ਸਿੱਖ ਜਗਤ ਲਈ ਭਾਰੀ ਨਮੋਸ਼ੀ ਦਾ ਬਾਇਸ ਹੈ।

ਸ. ਦੁਪਾਲਪੁਰ ਨੇ ਚਿੰਤਾ ਜਾਹਰ ਕੀਤੀ ਕਿ ਜੇ ਪੰਜਾਬ ਦਾ ਅਜੋਕਾ ਸਿੱਖ ਸਿਆਸੀ ਦ੍ਰਿਸ਼ ਇਹੋ ਜਿਹਾ ਹੀ ਰਿਹਾ ਅਤੇ ਕੌਮ ਉਦਾਸੀਨਤਾ 'ਚ ਹੀ ਡੁੱਬੀ ਰਹੀ ਤਾਂ ਕਲ੍ਹ-ਕਲੋਤਰ ਨੂੰ ਕੋਈ ਸਿਆਸੀ ਪਾਰਟੀ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਅਸਥਾਨ ਗੁਰਦੁਆਰਾ ਫਤਿਹਗੜ੍ਹ ਸਾਹਿਬ ਤੋਂ ਮਿੱਟੀ ਲੈ ਕੇ ਗੰਗੂ ਜਾਂ ਵਜੀਦ ਖਾਨ ਦੇ ਬੁੱਤ ਬਣਾਉਣ ਦਾ ਐਲਾਨ ਵੀ ਕਰ ਸਕਦੀ ਹੈ। ਉਨ੍ਹਾਂ ਜਾਗਰੂਕ ਕਹਾਉਣ ਵਾਲੀਆਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਸਿਆਸੀ ਮਨੋਰਥਾਂ ਲਈ ਕੀਤੇ ਜਾ ਰਹੇ ਇਸ ਅਨਰਥ ਵਿਰੁਧ ਸਮੁੱਚੀ ਕੌਮ ਨੂੰ ਹਲੂਣਾ ਦੇਣ ਲਈ ਜ਼ਬਰਦਸਤ ਮੁਹਿੰਮ ਵਿੱਢੀ ਜਾਵੇ। ਇਸ ਕੌਮੀ ਕਾਜ ਲਈ ਦੇਸ਼-ਵਿਦੇਸ਼ ਦੀਆਂ ਸਿੱਖ ਸਭਾ ਸੁਸਾਇਟੀਆਂ ਨਾਲ ਫੌਰਨ ਤਾਲ-ਮੇਲ ਕੀਤਾ ਜਾਵੇ।

# ਕੇਂਦਰ ਨੇ ਸੰਵਿਧਾਨ ਦੀ ਭਾਵਨਾ ਨਾਲ ਖਿਲਵਾੜ ਕੀਤਾ: ਬਾਦਲ

ਲੁਧਿਆਣਾ: ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਭਾਰਤੀ ਸੰਵਿਧਾਨ ਵਿਚਲੀ ਸੰਘਵਾਦ ਦੀ ਉਸ ਭਾਵਨਾ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਸੰਵਿਧਾਨ ਨੂੰ ਸੋਧਣ ਦਾ ਸੱਦਾ ਦਿੱਤਾ ਹੈ ਜਿਸ ਦੀ ਪਰਿਕਲਪਨਾ ਸੰਵਿਧਾਨ



***ਮੁੱਖ ਮੰਤਰੀ ਬਾਦਲ ਗਣਤੰਤਰ ਸਮਾਗਮ ਦੌਰਾਨ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਨੂੰ ਮਿਲਦੇ ਹੋਏ***

ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਨੇ ਕੀਤੀ ਸੀ।

ਸਥਾਨਕ ਗੁਰੂ ਨਾਨਕ ਸਟੇਡੀਅਮ ਵਿਚ 65ਵੇਂ ਗਣਤੰਤਰ ਦਿਵਸ ਸਬੰਧੀ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਬਾਦਲ ਨੇ ਕਿਹਾ ਕਿ ਸਮੇਂ ਦੇ ਬੀਤਣ ਨਾਲ ਕੇਂਦਰ ਦੀਆਂ ਸਰਕਾਰਾਂ ਨੇ ਰਾਜਾਂ ਦੇ ਖੇਤੀਬਾੜੀ, ਸਿਹਤ ਤੇ ਸਿੱਖਿਆ ਜਿਹੇ ਉਹ ਸਾਰੇ ਹੱਕ ਖੋਹ ਲਏ ਜੋ ਭਾਰਤੀ ਸੰਵਿਧਾਨ ਵਿਚ ਰਾਜਾਂ ਨੂੰ ਦਿੱਤੇ ਗਏ ਸਨ। ਉਨ੍ਹਾਂ ਕਿਹਾ ਕਿ ਅੱਜ ਸੰਵਿਧਾਨ ਤਾਨਾਸ਼ਾਹੀ ਵੱਲ ਵਧ ਰਿਹਾ ਹੈ।

ਉਨ੍ਹਾਂ ਖੇਤੀਬਾੜੀ ਦੇ ਮਾਮਲਿਆਂ ਵਿਚ ਰਾਜ ਸਰਕਾਰਾਂ ਦੀ ਤਰਸਯੋਗ ਹਾਲਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਰਾਜਾਂ ਕੋਲ ਤਾਂ ਖੇਤੀਬਾੜੀ ਅਫ਼ਸਰਾਂ ਦੇ ਤਬਾਦਲੇ ਕਰਨ ਦਾ ਹੀ ਅਧਿਕਾਰ ਹੈ ਜਦਕਿ ਜਿਣਸਾਂ ਤੇ ਲਾਗਤਾਂ ਦੇ ਭਾਅ ਮਿਥਣ ਤੇ ਕਿਸਾਨੀ ਦੀ ਬਿਹਤਰੀ ਲਈ ਹਾਂਪੱਖੀ ਫੈਸਲੇ ਲੈਣ ਦੇ ਹੱਕ ਕੇਂਦਰ ਸਰਕਾਰ ਨੇ ਆਪਣੇ ਕੋਲ ਰੱਖੇ ਹੋਏ ਹਨ।

ਪਾਕਿਸਤਾਨ ਨਾਲ ਲੰਬੀ ਅੰਤਰਰਾਸ਼ਟਰੀ ਸਰਹੱਦ ਲਗਦੀ ਹੋਣ ਦੇ ਬਾਵਜੂਦ ਪੰਜਾਬ ਵਿਚ ਅਮਨ ਸ਼ਾਂਤੀ ਲਈ ਉਨ੍ਹਾਂ ਪੰਜਾਬ ਵਾਸੀਆਂ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਦੀ ਵੀ ਸ਼ਲਾਘਾ ਕੀਤੀ। ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਉਸ ਦੇ ਹੱਕਾਂ ਤੋਂ ਵਿਰਵਾ ਰੱਖਣ ਕਰਕੇ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਸ. ਬਾਦਲ ਨੇ ਕਿਹਾ ਕਿ ਗੁਆਂਢੀ ਰਾਜਾਂ ਨੂੰ ਵਿਸ਼ੇਸ਼ ਉਦਯੋਗਿਕ ਪੈਕੇਜ 2017 ਤੱਕ ਵਧਾ ਕੇ ਪੰਜਾਬ ਨੂੰ ਇਕ ਵਾਰ ਫਿਰ ਉਸ ਦੇ ਹੱਕ ਤੋਂ ਵਾਂਝਾ ਰੱਖਿਆ ਗਿਆ ਹੈ।

ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਉਹ ਦੂਜੇ ਰਾਜਾਂ ਨੂੰ ਰਾਹਤ ਦੇਣ ਦੇ ਖਿਲਾਫ਼ ਨਹੀਂ ਪਰ ਜਿਸ ਹਾਲਤ ਵਿਚ ਪੰਜਾਬ ਦੀ ਕਿਸਾਨੀ ਹੈ, ਉਸ ਦੇ ਮੱਦੇਨਜ਼ਰ ਪੰਜਾਬ ਦਾ ਉਦਯੋਗਿਕ ਪੈਕੇਜ ਲਈ ਹੋਰਨਾਂ ਰਾਜਾਂ ਤੋਂ ਪਹਿਲਾਂ ਹੱਕ ਬਣਦਾ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੇ ਯਤਨਾਂ ਸਦਕਾ ਨਾਮੀ ਉਦਯੋਗਿਕ ਘਰਾਣਿਆਂ ਨੇ ਪੰਜਾਬ ਵਿਚ ਨਿਵੇਸ਼ ਲਈ ਸ਼ੁਰੂਆਤ ਕੀਤੀ ਸੀ ਪਰ ਕੇਂਦਰ ਸਰਕਾਰ ਦੇ ਇਸ ਫੈਸਲੇ ਦਾ ਸੂਬੇ ਵਿਚ ਨਿਵੇਸ਼ 'ਤੇ ਬੁਰਾ ਅਸਰ ਪਵੇਗਾ।

*To Advertise with Punjab Times*
***Call: 847-359-0746***

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Homeopathic natural medicines supply**



*Gurdip Singh Sandhu*

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Ph:(408) 687-1899**
**(408) 729-6691**
**Fax:(408)292-6200**

**EX Member:**
*The California Homeopathic Society*
National Center For Homeopathy- USA

Email: Homeomdicine@yahoo.com
Website: www.Homeopathyatoz.com

***Toll Free: 1-877-OK-HOMEO (1-877-654-6636)***



ਪੰਜਾਬ ਟਾਈਮਜ਼

*ਸਨਿਚਰਵਾਰ, ਪਹਿਲੀ ਫਰਵਰੀ 2014*

## ਸੰਘਰਸ਼ ਦੀ ਸਿਆਸਤ ਅਤੇ ਸਟੇਟ

ਪੈਰੋਲ ਉਤੇ ਬਾਹਰ ਆਏ ਬੰਦੀ ਸਿੱਖ ਫਿਰ ਜੇਲ੍ਹਾਂ ਵਿਚ ਪਰਤਣੇ ਸ਼ੁਰੂ ਹੋ ਗਏ ਹਨ। ਕੁਰੂਕਸ਼ੇਤਰ ਦੇ ਨੌਜਵਾਨ ਗੁਰਬਖਸ਼ ਸਿੰਘ ਦੀ ਤਕਰੀਬਨ ਡੇਢ ਮਹੀਨਾ ਲੰਮੀ ਭੁੱਖ ਹੜਤਾਲ ਤੋਂ ਬਾਅਦ ਇਨ੍ਹਾਂ ਸਿੱਖਾਂ ਦੀ ਰਿਹਾਈ ਸੰਭਵ ਹੋਈ ਸੀ। ਇਹ ਉਹ ਕੈਦੀ ਸਨ ਜਿਨ੍ਹਾਂ ਦੀ ਸਜ਼ਾ ਖਤਮ ਹੋ ਚੁੱਕੀ ਹੈ ਪਰ ਅਜੇ ਵੀ ਜੇਲ੍ਹਾਂ ਦੇ ਅੰਦਰ ਹਨ। ਉਸ ਵੇਲੇ ਗੁਰਬਖਸ਼ ਸਿੰਘ ਦੀ ਭੁੱਖ ਹੜਤਾਲ ਖਤਮ ਕਰਵਾਉਣ ਲਈ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਮੋਹਰੀ ਭੂਮਿਕਾ ਨਿਭਾਈ ਸੀ। ਜਥੇਦਾਰ ਅਤੇ ਇਨ੍ਹਾਂ ਆਗੂਆਂ ਨੇ ਭਰੋਸਾ ਦਿਵਾਇਆ ਸੀ ਕਿ ਇਨ੍ਹਾਂ ਬੰਦੀਆਂ ਦੀ ਪੱਕੀ ਰਿਹਾਈ ਲਈ ਕਾਨੂੰਨੀ ਚਾਰਾਜੋਈ ਕੀਤੀ ਜਾਵੇਗੀ। ਗੁਰਬਖਸ਼ ਸਿੰਘ ਨੇ ਆਪਣਾ ਮੋਰਚਾ ਮੁਹਾਲੀ ਦੇ ਗੁਰਦੁਆਰਾ ਅੰਬ ਸਾਹਿਬ ਤੋਂ ਅਰੰਭ ਕੀਤਾ ਸੀ। ਉਸ ਦੇ ਇਸ ਮੋਰਚੇ ਨੂੰ ਪਹਿਲਾਂ ਤਾਂ ਨਾ ਮੀਡੀਏ ਅਤੇ ਨਾ ਹੀ ਸਿਆਸੀ ਆਗੂਆਂ ਨੇ ਬਹੁਤਾ ਗੌਲਿਆ ਸੀ, ਪਰ ਉਸ ਦਾ ਹਠ ਇਸ ਸੰਘਰਸ਼ ਨੂੰ ਬਹੁਤ ਅਗਾਂਹ ਤੱਕ ਲੈ ਗਿਆ ਅਤੇ ਸਿਆਸੀ ਆਗੂਆਂ ਨੂੰ ਖੁਦ ਉਸ ਕੋਲ ਅੱਪੜਨਾ ਪੈ ਗਿਆ। ਇਥੋਂ ਹੀ ਸਿਆਸੀ ਲਾਹਿਆਂ ਦੀ ਦਾਸਤਾਨ ਵੀ ਅਰੰਭ ਹੋ ਗਈ। ਗਰਮ-ਖਿਆਲ ਧੜਿਆਂ ਦਾ ਦਾਈਆ ਸੀ ਕਿ ਇਸ ਸੰਘਰਸ਼ ਨੂੰ ਸਿਆਸਤ ਦੀ ਪੁੱਠ ਦਿੱਤੀ ਜਾਵੇ। ਕੁਝ ਹੋਰ ਦਾ ਕਹਿਣਾ ਸੀ ਕਿ ਇਸ ਸੰਘਰਸ਼ ਨੂੰ ਮਨੁੱਖੀ ਹੱਕਾਂ ਦੇ ਮੁੱਦੇ ਨਾਲ ਜੋੜ ਕੇ ਅੱਗੇ ਵਧਾਇਆ ਜਾਵੇ। ਇਸ ਬਾਰੇ ਕੁਝ ਧੜਿਆਂ ਵਿਚਕਾਰ ਕੁਝ ਮੱਤਭੇਦ ਵੀ ਉਭਰ ਕੇ ਸਾਹਮਣੇ ਆਏ ਪਰ ਇਨ੍ਹਾਂ ਮੱਤਭੇਦਾਂ ਦੇ ਬਾਵਜੂਦ ਗੁਰਬਖਸ਼ ਸਿੰਘ ਦੇ ਇਸ ਸੰਘਰਸ਼ ਨੂੰ ਹੌਲੀ-ਹੌਲੀ ਕਰ ਕੇ ਭਰਪੂਰ ਸਮਰਥਨ ਮਿਲਿਆ। ਗੁਰਬਖਸ਼ ਸਿੰਘ ਦਾ ਇਹ ਸੰਘਰਸ਼ ਮੀਡੀਏ ਦੇ ਕਥਿਤ ਵਿਤਕਰੇ ਨੂੰ ਪਾਰ ਕਰ ਕੇ ਲੋਕਾਂ ਦੇ ਦਿਲਾ ਤੱਕ ਪੁੱਜਣ ਵਿਚ ਸਫਲ ਰਿਹਾ। ਵੱਖ-ਵੱਖ ਸ਼ਖਸੀਅਤਾਂ ਅਤੇ ਜਥੇਬੰਦੀਆਂ ਨੇ ਵੀ ਇਸ ਸੰਘਰਸ਼ ਦੀ ਬਣਦੀ-ਸਰਦੀ ਹਮਾਇਤ ਕੀਤੀ ਅਤੇ ਪੂਰੇ ਜ਼ੋਰ ਨਾਲ ਹਾਅ ਦਾ ਨਾਅਰਾ ਮਾਰਿਆ। ਇਨ੍ਹਾਂ ਸ਼ਖਸੀਅਤਾਂ ਅਤੇ ਜਥੇਬੰਦੀਆਂ ਦੇ ਨਾਲ-ਨਾਲ ਮੀਡੀਏ ਦੇ ਇਕ ਹਿੱਸੇ ਨੇ ਇਹ ਨੁਕਤਾ ਬਹੁਤ ਜ਼ੋਰ-ਸ਼ੋਰ ਨਾਲ ਉਭਾਰਿਆ ਕਿ ਇਸ ਸੰਘਰਸ਼ ਨੂੰ ਹੁਣ ਹੋਰ ਮੋਕਲਾ ਕੀਤਾ ਜਾਵੇ ਤਾਂ ਕਿ ਇਸ ਨੂੰ ਸਾਬੋਤਾਜ ਕਰਨ ਦੀ ਹਰ ਚਾਲ ਨੂੰ ਪੈਂਦੀ ਸੱਟੇ ਹੀ ਪਛਾੜਿਆ ਜਾ ਸਕੇ। ਇਹ ਸੰਘਰਸ਼ 6 ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਨਾਲ ਸ਼ੁਰੂ ਹੋਇਆ ਸੀ ਪਰ ਮਗਰੋਂ ਮੀਡੀਏ ਵਿਚ ਅਜਿਹੇ ਹੋਰ 100 ਤੋਂ ਵੱਧ ਕੇਸਾਂ ਦਾ ਖੁਲਾਸਾ ਹੋਇਆ ਜਿਹੜੇ ਸਜ਼ਾ ਪੂਰੀ ਹੋਣ ਦੇ ਬਾਵਜੂਦ ਜੇਲ੍ਹਾਂ ਅੰਦਰ ਸੜ ਰਹੇ ਸਨ। ਇਹੀ ਉਹ ਮੋੜ ਸੀ ਜਿਥੇ ਇਸ ਸੰਘਰਸ਼ ਦੇ ਸੰਚਾਲਕਾਂ ਨੇ ਦੋ-ਟੁਕ ਫੈਸਲਾ ਕਰਨਾ ਸੀ। ਇਹੀ ਉਹ ਮੋੜ ਸੀ ਜਿਥੋਂ ਸੰਘਰਸ਼ ਦੀ ਅਗਲੀ ਰੂਪ-ਰੇਖਾ ਲਈ ਰਾਹ ਬਣਨਾ ਸੀ, ਪਰ ਐਨ ਇਸੇ ਵਕਤ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਅਤੇ ਇਸ ਨਾਲ ਜੁੜੇ ਲੋਕ ਧੁਸ ਦੇ ਕੇ ਆਏ, ਤੇ ਡੇਢ ਮਹੀਨੇ ਤੋਂ ਚੱਲ ਰਹੇ ਸੰਘਰਸ਼ ਨੂੰ ਖਿੱਚ ਕੇ ਆਪਣੇ ਪਾਲੇ ਵਿਚ ਲੈ ਗਏ। ਹੁਣ ਨਤੀਜਾ ਸਭ ਦੇ ਸਾਹਮਣੇ ਹੈ। ਬੰਦੀ ਸਿੱਖ ਇਕ ਇਕ ਕਰ ਕੇ ਫਿਰ ਜੇਲ੍ਹਾਂ ਵਿਚ ਬੰਦ ਹੋਣੇ ਸ਼ੁਰੂ ਹੋ ਗਏ ਹਨ। ਇਨ੍ਹਾਂ ਦੀ ਪੱਕੀ ਰਿਹਾਈ ਬਾਰੇ ਫੈਸਲਾ ਅਜੇ ਵੀ ਕਿਸੇ ਤਣ-ਪੱਤਣ ਨਹੀਂ ਲੱਗਿਆ। ਇਨ੍ਹਾਂ ਵੱਲੋਂ ਅਦਾਲਤ ਵਿਚ ਕੀਤੀ ਚਾਰਾਜੋਈ ਵੀ ਸਿਫਰ ਹੋ ਕੇ ਰਹਿ ਗਈ ਹੈ।

ਹੁਣ ਗੁਰਬਖਸ਼ ਸਿੰਘ ਦਾ ਇਕ ਵਾਰ ਫਿਰ ਬਿਆਨ ਆਇਆ ਹੈ ਕਿ ਜੇ ਸਰਕਾਰ ਨੇ ਸਜ਼ਾ ਕੱਟ ਚੁੱਕੇ ਇਨ੍ਹਾਂ ਸਿੱਖਾਂ ਨੂੰ ਰਿਹਾ ਨਾ ਕੀਤਾ ਤਾਂ ਉਹ ਆਪਣਾ ਸੰਘਰਸ਼ ਮੁੜ ਸ਼ੁਰੂ ਕਰ ਦੇਵੇਗਾ। ਉਸ ਨੇ ਅਕਾਲ ਤਖਤ ਦੇ ਜਥੇਦਾਰ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਆਗੂਆਂ ਵੱਲੋਂ ਦਿੱਤਾ ਭਰੋਸਾ ਵੀ ਯਾਦ ਕਰਵਾਇਆ ਹੈ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਾਂ ਇਸ ਮੁੱਦੇ ਬਾਰੇ ਸਪਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਨੇ ਗੁਰਬਖਸ਼ ਸਿੰਘ ਨੂੰ ਬੰਦੀ ਸਿੱਖਾਂ ਦੀ ਪੈਰੋਲ 'ਤੇ ਰਿਹਾਈ ਦਾ ਭਰੋਸਾ ਦਿੱਤਾ ਸੀ ਅਤੇ ਨਾਲ ਹੀ ਕਿਹਾ ਸੀ ਕਿ ਬੰਦੀਆਂ ਦੀ ਪੱਕੀ ਰਿਹਾਈ ਵੱਖ-ਵੱਖ ਕੇਸਾਂ ਨਾਲ ਸਬੰਧਤ ਕਾਨੂੰਨੀ ਅੜਿੱਕੇ ਦੂਰ ਕਰਨ ਤੋਂ ਬਾਅਦ ਹੀ ਸੰਭਵ ਹੋਵੇਗੀ, ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਣਦੀ ਕਾਰਵਾਈ ਕੀਤੀ ਜਾ ਰਹੀ ਹੈ। ਇਕ ਲਿਹਾਜ ਨਾਲ ਉਨ੍ਹਾਂ ਨੇ ਆਪਣੇ ਵੱਲੋਂ ਭਰੋਸੇ ਦੀ ਗੱਲ ਨਿਬੇੜ ਦਿੱਤੀ ਹੈ। ਦਰਅਸਲ ਇਸ ਮਾਮਲੇ ਵਿਚ ਸਮਝਣ ਵਾਲਾ ਪੱਖ ਇਹ ਹੈ ਕਿ ਇਹ ਕੋਈ ਸਾਧਾਰਨ ਮਾਮਲਾ ਨਹੀਂ। ਇਸ ਨਾਲ ਸਟੇਟ ਅਤੇ ਸਟੇਟ ਨੂੰ ਚਲਾ ਰਹੇ ਕਾਰਿੰਦੇ ਜੁੜੇ ਹੋਏ ਹਨ। ਇਸੇ ਕਰ ਕੇ ਗੁਰਬਖਸ਼ ਸਿੰਘ ਦੇ ਸੰਘਰਸ਼ ਨੂੰ ਵਾਚ ਰਹੀਆਂ ਸੰਜੀਦਾ ਧਿਰਾਂ, ਇਸ ਸੰਘਰਸ਼ ਨੂੰ ਮੋਕਲਾ ਕਰਨ ਲਈ ਅਹੁਲ ਰਹੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਸੰਘਰਸ਼ ਦਾ ਘੇਰਾ ਜਿੰਨਾ ਵੱਧ ਵਿਸ਼ਾਲ ਅਤੇ ਮੋਕਲਾ ਹੋਵੇਗਾ, ਸਟੇਟ ਦੀ ਮਾਰ ਉਤਨੀ ਹੀ ਘੱਟ ਹੋਵੇਗੀ। ਜ਼ਰਾ ਕੁ ਗਹਿਰਾਈ ਨਾਲ ਸੋਚਿਆ ਜਾਵੇ ਤਾਂ ਇਹ ਤੱਥ ਸਾਫ ਹੋ ਜਾਂਦਾ ਹੈ ਕਿ ਸਟੇਟ ਤਾਂ ਦਿਨ-ਰਾਤ ਆਪਣਾ ਕੰਮ ਕਰ ਰਹੀ ਹੈ ਅਤੇ ਸੰਘਰਸ਼ਸ਼ੀਲ ਧਿਰਾਂ ਦਾ ਫਰਜ਼ ਸਟੇਟ ਦੀ ਹਰ ਚਾਲ ਪਛਾੜ ਕੇ ਪਹਿਲ ਹਾਸਲ ਕਰਨਾ ਹੁੰਦਾ ਹੈ। ਇਸ ਕਾਰਜ ਲਈ ਸਰਗਰਮੀ ਦੇ ਨਾਲ-ਨਾਲ, ਲੀਡਰਸ਼ਿਪ ਦੇ ਪੈਂਤੜੇ ਬਹੁਤ ਮਾਇਨੇ ਰੱਖਦੇ ਹਨ। ਗੁਰਬਖਸ਼ ਸਿੰਘ ਦੇ ਹਠ ਨੇ ਲੀਡਰਸ਼ਿਪ ਨੂੰ ਇਸ ਰਾਹ ਉਤੇ ਪੈਣ ਦਾ ਰਾਹ ਵੀ ਦਿਖਾਇਆ ਸੀ, ਪਰ ਗੱਲ ਬਣੀ ਨਹੀਂ। ਇਸੇ ਕਰ ਕੇ ਡੇਢ ਮਹੀਨੇ ਦਾ ਸੰਘਰਸ਼ ਇਕ ਵਾਰ ਫਿਰ ਉਸੇ ਥਾਂ ਤੋਂ ਸ਼ੁਰੂ ਕਰਨ ਦੀ ਨੌਬਤ ਆ ਗਈ ਹੈ। ਵਧੀਕੀਆਂ ਖਿਲਾਫ ਲੜਨਾ ਮਨੁੱਖ ਦੀ ਫਿਤਰਤ ਹੈ, ਇਹ ਕਾਰਜ ਰਹਿੰਦੀ ਦੁਨੀਆਂ ਤੱਕ ਚੱਲਦਾ ਰਹਿਣਾ ਹੈ ਪਰ ਇਹ ਮੋਰਚਾ ਉਦੋਂ ਹੀ ਫਤਿਹ ਹੁੰਦਾ ਹੈ ਜਦੋਂ ਚੱਲ ਰਹੇ ਸੰਘਰਸ਼ ਦੀ ਲੀਡਰਸ਼ਿਪ, ਸਟੇਟ ਨਾਲੋਂ ਕਿਤੇ ਵੱਧ ਉਚੀ ਉਡਾਣ ਭਰਦੀ ਹੈ। ਜਿੰਨੀ ਦੇਰ ਇਹ ਉਡਾਣ ਸਟੇਟ ਦੀਆਂ ਚਾਲਾਂ ਤੋਂ ਪਾਰ ਨਹੀਂ ਜਾਂਦੀ, ਸੰਘਰਸ਼ਾਂ ਦੇ ਰਾਹ ਇਸੇ ਤਰ੍ਹਾਂ ਹੋਰ ਦਿਸ਼ਾ ਵੱਲ ਮੋੜੇ ਜਾਂਦੇ ਰਹਿਣਗੇ। ਇਹ ਸਮੇਂ ਦਾ ਸੱਚ ਹੈ, ਇਸ ਨੂੰ ਜਿੰਨੀ ਛੇਤੀ ਕੋਈ ਧਿਰ ਸਮਝ ਲਵੇਗੀ, ਉਤਨੀ ਹੀ ਛੇਤੀ ਵਧੀਕੀਆਂ ਦੀਆਂ ਜ਼ੰਜੀਰਾਂ ਵੱਢੀਆਂ ਜਾ ਸਕਣਗੀਆਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਅੱਖ 'ਚ ਵਾਲ-ਕੇਜਰੀਵਾਲ!*

ਪਰਦੇ ਫੋਲਦਾ ਸਿਆਸਤੀ ਲੋਟੂਆਂ ਦੇ, ਬਣੀ ਜਾਣ ਜੋ ਚੋਰਾਂ ਦੀ ਢਾਲ ਮੀਆਂ।
ਅਫਸਰਸ਼ਾਹੀ ਦੇ ਨੱਕ ਨਕੇਲ ਪਾਈ, ਕਰਦੇ ਰਹਿਣ ਜੋ ਫਰਜ਼ਾਂ ਤੋਂ ਟਾਲ ਮੀਆਂ।
ਸਿਸਟਮ ਬਦਲ ਕੇ ਚੋਰੀਆਂ-ਮੋਰੀਆਂ ਦਾ, ਉਸ ਨੇ ਠੋਕ'ਤੀ ਚੂਲ ਵਿਚ ਫਾਲ ਮੀਆਂ।
ਚੰਗਾ ਲੱਗੇ ਨਾ ਭਗਵਿਆਂ-ਚਿੱਟਿਆਂ ਨੂੰ, ਆਮ ਆਦਮੀ 'ਆਪ' ਦੇ ਨਾਲ ਮੀਆਂ।
ਮਚੇ ਕੁਫਰ ਵਿਚ ਬੋਲਦਾ ਸੱਚ ਤਾਹੀਉਂ, ਗਲਦੀ ਨਹੀਂ ਵਿਚਾਰੇ ਦੀ ਦਾਲ ਮੀਆਂ।
ਵਾਲ ਵਾਂਗ ਲੀਡਰਾਂ ਦੀਆਂ ਅੱਖਾਂ ਵਿਚ, ਰੜਕਦਾ ਅਰਵਿੰਦ ਕੇਜਰੀਵਾਲ ਮੀਆਂ।

# ਗਣਤੰਤਰ ਦਿਹਾੜਾ ਅਤੇ ਨੀਰੋ ਦੀ ਬੰਸਰੀ

**ਬੂਟਾ ਸਿੰਘ**

ਹਿੰਦੁਸਤਾਨ ਦੇ 65ਵੇਂ ਗਣਤੰਤਰ ਦਿਹਾੜੇ ਦੇ ਧੂਮ-ਧੜੱਕੇ ਤੋਂ ਐਨ ਪਹਿਲਾਂ ਦੋ ਘਟਨਾਵਾਂ ਅਜਿਹੀਆਂ ਵਾਪਰੀਆਂ ਜਿਨ੍ਹਾਂ ਨੇ ਇਕ ਵਾਰ ਫਿਰ ਇਹ ਸਾਬਤ ਕਰ ਦਿੱਤਾ ਕਿ ਗਣਤੰਤਰ ਦੇ ਜਸ਼ਨ ਅਤੇ ਹੋਕਰੇ ਕਿੰਨੇ ਵੱਡੇ ਝੂਠ ਅਤੇ ਧੋਖੇਬਾਜ਼ੀ ਦੀ ਤਰਜਮਾਨੀ ਕਰਦੇ ਹਨ। ਪਹਿਲੀ, ਪੱਛਮੀ ਬੰਗਾਲ ਵਿਚ ਮੱਧਯੁਗੀ ਖਾਪ-ਤੰਤਰ ਦੇ ਫ਼ੈਸਲੇ ਅਨੁਸਾਰ ਆਦਿਵਾਸੀ ਕੁੜੀ ਨਾਲ 13 ਬੰਦਿਆਂ ਵਲੋਂ ਸਮੂਹਕ ਜਬਰ ਜਨਾਹ। ਦੂਜੀ, ਹਿੰਦੁਸਤਾਨ ਦੇ ਕਬਜ਼ੇ ਹੇਠਲੇ ਕਸ਼ਮੀਰ ਦੇ ਬਾਸ਼ਿੰਦਿਆਂ ਨੂੰ ਫਰਜ਼ੀ ਮੁਕਾਬਲੇ ਵਿਚ ਕਤਲ ਕਰਨ ਵਾਲੇ ਫ਼ੌਜੀ ਅਧਿਕਾਰੀਆਂ ਨੂੰ ਫ਼ੌਜੀ ਅਦਾਲਤ ਵਲੋਂ ਬੇਗੁਨਾਹੀ ਦਾ ਪ੍ਰਮਾਣ-ਪੱਤਰ।

ਇਨ੍ਹਾਂ ਦੋਵਾਂ ਮਾਮਲਿਆਂ ਦੀ ਸਾਂਝੀ ਤੰਦ ਹੈ ਅਵਾਮ ਦੀ ਵੇਦਨਾ, ਜਿਸ ਨੂੰ ਦੁਨੀਆਂ ਦੀ 'ਸਭ ਤੋਂ ਵੱਡੀ ਜਮਹੂਰੀਅਤ' ਸਮਰਪਿਤ ਦੱਸੀ ਜਾਂਦੀ ਹੈ। ਜਿਸ ਅਵਾਮ ਬਾਬਤ ਰਾਸ਼ਟਰਪਤੀ ਦੀ ਤਕਰੀਰ ਦੇ ਮੁੱਢਲੇ ਫਿਕਰੇ ਇਹ ਫਰਮਾਉਂਦੇ ਹਨ: 'ਅਸੀਂ ਹਿੰਦੁਸਤਾਨ ਦੇ ਲੋਕਾਂ ਨੇ ਆਪਣੇ ਸਾਰੇ ਨਾਗਰਿਕਾਂ ਲਈ ਨਿਆਂ, ਮੁਕਤੀ ਅਤੇ ਬਰਾਬਰੀ ਮਹਿਫੂਜ਼ ਬਣਾਉਣ ਲਈ ਖ਼ੁਦ ਨੂੰ ਕੁਲ ਅਖ਼ਤਿਆਰ ਜਮਹੂਰੀ ਗਣਤੰਤਰ ਦੀ ਬਖ਼ਸ਼ਿਸ਼ ਕੀਤੀ।' ਆਓ ਦੇਖੀਏ ਕਿ ਉਪਰੋਕਤ ਬਖ਼ਸ਼ਿਸ਼ ਜ਼ਰੀਏ ਅਵਾਮ ਲਈ 'ਨਿਆਂ, ਮੁਕਤੀ ਅਤੇ ਬਰਾਬਰੀ' ਕਿੰਨਾ ਕੁ ਮਹਿਫੂਜ਼ ਹੋਏ!

ਪੱਛਮੀ ਬੰਗਾਲ ਦੇ ਸਿੰਘਭੂਮ ਜ਼ਿਲ੍ਹੇ (ਜੋ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਦਾ ਜੱਦੀ ਜ਼ਿਲ੍ਹਾ ਹੈ) ਦੇ ਪਿੰਡ ਸੁਬਾਲਪੁਰ ਵਿਚ ਇਕ ਨੌਜਵਾਨ ਕੁੜੀ ਨੂੰ ਮੁਹੱਬਤ ਦਾ ਮੁੱਲ ਮਧਯੁਗੀ ਖ਼ਾਪ-ਤੰਤਰ ਵਲੋਂ ਥਾਪੇ 13 ਬੰਦਿਆਂ ਹੱਥੋਂ ਸਮੂਹਕ ਜਬਰ ਜਨਾਹ ਦਾ ਸੰਤਾਪ ਝੱਲਣ ਦੀ ਸ਼ਕਲ 'ਚ ਚੁਕਾਉਣਾ ਪਿਆ ਜਿਸ ਨੇ ਆਪਣੇ ਭਾਈਚਾਰੇ ਤੋਂ ਬਾਹਰਲੇ, ਆਪਣੀ ਪਸੰਦ ਦੇ ਮੁੰਡੇ ਨਾਲ ਰਿਸ਼ਤਾ ਜੋੜ ਲਿਆ ਸੀ। ਦੋਵਾਂ ਨੂੰ ਮਰਯਾਦਾ ਤੋੜਨ ਦੇ ਇਲਜ਼ਾਮ ਤਹਿਤ 'ਪੰਚਾਇਤ' ਵਿਚ ਲਿਆ ਕੇ ਰੁੱਖ ਨਾਲ ਨੂੜਿਆ ਗਿਆ ਅਤੇ ਦੋਵਾਂ ਦੇ ਪਰਿਵਾਰਾਂ ਨੂੰ ਪੰਝੀ-ਪੰਝੀ ਹਜ਼ਾਰ ਰੁਪਏ ਡੰਨ ਲਾਇਆ ਗਿਆ। ਕੁੜੀ ਦੇ ਮਾਪਿਆਂ ਵਲੋਂ ਐਨਾ ਡੰਨ ਭਰਨ ਤੋਂ ਅਸਮਰੱਥਾ ਜ਼ਾਹਿਰ ਕਰਨ 'ਤੇ ਕੁੜੀ ਨਾਲ ਤੇਰਾਂ ਬੰਦਿਆਂ ਵਲੋਂ ਜਬਰ ਜਨਾਹ ਦੀ ਬਦਲਵੀਂ ਸਜ਼ਾ ਸੁਣਾਈ ਗਈ ਜਿਸ ਨੂੰ ਅੰਜ਼ਾਮ ਪਿੰਡ ਦੀ ਸੱਥ ਵਿਚ ਬਣੇ ਚਬੂਤਰੇ ਉਪਰ ਅਤੇ ਹੁਕਮਰਾਨ ਤ੍ਰਿਣਾਮੂਲ ਕਾਂਗਰਸ ਦੇ ਪੰਚਾਇਤ ਮੈਂਬਰ ਦੀ ਮੌਜੂਦਗੀ ਵਿਚ ਸਾਰੇ ਪਿੰਡ ਸਾਹਮਣੇ ਦਿੱਤਾ ਗਿਆ। ਇਥੇ ਖ਼ਾਪ-ਤੰਤਰ ਦੀ ਜਕੜ ਦਾ ਅੰਦਾਜ਼ਾ ਲਗਾਉਣ ਲਈ ਇੰਨਾ ਚੇਤੇ ਰੱਖਣਾ ਹੀ ਕਾਫ਼ੀ ਹੈ ਕਿ ਕੁੜੀ ਦੇ ਮਾਪਿਆਂ ਸਮੇਤ ਪਿੰਡ ਦੇ ਕਿਸੇ ਬੰਦੇ ਦੀ ਅਜਿਹੀ ਅਣਮਨੁੱਖੀ ਸਜ਼ਾ ਦਾ ਵਿਰੋਧ ਕਰਨ ਦੀ ਹਿੰਮਤ ਨਹੀਂ ਪਈ।

ਗ਼ੌਰਤਲਬ ਹੈ ਕਿ ਇਹ ਪਿੰਡ ਸਭਿਆਚਾਰਕ ਅਤੇ ਅਕਾਦਮਿਕ ਕੇਂਦਰ ਵਜੋਂ ਮਸ਼ਹੂਰ ਉਸ ਸ਼ਾਂਤੀ ਨਿਕੇਤਨ ਤੋਂ ਮਹਿਜ਼ 60 ਕਿਲੋਮੀਟਰ ਦੂਰ ਹੈ ਜਿਸ ਦੀ ਸਥਾਪਨਾ ਇਕ ਸਦੀ ਪਹਿਲਾਂ ਸਭਿਆਚਾਰਕ ਜਾਗ੍ਰਿਤੀ ਲਿਆਉਣ ਦੇ ਮਕਸਦ ਨਾਲ ਰਬਿੰਦਰਨਾਥ ਟੈਗੋਰ ਨੇ ਕੀਤੀ ਸੀ। ਜੋ ਸਾਢੇ ਛੇ ਦਹਾਕਿਆਂ ਤੋਂ ਵਿਸ਼ਵ ਭਾਰਤੀ ਯੂਨੀਵਰਸਿਟੀ ਦਾ ਦਰਜਾ ਹਾਸਲ ਕਰ ਕੇ 'ਗਿਆਨ ਦਾ ਚਾਨਣ' ਵੰਡ ਰਹੀ ਹੈ। ਜਿਸ ਸੂਬੇ ਵਿਚ ਸਾਢੇ ਤਿੰਨ ਦਹਾਕੇ ਸੀ.ਪੀ.ਐੱਮ. ਦੀ ਅਗਵਾਈ ਹੇਠ ਖੱਬੇ ਮੁਹਾਜ਼ ਦਾ 'ਅਗਾਂਹਵਧੂ' ਰਾਜ ਰਿਹਾ। ਜਿਥੇ ਹੁਣ ਤ੍ਰਿਣਾਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਮੁੱਖ ਮੰਤਰੀ ਹੈ। ਜਿਸ ਨੂੰ ਸੀ.ਪੀ.ਐੱਮ. ਦੇ ਇਕ ਆਗੂ ਨੇ ਪਿੱਛੇ ਜਿਹੇ ਸ਼ਰੇਆਮ ਬੇਹਯਾਈ ਨਾਲ ਪੁੱਛਿਆ ਸੀ ਕਿ ਮਮਤਾ ਆਪਣੇ ਨਾਲ ਜਬਰ ਜਨਾਹ ਕਰਾਉਣ ਦਾ ਕਿੰਨਾ ਮੁੱਲ ਵਸੂਲਣਾ ਚਾਹੇਗੀ। ਤੇ ਔਰਤ ਮੁੱਖ ਮੰਤਰੀ ਦੇ ਰਾਜ ਵਿਚ ਔਰਤਾਂ ਨਾਲ ਦਰਿੰਦਰਗੀ ਦੀ ਇਹ ਵਿਰਲੀ ਟਾਂਵੀਂ ਘਟਨਾ ਨਹੀਂ ਵੀ ਨਹੀਂ। ਦੋ ਸਾਲਾਂ ਤੋਂ ਵੀ ਘੱਟ ਅਰਸੇ ਵਿਚ ਇਥੇ ਸਮੂਹਕ ਜਬਰ ਜਨਾਹਾਂ ਦੇ 7 ਭਿਆਨਕ ਕਾਂਡ ਵਾਪਰ ਚੁੱਕੇ ਹਨ। ਇਹ ਸੂਬਾ ਹੁਣ ਔਰਤਾਂ ਖ਼ਿਲਾਫ਼ ਜੁਰਮਾਂ ਪੱਖੋਂ ਸਭ ਤੋਂ ਮੋਹਰੀ ਹੈ ਜਿਥੇ 2012 ਵਿਚ ਔਰਤਾਂ ਵਿਰੁੱਧ ਜੋ ਜੁਰਮ ਦਰਜ ਹੋਏ, ਉਹ ਪੂਰੇ ਮੁਲਕ ਦੇ ਅਜਿਹੇ ਜੁਰਮਾਂ ਦਾ 12.7 ਫ਼ੀ ਸਦੀ ਬਣਦੇ ਹਨ।

ਇਹ ਪਹਿਲੂ ਵੀ ਘੱਟ ਗ਼ੌਰਤਲਬ ਨਹੀਂ ਹੈ ਕਿ ਇਕ ਸਮਾਜ ਜਦੋਂ ਪੰਝੀ ਹਜ਼ਾਰ ਰੁਪਏ ਡੰਨ ਭਰਨੋਂ ਅਸਮਰੱਥ ਪਰਿਵਾਰ ਨੂੰ ਇਸ ਦੀ ਬਜਾਏ ਆਪਣੀ ਧੀ ਨਾਲ ਤੇਰਾਂ ਜਣਿਆਂ ਹੱਥੋਂ ਜਬਰ ਜਨਾਹ ਕਰਾਉਣ ਦੀ ਚੋਣ ਕਰਨ ਲਈ ਕਹਿੰਦਾ ਹੈ ਤਾਂ ਉਸ ਦੀ ਜ਼ਿਹਨੀਅਤ ਤਹਿਜ਼ੀਬ ਦੇ ਕਿਸ ਪੌਡੇ 'ਤੇ ਖੜ੍ਹੀ ਹੈ ਜਿਸ ਅਨੁਸਾਰ ਔਰਤ ਦਾ ਸਵੈਮਾਣ ਅਤੇ ਪੰਝੀ ਹਜ਼ਾਰ ਰੁਪਏ ਕਰੰਸੀ ਦਾ ਮੁੱਲ ਇਕੋ ਜਿੰਨਾ ਹੈ। ਬੇਸ਼ਕ ਇਸ ਦਾ ਦੂਸਰਾ ਪਹਿਲੂ ਵੀ ਹੈ। ਜੇ 'ਸਭ ਤੋਂ ਵੱਡੀ ਜਮਹੂਰੀਅਤ' ਦਾ ਇਕ ਪਰਿਵਾਰ, ਇਕ ਚੌਥਾ ਦਰਜਾ ਸਰਕਾਰੀ ਮੁਲਾਜ਼ਮ ਦੀ ਇਕ ਮਹੀਨੇ ਦੀ ਤਨਖ਼ਾਹ ਜਿੰਨਾ ਡੰਨ ਭਰਨ ਦੀ ਥਾਂ ਆਪਣੀ ਧੀ ਨੂੰ ਤੇਰਾਂ ਬੰਦਿਆਂ ਹੱਥੋਂ ਜ਼ਿਬਾਹ ਕਰਾਉਣ ਨੂੰ ਤਰਜੀਹ ਦਿੰਦਾ ਹੈ ਤਾਂ ਇਹ ਉਸ ਸਮਾਜੀ 'ਤਰੱਕੀ' ਦਾ ਪੈਮਾਨਾ ਵੀ ਹੈ। ਮਤਲਬ ਆਰਥਿਕ ਵਾਧਾ ਦਰ ਦੇ ਬੇਮਿਸਾਲ ਛੜੱਪੇ ਮਾਰ ਰਹੇ ਇਸ ਮੁਲਕ ਵਿਚ ਉਹ ਹਾਸ਼ੀਗ੍ਰਸਤ ਅਵਾਮ ਰਹਿ ਰਿਹਾ ਹੈ ਜਿਸ ਨੂੰ ਇੰਨੀ ਉਮੀਦ ਵੀ ਨਹੀਂ ਕਿ ਇਸ ਵਕਤ ਜੇ ਉਹ ਇੰਨੀ ਕੁ ਰਕਮ ਕਿਸੇ ਸਰਕਾਰੀ ਜਾਂ ਗ਼ੈਰਸਰਕਾਰੀ ਸ਼ਾਹੂਕਾਰ ਤੋਂ ਡੰਨ ਭਰਨ ਲਈ ਉਧਾਰ ਲੈ ਲਵੇ ਤਾਂ ਆਪਣੀ ਪੂਰੀ ਜ਼ਿੰਦਗੀ ਦੌਰਾਨ ਇਸ ਨੂੰ ਵਾਪਸ ਮੋੜ ਦੇਵੇਗਾ। ਉਹ ਇਸ ਦੀ ਬਜਾਏ ਆਪਣੀ ਧੀ ਨਾਲ ਸਮੂਹਕ ਜਬਰ ਜਨਾਹ ਦੀ ਸਜ਼ਾ ਕਬੂਲਣ ਲਈ ਬੇਵੱਸ ਹੈ।

ਤੀਸਰਾ ਪਹਿਲੂ ਨਿਆਂ ਦੀ ਦਾਅਵੇਦਾਰੀ ਦਾ ਹੈ। ਹਿੰਦੁਸਤਾਨੀ ਰਾਜ ਕਸ਼ਮੀਰੀ ਅਵਾਮ ਦਾ ਸਵੈ-ਨਿਰਣੇ ਦਾ ਹੱਕ ਤਸਲੀਮ ਕਰਨ ਅਤੇ ਇਸ ਹੱਕ ਤਹਿਤ ਉਥੇ ਰਾਇਸ਼ੁਮਾਰੀ ਕਰਾਉਣ ਦਾ ਵਾਅਦਾ ਵਫ਼ਾ ਕਰਨ ਤੋਂ ਇਕ ਵਾਢਿਓਂ ਇਨਕਾਰੀ ਹਨ ਪਰ ਸਿਤਮਜ਼ਰੀਫ਼ੀ ਦੇਖੋ... ਉਹ ਤਾਂ ਆਪਣੀ ਬੇਮੁਹਾਰੀ ਫ਼ੌਜ ਦੇ ਜੁਰਮਾਂ ਦੇ ਸਭ ਤੋਂ ਉਘੜਵੇਂ ਮਾਮਲਿਆਂ ਵਿਚ ਮਾਮੂਲੀ ਇਨਸਾਫ਼ ਦੇਣ ਲਈ ਵੀ ਤਿਆਰ ਨਹੀਂ ਹਨ। ਪਥਰੀਬਲ ਫਰਜ਼ੀ ਮੁਕਾਬਲੇ ਵਿਚ ਹਿੰਦੁਸਤਾਨੀ ਫ਼ੌਜ ਦਾ ਤਾਜ਼ਾ ਫ਼ਰਮਾਨ ਇਹੀ ਸੁਨੇਹਾ ਦੇ ਰਿਹਾ ਹੈ।

ਹਾਲ ਹੀ ਵਿਚ ਫ਼ੌਜ ਨੇ ਤੇਰਾਂ ਵਰ੍ਹੇ ਪੁਰਾਣੇ ਕਾਂਡ ਦੀ ਮਿਸਲ ਇਹ ਕਹਿ ਕੇ ਬੰਦ ਕਰ ਦਿੱਤੀ ਕਿ ਵੱਖੋ-ਵੱਖਰੇ ਤਰ੍ਹਾਂ ਦੇ 50 ਗਵਾਹਾਂ ਦੀ ਗਵਾਹੀ ਅਨਸਾਰ ਕਿਸੇ ਵੀ ਦੋਸ਼ੀ ਅਧਿਕਾਰੀ ਵਿਰੁੱਧ ਮੁਕੱਦਮਾ ਨਹੀਂ ਬਣਦਾ। ਉਲਟਾ ਸਾਬਤ ਇਹ ਹੁੰਦਾ ਹੈ ਕਿ ਇਹ ਖ਼ਾਸ ਖੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਪੁਲਿਸ ਅਤੇ ਫ਼ੌਜ ਵਲੋਂ ਕੀਤੀ ਗਈ ਸਾਂਝੀ ਕਾਰਵਾਈ ਸੀ। ਇਹ ਕਹਿ ਕੇ ਫ਼ੌਜ ਦੀ ਅਥਾਰਟੀ ਵਲੋਂ ਮਾਮਲਾ ਠੱਪ ਕਰ ਦਿੱਤਾ ਗਿਆ। ਕਸ਼ਮੀਰੀਆਂ ਦੀ ਨਸਲਕੁਸ਼ੀ ਦੇ ਘਿਨਾਉਣੇ ਦਸਤੂਰ ਦੇ ਮੱਦੇਨਜ਼ਰ ਇਹ ਹਿੰਦੁਸਤਾਨੀ ਸਟੇਟ ਦੇ ਬੇਰਹਿਮ ਰਵੱਈਏ ਦੀ ਇਕ ਹੋਰ ਤਸਦੀਕ ਹੈ। ਪਥਰੀਬਲ ਮੁਕਾਬਲਾ ਉਸ ਵਕਤ ਉਪਰੋਥਲੀ ਵਾਪਰੇ ਕਤਲੋਗ਼ਾਰਤ ਦੇ ਤਿੰਨ ਕਾਂਡਾਂ ਵਿਚੋਂ ਇਕ ਹੈ ਜੋ ਮੁਸਲਮਾਨਾਂ ਸਮੇਤ ਹਰ ਧਾਰਮਿਕ ਘੱਟਗਿਣਤੀ ਅਤੇ ਸਵੈਨਿਰਣੇ ਦਾ ਹੱਕ ਮੰਗਦੀਆਂ ਕੌਮੀਅਤਾਂ ਦੇ ਖ਼ੂਨ ਦੇ ਤਿਹਾਏ ਭਗਵੇਂ ਬ੍ਰਿਗੇਡ ਦੀ ਹਕੂਮਤ ਦੌਰਾਨ ਵਾਪਰੇ। ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਦੀ ਹਿੰਦੁਸਤਾਨ ਫੇਰੀ ਤੋਂ ਐਨ ਪਹਿਲਾਂ 20 ਮਾਰਚ 2000 ਨੂੰ ਚਿੱਟੀਸਿੰਘਪੁਰਾ ਵਿਚ 36 ਸਿੱਖਾਂ ਦਾ ਸ਼ੱਕੀ ਹਾਲਾਤ ਵਿਚ ਕਤਲੇਆਮ ਹੋਇਆ ਜਿਸ ਲਈ ਲਸ਼ਕਰੇ-ਤਾਇਬਾ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। 25 ਮਾਰਚ ਨੂੰ ਹਿੰਦੁਸਤਾਨੀ ਫ਼ੌਜ ਵਲੋਂ ਆਨੰਤਨਾਗ ਜ਼ਿਲ੍ਹੇ ਦੇ ਇਸਲਾਮਾਬਾਦ ਕਸਬੇ ਨੇੜੇ ਪੰਜ ਬੰਦਿਆਂ ਨੂੰ ਮਾਰ ਕੇ ਦਾਅਵਾ ਕੀਤਾ ਗਿਆ ਕਿ ਇਹ 'ਵਿਦੇਸ਼ੀ ਦਹਿਸ਼ਤਗਰਦ' ਚਿੱਟੀਸਿੰਘਪੁਰਾ ਕਤਲੋਗ਼ਾਰਤ ਲਈ ਜ਼ਿੰਮੇਵਾਰ ਸਨ।


ਕਸ਼ਮੀਰ ਵਿਚ ਰੋਹ ਦਾ ਤੂਫ਼ਾਨ ਉੱਠ ਖੜ੍ਹਾ ਹੋਇਆ ਕਿ ਫ਼ੌਜ ਨੇ ਬੇਗੁਨਾਹ ਪੇਂਡੂਆਂ ਨੂੰ ਅਗਵਾ ਕਰ ਕੇ ਫਰਜ਼ੀ ਮੁਕਾਬਲਾ ਬਣਾਇਆ ਹੈ। ਅਵਾਮੀ ਰੋਹ ਅੱਗੇ ਲਿਫਦਿਆਂ ਮੁਕਾਮੀ ਪ੍ਰਸ਼ਾਸਨ ਨੂੰ ਉਨ੍ਹਾਂ ਦੀਆਂ ਲਾਸ਼ਾਂ ਕਬਰਾਂ ਵਿਚੋਂ ਕੱਢ ਕੇ ਮੌਤ ਦੀ ਜਾਂਚ ਦੀ ਮੰਗ ਮਨਜ਼ੂਰ ਕਰਨੀ ਪਈ। ਇਸ ਸਬੰਧ 'ਚ ਕੋਈ ਪਹਿਲਕਦਮੀ ਨਾ ਲਏ ਜਾਣ ਦੇ ਮੱਦੇਨਜ਼ਰ 3 ਅਪਰੈਲ ਨੂੰ ਜਦੋਂ 5000 ਦੇ ਕਰੀਬ ਕਸ਼ਮੀਰੀ ਡਿਪਟੀ ਕਮਿਸ਼ਨਰ ਨੂੰ ਮੰਗ ਪੱਤਰ ਦੇਣ ਲਈ ਇਸਲਾਮਾਬਾਦ ਵੱਲ ਵਹੀਰਾਂ ਘੱਤ ਤੁਰੇ ਤਾਂ ਤਿੰਨ ਕਿਲੋਮੀਟਰ ਪਿੱਛੇ ਹੀ ਬਰਾਕਪੁਰਾ ਪਿੰਡ ਕੋਲ ਸੀ.ਆਰ.ਪੀ.ਐੱਫ. ਅਤੇ ਸਪੈਸ਼ਲ ਓਪਰੇਸ਼ਨ ਗਰੁੱਪ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ 9 ਕਸ਼ਮੀਰੀਆਂ ਨੂੰ ਮਾਰ ਸੁੱਟਿਆ ਅਤੇ 15 ਬੰਦੇ ਫੱਟੜ ਕਰ ਦਿੱਤੇ। ਓੜਕ ਪੰਜ ਅਪਰੈਲ ਨੂੰ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੇ ਹੁਕਮਾਂ 'ਤੇ ਲਾਸ਼ਾਂ ਕਬਰਾਂ ਵਿਚੋਂ ਕੱਢ ਕੇ ਮ੍ਰਿਤਕਾਂ ਅਤੇ ਉਨ੍ਹਾਂ ਦੇ ਟੱਬਰਾਂ ਦੇ ਪੰਦਰਾਂ ਜੀਆਂ ਦੇ ਡੀ.ਐੱਨ.ਏ. ਦੇ ਨਮੂਨੇ ਫਾਰੈਂਸਿਕ ਜਾਂਚ ਲਈ ਕਲਕੱਤਾ ਅਤੇ ਹੈਦਰਾਬਾਦ ਭੇਜੇ ਗਏ। ਅੱਗਿਓਂ ਲੈਬ ਅਧਿਕਾਰੀਆਂ ਵਲੋਂ ਨਮੂਨਿਆਂ ਨਾਲ ਛੇੜ-ਛਾੜ ਕੀਤੇ ਜਾਣ ਦਾ ਇਤਰਾਜ਼ ਕਰਨ 'ਤੇ ਨਵੇਂ ਸਿਰਿਉਂ ਨਮੂਨੇ ਲਏ ਗਏ ਜਿਨ੍ਹਾਂ ਦੀ ਜਾਂਚ ਤੋਂ ਸਾਬਤ ਹੋ ਗਿਆ ਕਿ ਸੱਚੀ ਹੀ ਫ਼ੌਜ ਨੇ ਬੇਗੁਨਾਹ ਪੇਂਡੂ ਮਾਰ ਕੇ ਫ਼ਰਜ਼ੀ ਮੁਕਾਬਲਾ ਬਣਾਇਆ ਸੀ। ਇਸ ਪਿੱਛੋਂ ਇਸ ਮਾਮਲੇ ਅਤੇ ਬਰਾਕਪੁਰਾ ਗੋਲੀ ਕਾਂਡ ਦੀ ਜੁਡੀਸ਼ਲ ਜਾਂਚ ਜਸਟਿਸ ਐੱਸ.ਆਰ. ਪਾਂਧਿਅਨ ਨੇ ਕੀਤੀ। ਅਤੇ ਦੋਵਾਂ ਕਾਂਡਾਂ ਦੀ ਨਜ਼ਾਕਤ ਨੂੰ ਦੇਖਦਿਆਂ ਆਖ਼ਿਰ ਇਸ ਦੀ ਜਾਂਚ ਸੀ.ਬੀ.ਆਈ. ਦੇ ਸਪੁਰਦ ਕੀਤੀ ਗਈ।

ਸੀ.ਬੀ.ਆਈ. ਨੇ 2006 ਵਿਚ ਆਪਣੀ ਫ਼ਰਦ-ਜੁਰਮ ਵਿਚ ਪੰਜ ਫ਼ੌਜੀ ਅਧਿਕਾਰੀਆਂ-ਬ੍ਰਿਗੇਡੀਅਰ ਅਜੇ ਸਕਸੈਨਾ, ਲੈਫਟੀਨੈਂਟ ਕਰਨਲ ਬਰਜਿੰਦਰ ਪ੍ਰਤਾਪ ਸਿੰਘ, ਮੇਜਰ ਸੌਰਭ ਸ਼ਰਮਾ, ਮੇਜਰ ਅਮਿਤ ਸਕਸੈਨਾ ਅਤੇ ਸੂਬੇਦਾਰ ਇੰਦਰੀਸ ਖ਼ਾਨ ਨੂੰ ਇਸ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਪਰ ਫ਼ੌਜ ਦੀ ਆਹਲਾ ਕਮਾਨ ਨੇ ਇਹ ਕਹਿ ਕੇ ਇਸ ਨੂੰ ਰੱਦ ਕਰ ਦਿੱਤਾ ਕਿ ਅਫਸਪਾ ਕਾਨੂੰਨ ਅਨੁਸਾਰ ਫ਼ੌਜ ਦੇ ਖ਼ਿਲਾਫ਼ ਕੋਈ ਕਾਰਵਾਈ ਕਰਨ ਲਈ ਹਿੰਦੁਸਤਾਨ ਸਰਕਾਰ ਦੀ ਅਗਾਊਂ ਮਨਜ਼ੂਰੀ ਲੈਣੀ ਲਾਜ਼ਮੀ ਹੈ। ਜੋ ਆਪਣੇ ਹਰ ਜੁਰਮ 'ਤੇ ਪਰਦਾਪੋਸ਼ੀ ਕਰਨ ਲਈ ਇਸ ਕਾਨੂੰਨ ਦਾ ਬੇਹਯਾਈ ਨਾਲ ਲਾਹਾ ਲੈਂਦੀ ਹੈ ਕਿਉਂਕਿ 'ਗੜਬੜਗ੍ਰਸਤ ਇਲਾਕਿਆਂ' ਵਿਚ ਇਸ ਕਾਨੂੰਨ ਤਹਿਤ ਫ਼ੌਜ ਨੂੰ ਕਾਨੂੰਨੀ ਕਾਰਵਾਈ ਤੋਂ ਪੂਰੀ ਛੋਟ ਹੈ।

ਫ਼ੌਜ ਨੇ ਇਸ ਬਹਾਨੇ ਅਦਾਲਤੀ ਹੁਕਮਾਂ ਨੂੰ ਟਿੱਚ ਜਾਣਿਆ। ਆਖ਼ਿਰ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ ਜਨਵਰੀ 2012 'ਚ ਸੁਪਰੀਮ ਕੋਰਟ ਨੇ ਦਖ਼ਲ ਦਿੰਦੇ ਹੋਏ ਫ਼ੌਜ ਨੂੰ ਨਿਆਂ ਦੇ ਰਾਹ ਵਿਚ ਅੜਿੱਕਾ ਡਾਹੁਣ ਲਈ ਫਿਟਕਾਰ ਪਾਈ ਪਰ ਇਸੇ ਸਾਲ ਜੂਨ ਵਿਚ ਸੁਪਰੀਮ ਕੋਰਟ ਨੇ ਫ਼ੌਜ ਨੂੰ ਅੱਠ ਹਫ਼ਤੇ ਦੀ ਮੋਹਲਤ ਦਿੰਦੇ ਹੋਏ ਖੁੱਲ੍ਹੀ ਛੁੱਟੀ ਦੇ ਦਿੱਤੀ ਕਿ ਫ਼ੌਜੀ ਕਮਾਨ ਖ਼ੁਦ ਹੀ ਤੈਅ ਕਰ ਲਵੇ ਕਿ ਉਹ ਪੰਜ ਫ਼ੌਜੀ ਅਧਿਕਾਰੀਆਂ ਦੇ ਖ਼ਿਲਾਫ਼ ਫ਼ੌਜੀ ਅਦਾਲਤ ਵਿਚ ਮੁਕੱਦਮਾ ਚਲਾਉਣਾ ਚਾਹੁਣਗੇ ਜਾਂ ਆਮ ਫ਼ੌਜਦਾਰੀ ਅਦਾਲਤ ਵਿਚ। ਇਸੇ ਅਦਾਲਤੀ ਖੁੱਲ੍ਹ ਦੇ ਅਧਾਰ 'ਤੇ ਫ਼ੌਜ ਨੇ ਕੋਰਟ ਮਾਰਸ਼ਲ ਦਾ ਨਾਟਕ ਰਚ ਕੇ ਆਖ਼ਿਰ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਅਤੇ ਲੰਮੀ ਕਾਨੂੰਨੀ ਲੜਾਈ ਲੜਦਿਆਂ ਇਨਸਾਫ਼ ਉਡੀਕਦੇ ਕਸ਼ਮੀਰੀ ਅਵਾਮ ਦੀਆਂ ਮਾਮੂਲੀ ਉਮੀਦਾਂ 'ਤੇ ਵੀ ਪਾਣੀ ਫਿਰ ਗਿਆ।

ਸਵਾਲ ਹੈ ਕਿ ਨਾ ਸਿਰਫ਼ ਆਪਣੇ ਜੱਦੀ ਸੂਬੇ ਸਗੋਂ ਜੱਦੀ ਜ਼ਿਲ੍ਹੇ ਵਿਚ ਔਰਤਾਂ ਨਾਲ ਐਨੀ ਦਰਿੰਦਗੀ ਹੋਣ 'ਤੇ ਅਤੇ ਸਵੈਨਿਰਣੇ ਲਈ ਲੜ ਰਹੇ ਕਸ਼ਮੀਰੀ ਅਵਾਮ ਪ੍ਰਤੀ ਐਨੀ ਘੋਰ ਬੇਇਨਸਾਫ਼ੀ ਤੋਂ ਬਾਅਦ ਵੀ ਜੇ ਮੁਲਕ ਦਾ ਰਾਸ਼ਟਰਪਤੀ 26 ਜਨਵਰੀ ਦੀ ਤਕਰੀਰ ਵਿਚ ਸੰਵਿਧਾਨ ਰਾਹੀਂ 'ਮਹਿਫੂਜ਼ ਕੀਤੀਆਂ ਨਿਆਂ, ਮੁਕਤੀ ਅਤੇ ਬਰਾਬਰੀ' ਦੀਆਂ ਬਖ਼ਸ਼ਿਸ਼ਾਂ ਅਤੇ 'ਆਰਥਿਕ ਵਾਧੇ' ਦੀਆਂ ਬਰਕਤਾਂ ਦੀਆਂ ਘੋੜੀਆਂ ਗਾਉਣ 'ਤੇ ਉਚੇਚਾ ਜ਼ੋਰ ਦਿੰਦਾ ਹੈ ਅਤੇ ਇਸ ਸਰਜ਼ਮੀਨ ਦੇ ਅਵਾਮ, ਖ਼ਾਸ ਕਰ ਕੇ ਔਰਤਾਂ ਉਪਰ ਹੋ ਰਹੇ ਮੱਧਯੁਗੀ ਜ਼ੁਲਮਾਂ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸਮਝਦਾ ਤਾਂ ਕੀ ਉਸ ਲਈ 'ਨੀਰੋ ਦੀ ਬੰਸਰੀ' ਢੁੱਕਵੀਂ ਤਸ਼ਬੀਹ ਨਹੀਂ ਹੈ? ਨਹੀਂ ਸ਼ਾਇਦ ਨੀਰੋ ਤਾਂ ਸ਼ਰਮਿੰਦਗੀ ਮਹਿਸੂਸ ਕਰਦਾ ਹੋਵੇ ਕਿ ਹਿੰਦੁਸਤਾਨੀ ਹੁਕਮਰਾਨਾਂ ਦੀ ਬੇਰਹਿਮੀ ਅੱਗੇ ਉਸ ਦੀ ਬੇਰਹਿਮੀ ਤਾਂ ਪਾ-ਪਾਸਕੂ ਵੀ ਨਹੀਂ ਹੈ।

# ਨੈਓਮੀ ਕਲੇਨ ਦੀ ਕਿਤਾਬ ਤੇ ਦਸਤਾਵੇਜ਼ੀ ਫਿਲਮ 'ਦਿ ਐਕਟ ਔਫ ਕਿਲਿੰਗ'





**ਜਤਿੰਦਰ ਮੌਹਰ**
ਫੋਨ: 91-97799-34747

***ਦਸਤਾਵੇਜ਼ੀ ਫਿਲਮ 'ਦਿ ਐਕਟ ਔਫ ਕਿਲਿੰਗ' (2012) ਮੁਕਾਮੀ ਬੁੱਚੜਾਂ ਦੀ ਮਾਨਸਿਕਤਾ ਅਤੇ ਕਾਰਿਆਂ ਰਾਹੀਂ ਸੰਨ 1965-66 ਵਿਚ ਵਾਪਰੀ ਤਰਾਸਦੀ ਦੀ ਭਿਆਨਕਤਾ ਉਘਾੜਦੀ ਹੈ। ਇਸ ਫ਼ਿਲਮ ਦੇ ਹਦਾਇਤਕਾਰ ਜੋਸ਼ੂਆ ਓਪੇਨਹੈਮਰ ਹਨ। ਹਦਾਇਤਕਾਰੀ ਵਿਚ ਉਨ੍ਹਾਂ ਦਾ ਸਾਥ ਕ੍ਰਿਸਟਾਈਨ ਸਾਈਨ ਅਤੇ ਇੱਕ ਹੋਰ ਬੇਨਾਮ ਫ਼ਿਲਮਸਾਜ਼ ਨੇ ਦਿੱਤਾ ਹੈ। ਇਸ ਫ਼ਿਲਮ ਨੂੰ ਮਸ਼ਹੂਰ ਪੱਤਰਕਾਰ ਨੈਓਮੀ ਕਲੇਨ ਦੀ ਕਿਤਾਬ 'ਸਦਮਾ ਸਿਧਾਂਤ' (ਪੰਜਾਬੀ ਅਨੁਵਾਦ-ਬੂਟਾ ਸਿੰਘ) ਦੇ ਹਵਾਲੇ ਨਾਲ ਸਮਝਦਿਆਂ, ਇੰਡੋਨੇਸ਼ੀਆਈ-ਤਰਾਸਦੀ ਦੀ ਵੱਖਰੀ ਤਫ਼ਸੀਲ ਅਤੇ ਤੰਦ ਖੁੱਲ੍ਹਦੀ ਹੈ।***


ਪੂੰਜੀਵਾਦੀ ਅਤੇ ਸਮਾਜਵਾਦੀ ਖੇਮੇ ਵਿਚਕਾਰ 'ਠੰਢੀ ਜੰਗ' ਦੇ ਦਿਨਾਂ ਵਿਚ ਇੰਡੋਨੇਸ਼ੀਆ ਦੀ ਬਦਨਾਮ ਖ਼ੂਨੀ ਮੁਹਿੰਮ ਨੂੰ ਕਮਿਊਨਿਜ਼ਮ ਵਿਰੁੱਧ ਵੱਡੀ ਜਿੱਤ ਦੇ ਰੂਪ ਵਿਚ ਪ੍ਰਚਾਰਿਆ ਗਿਆ ਸੀ। ਇਸ ਖ਼ੂਨੀ ਮੁਹਿੰਮ ਦੇ ਨਤੀਜਿਆਂ ਨੇ ਸਰਮਾਏਦਾਰ ਜੰਗਬਾਜ਼ਾਂ ਨੂੰ ਵੱਡੀ ਹੱਲਾਸ਼ੇਰੀ ਦਿੱਤੀ। ਉਨ੍ਹਾਂ ਨੇ ਇਸ ਮੁਹਿੰਮ ਨੂੰ ਹੋਰ ਮੁਲਕਾਂ ਵਿਚ ਲਾਗੂ ਕਰਨ ਦਾ ਤਹੱਈਆ ਕਰ ਲਿਆ। ਇਹਦਾ ਨਤੀਜਾ ਚਿੱਲੀ ਸਮੇਤ ਕਈ ਲਾਤੀਨੀ ਮੁਲਕਾਂ ਵਿਚ ਹੋਏ ਫ਼ੌਜੀ ਰਾਜ-ਪਲਟਿਆਂ ਅਤੇ ਕਤਲੇਆਮ ਦੇ ਰੂਪ ਵਿਚ ਸਾਹਮਣੇ ਆਇਆ। ਮਸ਼ਹੂਰ ਲੇਖਕਾ ਨੈਓਮੀ ਕਲੇਨ ਇਸ ਵਰਤਾਰੇ ਨੂੰ 'ਸਦਮਾ ਸਿਧਾਂਤ' (ਸ਼ੌਕ ਡੌਕਟਰਿਨ) ਕਹਿੰਦੀ ਹੈ। ਇਨ੍ਹਾਂ ਖ਼ੂਨੀ ਮੁਹਿੰਮਾਂ ਨੇ ਸਿਆਸੀ ਵਿਰੋਧੀਆਂ ਨੂੰ ਕਿਉਂਟਣ ਦਾ ਕੰਮ ਕੀਤਾ। ਇਨ੍ਹਾਂ ਮੁਹਿੰਮਾਂ ਪਿੱਛੇ ਸ਼ਿਕਾਗੋ ਸਕੂਲ ਅਤੇ ਬਰਕਲੇ ਮਾਫ਼ੀਆ ਦੇ ਅਰਥ ਸ਼ਾਸਤਰੀਆਂ ਦਾ ਦਿਮਾਗ ਕੰਮ ਕਰਦਾ ਸੀ ਜਿਨ੍ਹਾਂ ਨੇ ਖੁੱਲ੍ਹੀ ਮੰਡੀ ਜਾਂ ਸ਼ੁੱਧ ਸਰਮਾਏਦਾਰੀ ਦੀਆਂ ਨੀਤੀਆਂ ਲਾਗੂ ਕਰਵਾਉਣ ਦਾ ਬੀੜਾ ਚੁੱਕਿਆ ਹੋਇਆ ਸੀ। ਉਨ੍ਹਾਂ ਦਾ ਤਰੱਦਦ ਆਲਮੀ ਸਰਮਾਏ ਨੂੰ ਚੋਣਵੇਂ ਹੱਥਾਂ ਵਿਚ ਦੇਣ ਦੀ ਸਾਜ਼ਿਸ਼ ਸੀ ਜਿਹਦੇ ਲਈ ਉਹ ਲੱਖਾਂ ਕੀਮਤੀ ਜਾਨਾਂ ਨੂੰ ਬਲਦੀ ਦੇ ਬੂਥੇ ਦੇਣ ਲਈ ਤਿਆਰ-ਬਰ-ਤਿਆਰ ਸਨ। ਉਨ੍ਹਾਂ ਨੇ ਕਹਿਣੀ ਅਤੇ ਕਥਨੀ ਵਿਚ ਫਰਕ ਨਹੀਂ ਕੀਤਾ। ਪੂਰਬੀ ਏਸ਼ੀਆ ਦਾ ਮੁਲਕ ਇੰਡੋਨੇਸ਼ੀਆ ਵਿਤੀ ਹਤਿਆਰਿਆਂ ਅਤੇ ਉਨ੍ਹਾਂ ਦੇ ਮੁਕਾਮੀ ਹੱਥ-ਠੋਕਿਆਂ ਦੇ ਕਾਲੇ ਕਾਰਿਆਂ ਦਾ ਗਵਾਹ ਬਣਿਆ।

ਦਸਤਾਵੇਜ਼ੀ ਫ਼ਿਲਮ 'ਦਿ ਐਕਟ ਔਫ ਕਿਲਿੰਗ' (2012) ਮੁਕਾਮੀ ਬੁੱਚੜਾਂ ਦੀ ਮਾਨਸਿਕਤਾ ਅਤੇ ਕਾਰਿਆਂ ਰਾਹੀਂ ਸੰਨ 1965-66 ਵਿਚ ਵਾਪਰੀ ਤਰਾਸਦੀ ਦੀ ਭਿਆਨਕਤਾ ਉਘਾੜਦੀ ਹੈ। ਇਸ ਫ਼ਿਲਮ ਦੇ ਹਦਾਇਤਕਾਰ ਜੋਸ਼ੂਆ ਓਪੇਨਹੈਮਰ ਹਨ। ਹਦਾਇਤਕਾਰੀ ਵਿਚ ਉਨ੍ਹਾਂ ਦਾ ਸਾਥ ਕ੍ਰਿਸਟਾਈਨ ਸਾਈਨ ਅਤੇ ਇੱਕ ਹੋਰ ਬੇਨਾਮ ਫ਼ਿਲਮਸਾਜ਼ ਨੇ ਦਿੱਤਾ ਹੈ। ਇਸ ਫ਼ਿਲਮ ਨੂੰ ਨੈਓਮੀ ਕਲੇਨ ਦੀ ਕਿਤਾਬ 'ਸਦਮਾ ਸਿਧਾਂਤ' (ਪੰਜਾਬੀ ਅਨੁਵਾਦ-ਬੂਟਾ ਸਿੰਘ) ਦੇ ਹਵਾਲੇ ਨਾਲ ਸਮਝਦਿਆਂ, ਇੰਡੋਨੇਸ਼ੀਆਈ-ਤਰਾਸਦੀ ਦੀ ਵੱਖਰੀ ਤਫ਼ਸੀਲ ਅਤੇ ਤੰਦ ਖੁੱਲ੍ਹਦੀ ਹੈ। ਕਿਤਾਬ ਮੁਤਾਬਕ ਦੂਜੀ ਆਲਮੀ ਜੰਗ ਦੇ ਸਮਿਆਂ ਤੋਂ ਇੰਡੋਨੇਸ਼ੀਆ ਦੀ ਅਗਵਾਈ ਕਰ ਰਹੇ ਰਾਸ਼ਟਰਪਤੀ ਸੁਕਾਰਨੋ ਨੇ ਮੁਲਕ ਦੀ ਆਰਥਿਕ-ਸੁਰੱਖਿਆ ਲਈ ਨਿੱਗਰ ਕਦਮ ਚੁੱਕੇ। ਉਹਨੇ ਕੌਮਾਂਤਰੀ ਮਾਲੀ ਕੋਸ਼ (ਆਈ.ਐਮ.ਐਫ਼.) ਤੇ ਆਲਮੀ ਬੈਂਕ ਨੂੰ ਮੁਲਕ ਵਿਚੋਂ ਦਫ਼ਾ ਕਰ ਦਿੱਤਾ। ਉਹਦੇ ਮੁਤਾਬਕ ਇਹ ਦੋਵੇਂ ਸੰਸਥਾਵਾਂ ਪੱਛਮੀ ਦਿਉਕੱਦ ਬਹੁ-ਕੌਮੀ ਕੰਪਨੀਆਂ ਦੇ ਹਿੱਤਾਂ ਲਈ ਕੰਮ ਕਰਦੀਆਂ ਸਨ। ਸੁਕਾਰਨੋ ਕੌਮਪ੍ਰਸਤ ਹੋਣ ਦੇ ਬਾਵਜੂਦ ਕਮਿਊਨਿਸਟ ਦਲ ਨਾਲ ਨੇੜਿਉਂ ਜੁੜ ਕੇ ਕੰਮ ਕਰਦਾ ਸੀ। ਉਸ ਵੇਲੇ ਕਮਿਊਨਿਸਟ ਦਲ ਦੇ ਤੀਹ ਲੱਖ ਸਰਗਰਮ ਕਾਰਕੁਨ ਸਨ। ਸੁਕਾਰਨੋ ਤੋਂ ਔਖੀਆਂ ਹੋਈਆਂ ਅਮਰੀਕੀ ਅਤੇ ਬਰਤਾਨਵੀ ਸਰਕਾਰਾਂ ਨੇ ਸੁਕਾਰਨੋ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਤਹੱਈਆ ਕਰ ਲਿਆ। ਸੰਨ 1965 ਵਿਚ ਜਰਨੈਲ ਸੁਹਾਰਤੋ ਸਰਮਾਏਦਾਰ ਜੰਗਬਾਜ਼ਾਂ ਦੀ ਸ਼ਹਿ ਨਾਲ ਮੁਲਕ 'ਤੇ ਕਾਬਜ਼ ਹੋ ਗਿਆ। ਅਮਰੀਕੀ ਖ਼ੁਫ਼ੀਆ ਏਜੰਸੀ ਸੀ.ਆਈ.ਏ. ਨੇ ਚਾਰ ਤੋਂ ਪੰਜ ਹਜ਼ਾਰ ਮੋਹਰੀ ਖੱਬੇ ਪੱਖੀਆਂ ਦੀ ਸੂਚੀ ਬਣਾ ਲਈ। ਇਸ ਸੂਚੀ ਨੂੰ ਉਨ੍ਹਾਂ ਨੇ 'ਚਾਂਦਮਾਰੀ ਸੂਚੀ' ਦਾ ਨਾਮ ਦਿੱਤਾ। ਸੀ.ਆਈ.ਏ. ਤੋਂ ਮਿਲੀ ਸੂਚੀ ਨਾਲ ਸੁਹਾਰਤੋ ਨੇ ਖੱਬੇ ਪੱਖੀਆਂ ਦੇ ਖਾਤਮੇ ਦੀ ਮੁਹਿੰਮ ਚਲਾ ਦਿੱਤੀ। ਅਮਰੀਕਾ ਨੇ ਸੁਹਾਰਤੋ ਨੂੰ ਫ਼ੌਜੀ ਮਦਦ ਅਤੇ ਲੋੜੀਂਦਾ ਸਾਜ਼ੋ-ਸਾਮਾਨ ਮੁਹੱਈਆ ਕਰਵਾਇਆ।

ਕਤਲਾਂ ਦਾ ਅੰਕੜਾ 'ਚਾਂਦਮਾਰੀ ਸੂਚੀ' ਤੱਕ ਸੀਮਤ ਨਹੀਂ ਰਿਹਾ। ਇੱਕ ਮਹੀਨੇ ਵਿਚ ਹੀ ਪੰਜ ਲੱਖ ਤੋਂ ਵੱਧ ਲੋਕ ਕਤਲ ਕਰ ਦਿੱਤੇ ਗਏ। ਕੁਝ ਵੇਰਵਿਆਂ ਮੁਤਾਬਕ ਲਗਭਗ ਦਸ ਤੋਂ ਬਾਰਾਂ ਲੱਖ ਜਿਉਂਦੇ ਮਨੁੱਖੀ ਜੀਅ ਕਮਿਊਨਿਸਟਾਂ ਦਾ ਬਿੱਲਾ ਲਾ ਕੇ ਮਾਰ ਦਿੱਤੇ ਗਏ। ਕਤਲ ਹੋਣ ਵਾਲਿਆਂ ਵਿਚ ਉਹ ਸਾਰੇ ਸ਼ਾਮਲ ਸਨ ਜਿਨ੍ਹਾਂ ਨੇ ਸੁਹਾਰਤੋ ਦੇ ਫ਼ੌਜੀ ਨਿਜ਼ਾਮ ਦਾ ਵਿਰੋਧ ਕੀਤਾ; ਜਿਵੇਂ ਯੂਨੀਅਨ ਆਗੂ, ਬੇਜ਼ਮੀਨੇ ਕਿਸਾਨ-ਮਜ਼ਦੂਰ, ਵਿਦਿਆਰਥੀ, ਬੁੱਧੀਜੀਵੀ ਅਤੇ ਚੀਨੀ ਨਸਲ ਦੇ ਲੋਕ। ਇੰਨਾ ਭਿਆਨਕ ਕਤਲੇਆਮ ਮਚਾਉਣ ਲਈ ਹਜ਼ਾਰਾਂ ਮੁਕਾਮੀ ਹੱਥ-ਠੋਕੇ ਬੁੱਚੜਾਂ ਦੀ ਲੋੜ ਸੀ। ਸੁਹਾਰਤੋ ਅਤੇ ਉਸ ਦੇ ਆਕਾਵਾਂ ਨੇ ਫ਼ੌਜ, ਪੁਲਿਸ ਅਤੇ ਨੀਮ-ਫ਼ੌਜੀ ਦਸਤਿਆਂ ਤੋਂ ਬਿਨਾਂ ਬੁਨਿਆਦਪ੍ਰਸਤਾਂ ਅਤੇ ਮੁਕਾਮੀ ਜੱਥੇਬੰਦ ਗੁੰਡਾ ਢਾਣੀਆਂ ਦੀ ਮਦਦ ਲਈ। ਇੱਕ ਪੱਤਰਕਾਰ ਮੁਕਾਮੀ ਕਾਤਲਾਂ ਬਾਰੇ ਲਿਖਦਾ ਹੈ, "ਉਹ ਚਟਕਾਰੇ ਲੈ ਕੇ ਆਪਣੇ ਚੇਲਿਆਂ ਨੂੰ ਸੱਦਦੇ, ਡੱਬਾਂ ਵਿਚ ਛੁਰੇ ਅਤੇ ਪਿਸਤੌਲ ਟੁੰਗ ਕੇ ਅਤੇ ਮੋਢੇ 'ਤੇ ਡਾਂਗ ਧਰ ਕੇ ਸੌਂਪਿਆ ਕੰਮ ਕਰਨ ਨਿਕਲ ਤੁਰਦੇ।" ਕਮਿਊਨਿਸਟਾਂ ਦਾ ਗੜ੍ਹ ਮੰਨੇ ਜਾਂਦੇ ਪੇਂਡੂ ਖੇਤਰਾਂ ਵਿਚ ਉਨ੍ਹਾਂ ਦਾ ਸਫ਼ਾਇਆ ਕਰ ਦਿੱਤਾ ਗਿਆ। ਲੇਖਕ ਡੇਵਿਡ ਰੈਨਸਮ ਲਿਖਦਾ ਹੈ, "ਪੂਰਬੀ ਜਾਵਾ ਵਿਚ ਘੁੰਮ ਕੇ ਆਏ ਲੋਕ ਦੱਸਦੇ ਹਨ ਕਿ ਛੋਟੇ ਦਰਿਆ ਅਤੇ ਨਦੀਆਂ ਲਾਸ਼ਾਂ ਨਾਲ ਭਰ ਗਈਆਂ ਅਤੇ ਕਈ ਥਾਂਈਂ ਦਰਿਆਈ ਆਵਾਜਾਈ ਰੁਕ ਗਈ।"




*ਨੈਓਮੀ ਕਲੇਨ ਦੀ ਮਸ਼ਹੂਰ ਕਿਤਾਬ 'ਸ਼ੌਕ ਡੌਕਟਰਿਨ' ਦਾ ਟਾਈਟਲ।*




*ਫਿਲਮ 'ਦਿ ਐਕਟ ਔਫ ਕਿਲਿੰਗ' ਦਾ ਇਕ ਪੋਸਟਰ।*

ਫ਼ਿਲਮਸਾਜ਼ 'ਦਿ ਐਕਟ ਔਫ ਕਿਲਿੰਗ' ਨੂੰ ਅਨਵਰ ਕਾਂਗੋ, ਅਦੀ ਜੁਲਕਾਦਰੀ ਅਤੇ ਹਰਮਨ ਕੋਟੇ ਵਰਗੇ ਗੁੰਡਿਆਂ ਦੇ ਹਵਾਲੇ ਨਾਲ ਪੇਸ਼ ਕਰਦਾ ਹੈ। ਇਹ ਫ਼ਿਲਮ ਦੀਆਂ ਟਿਕਟਾਂ ਦੀ ਕਾਲਾ ਬਾਜ਼ਾਰੀ ਕਰਦੇ ਸਨ ਜਿਨ੍ਹਾਂ ਨੂੰ ਮੇਦਾਨ (ਉੱਤਰੀ ਸੁਮਾਟਰਾ) ਦੇ ਵਹਿਸ਼ੀ ਕਾਤਲ ਦਸਤਿਆਂ ਦਾ ਹਿੱਸਾ ਬਣਾਇਆ ਗਿਆ ਸੀ। ਇਨ੍ਹਾਂ ਦਾ ਮੁੱਖ ਨਿਸ਼ਾਨਾ ਕਮਿਊਨਿਸਟ, ਚੀਨੀ ਨਸਲ ਦੇ ਲੋਕ ਅਤੇ ਸੁਹਾਰਤੋ ਦੇ ਵਿਰੋਧੀ ਬਣੇ। ਅਨਵਰ ਨੇ ਫ਼ਿਰੌਤੀ ਨਾ ਦੇਣ ਵਾਲਿਆਂ ਨੂੰ ਵੀ ਕਤਲ ਕੀਤਾ। ਅਨਵਰ ਹੱਥੋਂ ਕਤਲ ਹੋਏ ਜੀਆਂ ਦੀ ਗਿਣਤੀ ਹਜ਼ਾਰ ਦੇ ਕਰੀਬ ਸੀ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਤਾਰ ਨਾਲ ਗਲ ਘੁੱਟ ਕੇ ਮਾਰਿਆ ਗਿਆ ਸੀ। ਅਨਵਰ ਮੁਤਾਬਕ ਇਹ ਉਹਦਾ ਈਜਾਦ ਕੀਤਾ ਖ਼ਾਸ ਤਰੀਕਾ ਸੀ ਜਿਹਦੇ ਨਾਲ ਲਹੂ ਨਾਲ ਫ਼ਰਸ਼ ਗੰਦਾ ਹੋਣ ਤੋਂ ਬਚ ਜਾਂਦਾ ਸੀ। ਫ਼ਿਲਮਸਾਜ਼ ਫ਼ਿਲਮ ਰਾਹੀਂ ਕਾਤਲਾਂ ਦੇ ਮੂੰਹੋਂ ਕਤਲੇਆਮ ਦਾ ਇਕਬਾਲ ਕਰਵਾ ਲੈਂਦਾ ਹੈ। ਕਾਤਲ ਚਟਖਾਰੇ ਲੈ ਕੇ ਕਹਾਣੀਆਂ ਸੁਣਾਉਂਦੇ ਹਨ। ਫ਼ਿਲਮਸਾਜ਼ ਨੂੰ ਅਨਵਰ ਕਾਂਗੋ ਵਲੋਂ ਸਭ ਕੁਝ ਦੱਸਣਾ ਇਸ ਗੱਲ ਦਾ ਸਬੂਤ ਹੈ ਕਿ ਉਹ ਆਪਣੇ ਕਾਰਿਆਂ ਨੂੰ ਪਰਦੇ 'ਤੇ ਦੇਖਣ ਦੀ ਅਤੇ ਨਾਇਕ ਵਜੋਂ ਦਿਸਣ ਦੀ ਕਿੰਨੀ ਲਾਲਸਾ ਰੱਖਦਾ ਹੈ।

ਅਨਵਰ ਕਾਂਗੋ ਸੱਜੇਪੱਖੀ ਨੀਮ-ਫ਼ੌਜੀ ਦਲ 'ਪੇਮੂਦਾ ਪਾਂਚਾਸੀਲਾ' (ਪਾਂਚਾਸੀਲਾ ਗੱਭਰੂ) ਦੇ ਬਾਨੀਆਂ ਵਿਚੋਂ ਇਕ ਸੀ। ਇਹ ਦਲ ਕਾਤਲ ਦਸਤਿਆਂ 'ਚੋਂ ਉਭਰਿਆ ਸੀ। ਅੱਜ ਇਹ ਮੁਲਕ ਦਾ ਸਭ ਤੋਂ ਵੱਡਾ ਨੀਮ-ਫ਼ੌਜੀ ਦਲ ਹੈ। ਇਹਦੇ ਤੀਹ ਲੱਖ ਕਾਰਕੁਨ ਹਨ। ਇਸ ਦਲ ਦੇ ਕਾਰਕੁਨ ਸਰਕਾਰ ਵਿਚ ਮੰਤਰੀ ਹਨ। ਉੱਤਰੀ ਸੁਮਾਟਰਾ ਸੂਬੇ ਦਾ ਰਾਜਪਾਲ ਸਿਆਮਸੁਲ ਅਰੀਫਿਨ, ਅਨਵਰ ਕਾਂਗੋ ਨੂੰ ਸਲਾਮ ਠੋਕਦਾ ਹੈ ਅਤੇ ਉਹਦੀ ਭਰਪੂਰ ਵਡਿਆਈ ਕਰਦਾ ਹੈ। ਰਾਜਪਾਲ ਕਹਿੰਦਾ ਹੈ, "ਹੁਣ ਕਮਿਊਨਿਸਟਾਂ ਦੇ ਜੁਆਕ ਇਤਿਹਾਸ ਨੂੰ ਮੋੜਾ ਦੇਣਾ ਚਾਹੁੰਦੇ ਹਨ। ਉਨ੍ਹਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਕਮਿਊਨਿਸਟ ਦੀ ਔਲਾਦ ਹੋਣ 'ਤੇ ਮਾਣ ਹੈ। ਇਹ ਜ਼ਿਆਦਾ ਦੇਰ ਨਹੀਂ ਚੱਲੇਗਾ, ਕਿਉਂਕਿ ਲੋਕ ਉਨ੍ਹਾਂ ਨੂੰ ਮਾਨਤਾ ਨਹੀਂ ਦੇਣਗੇ। ਕਮਿਊਨਿਜ਼ਮ ਸਾਡੇ ਮੁਲਕ ਵਿਚ ਜੜ੍ਹਾਂ ਨਹੀਂ ਜਮਾ ਸਕਦਾ, ਕਿਉਂਕਿ ਸਾਡੇ ਕੋਲ ਵੱਡੀ ਗਿਣਤੀ ਵਿਚ ਗੁੰਡਾ ਢਾਣੀਆਂ ਹਨ ਜਿਹੜੀ ਬਹੁਤ ਚੰਗੀ ਗੱਲ ਹੈ।" ਉੱਤਰੀ ਸੁਮਾਟਰਾ ਦਾ ਸੰਸਦ ਮੈਂਬਰ ਮਾਰਜ਼ੂਕੀ ਮਾਣ ਨਾਲ ਦੱਸਦਾ ਹੈ, "ਮੇਰੇ ਸਮੇਤ 'ਪਾਂਚਾਸੀਲਾ ਗੱਭਰੂ' ਦਲ ਦੇ ਕਾਰਕੁਨ ਜੂਏ, ਤਸਕਰੀ, ਦਹਿਸ਼ਤੀ ਕਾਰਵਾਈਆਂ, ਕਾਲਾ ਬਾਜ਼ਾਰੀ ਅਤੇ ਫਿਰੌਤੀ ਵਸੂਲਣ ਵਰਗੇ ਗ਼ੈਰ-ਕਾਨੂੰਨੀ ਧੰਦਿਆਂ ਵਿਚ ਸ਼ਾਮਲ ਹਨ। ਸਿਆਸੀ ਲੋਕਾਂ ਨੂੰ ਸਾਡੀ ਲੋੜ ਹੈ, ਇਸ ਕਰ ਕੇ ਉਹ ਸਾਡੀ ਪੁਸ਼ਤ-ਪਨਾਹੀ ਕਰਦੇ ਹਨ। ਗੁੰਡਾ ਢਾਣੀਆਂ ਸੁਰੱਖਿਆ ਵੀ ਦਿੰਦੀਆਂ ਹਨ ਅਤੇ ਦੰਗਿਆਂ ਵਿਚ ਵੀ ਸ਼ਮੂਲੀਅਤ ਕਰਦੀਆਂ ਹਨ। ਅਸੀਂ ਆਪਣੀ ਤਾਕਤ ਕਮਿਊਨਿਸਟਾਂ ਨੂੰ ਖਤਮ ਕਰਨ ਵੇਲੇ ਸਾਬਤ ਕਰ ਚੁੱਕੇ ਹਾਂ। ਸੰਸਦ ਮੈਂਬਰ ਅਤੇ ਸਨਅਤਕਾਰ ਹਾਜੀ ਅਨੀਫ਼ ਖ਼ੁਲਾਸਾ ਕਰਦਾ ਹੈ ਕਿ ਜਦੋਂ ਕਿਸੇ ਸਨਅਤਕਾਰ ਨੇ ਜ਼ਮੀਨ ਹਥਿਆਉਣੀ ਹੋਵੇ ਤਾਂ ਉਹ 'ਪਾਂਚਾਸੀਲਾ ਗੱਭਰੂ' ਦਲ ਦੇ ਲੋਕਾਂ ਨੂੰ ਪੈਸਾ ਦੇ ਦਿੰਦਾ ਹੈ। ਲੋਕਾਂ ਵਿਚ ਨੀਮ-ਫ਼ੌਜੀਆਂ ਦਾ ਇੰਨਾ ਖ਼ੌਫ਼ ਹੈ ਕਿ ਉਹ ਕੌਡੀਆਂ ਦੇ ਭਾਅ ਜ਼ਮੀਨ ਛੱਡ ਜਾਂਦੇ ਹਨ। ਅਨੀਫ਼ ਨੇ ਦੋ ਸੌ ਮਿਲੀਅਨ ਡਾਲਰ ਦੀ ਜ਼ਮੀਨ ਖਰੀਦ ਕੇ ਪੰਛੀਆਂ ਨੂੰ ਦਾਨ ਕੀਤੀ ਹੋਈ ਹੈ। ਉਹ ਪੰਛੀਆਂ ਦਾ ਵੱਡਾ ਪ੍ਰੇਮੀ ਹੈ। ਪੰਛੀਆਂ ਦੀ ਖੁਸ਼ੀ ਵਿਚ ਹੀ ਅਨੀਫ਼ ਦੀ ਖੁਸ਼ੀ ਹੈ। ਉਹ ਆਪਣੇ ਘਰ ਵਿਚ ਰੱਖੀਆਂ ਬੇਸ਼ਕੀਮਤੀ ਚੀਜ਼ਾਂ ਬੜੇ ਮਾਣ ਨਾਲ ਦਿਖਾਉਂਦਾ ਹੈ।

ਮੁਲਕ ਦੇ ਉਪ ਰਾਸ਼ਟਰਪਤੀ ਜੂਸਫ ਕੱਲਾ ਦੇ ਵਿਚਾਰ ਵੀ ਕੁਝ ਅਜਿਹੇ ਹੀ ਹਨ। ਉਹ 'ਪਾਂਚਾਸੀਲਾ ਗੱਭਰੂ' ਦਲ ਦੇ ਗੁੰਡਿਆਂ ਨੂੰ ਸੰਬੋਧਤ ਹੁੰਦਿਆਂ ਕਹਿੰਦਾ ਹੈ ਕਿ ਸਾਡੇ ਮੁਲਕ ਨੂੰ ਗੁੰਡਾ ਢਾਣੀਆਂ ਦੀ ਬੜੀ ਲੋੜ ਹੈ ਜੋ ਸਾਡੇ ਮੁਤਾਬਕ ਕੰਮ ਕਰ ਸਕਣ। 'ਪੇਮੂਦਾ ਪਾਂਚਾਸੀਲਾ' ਦੇ ਨੌਜਵਾਨ ਕਾਰਕੁਨਾਂ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਦਲ ਦੇ ਵਹਿਸ਼ੀ ਕਾਰਿਆਂ ਨੂੰ ਵਡਿਆਉਣਾ ਚਾਹੀਦਾ ਹੈ। ਉਹ ਦਹਿਸ਼ਤ ਅਤੇ ਡਰ ਦੇ ਸਿਰ 'ਤੇ ਹੀ ਅੱਜ ਇਸ ਮੁਕਾਮ ਉਤੇ ਪਹੁੰਚੇ ਹਨ। ਇੰਡੋਨੇਸ਼ੀਆ ਦੇ ਇਤਿਹਾਸ ਦੀਆਂ ਕਿਤਾਬਾਂ ਵਿਚ 1965-66 ਦੇ ਭਿਆਨਕ ਕਤਲੇਆਮ ਦਾ ਕੋਈ ਜ਼ਿਕਰ ਨਹੀਂ ਮਿਲਦਾ। ਉਲਟਾ ਤਰਾਸਦੀ ਨੂੰ 'ਮੁਲਕਪ੍ਰਸਤੀ ਦੀ ਮੁਹਿੰਮ' ਵਜੋਂ ਸਲਾਹਿਆ ਜਾਂਦਾ ਹੈ। ਪਿੱਛੇ ਜਿਹੇ ਕੁਝ ਹਾਦਸਿਆਂ ਨੂੰ ਸਿਲੇਬਸ 'ਚ ਸ਼ਾਮਲ ਕੀਤਾ ਗਿਆ ਸੀ। ਫ਼ੌਜ, ਨੀਮ-ਫ਼ੌਜੀ ਦਲਾਂ ਅਤੇ ਬੁਨਿਆਦਪ੍ਰਸਤਾਂ ਦੇ ਵਿਰੋਧ ਕਾਰਨ ਨਵੀਆਂ ਕਿਤਾਬਾਂ ਫੂਕ ਦਿੱਤੀਆਂ ਗਈਆਂ।

ਫ਼ਿਲਮਸਾਜ਼ ਦੇ ਕਹਿਣ 'ਤੇ ਅਨਵਰ ਅਤੇ ਉਹਦੇ ਸਾਥੀ ਕਤਲ ਦੇ ਤਰੀਕਿਆਂ, ਆਪਣੀਆਂ ਯਾਦਾਂ ਅਤੇ ਭਾਵਨਾਵਾਂ ਨੂੰ ਕੈਮਰੇ ਅੱਗੇ ਝਾਕੀਆਂ ਰਾਹੀਂ ਪੇਸ਼ ਕਰਦੇ ਹਨ। ਸਰਕਾਰ ਅਤੇ ਗੁੰਡਾ ਢਾਣੀਆਂ ਦੀ ਦਹਿਸ਼ਤ ਅਜੇ ਵੀ ਇੰਨੀ ਹੈ ਕਿ ਆਮ ਲੋਕਾਂ 'ਚੋਂ ਕੋਈ ਵੀ ਫ਼ਿਲਮ ਵਿਚ ਕਮਿਊਨਿਸਟ ਦਾ ਕਿਰਦਾਰ ਨਿਭਾਉਣ ਲਈ ਤਿਆਰ ਨਹੀਂ ਹੁੰਦਾ। ਅਨਵਰ ਅਤੇ ਸਾਥੀ ਪੀੜਤਾਂ ਦੀ ਭੂਮਿਕਾ ਅਦਾ ਕਰਦੇ ਹਨ। ਦ੍ਰਿਸ਼ਾਂ ਦੀ ਨਕਲ ਕਰਨ ਵੇਲੇ ਅਨਵਰ ਦੇ ਕੁਝ ਦੋਸਤ ਆਪਣੇ ਕੀਤੇ 'ਤੇ ਪਛਤਾਵਾ ਕਰਨ ਲਗਦੇ ਹਨ ਅਤੇ ਕੁਝ ਇਕ ਨੂੰ ਫ਼ਿਲਮ ਦੇ ਜਨਤਕ ਹੋਣ ਨਾਲ ਅਪਣੀ ਬਦਨਾਮੀ ਦਾ ਡਰ ਸਤਾਉਣ ਲਗਦਾ ਹੈ।

ਫ਼ਿਲਮ ਵਿਚ ਦਿਖਾਇਆ ਗਿਆ ਹੈ ਕਿ ਅਨਵਰ, ਇਕ ਅਖ਼ਬਾਰ ਦਾ ਪ੍ਰਕਾਸ਼ਕ ਅਤੇ ਹਰਮਨ ਕੋਟੇ ਟੀ.ਵੀ. ਚੈਨਲ 'ਤੇ ਖ਼ਾਸ ਵਾਰਤਾ ਰਾਹੀਂ ਆਪਣੇ ਕਾਲੇ ਕਾਰੇ ਬਿਆਨ ਕਰ ਰਹੇ ਹਨ। ਪੇਸ਼ਕਾਰ ਬੀਬੀ ਉਨ੍ਹਾਂ ਦੇ ਸੋਹਲੇ ਗਾਉਂਦੀ ਹੈ ਕਿ ਅਨਵਰ ਹੋਰਾਂ ਨੇ ਕਮਿਊਨਿਸਟਾਂ ਨੂੰ ਵਧੇਰੇ ਮਨੁੱਖੀ ਢੰਗ ਨਾਲ ਮਾਰਿਆ। ਇਨ੍ਹਾਂ 'ਸਾਊਆਂ' ਨੇ ਘੱਟ ਵਹਿਸ਼ੀ ਅਤੇ ਘੱਟ ਹਿੰਸਕ ਢੰਗ ਈਜਾਦ ਕੀਤੇ ਪਰ ਇਹਦੇ ਬਾਵਜੂਦ ਕਮਿਊਨਿਸਟਾਂ ਦਾ ਖਾਤਮਾ ਕਰ ਦਿੱਤਾ। ਪੇਸ਼ਕਾਰ ਬੀਬੀ ਦਾ ਤਰਕ ਸੁਣ ਕੇ ਸਟੂਡੀਉ ਵਿਚ ਬੈਠੇ ਲੋਕ ਤਾੜੀਆਂ ਮਾਰਦੇ ਹਨ। ਲੋਕਾਂ ਨੂੰ ਦਹਿਸ਼ਤ ਅਤੇ ਸਰਕਾਰੀ ਕੂੜ-ਪ੍ਰਚਾਰ ਨੇ ਖੰਗਲ ਕੀਤਾ ਹੋਇਆ ਹੈ। ਦਹਿਸ਼ਤ ਅਤੇ ਭਿਆਨਕ ਚੁੱਪ ਆਮ ਸ਼ਹਿਰੀਆਂ ਦੀ ਜ਼ਿੰਦਗੀ ਦਾ ਹਿੱਸਾ ਬਣਾ ਦਿੱਤੀ ਗਈ ਹੈ। ਚੋਰ ਅਤੇ ਕੁੱਤੀ ਦਾ ਰਲ ਜਾਣਾ ਉਨ੍ਹਾਂ ਦੀ ਹੋਣੀ ਬਣ ਚੁੱਕਿਆ ਹੈ।

ਟੀ.ਵੀ. ਕੰਟਰੋਲ ਰੂਮ ਵਿਚ ਬੈਠੀ ਇਕ ਵਿੱਤੀ ਮਾਲਕ ਕਹਿੰਦੀ ਹੈ ਕਿ ਇੰਨੇ ਲੋਕ ਮਾਰ ਕੇ ਇਨ੍ਹਾਂ ਨੂੰ ਰਾਤ ਨੂੰ ਨੀਂਦ ਕਿਵੇਂ ਆਉਂਦੀ ਹੈ? ਇਹਦਾ ਜਵਾਬ ਬੁੱਚੜ ਅਦੀ ਦੀ ਅਨਵਰ ਨਾਲ ਹੁੰਦੀ ਵਾਰਤਾ ਵਿਚ ਲੁਕਿਆ ਹੋਇਆ ਹੈ। ਅਦੀ ਆਪਣੇ ਦੋਸਤ ਅਨਵਰ ਨੂੰ ਸਮਝਾਉਂਦਾ ਹੈ, "ਕਤਲ ਸਭ ਤੋਂ ਬੁਰਾ ਜੁਰਮ ਹੈ। ਇਸ ਕਰ ਕੇ ਗੁਨਾਹ ਦੇ ਅਹਿਸਾਸ ਤੋਂ ਬਚਣ ਦਾ ਇਕੋ ਰਸਤਾ ਹੈ ਕਿ ਆਪਣੇ ਆਪ ਨੂੰ ਕਸੂਰਵਾਰ ਨਾ ਮਹਿਸੂਸ ਕਰੋ। ਸਹੀ ਹੋਵੇਗਾ ਕਿ ਕੋਈ ਚੰਗਾ ਬਹਾਨਾ ਲੱਭੋ। ਮਿਸਾਲ ਵਜੋਂ, ਜੇ ਕਤਲ ਕਰਨ ਦਾ ਸਹੀ ਮੁਆਵਜ਼ਾ ਮਿਲਦਾ ਹੋਵੇ ਤਾਂ ਕਤਲ ਕਰਨ ਵਿਚ ਕੋਈ ਹਰਜ ਨਹੀਂ ਹੈ। ਇਕ ਨਜ਼ਰੀਏ ਤੋਂ ਇਹ ਬਿਲਕੁਲ ਸਹੀ ਹੈ ਅਤੇ ਇਸੇ ਉੱਤੇ ਸਾਨੂੰ ਭਰੋਸਾ ਕਰਨਾ ਚਾਹੀਦਾ ਹੈ। ਖ਼ੁਦ ਨੂੰ ਕਸੂਰਵਾਰ ਮੰਨਣ ਨਾਲ ਸਾਡਾ ਬਚਾਅ ਪੱਖ ਕਮਜ਼ੋਰ ਹੁੰਦਾ ਹੈ।" ਅਦੀ ਨੇ ਪ੍ਰੇਮਿਕਾ ਦੇ ਪਿਉ ਦਾ ਕਤਲ ਕੀਤਾ ਸੀ; ਚੀਨੀ ਨਸਲ ਦਾ ਹੋਣਾ ਪਿਉ ਦਾ ਇਕੋ-ਇਕ ਕਸੂਰ ਸੀ।

ਫ਼ਿਲਮ, ਕਤਲੇਆਮ ਵਿਚ ਸ਼ਰੀਕ ਰਹੇ ਸੰਚਾਰ ਮਾਧਿਅਮਾਂ ਦੀ ਭੂਮਿਕਾ ਨੂੰ ਵੀ ਉਘਾੜਦੀ ਹੈ। ਫ਼ਿਲਮ ਵਿਚ ਦਿਖਾਇਆ ਗਿਆ ਅਖ਼ਬਾਰੀ ਪ੍ਰਕਾਸ਼ਨ ਦਾ ਦਫ਼ਤਰ, ਕਮਿਊਨਿਸਟ ਨੌਜਵਾਨਾਂ ਉਤੇ ਤਸ਼ੱਦਦ ਕਰਨ ਦਾ ਅੱਡਾ ਹੁੰਦਾ ਸੀ। ਅਖ਼ਬਾਰ ਦੇ ਪ੍ਰਕਾਸ਼ਕ ਵਲੋਂ ਦਿੱਤੇ ਇਸ਼ਾਰੇ ਨਾਲ ਅਨਵਰ ਕਾਂਗੋ ਵਰਗੇ ਗੁੰਡੇ ਤਸ਼ੱਦਦ ਦੇ ਭੰਨੇ ਨੌਜਵਾਨਾਂ ਨੂੰ ਦਫ਼ਤਰ ਵਿਚੋਂ ਬਾਹਰ ਲਿਜਾ ਕੇ ਮਾਰ ਦਿੰਦੇ ਸਨ। ਅਖ਼ਬਾਰ ਦਾ ਪ੍ਰਕਾਸ਼ਕ ਦੱਸਦਾ ਹੈ ਕਿ ਕਮਿਊਨਿਸਟਾਂ ਨੂੰ ਸ਼ੈਤਾਨ ਸਿੱਧ ਕਰਨਾ ਉਹਦਾ ਮੁੱਖ ਕੰਮ ਸੀ। ਕਾਂਗੋ ਦੱਸਦਾ ਹੈ ਕਿ ਸਰਕਾਰ ਕਮਿਊਨਿਸਟਾਂ ਨੂੰ ਬਦਨਾਮ ਕਰਦੀਆਂ ਫ਼ਿਲਮਾਂ ਬਣਾ ਕੇ ਸਿਨੇਮਾ ਅਤੇ ਟੈਲੀਵਿਜ਼ਨ ਰਾਹੀਂ ਦਿਖਾਉਂਦੀ ਸੀ। ਮੁੱਢਲੀ ਸਿੱਖਿਆ ਦੇ ਵਿਦਿਆਰਥੀਆਂ ਤੋਂ ਲੈ ਕੇ ਹਰ ਕਿਸੇ ਲਈ ਇਹ ਫ਼ਿਲਮਾਂ ਦੇਖਣਾ ਲਾਜ਼ਮੀ ਕਰ ਦਿੱਤਾ ਗਿਆ ਸੀ। ਨਿੱਕੀ ਉਮਰ ਦੇ ਬੱਚਿਆਂ ਨੂੰ ਸਭ ਤੋਂ ਮੂਹਰਲੀਆਂ ਸੀਟਾਂ 'ਤੇ ਬਿਠਇਆ ਜਾਂਦਾ ਸੀ। ਫ਼ਿਲਮ ਵਿਚ ਕਮਿਊਨਿਸਟਾਂ ਨੂੰ ਵਹਿਸ਼ੀ ਕਾਤਲਾਂ ਦੇ ਕਿਰਦਾਰਾਂ ਵਜੋਂ ਪੇਸ਼ ਕੀਤਾ ਜਾਂਦਾ ਸੀ। ਜੁਆਕ ਫ਼ਿਲਮ ਦੇ 'ਵਹਿਸ਼ੀ ਕਿਰਦਾਰਾਂ' ਦੇ ਕਾਰੇ ਦੇਖ ਕੇ ਦਹਿਲ ਜਾਂਦੇ ਸਨ। ਜੁਆਕਾਂ ਦੀ ਹਾਲਤ ਦੇਖ ਕੇ ਅਨਵਰ ਨੂੰ ਮਾਣ ਮਹਿਸੂਸ ਹੁੰਦਾ ਸੀ ਕਿ ਉਹਦੇ ਵਲੋਂ ਮਾਰੇ ਗਏ ਕਮਿਊਨਿਸਟ ਫ਼ਿਲਮ ਵਿਚ ਇੰਨੇ ਜ਼ਾਲਮ ਦਿਸਦੇ ਸਨ। ਇਸ ਵਰਤਾਰੇ ਨੂੰ ਸਮਕਾਲੀ ਸਮਿਆਂ ਨਾਲ ਜੋੜ ਕੇ ਦੇਖਣਾ ਚਾਹੀਦਾ ਹੈ। ਸੱਤਾ ਉਤੇ ਕਾਬਜ਼ ਲੋਕ ਆਵਾਮ ਨੂੰ ਕਾਬੂ ਹੇਠ ਰੱਖਣ ਲਈ ਸੰਚਾਰ ਮਾਧਿਅਮਾਂ ਨੂੰ ਕਿਵੇਂ ਵਰਤਦੇ ਹਨ? ਸੱਤਾ ਦਾ ਕੂੜ-ਪ੍ਰਚਾਰ ਆਵਾਮ ਦਾ ਧਿਆਨ ਬੁਨਿਆਦੀ ਮੰਗਾਂ ਤੋਂ ਭਟਕਾਉਂਦਾ ਵੀ ਹੈ ਅਤੇ ਲਗਾਤਾਰ ਦਹਿਸ਼ਤੀ ਮਾਹੌਲ ਬਣਾ ਕੇ ਰੱਖਣ ਨਾਲ ਆਵਾਮ ਨੂੰ ਖ਼ੌਫ਼ਜ਼ਦਾ ਵੀ ਰੱਖਦਾ ਹੈ।

ਸੈਂਕੜੇ ਕਤਲ ਕਰਨ ਵਾਲਾ ਅਨਵਰ ਪੀੜਤ ਅਤੇ ਕਾਤਲ ਦਾ ਕਿਰਦਾਰ ਨਿਭਾਉਂਦਾ ਹੋਇਆ ਮਾਨਸਿਕ ਤੌਰ 'ਤੇ ਟੁੱਟ ਜਾਂਦਾ ਹੈ। ਉਹ ਕੈਮਰੇ ਲਈ ਸਿਰਜੇ ਗਏ ਦ੍ਰਿਸ਼ 'ਚ ਕਤਲ, ਬਲਾਤਕਾਰ ਅਤੇ ਜੁਆਕਾਂ ਦੀ ਹਾਲਤ ਦੇਖ ਕੇ ਸਰਾਪਿਆ ਮਹਿਸੂਸ ਕਰਦਾ ਹੈ। ਉਹ ਪੀੜਤ ਦੀ ਭੂਮਿਕਾ ਅਦਾ ਕਰਨ ਤੋਂ ਮਨ੍ਹਾਂ ਕਰ ਦਿੰਦਾ ਹੈ, ਕਿਉਂਕਿ ਭਿਆਨਕ ਯਾਦਾਂ ਉਹਨੂੰ ਤੰਗ ਕਰ ਰਹੀਆਂ ਹਨ। ਅੰਤ ਵਿਚ ਉਹ ਖ਼ੁਦ 'ਤੇ ਫ਼ਿਲਮਾਏ ਤਸ਼ੱਦਦ ਵਾਲੇ ਦ੍ਰਿਸ਼ ਦੇਖ ਕੇ ਰੋਣ ਲੱਗ ਪੈਂਦਾ ਹੈ। ਉਹ ਰੋਂਦਾ ਹੋਇਆ ਕਹਿੰਦਾ ਹੈ, "ਮੈਂ ਕਿੰਨਿਆਂ ਉਤੇ ਅਜਿਹਾ ਤਸ਼ੱਦਦ ਕੀਤਾ। ਉਨ੍ਹਾਂ ਦਾ ਦਰਦ ਮੈਨੂੰ ਹੁਣ ਮਹਿਸੂਸ ਹੋ ਰਿਹਾ ਹੈ। ਉਨ੍ਹਾਂ ਵਲੋਂ ਹੰਢਾਇਆ ਦਰਦ ਮੇਰੇ ਕੋਲ ਵਾਪਸ ਆ ਰਿਹਾ ਹੈ। ਮੈਨੂੰ ਇਹ ਨਹੀਂ ਚਾਹੀਦਾ।"

ਅਨਵਰ ਨੂੰ ਆਪਣੇ ਗੁਨਾਹ ਦਾ ਅਹਿਸਾਸ ਜ਼ਰੂਰ ਹੋਇਆ, ਪਰ ਪਰਦੇ ਪਿੱਛੇ ਲੁਕੇ ਭੇੜੀਏ ਅਤੇ ਉਨ੍ਹਾਂ ਦੇ ਆਕਾ ਅੱਜ ਵੀ ਖ਼ੂਨ ਦੇ ਸੋਹਲੇ ਗਾ ਰਹੇ ਹਨ ਜਿਹਦੀ ਮਿਸਾਲ ਇਰਾਕ ਅਤੇ ਤਬਾਹ ਹੋਏ ਹੋਰ ਮੁਲਕਾਂ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। 'ਦਿ ਐਕਟ ਔਫ ਕਿਲਿੰਗ' ਇੰਡੋਨੇਸ਼ੀਆਈ ਤਰਾਸਦੀ ਦਾ ਇਤਿਹਾਸਕ ਦਸਤਾਵੇਜ਼ ਹੈ ਜੋ ਕਾਤਲਾਂ ਦੇ ਗੁਨਾਹ ਅਤੇ ਕਤਲ ਹੋਇਆਂ ਦੀ ਪੀੜ ਨੂੰ ਸਦੀਵੀ ਜਿਉਂਦਾ ਰੱਖੇਗੀ।



## ਸੰਸਾਰ ਪੱਧਰ 'ਤੇ ਬਹਿਸ

*ਇਸ ਫਿਲਮ ਵਿਚ ਇੰਡੋਨੇਸ਼ੀਆ ਨਾਲ ਸਬੰਧਤ ਬਹੁਤ ਹੌਲਨਾਕ ਦ੍ਰਿਸ਼ ਪੇਸ਼ ਕੀਤੇ ਗਏ ਹਨ। ਅੱਜ ਕੱਲ੍ਹ ਇਸ ਫਿਲਮ ਬਾਰੇ ਸੰਸਾਰ ਪੱਧਰ 'ਤੇ ਬਹਿਸ ਚੱਲ ਰਹੀ ਹੈ। ਫ਼ਿਲਮਸਾਜ਼ 'ਦਿ ਐਕਟ ਔਫ ਕਿਲਿੰਗ' ਨੂੰ ਅਨਵਰ ਕਾਂਗੋ, ਅਦੀ ਜੁਲਕਾਦਰੀ ਅਤੇ ਹਰਮਨ ਕੋਟੇ ਵਰਗੇ ਗੁੰਡਿਆਂ ਦੇ ਹਵਾਲੇ ਨਾਲ ਪੇਸ਼ ਕਰਦਾ ਹੈ।*


## ਪ੍ਰਤੀਕਰਮ-ਦਰ-ਪ੍ਰਤੀਕਰਮ

# ਲਿਓਨ ਤ੍ਰਾਤਸਕੀ ਦੀ ਪ੍ਰਸੰਗਿਕਤਾ

ਗੁਰਦਿਆਲ ਬੱਲ ਦਾ ਆਪਣੇ ਉਨ੍ਹਾਂ ਦੋਸਤਾਂ ਦੇ ਨਾਂ ਇੱਕ ਖੱਤ ਹੈ ਜਿਹੜੇ ਚੜ੍ਹਦੀ ਉਮਰੇ ਮਾਨਵ-ਮੁਕਤੀ ਦੀ ਵਿਸ਼ਵ-ਵਿਆਪੀ ਮਾਰਕਸੀ ਲਹਿਰ ਤੋਂ ਪ੍ਰਭਾਵਿਤ ਹੋਏ। ਇਨ੍ਹਾਂ ਨੇ ਨਿੱਜੀ ਸੁੱਖ ਅਨੰਦ, ਕੈਰੀਅਰ ਤੇ ਨੌਕਰੀਆਂ ਦੀ ਪ੍ਰਵਾਹ ਨਾ ਕਰਦੇ ਹੋਏ, ਜਾਤਾਂ-ਧਰਮਾਂ ਦੇ ਬੰਧਨਾਂ ਅਤੇ ਊਚ-ਨੀਚ ਦੇ ਵਿਚਾਰਾਂ ਤੋਂ ਉਪਰ ਉਠ ਕੇ ਬਸਤੀਵਾਦੀ, ਜੰਗਬਾਜ, ਸਾਮਰਾਜ ਵਿਰੁਧ ਅੰਦੋਲਨ ਨੂੰ ਪ੍ਰਣਾਈਆਂ ਧਿਰਾਂ ਲਈ ਆਪਣੀ ਜਵਾਨੀ ਦੀ ਊਰਜਾ ਸਮਰਪਿਤ ਕੀਤੀ। 'ਨੌ ਖੰਡ ਪ੍ਰਿਥਵੀ' ਦਾ ਢੋਆ ਬਣ ਕੇ ਇਤਿਹਾਸ ਦੀ ਸਭ ਤੋਂ ਵਿਆਪਕ ਮਾਨਵ ਭਲਾਈ ਨੂੰ ਸਮਰਪਿਤ ਕਮਿਊਨਿਸਟ ਲਹਿਰ ਵਿਚ ਆਪਣੀਆਂ ਜਾਨਾਂ ਤੇ ਜਵਾਨੀਆਂ ਦੀ ਆਹੂਤੀ ਪਾਈ।

ਗੁਰਦਿਆਲ ਬੱਲ ਨੇ ਆਪਣੇ ਖਤ (ਲੇਖ) ਵਿਚ ਇਸ ਲਹਿਰ ਨਾਲ ਜੁੜੇ, ਖਾਸ ਕਰਕੇ ਰੂਸ ਦੀ ਸਮਾਜਵਾਦੀ ਕ੍ਰਾਂਤੀ ਨਾਲ ਜੁੜੇ ਆਗੂਆਂ ਬਾਰੇ ਜਾਣਕਾਰੀ ਦਿੰਦੇ ਹੋਏ, ਸਮਾਜਵਾਦੀ ਕਿਲੇ ਦੇ ਰਖਵਾਲੇ ਕਹੇ ਜਾਂਦੇ ਜੋਜ਼ਫ ਸਟਾਲਿਨ ਦੀ ਤਬਾਹਕੁਨ ਭੂਮਿਕਾ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਸਟਾਲਿਨ ਨੇ ਸੱਤਾ 'ਤੇ ਕਾਬਜ਼ ਹੋ ਕੇ ਸਮਾਜਵਾਦੀ ਕ੍ਰਾਂਤੀ ਦੇ ਸਿਰਕੱਢ ਆਗੂਆਂ ਨੂੰ ਜ਼ਲੀਲ ਕੀਤਾ ਅਤੇ ਮੌਤ ਤੱਕ ਦੀਆਂ ਸਜ਼ਾਵਾਂ ਦਿੱਤੀਆਂ। ਉਸ ਨੇ ਆਪਣੇ ਨਾਲੋਂ ਕਿਤੇ ਵੱਡੀ ਯੋਗਤਾ ਤੇ ਸਮਰੱਥਾ ਵਾਲੇ ਸਾਥੀ ਤ੍ਰਾਤਸਕੀ ਨੂੰ ਦੇਸ਼ ਨਿਕਾਲਾ ਦਿੱਤਾ। ਅੰਤ ਆਪਣੇ ਜਸੂਸਾਂ ਰਾਹੀਂ ਉਸ ਨੂੰ ਕਤਲ ਕਰਾਉਣ ਦਾ ਘਿਨਾਉਣਾ ਪਾਪ ਵੀ ਕੀਤਾ। ਸਟਾਲਿਨ ਦੀ ਇਸ ਕਰੂਰਤਾ ਦਾ ਸ਼ਿਕਾਰ ਤ੍ਰਾਤਸਕੀ ਦੀ ਪ੍ਰਸੰਗਿਕਤਾ ਦਰਸਾਉਂਦੇ ਹੋਏ ਬੱਲ ਨੇ ਸਟਾਲਿਨ ਦੀ ਪੁਨਰ ਸਥਾਪਤੀ ਦੇ ਯਤਨਾਂ ਦੀ ਸੰਭਾਵੀ ਭਿਆਨਕਤਾ ਤੋਂ ਸੁਚੇਤ ਕੀਤਾ ਹੈ।

ਸਮਾਜਵਾਦੀ ਲਹਿਰ ਦੀ 'ਜਿੱਤ ਕੇ ਹਾਰੀ ਬਾਜ਼ੀ' ਅਤੇ ਇਸ ਦੁਖਾਂਤ ਲਈ ਸਟਾਲਿਨ ਦੀ ਜਿੰਮੇਵਾਰੀ ਤੈਅ ਕਰਨ ਹਿੱਤ ਬੱਲ ਨੇ ਇਹ ਖਤ ਲਿਖਿਆ ਹੈ। ਉਨ੍ਹਾਂ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਹਿੱਤ ਦਰਜਨਾਂ ਪੁਸਤਕਾਂ ਅਤੇ ਲੇਖਕਾਂ ਦੇ ਹਵਾਲੇ ਦਿੱਤੇ ਹਨ। ਹਰ ਇੱਕ ਸਿਰਕੱਢ ਆਗੂ ਬਾਰੇ ਬੱਲ ਨੇ ਕਿਸੇ ਨਾ ਕਿਸੇ ਪੁਸਤਕ ਦਾ ਸਟੀਕ ਹਵਾਲਾ ਪੇਸ਼ ਕੀਤਾ ਹੈ। ਪਰੰਤੂ ਇਸ ਲਿਖਤ ਉਪਰ ਆਪਣਾ ਪ੍ਰਤੀਕਰਮ ਪੇਸ਼ ਕਰਦੇ ਹੋਏ ਪ੍ਰਭਸ਼ਰਨਦੀਪ ਸਿੰਘ ਹੁਰਾਂ ਨੇ ਬੱਲ ਸਾਹਿਬ ਵੱਲੋਂ ਹਵਾਲਾ ਦਿੱਤੇ ਲਿਖਾਰੀਆਂ ਦੀ ਗਿਣਤੀ ਕਰਕੇ 84 ਨਾਮ ਆਪਣੀ ਟਿੱਪਣੀ ਵਿਚ ਦਰਜ ਕਰਦੇ ਹੋਏ ਹਵਾਲਿਆਂ ਦੀ ਏਨੀ ਵੱਡੀ ਗਿਣਤੀ ਨੂੰ ਇੱਕ ਡਿਕਟੇਟਰਾਨਾ ਕਾਰਜ ਕਿਹਾ ਹੈ। ਇਹ ਟਿੱਪਣੀ ਪੜ੍ਹ ਕੇ ਸਾਨੂੰ ਉਨ੍ਹਾਂ ਖੋਜਾਰਥੀਆਂ ਦਾ ਖਿਆਲ ਆਉਂਦਾ ਹੈ ਜਿਹੜੇ ਗੁਰੂਆਸ਼ਾ, ਗੁਰੂਅਮਲ, ਗੁਰੁਸੂਰਤ ਅਤੇ ਗੁਰਬਾਣੀ ਦੇ ਸੰਦੇਸ਼ ਬਾਰੇ ਕੋਈ ਮੌਲਿਕ ਜਾਂ ਅਰਥਭਰਪੂਰ ਵਿਚਾਰ ਪੇਸ਼ ਕਰਨ ਦੀ ਬਜਾਏ, ਕਿਹੜੇ ਗੁਰੂ ਸਾਹਿਬਾਨ ਵੱਲੋਂ, ਕਿੰਨੇ ਰਾਗਾਂ ਵਿਚ, ਕਿੰਨੇ ਸ਼ਬਦ, ਸਲੋਕ, ਪਉੜੀਆਂ, ਅਸ਼ਟਪਦੀਆਂ, ਵਾਰਾਂ ਦੀਆਂ ਕਿੰਨੀਆਂ ਤੁਕਾਂ ਲਿਖੀਆਂ ਹਨ ਆਦਿ ਦਾ ਵੇਰਵਾ ਪੇਸ਼ ਕਰਨ ਨੂੰ ਹੀ ਗੁਰਬਾਣੀ ਦੀ ਖੋਜ ਮੰਨਦੇ ਹਨ। ਇਸ ਨਾਲੋਂ ਪ੍ਰਭਸ਼ਨਰਦੀਪ ਸਿੰਘ ਆਪਣੀ ਟਿੱਪਣੀ ਦਾ ਆਧਾਰ ਕਿਸੇ ਵਿਚਾਰ ਦੀ



*ਲਿਓਨ ਤ੍ਰਾਤਸਕੀ*

ਥਾਂ 84 ਨਾਂਵਾਂ ਨੂੰ ਲੈ ਕੇ '84 ਦਾ ਗੇੜ' ਸਿਰਲੇਖ ਦਿੱਤਾ ਹੈ। ਉਨ੍ਹਾਂ ਨੇ ਕਿਸੇ ਪੁਸਤਕ ਜਾਂ ਲੇਖਿਕ ਦੇ ਹਵਾਲੇ ਦੇ ਸਬੰਧ ਵਿਚ ਕੋਈ ਇਤਰਾਜ਼, ਮੱਤਭੇਦ ਜਾਂ ਅਣਢੁੱਕਵਾਂ ਹੋਣ ਬਾਰੇ ਕੁਝ ਵੀ ਨਹੀਂ ਕਿਹਾ।

ਸੁਰਜੀਤ ਪਾਤਰ ਦਾ ਸ਼ੇਅਰ ਹੈ,  
ਅੱਗ ਦਾ ਸਫਾ ਹੈ  
ਓਸ ਤੇ ਪਾਣੀ ਦੀ ਲੀਕ ਹਾਂ,  
ਉਹ ਬਹਿਸ ਕਰ ਰਹੇ ਨੇ  
ਕਿ ਗਲਤ ਹਾਂ ਕਿ ਠੀਕ ਹਾਂ।

ਇਸ ਸ਼ੇਅਰ ਵਿਚਲਾ ਵਿਅੰਗ ਅਤੇ ਦੁਖਾਂਤ ਪ੍ਰਭਸ਼ਰਨਦੀਪ ਸਿੰਘ ਹੁਰਾਂ ਦੀ ਟਿੱਪਣੀ ਉਪਰ ਪੂਰੀ ਤਰ੍ਹਾਂ ਢੁੱਕਦਾ ਹੈ। ਸਟਾਲਿਨ ਦੀ ਭੂਮਿਕਾ ਬਾਰੇ ਬੱਲ ਦੇ ਸਟੈਂਡ ਅਤੇ ਤ੍ਰਾਤਸਕੀ ਨੂੰ ਖਤਮ ਕਰਨ, ਰੂਸ ਵਿਚ ਸਮਾਜਵਾਦੀ ਕ੍ਰਾਂਤੀ ਦੇ ਪਤਨ ਅਤੇ ਇਸ ਨਾਲ ਜੁੜੇ ਕਮਿਊਨਿਸਟ ਆਗੂਆਂ ਬਾਰੇ ਉਸ ਨੇ ਬਹੁਤ ਹੀ ਹਮਦਰਦੀ ਭਰੇ ਰੁਖ ਨਾਲ ਜ਼ਿਕਰ ਕੀਤਾ ਹੈ। ਇਸ ਬਾਰੇ ਪ੍ਰਭਸ਼ਰਨਦੀਪ ਸਿੰਘ ਹੁਰਾਂ ਕੋਲ ਕਹਿਣ ਲਈ ਕੁਝ ਵੀ ਨਹੀਂ। ਉਹ ਇਸ ਬੇਲੋੜੀ ਬਹਿਸ ਵਿਚ ਪੈ ਗਏ ਹਨ ਕਿ ਕੀ ਇਹ ਲੇਖ ਹੈ ਜਾਂ (ਅ) ਲੇਖ ਹੈ, ਸਾਹਿਤ ਹੈ ਜਾਂ ਫਿਲਾਸਫੀ। ਅਸੀਂ ਇਸ ਨੂੰ ਮਾਰਕਸਵਾਦੀ ਲਹਿਰ ਦੇ ਪਤਨ ਬਾਰੇ ਲਿਖਿਆ ਇੱਕ ਸ਼ੋਕ-ਗੀਤ (ਮਰਸੀਹਾ) ਕਹਿ ਸਕਦੇ ਹਾਂ। ਬੱਲ ਦੀਆਂ ਚੀਖਾਂ ਉਪਰ ਟਿੱਪਣੀਕਾਰ ਦੀਆਂ ਅੱਖਾਂ ਨੂੰ ਨਮ ਹੋਣਾ ਤਾਂ ਦੂਰ ਦੀ ਗੱਲ, ਆਮ ਜਿਹੀ ਹਮਦਰਦੀ ਵੀ ਮਹਿਸੂਸ ਹੁੰਦੀ ਨਹੀਂ ਜਾਪਦੀ। ਇਸ ਵਰਤਾਰੇ 'ਤੇ ਸਾਨੂੰ ਉਤਰੀ ਕੋਰੀਆ ਦੇ ਨੱਢੇ ਤਾਨਾਸ਼ਾਹ ਦਾ ਖਿਆਲ ਆਉਂਦਾ ਹੈ ਜਿਸ ਨੇ ਕੁਝ ਦਿਨ ਪਹਿਲਾਂ ਦੇਸ਼ ਦੇ ਇੱਕ ਸ਼ਕਤੀਸ਼ਾਲੀ ਆਗੂ ਅਤੇ ਆਪਣੇ ਸਕੇ ਚਾਚੇ ਨੂੰ ਮ੍ਰਿਤੂ ਦੰਡ ਦੇਣ ਦਾ ਅੱਤ ਘਿਨਾਉਣਾ ਤੇ ਕਰੂਰ ਢੰਗ ਅਪਨਾਉਂਦੇ ਹੋਏ, ਉਸ ਨੂੰ ਭੁੱਖੇ ਸ਼ਿਕਾਰੀ ਕੁੱਤਿਆਂ ਤੋਂ ਆਪਣੀਆਂ ਅੱਖਾਂ ਸਾਹਮਣੇ ਪੜਵਾਇਆ। ਇਸ ਨਜ਼ਾਰੇ ਨੂੰ ਦੇਖਦੇ ਸਮੇਂ ਉਹ ਮੁਸਕਰਾ ਰਿਹਾ ਸੀ। ਉਂਜ ਵੀ ਕੇਵਲ ਖਾਸ ਕਿਸਮ ਦਾ ਬਾਣਾ ਪਾ ਕੇ ਹੀ ਜਿਹੜੇ ਲੋਕ ਸਮਝਦੇ ਹਨ ਕਿ ਉਨ੍ਹਾਂ ਨੂੰ ਬਾਬੇ ਦੀ ਮਿਹਰ ਤੇ ਸਵਰਗਾਂ ਦਾ ਪੀ.ਆਰ. ਮਿਲ ਗਿਆ ਹੈ। ਉਨ੍ਹਾਂ ਲਈ ਮਾਨਵ ਮੁਕਤੀ ਦੇ ਕਿਸੇ ਵਿਆਪਕ ਅੰਦੋਲਨ ਦੇ ਅਸਫਲ ਹੋ ਜਾਣ ਤੇ ਦੁੱਖ ਹੋਣ ਦੀ ਥਾਂ ਇੱਕ ਕਿਸਮ ਦੀ ਤਸੱਲੀ ਹੀ ਹੁੰਦੀ ਹੈ। ਕੇਵਲ ਅਜਿਹੀ ਮਨੋਦਸ਼ਾ ਹੀ ਕਿਸੇ ਤਵਾਰੀਖੀ ਦੁਖਾਂਤ ਉਪਰ ਲੱਚਰ ਕਿਸਮ ਦਾ ਬਿਦੂਸ਼ਕੀ ਵਿਅੰਗ ਕਰ ਸਕਦੀ ਹੈ।

***-ਅਮਰਜੀਤ ਸਿੰਘ ਪਰਾਗ***

# ਲਿਓਨ ਤ੍ਰਾਤਸਕੀ ਦੀ ਪ੍ਰਸੰਗਿਕਤਾ ਨੂੰ ਸਮਝਣ ਦੀ ਲੋੜ

ਗੁਰਦਿਆਲ ਬੱਲ ਦਾ ਪੱਤਰ-ਲੇਖ 'ਲਿਓਨ ਤਰਾਤਸਕੀ ਦੀ ਪ੍ਰਸੰਗਿਕਤਾ ਨੂੰ ਸਮਝਣ ਦੀ ਲੋੜ ਵਜੋਂ' ਸਮਕਾਲੀਨ ਪੰਜਾਬ ਦੇ ਸੁੰਗੜਦੇ-ਸੁੱਕਦੇ ਪ੍ਰਵਚਨੀ ਭੂ-ਦ੍ਰਿਸ਼ ਵਿਚ ਇਕ ਮਹੱਤਵਪੂਰਨ ਉਪਰਾਲਾ ਹੈ। ਬੱਲ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਅਜਿਹੇ ਲੇਖ ਦੇ ਪਾਠਕਾਂ ਦੀ ਗਿਣਤੀ ਬਹੁਤੀ ਨਹੀਂ ਹੋ ਸਕਦੀ ਪਰ ਫਿਰ ਵੀ ਅਜਿਹੇ ਲੇਖਾਂ ਅਤੇ ਪਾਠਕਾਂ ਦੀ ਹਾਜ਼ਰੀ ਕਿਸੇ ਵੀ ਦੌਰ ਵਿਚ ਮਾਇਨੇ ਰੱਖਦੀ ਹੈ।

ਆਧੁਨਿਕ ਰੂਸ ਦੇ ਇਤਿਹਾਸ ਦੀ ਯਾਤਰਾ ਉਪਰ ਨਿਕਲੇ ਬੱਲ ਦਾ ਮੁੱਖ ਸਰੋਕਾਰ ਇਨਸਾਨੀ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਜਿਉਣਾ ਅਤੇ ਉਸ ਨੂੰ ਜਿਊਣ ਦੀ ਰਾਹ ਵਿਚ ਆਉਂਦੀਆਂ ਰੁਕਾਵਟਾਂ ਦੀ ਨਿਸ਼ਾਨਦੇਹੀ ਕਰਨਾ ਹੈ। ਨਿਜ ਤੋਂ ਸਮਾਜ ਤੱਕ ਦਾ ਸਫ਼ਰ ਕਰਦਿਆਂ ਹੁਸੀਨ ਮਨੁੱਖੀ ਸੁਪਨੇ ਕਿਸ ਤਰ੍ਹਾਂ ਭਿਆਨਕ ਇਤਿਹਾਸਕ ਵਰਤਾਰੇ ਹੋ ਨਿਬੜਦੇ ਹਨ, ਬੱਲ ਇਸ ਸੁਆਲ ਨਾਲ ਬਾਰ-ਬਾਰ ਮੁਖ਼ਾਤਬ ਹੁੰਦਾ ਹੈ। ਜੇਕਰ ਸਟਾਲਿਨ ਦੀਆਂ ਵਧੀਕੀਆਂ ਉਸ ਨੂੰ ਕਿਸੇ ਵੀ ਕੀਮਤ ਉਪਰ ਕਬੂਲ ਨਹੀਂ ਤਾਂ ਕਾਰਣ ਇਹੋ ਹੈ ਕਿ ਉਸ ਨੇ ਜ਼ਿੰਦਗੀ ਦੇ ਖਿਲਾਫ਼ ਨਾ ਮੁਆਫ਼ ਕੀਤੇ ਜਾਣ ਵਾਲੇ ਗੁਨਾਹ ਕੀਤੇ। ਤ੍ਰਾਤਸਕੀ ਦੀ ਅਸਫ਼ਲਤਾ ਜੇਕਰ ਬੱਲ ਨੂੰ ਮਨਜ਼ੂਰ ਹੈ ਤਾਂ ਵੀ ਇਸੇ ਲਈ ਕਿ ਉਸ ਦੇ ਕਿਰਦਾਰ ਅਤੇ ਗੁਫ਼ਤਾਰ ਵਿਚ ਜਿਸ ਸਖਸ਼ੀਅਤ ਦੇ ਦਰਸ਼ਨ ਬੱਲ ਨੂੰ ਹੁੰਦੇ ਹਨ, ਉਹ ਜ਼ਿੰਦਗੀ ਨਾਲ ਬੇਇੰਤਹਾ ਮੁਹੱਬਤ ਦਾ ਨਤੀਜਾ ਹੈ।

ਲੈਨਿਨ ਅਤੇ ਰੂਸੀ ਕ੍ਰਾਂਤੀ ਨੂੰ ਵੀ ਬੱਲ ਰੂਸੀ ਚਿੰਤਨ ਦੀ ਮਹਾਨ ਅਤੇ ਗੰਭੀਰ ਪਰੰਪਰਾ ਦੇ ਪ੍ਰਸੰਗ ਵਿਚ ਵਾਚਦਾ ਹੈ, ਜਿਸ ਵਿਚ ਸੁਹਣੇ ਸਮਾਜ ਅਤੇ ਮਨੁੱਖ ਨੂੰ ਸਿਰਜਣ ਦਾ ਵਿਸ਼ਾ ਪ੍ਰਮੁੱਖ ਹੈ। ਲੇਖਕ ਦਾ ਇਹ ਕਹਿਣਾ ਸਹੀ ਹੈ ਕਿ ਦਾਸਤੋਵਸਕੀ ਵਰਗੇ ਦਰਵੇਸ਼ ਕੋਲ ਇਸ ਸੁਆਲ ਦਾ ਜੁਆਬ ਨਹੀਂ ਸੀ ਕਿ ਮਨੁੱਖੀ ਜੀਵਨ ਦੀ ਸ਼ਾਨ ਨੂੰ ਸਭ ਮਨੁੱਖਾਂ ਲਈ ਬਰਕਰਾਰ ਕਿਵੇਂ ਰੱਖਿਆ ਜਾਵੇ। ਫਿਰ ਵੀ ਇਸ ਨੂੰ ਰੂਸੀ ਸਮਾਜ ਦੀ ਤ੍ਰਾਸਦੀ ਹੀ ਕਿਹਾ ਜਾ ਸਕਦਾ ਹੈ ਉਥੇ ਹਾਲਾਤ ਹੱਥੋਂ ਬਾਹਰ ਨਿਕਲਦੇ ਹੀ ਚਲੇ ਗਏ, ਬੇਸ਼ੱਕ ਈਮਾਨਦਾਰ ਨੇਤਾਵਾਂ ਅਤੇ ਸੁਪਨਸਾਜ਼ਾਂ ਦੀ ਕੋਈ ਘਾਟ ਨਹੀਂ ਸੀ। ਸ਼ਾਇਦ ਅਜਿਹੀ ਤ੍ਰਾਸਦੀ ਵੱਲ ਇਕ ਸੂਖ਼ਮ ਸੰਕੇਤ ਦਾਸਤੋਵਸਕੀ ਆਪਣੇ ਨਾਵਲ 'ਜ਼ੁਰਮ ਅਤੇ ਸਜ਼ਾ' ਦੇ ਕਿਰਦਾਰ ਰਾਸਕੌਲਨੀਕੋਵ ਨੂੰ ਸਿਰਜ ਕੇ ਪਹਿਲਾਂ ਹੀ ਕਰ ਗਿਆ ਸੀ।

ਲੇਖ ਦੀ ਸਭ ਤੋਂ ਮਹੱਤਵਪੂਰਨ ਗੱਲ ਮੈਨੂੰ ਇਹ ਲੱਗੀ ਕਿ ਇਸ ਵਿਚ ਇਤਿਹਾਸ ਦੇ ਕਿਰਦਾਰਾਂ ਅਤੇ ਘਟਨਾਵਾਂ ਨੂੰ ਸਿੱਧਰੇਪਣ ਨਾਲ ਜੱਜ ਕਰਨ ਤੋਂ ਗੁਰੇਜ਼ ਕੀਤਾ ਗਿਆ ਹੈ। ਅਫ਼ਗਾਨਿਸਤਾਨ ਵਿਚ ਰੂਸ ਦੇ ਆਉਣ ਦੀਆਂ ਇਤਿਹਾਸਕ ਮਜਬੂਰੀਆਂ ਤੋਂ ਲੈ ਕੇ ਸੋਵੀਅਤ ਯੂਨੀਅਨ ਦੇ ਟੁੱਟਣ ਤੱਕ ਦੀਆਂ ਘਟਨਾਵਾਂ ਨੂੰ ਸਮਝਣ ਲਈ ਮੁਸ਼ੱਕਤ ਦੀ ਲੋੜ ਹੈ।

ਆਪੋ ਆਪਣੇ ਘਰੀਂ ਬੈਠ ਕੇ ਫਰਮਾਨ ਸੁਣਾਉਣ ਨਾਲ ਘਟਨਾ ਕ੍ਰਮ ਦੀ ਪੇਚੀਦਗੀ ਤੋਂ ਲੁਕਿਆ ਜਾ ਸਕਦਾ ਹੈ। ਉਸ ਦੀ ਜਟਿਲ ਅਤੇ ਲੁਕਵੀਂ ਬਹੁਪਰਤੀ ਸੱਚਾਈ ਨੂੰ ਸਮਝਣ ਵੱਲ ਕੋਈ ਕਦਮ ਨਹੀਂ ਪੁੱਟਿਆ ਜਾ ਸਕਦਾ। ਲੇਖਕ ਜੇ ਉਸ ਪੇਚੀਦਗੀ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਸ਼ਾਇਦ ਇਸੇ ਲਈ ਕਿ ਉਹ ਬੇਹਤਰ ਸੰਸਾਰ ਬਣਾਉਣ ਦੀਆਂ ਕੋਸ਼ਿਸ਼ਾਂ ਤੋਂ ਅਜੇ ਨਿਰਾਸ਼ ਨਹੀਂ ਹੋਇਆ। ਦੂਜੇ ਪਾਸੇ ਉਹ ਇਤਿਹਾਸ ਦੇ ਕਿਰਦਾਰਾਂ ਨੂੰ ਬਿਨਾਂ ਸਮਝੇ ਦੋਸ਼ੀ ਵੀ ਨਹੀਂ ਠਹਿਰਾਉਣਾ ਚਾਹੁੰਦਾ।

ਲੇਖ ਵਿਚਲੀ ਇਹ ਗੱਲ ਮੈਨੂੰ ਪਾਠਕ ਵਜੋਂ ਖ਼ਾਸੀ ਚੰਗੀ ਲੱਗੀ ਹੈ ਕਿ ਬੱਲ ਨੇ ਨਿੱਗਰ ਦਲੀਲ ਬੰਨੀ ਹੈ ਪਰ ਨਾਲ ਹੀ 'ਲੇਖ' (ਯਾਨਿ 'ਨਿਬੰਧ') ਨੂੰ ਬੰਧਨਾਂ ਵਿਚ ਲੋੜ ਤੋਂ ਵੱਧ ਬੰਨਣ ਦੀ ਕੋਸ਼ਿਸ਼ ਨਹੀਂ ਕੀਤੀ।

***-ਰਾਜੇਸ਼ ਸ਼ਰਮਾ***  
***ਅੰਗਰੇਜ਼ੀ ਵਿਭਾਗ,***  
***ਪੰਜਾਬੀ ਯੂਨੀਵਰਸਿਟੀ ਪਟਿਆਲਾ।***

# ਤ੍ਰਾਤਸਕੀ ਅਤੇ ਬਰੈਸਤ-ਲਿਤੋਵਸਕ ਸੰਧੀ

'ਪੰਜਾਬ ਟਾਈਮਜ਼' ਵਿਚ ਤ੍ਰਾਤਸਕੀ ਬਾਰੇ ਲੇਖ ਮੈਂ ਬੜੀ ਨੀਝ ਨਾਲ ਪੜ੍ਹੇ ਹਨ। ਤ੍ਰਾਤਸਕੀ ਦੇ ਪੱਖ ਵਾਲੇ ਲੋਕ ਜੋ ਦੋਸ਼ ਤ੍ਰਾਤਸਕੀ-ਵਿਰੋਧੀਆਂ ਉਤੇ ਲਾਉਂਦੇ ਹਨ, ਖੁਦ ਵੀ ਉਸੇ ਮਰਜ਼ ਦਾ ਸ਼ਿਕਾਰ ਹਨ। ਮੈਨੂੰ ਤਾਂ ਇਸ ਤਰ੍ਹਾਂ ਵੀ ਜਾਪਿਆ ਕਿ ਦੋਵੇਂ ਧਿਰਾਂ ਆਪੋ-ਆਪਣਾ ਪਾਸਾ ਮੱਲੀ ਬੈਠੀਆਂ ਹਨ। ਇਕ ਧਿਰ, ਦੂਜੀ ਧਿਰ ਦੀ ਗੱਲ ਵੀ ਸੁਣਨ ਨੂੰ ਤਿਆਰ ਨਹੀਂ ਹੈ। ਇਹ ਤਾਂ ਹੋਈ ਇਕ ਗੱਲ, ਦੂਜੀ ਗੱਲ ਗਲਤ ਤੱਥ ਪੇਸ਼ ਕਰਨ ਦੀ ਹੈ।

ਬਘੇਲ ਸਿੰਘ ਬਲ ਨੇ ਅੰਮ੍ਰਿਤਪਾਲ ਸਿੰਘ ਦੇ ਲੇਖ ਦਾ ਜਵਾਬ ਬੜੇ ਸਲੀਕੇ ਨਾਲ ਅਤੇ ਇਕ-ਇਕ ਨੁਕਤੇ ਦੇ ਹਿਸਾਬ ਨਾਲ ਦਿੱਤਾ ਹੈ ਪਰ ਬਰੈਸਤ-ਲਿਤੋਵਸਕ ਸੰਧੀ ਬਾਰੇ ਉਹ ਵੀ ਸੱਚ ਬਿਆਨ ਕਰਨ ਤੋਂ ਉਕ ਗਏ ਹਨ। ਜਰਮਨਾਂ ਨੇ ਸੰਧੀ ਹੋਣ ਸਾਰ ਹੀ ਹਮਲਾ ਨਹੀਂ ਸੀ ਕੀਤਾ ਜਿਸ ਤਰ੍ਹਾਂ ਬਘੇਲ ਸਿੰਘ ਬੱਲ ਨੇ ਲਿਖਿਆ ਹੈ। ਤ੍ਰਾਤਸਕੀ ਤਾਂ ਇਹ ਕਹਿ ਕੇ ਪਿਛੇ ਹਟ ਗਿਆ ਸੀ ਕਿ ਜਰਮਨੀ ਦੀਆਂ ਸ਼ਰਤਾਂ ਮਨਜ਼ੂਰ ਨਹੀਂ ਕੀਤੀਆਂ ਜਾ ਸਕਦੀਆਂ। ਇਸ ਤੋਂ ਬਾਅਦ ਜਰਮਨੀ ਨੇ ਉਹੀ ਸ਼ਰਤਾਂ ਮੰਨਣ ਲਈ ਅਲਟੀਮੇਟਮ ਦਿੱਤਾ ਸੀ ਅਤੇ ਅਲਟੀਮੇਟਮ ਦਾ ਸਮਾਂ ਮੁੱਕਣ ਤੋਂ ਅਗਲੇ ਦਿਨ ਧਾਵਾ ਵੀ ਬੋਲ ਦਿੱਤਾ ਸੀ। ਇਸ ਹਮਲੇ ਤੋਂ ਬਾਅਦ ਰੂਸੀ ਲੀਡਰ ਸ਼ਰਤਾਂ ਮੰਨਣ ਲਈ ਤਿਆਰ ਹੋ ਗਏ ਸਨ, ਹੋਰ ਕੋਈ ਚਾਰਾ ਵੀ ਨਹੀਂ ਸੀ ਸ਼ਾਇਦ; ਪਰ ਉਸ ਵੇਲੇ ਜਰਮਨੀ ਨੇ ਰੂਸੀਆਂ ਦੀ ਗੱਲ ਨਹੀਂ ਸੀ ਸੁਣੀ। ਜਦ ਗੱਲ ਸੁਣੀ ਤਾਂ ਪਹਿਲਾਂ ਨਾਲੋਂ ਵੀ ਸਖਤ ਸ਼ਰਤਾਂ ਰੱਖੀਆਂ ਅਤੇ ਰੂਸੀਆਂ ਨੂੰ ਦੁਬਾਰਾ ਰੱਖੀਆਂ ਇਹ ਸ਼ਰਤਾਂ ਮੰਨਣੀਆਂ ਵੀ ਪਈਆਂ। ਇਥੇ ਤ੍ਰਾਤਸਕੀ ਦਾ ਰੋਲ ਗੈਰ-ਜ਼ਿੰਮੇਵਾਰੀ ਵਾਲਾ ਰਿਹਾ। ਠੀਕ ਹੈ ਕਿ 'ਰੂਸੀ ਇਨਕਲਾਬੀਆਂ ਨੇ ਜ਼ਾਰ ਤੇ ਬੁਰਜੂਆਜ਼ੀ ਨੂੰ ਇਸ ਕਰ ਕੇ ਨਹੀਂ (ਸੀ) ਹਰਾਇਆ ਕਿ ਜਰਮਨੀ ਦੇ ਕੈਂਸਰ ਅੱਗੇ ਗੋਡੇ ਟੇਕ ਦਿੱਤੇ ਜਾਂਦੇ' ਪਰ ਉਸ ਹਾਲਾਤ ਦਾ ਕੀ ਕੀਤਾ ਜਾਂਦਾ ਜਿਹੜਾ ਉਸ ਵਕਤ ਦਿਉ ਬਣ ਕੇ ਸਾਹਮਣੇ ਆਣ ਖਲੋਤਾ ਸੀ। ਉਸ ਵਕਤ ਤ੍ਰਾਤਸਕੀ ਤਾਂ ਹਾਲਾਤ ਨੂੰ ਪਾਸੇ ਰੱਖ ਕੇ ਪਿਛਾਂਹ ਮੁੜ ਆਇਆ ਅਤੇ ਮਗਰੋਂ ਚੰਗਾ-ਮਾੜਾ ਜਿਸ ਤਰ੍ਹਾਂ ਵੀ ਸਰਿਆ, ਉਹ ਲੈਨਿਨ ਨੇ ਹੀ ਕੀਤਾ।

ਸੋ, ਲੈਨਿਨ ਅਤੇ ਤ੍ਰਾਤਸਕੀ ਵਿਚਕਾਰ ਇਹੀ ਵੱਡਾ ਫਰਕ ਹੈ। ਲੈਨਿਨ ਹਾਲਾਤ ਨਾਲ ਘੁਲਿਆ ਅਤੇ ਤ੍ਰਾਤਸਕੀ ਪਿੜ ਤੋਂ ਲਾਂਭੇ ਖੜ੍ਹ ਕੇ ਤਮਾਸ਼ਬੀਨ ਬਣ ਗਿਆ। ਇਸ ਇਤਿਹਾਸ ਨੂੰ ਕੋਈ ਨਹੀਂ ਝੁਠਲਾ ਸਕਦਾ। ਬਘੇਲ ਸਿੰਘ ਬੱਲ ਨੂੰ ਚਾਹੀਦਾ ਸੀ ਕਿ ਉਹ ਇਸ ਸੰਧੀ ਬਾਰੇ ਤ੍ਰਾਤਸਕੀ ਦੀ ਵਡਿਆਈ ਕਰਨ ਦੀ ਥਾਂ ਉਸ ਦੀ ਕਮਜ਼ੋਰੀ ਦੀ ਨਿਸ਼ਾਨਦੇਹੀ ਕਰਦੇ ਪਰ ਉਨ੍ਹਾਂ ਨੇ ਸ਼ਾਇਦ ਅਜਿਹਾ ਕਰਨਾ ਨਹੀਂ ਸੀ। ਮੈਂ ਅਜਿਹਾ ਇਸ ਕਰ ਕੇ ਨਹੀਂ ਲਿਖ ਰਿਹਾ ਕਿ ਮੈਂ ਕੋਈ ਸਤਾਲਿਨ ਜਾਂ ਲੈਨਿਨ ਦੇ ਹੱਕ ਵਿਚ ਹਾਂ, ਸਗੋਂ ਇਸ ਕਰ ਕੇ ਲਿਖ ਰਿਹਾਂ ਹਾਂ ਕਿ ਲੜਾਈ ਵਿਚ ਬਹੁਤ ਸਾਰੇ ਫੈਸਲੇ ਮੌਕੇ 'ਤੇ ਕਰਨੇ ਪੈਂਦੇ ਹਨ। ਸ਼ਸ਼ੋਪੰਜ ਵਿਚ ਪੈ ਕੇ ਤਾਂ ਮਸਲੇ ਉਲਝਦੇ ਹੀ ਹਨ। ਇਸ ਸੰਧੀ ਦੇ ਮਾਮਲੇ 'ਤੇ ਵੀ ਇਹੀ ਕੁਝ ਹੋਇਆ। ਇਨਕਲਾਬੀਆਂ ਨੂੰ ਪਹਿਲਾਂ ਨਾਲੋਂ ਵੀ ਸਖਤ ਸ਼ਰਤਾਂ ਮੰਨਣੀਆਂ ਪਈਆਂ, ਸਿਰਫ ਤ੍ਰਾਤਸਕੀ ਕਰ ਕੇ। ਮੇਰੀ ਬਘੇਲ ਸਿੰਘ ਬੱਲ ਨੂੰ ਬੇਨਤੀ ਹੈ ਕਿ ਉਹ ਤ੍ਰਾਤਸਕੀ ਦੇ ਹੱਕ ਵਿਚ ਜੀਅ ਸਦਕੇ ਲਿਖਣ; ਸੱਚਮੁੱਚ ਕੁਝ ਮਸਲਿਆਂ ਬਾਰੇ ਸਤਾਲਿਨ ਦੀ ਨਿੰਦਾ ਕਰਨੀ ਹੀ ਬਣਦੀ ਹੈ ਪਰ ਇਸ ਨਾਲ ਤ੍ਰਾਤਸਕੀ ਵੱਡਾ ਸਾਬਤ ਹੁੰਦਾ ਹੋਵੇਗਾ, ਮੇਰੀ ਸਮਝ ਤੋਂ ਤਾਂ ਬਾਹਰ ਹੈ।

***-ਰਣਜੀਤ ਸਿੰਘ ਭੋਮਾ***  
***ਲੁਧਿਆਣਾ।***

## ਸੰਪਾਦਕ ਦੀ ਡਾਕ

# ਮਾਏ ਨੀ ਹੁਣ ਮਾਰ ਉਡਾਰੀ

ਗੁਰਦਿਆਲ ਦਲਾਲ ਦੀ ਲੇਖ ਲੜੀ 'ਛਾਤੀ ਅੰਦਰਲੇ ਥੇਹ' ਵਾਲੇ ਸਾਰੇ ਲੇਖ ਮੈਂ ਪੜ੍ਹੇ ਹਨ। ਸੱਚਮੁੱਚ ਲੇਖਕ ਨੇ ਦਿਲ ਦੀਆਂ ਗਹਿਰਾਈਆਂ ਵਿਚ ਪਈਆਂ ਗੱਲਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਹਨ। 25 ਜਨਵਰੀ ਦੇ ਅੰਕ ਵਿਚ ਛਪੀ ਆਖਰੀ ਕਿਸ਼ਤ 'ਮਾਏ ਨੀ ਹੁਣ ਮਾਰ ਉਡਾਰੀ' ਨੇ ਬਹੁਤ ਭਾਵੁਕ ਕਰ ਦਿੱਤਾ, ਅੱਖਾਂ 'ਚ ਅੱਥਰੂ ਸਿਮ ਆਏ। ਇਹ ਕਹਾਣੀ ਇਕੱਲੇ ਗੁਰਦਿਆਲ ਦੀ ਨਹੀਂ ਹੈ, ਇਹ ਥੋੜ੍ਹੇ-ਬਹੁਤੇ ਫਰਕ ਨਾਲ ਸ਼ਾਇਦ ਸਭ ਦੀ ਹੈ ਪਰ ਗੁਰਦਿਆਲ ਦਲਾਲ ਨੇ ਸੱਚ ਬੋਲਣ ਦਾ ਜੇਰਾ ਕੀਤਾ ਹੈ। ਜ਼ਿੰਦਗੀ ਵਿਚ ਬਹੁਤ ਸਾਰੀਆਂ ਘਟਨਾਵਾਂ ਵਾਪਰਦੀਆਂ ਹਨ ਜਿਹੜੀਆਂ ਸਾਰੀ ਉਮਰ ਬੰਦੇ ਨੂੰ ਤੰਗ ਕਰਦੀਆਂ ਰਹਿੰਦੀਆਂ ਹਨ। ਇਹ ਉਹ ਘਟਨਾਵਾਂ ਹੁੰਦੀਆਂ ਜਿਨ੍ਹਾਂ ਬਾਰੇ ਕੋਈ ਕਿਸੇ ਨਾਲ ਗੱਲ ਵੀ ਨਹੀਂ ਕਰਦਾ, ਜਾਂ ਗੱਲ ਕਰਨ ਤੋਂ ਜਕਦਾ ਹੈ। ਲੇਖਕ ਨੇ ਮਾਂ ਬਾਰੇ ਗੱਲਾਂ ਬਿਆਨ ਕਰ ਕੇ ਦੱਬੇ ਪਏ ਦਰਦ ਮੁੜ ਤੋਂ ਜਗਾ ਦਿੱਤੇ। ਸੱਚਮੁੱਚ ਇਸ ਰਚਨਾ ਨੇ ਰੁਆ ਦਿੱਤਾ।

ਇਸੇ ਅੰਕ ਵਿਚ ਮੇਜਰ ਕੁਲਾਰ ਦੇ ਲੇਖ 'ਨਿੱਤ ਉਡਣ ਜਹਾਜ਼ ਉਡੀਕਾਂ ਦੇ' ਵਿਚ ਉਸ ਨੇ ਇਥੇ ਪੱਕੇ ਹੋਣ ਲਈ ਰੁਲਦੀਆਂ ਜ਼ਿੰਦਗੀਆਂ ਬਾਰੇ ਜੋ ਕੁਝ ਲਿਖਿਆ ਹੈ, ਉਸ ਨੇ ਵੀ ਬਹੁਤ ਝੰਜੋੜਿਆ ਹੈ। ਕਈ ਵਾਰ ਤਾਂ ਇਹ ਵੀ ਲੱਗਣ ਲੱਗ ਪੈਂਦਾ ਹੈ ਕਿ ਆਦਮੀ ਆਖਰ ਕਾਹਦੇ ਲਈ ਇੰਨਾ ਭੱਜਾ ਫਿਰਦਾ ਹੈ?

ਡਾ. ਗੁਰਨਾਮ ਕੌਰ ਦੇ ਗੁਰਮਤਿ ਬਾਰੇ ਵਿਚਾਰ ਅਤੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਵੱਲੋਂ ਗੁਰਬਾਣੀ ਦੀ ਵਿਆਖਿਆ ਤੁਸੀਂ ਹਰ ਹਫਤੇ ਛਾਪ ਕੇ ਪੁੰਨ ਹੀ ਖੱਟਦੇ ਹੋ। ਮੇਰੇ ਵਰਗਾ ਬੰਦਾ ਜਿਹੜਾ ਗੁਰਦੁਆਰੇ ਤੱਕ ਵੀ ਨਹੀਂ ਜਾ ਸਕਦਾ, ਗੁਰਬਾਣੀ ਨਾਲ ਜੁੜਿਆ ਰਹਿੰਦਾ ਹੈ। ਤੁਸੀਂ ਹਰ ਹਫਤੇ ਸਾਡੇ ਲਈ ਕਿੰਨਾ ਕੁਝ ਲੈ ਕੇ ਆਉਂਦੇ ਹੋ। ਦਿਲ ਲੱਗਿਆ ਰਹਿੰਦਾ ਹੈ। ਜਦ ਕਦੇ ਦਿਲ ਵਿਚ ਨਿਰਾਸ਼ਾ ਸਿਰ ਚੁੱਕਦੀ ਹੈ, 'ਪੰਜਾਬ ਟਾਈਮਜ਼' ਵਿਚ ਛਪੀਆਂ ਗੱਲਾਂ ਚੇਤੇ ਕਰ ਲਈਦੀਆਂ ਹਨ।

***-ਨਿਰਮਲ ਸਿੰਘ ਵੜੈਚ, ਸੈਨ ਫਰਾਂਸਿਸਕੋ।***

# ਦੇਸਰਾਜ 'ਝੱਲੀ' ਦੇ ਧਿਆਨ ਹਿਤ

'ਪੰਜਾਬ ਟਾਈਮਜ਼' ਦੇ 18 ਜਨਵਰੀ ਦੇ ਅੰਕ ਵਿਚ ਦੇਸਰਾਜ 'ਝੱਲੀ' ਦੇ ਵਿਚਾਰ ਪੜ੍ਹੇ। ਉਸ ਵੱਲੋਂ ਲੇਖਕ ਮੇਜਰ ਸਿੰਘ ਕੁਲਾਰ ਦੀ ਕੀਤੀ ਆਲੋਚਨਾ ਚੰਗੀ ਨਹੀਂ ਲੱਗੀ। ਇਉਂ ਜਾਪਿਆ ਸ੍ਰੀ ਝੱਲੀ ਲੇਖਕ ਨਾਲ ਕੁਝ ਵਧੇਰੇ ਹੀ ਜ਼ਿਆਦਤੀ ਕਰ ਗਏ ਹਨ। ਇਹ ਸਹੀ ਹੈ ਕਿ ਪੰਜਾਬ ਟਾਈਮਜ਼ ਸਭ ਵਿਚਾਰਾਂ ਨੂੰ ਢੁਕਵੀਂ ਥਾਂ ਦਿੰਦਾ ਹੈ ਪਰ ਕਿਸੇ ਲੇਖਕ ਨੂੰ ਇੰਜ ਨਿਰਉਤਸ਼ਾਹਤ ਕਰਨਾ ਵੀ ਸਹੀ ਨਹੀਂ ਕਿਹਾ ਜਾ ਸਕਦਾ। ਕੁਲਾਰ ਉਹ ਹੀਰਾ ਲੇਖਕ ਹੈ ਜੋ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਚਰਚਾ ਕਰਦਾ ਹੈ। ਡੇਰਾਵਾਦ, ਆਪਸੀ ਈਰਖਾ ਤੇ ਪਦਾਰਥਵਾਦ ਦੀ ਦੌੜ ਵਿਚ ਰਿਸ਼ਤਿਆਂ ਦੇ ਘਾਣ, ਪਰਵਾਸੀ ਪੰਜਾਬੀਆਂ ਦੀਆਂ ਜਾਇਦਾਦਾਂ ਦੱਬਣ, ਬੇਜੋੜ ਵਿਆਹ ਅਤੇ ਹੋਰ ਅਜਿਹੇ ਲੋਕ ਹਿਤੂ ਮੁੱਦਿਆਂ ਬਾਰੇ ਉਹ ਨਿਡਰ ਹੋ ਕੇ ਲਿਖਦਾ ਹੈ। ਇਹ ਲੇਖਕ ਤਰਲੋਚਨ ਸਿੰਘ ਦੁਪਾਲਪੁਰ, ਬੂਟਾ ਸਿੰਘ, ਬੀਬੀ ਗੁਰਨਾਮ ਕੌਰ, ਬੀਬੀ ਸੁਰਜੀਤ ਕੌਰ, ਪ੍ਰਿ. ਸਰਵਣ ਸਿੰਘ, ਗੁਰਬਚਨ ਸਿੰਘ ਆਦਿ ਲੇਖਕਾਂ ਵਾਲੀ ਕਤਾਰ ਵਿਚ ਖੜ੍ਹਦਾ ਹੈ।

ਰਾਮ ਲਾਲ ਦਾ ਇਹ ਇਤਰਾਜ਼ ਜਾਇਜ਼ ਨਹੀਂ ਕਿ ਲੇਖਕ ਕੁਲਾਰ ਨੇ ਸਾਧ ਨੂੰ ਫੋਨ ਕਿਉਂ ਲਿਆ ਕੇ ਦਿੱਤਾ, ਸਾਧ ਨੂੰ ਕਿਉਂ ਨਹੀਂ ਟੋਕਿਆ, ਜਾਂ ਉਸ ਮਾਤਾ ਦੇ ਘਰ ਹੀ ਨਾ ਜਾਂਦਾ ਜਿਥੇ ਸਾਧ ਆਇਆ ਬੈਠਾ ਸੀ। ਸੋਚਣ ਵਾਲੀ ਗੱਲ ਹੈ ਕਿ ਜੇ ਕੋਈ ਕਿਤੇ ਜਾਵੇਗਾ ਹੀ ਨਹੀਂ, ਤਾਂ ਘਰੇ ਬੈਠ ਕੇ ਕਿਸੇ ਨੂੰ ਕੀ ਪਤਾ ਲੱਗੇਗਾ ਕਿ ਉਥੇ ਕੀ ਗਲਤ ਹੋ ਰਿਹਾ ਹੈ, ਕੀ ਨਹੀਂ? ਕੁਲਾਰ ਤਾਂ ਸਗੋਂ ਉਥੇ ਗਿਆ ਹੀ ਨਹੀਂ, ਉਥੇ ਉਹਨੇ ਆਪਣੇ ਆਪ ਦਾ ਬਚਾਅ ਵੀ ਕੀਤਾ, ਨਾਲੇ ਉਹ ਸਿੱਖੀ ਅਸੂਲਾਂ 'ਤੇ ਵੀ ਪੱਕਾ ਰਿਹਾ। ਸਮਝਣ ਤੇ ਸਮਝਾਉਣ ਲਈ ਲੇਖਕਾਂ ਅਤੇ ਲੋਕਾਂ ਨੂੰ ਅਜਿਹੀਆਂ ਥਾਂਵਾਂ 'ਤੇ ਜਾਣਾ ਹੀ ਪੈਂਦਾ ਹੈ, ਤੇ ਫਿਰ ਕਲਮ ਰਾਹੀਂ ਉਸ ਕੁਰੀਤੀ ਦਾ ਬਿਆਨ ਕਰਨਾ, ਤੇ ਨਾਲ ਹੀ ਇਲਾਜ ਦੱਸਣਾ ਪੈਂਦਾ ਹੈ। ਲੇਖਕ ਕੁਲਾਰ ਨੇ ਤਾਂ ਸਗੋਂ ਮਾਤਾ ਨੂੰ ਅਹਿਸਾਸ ਕਰਵਾਇਆ ਕਿ ਆਪਾਂ ਨੂੰ ਕੀ ਕਰਨਾ ਚਾਹੀਦਾ ਹੈ। ਉਂਜ ਵੀ, ਹਰ ਥਾਂ ਡਾਂਗ ਨਹੀਂ ਕੰਮ ਆਉਂਦੀ। ਅਮਰੀਕਾ ਵਿਚ ਕਾਨੂੰਨ ਚੱਲਦੇ ਨੇ, ਇਹ ਇੰਡੀਆ ਨਹੀਂ ਹੈ। ਕੋਈ ਇਸ ਤਰ੍ਹਾਂ ਕਿਸੇ ਦੇ ਘਰੇ ਜਾ ਕੇ ਝਗੜਾ ਨਹੀਂ ਕਰ ਸਕਦਾ। ਦੇਸਰਾਜ 'ਝੱਲੀ' ਦੇ ਬਾਪੂ ਜੀ ਨੇ ਜੋ ਕੁਝ ਕੀਤਾ, ਉਹ ਵੀ ਇੰਡੀਆ ਵਿਚ ਹੀ ਸੰਭਵ ਸੀ, ਇਥੇ ਅਮਰੀਕਾ ਵਿਚ ਨਹੀਂ। ਦੇਸਰਾਜ 'ਝੱਲੀ' ਨੂੰ ਸਲਾਹ ਹੈ ਕਿ ਉਹ ਇਹੋ ਜਿਹੀਆਂ ਨੇਕ ਸਲਾਹਾਂ ਆਪਣੇ ਤੱਕ ਹੀ ਸੀਮਤ ਰੱਖਣ।

ਲੇਖਕ ਮੇਜਰ ਕੁਲਾਰ ਨੂੰ ਸੁਝਾਅ ਹੈ ਕਿ ਉਹ ਸਮਾਜ ਨੂੰ ਸੇਧ ਦੇਣ ਵਾਲੀਆਂ ਗੱਲਾਂ ਸਾਡੇ ਨਾਲ ਕਰਦੇ ਰਹਿਣ। ਮੇਜਰ ਕੁਲਾਰ ਉਨ੍ਹਾਂ ਲੇਖਕਾਂ ਵਿਚੋਂ ਹੈ ਜਿਸ ਦੀ ਲਿਖਤ ਨੂੰ ਪਾਠਕ ਉਡੀਕਦੇ ਹਨ, ਜਿਵੇਂ ਕੋਈ ਪੰਦਰੀਂ ਦਿਨੀਂ ਆਪਣਾ ਪੇਅ-ਚੈਕ ਉਡੀਕਦਾ ਹੈ। ਮੇਰੇ ਇਨ੍ਹਾਂ ਸ਼ਬਦਾਂ ਨਾਲ ਜੇ ਦੇਸਰਾਜ 'ਝੱਲੀ' ਦਾ ਦਿਲ ਦੁਖਿਆ ਹੋਵੇ ਤਾਂ ਮੁਆਫ ਕਰਨ; ਪਰ ਇਨ੍ਹਾਂ ਨੇ ਆਪਣੀ ਚਿੱਠੀ ਵਿਚ ਪੰਜਾਬ ਟਾਈਮਜ਼ ਦੇ ਜਿਹੜੇ ਮੇਰੇ ਵਰਗੇ ਅਨੇਕਾਂ ਪਾਠਕਾਂ ਦਾ ਦਿਲ ਦੁਖੀ ਕੀਤਾ, ਉਸ ਬਾਰੇ ਕੋਈ ਕੀ ਕਹੇਗਾ?

***-ਮੇਵਾ ਸਿੰਘ ਬੈਂਸ***  
***ਯੂਬਾ ਸਿਟੀ, ਕੈਲੀਫੋਰਨੀਆ।***

# ਭਾਰਤੀ ਲੋਕਤੰਤਰ ਤੇ ਮੀਡੀਏ ਦੇ ਚੋਣ ਸਰਵੇਖਣ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਕਾਂਗਰਸ ਪਾਰਟੀ ਦੇ ਚੋਣ ਪ੍ਰਚਾਰ ਦੀ ਕਮਾਨ ਸਾਂਭਣ ਵਾਲੇ ਰਾਹੁਲ ਗਾਂਧੀ ਦੀ ਇਹ ਗੱਲ ਠੀਕ ਜਾਪਦੀ ਹੈ ਕਿ ਭਾਜਪਾ ਵਾਲੇ ਆਪਣੇ ਮਾਲ ਦਾ ਮੰਡੀਕਰਨ ਕਰਨ ਨੂੰ ਤੇਜ਼ ਹਨ ਤੇ ਕਾਂਗਰਸ ਪਾਰਟੀ ਵਾਲੇ ਨਹੀਂ ਹਨ। ਵਧੇਰੇ ਠੀਕ ਇਹ ਗੱਲ ਤਦੇ ਹੋਣੀ ਸੀ, ਜੇ ਉਹ ਇਹ ਗੱਲ ਵੀ ਮੰਨ ਲੈਂਦਾ ਕਿ ਉਸ ਦੀ ਪਾਰਟੀ ਵਾਲਿਆਂ ਨੂੰ ਆਪਣੀ ਪਾਰਟੀ ਦੀ ਵੀ ਚਿੰਤਾ ਨਹੀਂ ਤੇ ਦੇਸ਼ ਜਾਂ ਦੇਸ਼-ਵਾਸੀਆਂ ਦੀ ਵੀ ਨਹੀਂ, ਆਪੋ ਆਪਣੀ ਕੁਰਸੀ ਦੀ ਚਿੰਤਾ ਹੋਣ ਕਰ ਕੇ ਇਸ ਕੰਮ ਵਿਚ ਉਹ ਭਾਜਪਾ ਆਗੂਆਂ ਨਾਲ ਮੁਕਾਬਲੇ ਵਿਚ ਪੈਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਭਾਜਪਾ ਨੇ ਲਗਾਤਾਰ ਹਮਲਾਵਰ ਰੁਖ ਅਪਨਾਇਆ ਹੋਇਆ ਹੈ ਤੇ ਕਾਂਗਰਸ ਦੇ ਆਗੂ ਜਵਾਬ ਦੇਣ ਜੋਗੇ ਵੀ ਨਹੀਂ। ਭ੍ਰਿਸ਼ਟਾਚਾਰ ਦੇ ਜਿਹੜੇ ਕਿੱਸੇ ਇਸ ਵਕਤ ਭਾਜਪਾ ਦੇ ਆਗੂ ਕਾਂਗਰਸ ਦੀ ਲੀਡਰਸ਼ਿਪ ਦੇ ਖਿਲਾਫ ਚੁੱਕ ਰਹੇ ਹਨ, ਉਨੇ ਹੀ ਕਿੱਸੇ ਭਾਜਪਾ ਆਗੂਆਂ ਦੇ ਖਿਲਾਫ ਵੀ ਮੌਜੂਦ ਹਨ, ਪਰ ਕਾਂਗਰਸੀ ਲੀਡਰ ਇਨ੍ਹਾਂ ਮੁੱਦਿਆਂ ਨੂੰ ਉਛਾਲਣ ਜੋਗੇ ਨਹੀਂ।***

ਸਾਡੇ ਲਈ ਇਹ ਗੱਲ ਖਾਸ ਅਰਥ ਨਹੀਂ ਰੱਖਦੀ ਕਿ ਕਿਸ ਮੀਡੀਆ ਚੈਨਲ ਨੇ ਕਿਸ ਕੰਪਨੀ ਤੋਂ ਸਰਵੇਖਣ ਕਰਵਾ ਕੇ ਕਿਸ ਪਾਰਟੀ ਨੂੰ ਕਿੰਨੀਆਂ ਸੀਟਾਂ ਦਿੱਤੀਆਂ ਹਨ? ਇਹ ਸਾਰੇ ਸਰਵੇਖਣ ਕਿਸੇ ਖਾਸ ਰਾਜਸੀ ਧਿਰ ਦੀ ਲੋੜ ਲਈ ਕੀਤੇ-ਕਰਵਾਏ ਜਾਂਦੇ ਹਨ। ਪਹਿਲਾਂ ਕੁਝ ਕੰਪਨੀਆਂ ਨਵਾਂ ਕਾਰੋਬਾਰ ਸ਼ੁਰੂ ਕਰਨ ਵੇਲੇ ਬਾਜ਼ਾਰ ਦਾ ਸਰਵੇਖਣ ਕਰਵਾਇਆ ਕਰਦੀਆਂ ਸਨ ਕਿ ਉਨ੍ਹਾਂ ਦੇ ਮਾਲ ਵਰਗਾ ਮਾਲ ਹੋਰ ਕਿਸ ਕੰਪਨੀ ਦਾ ਕਿੰਨਾ ਲੱਗਦਾ ਹੈ ਤੇ ਜੇ ਉਨ੍ਹਾਂ ਦਾ ਮਾਲ ਆਇਆ ਤਾਂ ਲੋਕ ਕਿੰਨਾ ਕੁ ਚੁੱਕਣਗੇ? ਫਿਰ ਇਸ ਵਿਚ ਨਵੀਂ ਖੇਡ ਸ਼ੁਰੂ ਹੋ ਗਈ। ਸਰਵੇਖਣ ਦੇ ਬਹਾਨੇ ਇਹ ਕੰਪਨੀਆਂ ਆਪਣੇ ਮਾਹਰਾਂ ਤੋਂ ਆਪੇ ਅੰਕੜੇ ਬਣਵਾ ਕੇ ਪੇਸ਼ ਕਰਨ ਲੱਗ ਪਈਆਂ ਕਿ ਇਸ ਕਿਸਮ ਦਾ ਜਿੰਨਾ ਮਾਲ ਪਹਿਲਾਂ ਬਾਜ਼ਾਰ ਵਿਚ ਪਿਆ ਹੈ, ਉਸ ਤੋਂ ਲੋਕਾਂ ਦੀ ਸੰਤੁਸ਼ਟੀ ਨਹੀਂ ਤੇ ਨਵੀਂ ਕਿਸਮ ਮੰਗਦੇ ਹਨ। ਫਿਰ ਇੱਕੋ ਹਫਤੇ ਵਿਚ ਆਪਣਾ ਮਾਲ ਸੁੱਟ ਕੇ ਲੋਕਾਂ ਦੀ ਇਸ ਵੱਲ ਰੁਚੀ ਦੇ ਅੰਕੜੇ ਪੇਸ਼ ਕੀਤੇ ਜਾਣ ਲੱਗ ਪਏ। ਕਾਰੋਬਾਰ ਦੀ ਇਹ ਕਲਾ ਹੁਣ ਰਾਜਨੀਤੀ ਤੱਕ ਆ ਗਈ ਹੈ ਤੇ ਭਾਰਤੀ ਰਾਜਨੀਤੀ ਵਿਚ ਇਹ ਏਨੀ ਵਧ ਆ ਗਈ ਹੈ ਕਿ ਕਈ ਲੀਡਰਾਂ ਦੇ ਬੱਚੇ ਇਸੇ ਕਾਰੋਬਾਰ ਦੀ ਏਜੰਸੀ ਚਲਾਉਣ ਲੱਗ ਪਏ ਹਨ। ਰਾਜਸੀ ਪਾਰਟੀਆਂ ਨਾਲ ਸਿੱਧੇ ਜਾਂ ਅਸਿੱਧੇ ਜੁੜੇ ਹੋਏ ਕਈ ਲੋਕ ਰਾਜਸੀ ਸੌਦਾ ਵੇਚਣ ਦੇ ਇਸ ਧੰਦੇ ਵਿਚੋਂ ਚੋਖਾ ਮਾਲ ਕਮਾ ਰਹੇ ਹਨ। ਅੰਕੜਿਆਂ ਦੀ ਏਟੀ-ਟਵੰਟੀ ਵਿਚ ਵੀਹ ਫੀਸਦੀ ਸਰਵੇਖਣ ਤੇ ਅੱਸੀ ਫੀਸਦੀ ਕੰਮ ਦਫਤਰ ਬੈਠ ਕੇ ਕੀਤਾ ਜਾਂਦਾ ਹੈ। ਇਹੋ ਕਾਰਨ ਹੈ ਕਿ ਦਿੱਲੀ ਦੀਆਂ ਚੋਣਾਂ ਵਿਚ ਜਿਨ੍ਹਾਂ ਏਜੰਸੀਆਂ ਨੇ ਪਹਿਲਾਂ ਸਰਵੇਖਣ ਕਰ ਕੇ ਆਮ ਆਦਮੀ ਪਾਰਟੀ ਨੂੰ ਮਸਾਂ ਦਸ ਸੀਟਾਂ ਵਿਖਾਈਆਂ, ਨਤੀਜੇ ਦੀ ਘੜੀ ਨੇੜੇ ਜਾ ਕੇ ਉਹ ਵੀਹ ਸੀਟਾਂ ਤੋਂ ਵੱਧ ਦੀ ਹਕੀਕੀ ਸਥਿਤੀ ਦੱਸਣ ਲੱਗ ਪਈਆਂ ਸਨ।

ਹੁਣ ਫਿਰ ਇਹ ਸੌਦਾ ਵੇਚਣਾ ਸ਼ੁਰੂ ਹੋ ਗਿਆ ਹੈ। ਇਸ ਹਫਤੇ ਪਹਿਲਾਂ ਇੱਕ ਚੈਨਲ ਨੇ ਵੱਖ-ਵੱਖ ਰਾਜਾਂ ਦੀ ਸਥਿਤੀ ਦੇ ਅੰਕੜੇ ਪੇਸ਼ ਕਰਨੇ ਸ਼ੁਰੂ ਕੀਤੇ, ਫਿਰ ਦੂਸਰੇ ਚੈਨਲ ਨੇ ਉਤਰ, ਦੱਖਣ, ਪੂਰਬ, ਪੱਛਮ ਅਤੇ ਮੱਧ ਭਾਰਤ ਦੇ ਅੰਕੜੇ ਦੇਣੇ ਸ਼ੁਰੂ ਕਰ ਦਿੱਤੇ ਤੇ ਤੀਸਰੇ ਨੇ ਇੱਕੋ ਦਿਨ ਪੂਰਾ ਭਾਰਤ ਲੋਕਾਂ ਮੂਹਰੇ ਰੱਖ ਦਿੱਤਾ। ਹੁਣ ਲਗਭਗ ਹਰ ਚੈਨਲ ਇਸੇ ਕੰਮ ਰੁੱਝਾ ਪਿਆ ਹੈ ਤੇ ਜਿਸ ਨੇ ਆਪ ਇਹ ਕੰਮ ਨਹੀਂ ਕੀਤਾ, ਉਹ ਦੂਸਰਿਆਂ ਦੇ ਅੰਕੜੇ ਪੇਸ਼ ਕਰ ਕੇ ਉਨ੍ਹਾਂ ਦੀ ਚੀਰ-ਪਾੜ ਦਾ ਪੀਹਣ ਪਾ ਬੈਠਾ ਹੈ। ਭਾਰੂ ਧਾਰਨਾ ਇਹ ਪੇਸ਼ ਕੀਤੀ ਜਾ ਰਹੀ ਹੈ ਕਿ ਅਗਲੇ ਪ੍ਰਧਾਨ ਮੰਤਰੀ ਵਾਸਤੇ ਨਰਿੰਦਰ ਮੋਦੀ ਦਾ ਰੱਥ ਅੱਗੇ ਵਧੀ ਜਾਂਦਾ ਹੈ, ਤੇ ਵਧੀ ਹੀ ਜਾ ਰਿਹਾ ਹੈ।

ਕਾਂਗਰਸ ਪਾਰਟੀ ਦੇ ਚੋਣ ਪ੍ਰਚਾਰ ਦੀ ਕਮਾਨ ਸਾਂਭਣ ਵਾਲੇ ਰਾਹੁਲ ਗਾਂਧੀ ਦੀ ਇਹ ਗੱਲ ਠੀਕ ਜਾਪਦੀ ਹੈ ਕਿ ਭਾਜਪਾ ਵਾਲੇ ਆਪਣੇ ਮਾਲ ਦਾ ਮੰਡੀਕਰਨ ਕਰਨ ਨੂੰ ਤੇਜ਼ ਹਨ ਤੇ ਕਾਂਗਰਸ ਪਾਰਟੀ ਵਾਲੇ ਨਹੀਂ ਹਨ। ਵਧੇਰੇ ਠੀਕ ਇਹ ਗੱਲ ਤਦੇ ਹੋਣੀ ਸੀ, ਜੇ ਉਹ ਇਹ ਗੱਲ ਵੀ ਮੰਨ ਲੈਂਦਾ ਕਿ ਉਸ ਦੀ ਪਾਰਟੀ ਵਾਲਿਆਂ ਨੂੰ ਆਪਣੀ ਪਾਰਟੀ ਦੀ ਵੀ ਚਿੰਤਾ ਨਹੀਂ ਤੇ ਦੇਸ਼ ਜਾਂ ਦੇਸ਼-ਵਾਸੀਆਂ ਦੀ ਵੀ ਨਹੀਂ, ਆਪੋ ਆਪਣੀ ਕੁਰਸੀ ਦੀ ਚਿੰਤਾ ਹੋਣ ਕਰ ਕੇ ਇਸ ਕੰਮ ਵਿਚ ਉਹ ਭਾਜਪਾ ਆਗੂਆਂ ਨਾਲ ਮੁਕਾਬਲੇ ਵਿਚ ਪੈਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਭਾਜਪਾ ਨੇ ਲਗਾਤਾਰ ਹਮਲਾਵਰ ਰੁਖ ਅਪਨਾਇਆ ਹੋਇਆ ਹੈ ਤੇ ਕਾਂਗਰਸ ਦੇ ਆਗੂ ਜਵਾਬ ਦੇਣ ਜੋਗੇ ਵੀ ਨਹੀਂ। ਭ੍ਰਿਸ਼ਟਾਚਾਰ ਦੇ ਜਿਹੜੇ ਕਿੱਸੇ ਇਸ ਵਕਤ ਭਾਜਪਾ ਦੇ ਆਗੂ ਕਾਂਗਰਸ ਦੀ ਲੀਡਰਸ਼ਿਪ ਦੇ ਖਿਲਾਫ ਚੁੱਕ ਰਹੇ ਹਨ, ਉਨੇ ਹੀ ਕਿੱਸੇ ਭਾਜਪਾ ਆਗੂਆਂ ਦੇ ਖਿਲਾਫ ਵੀ ਮੌਜੂਦ ਹਨ, ਪਰ ਕਾਂਗਰਸੀ ਲੀਡਰ ਇਨ੍ਹਾਂ ਮੁੱਦਿਆਂ ਨੂੰ ਉਛਾਲਣ ਜੋਗੇ ਨਹੀਂ।

ਹੁਣੇ-ਹੁਣੇ 23 ਜਨਵਰੀ ਦੇ ਦਿਨ ਭਾਰਤ ਦੀ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਵਿਚ ਨਰਿੰਦਰ ਮੋਦੀ ਤੋਂ ਦੂਸਰੇ ਨੰਬਰ ਦੀ ਮੰਤਰੀ ਅਨੰਦੀ ਬੇਨ ਪਟੇਲ ਨੂੰ ਇਸ ਗੱਲੋਂ ਫਿਟਕਾਰ ਪਾਈ ਹੈ ਕਿ ਕਰੋੜਾਂ ਰੁਪਏ ਦੀ ਦੋ ਲੱਖ ਵਰਗ ਗਜ਼ ਜ਼ਮੀਨ ਕਿਸਾਨਾਂ ਤੋਂ ਸਸਤੀ ਅਕੁਆਇਰ ਕਰ ਕੇ ਉਸ ਮੰਤਰੀ ਨੇ ਉਸ ਨਿੱਜੀ ਕੰਪਨੀ ਨੂੰ ਕੱਖਾਂ ਦੇ ਭਾਅ ਦੇ ਦਿੱਤੀ ਹੈ, ਜਿਹੜੀ ਕੰਪਨੀ ਕੇਂਦਰ ਸਰਕਾਰ ਤੋਂ ਮਾਲ ਹੂੰਝਣ ਨੂੰ ਵੀ ਬਦਨਾਮ ਹੈ। ਅਦਾਲਤ ਨੇ ਇਹ ਵੇਖਣ ਪਿੱਛੋਂ ਕਿ ਕਿਸਾਨਾਂ ਨੂੰ ਜ਼ਮੀਨ ਦਾ ਮੁਆਵਜ਼ਾ ਬੜਾ ਥੋੜ੍ਹਾ ਦਿੱਤਾ ਗਿਆ ਹੈ, ਮੁਆਵਜ਼ਾ ਵੀ ਇੱਕ ਕਰੋੜ ਵੀਹ ਲੱਖ ਰੁਪਏ ਤੋਂ ਵਧਾ ਕੇ ਚਾਰ ਕਰੋੜ ਪੈਂਤੀ ਲੱਖ ਰੁਪਏ ਕਰ ਦਿੱਤਾ ਹੈ। ਨਾਲ ਇਹ ਨੋਟ ਕੀਤਾ ਹੈ ਕਿ ਇਹ ਕੰਮ ਭਾਜਪਾ ਦੀ ਮੰਤਰੀ ਅਨੰਦੀ ਬੇਨ ਪਟੇਲ ਨੇ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਸੈਕਟਰੀ ਵੱਲੋਂ ਭੇਜੀ ਚਿੱਠੀ ਉਤੇ ਕੀਤਾ ਹੈ। ਸਾਫ ਦਿੱਸਦਾ ਹੈ ਕਿ ਭ੍ਰਿਸ਼ਟਾਚਾਰ ਦਾ ਬਹੁਤ ਵੱਡਾ ਇਹ ਕੰਮ ਮੁੱਖ ਮੰਤਰੀ ਨਰਿੰਦਰ ਮੋਦੀ ਦੇ ਇਸ਼ਾਰੇ ਉਤੇ ਉਸ ਦੇ ਸੈਕਟਰੀ ਵੱਲੋਂ ਭੇਜੀ ਗਈ ਚਿੱਠੀ ਨਾਲ ਹੋਇਆ ਹੈ, ਪਰ ਇੱਕ ਵੀ ਚੈਨਲ ਦੀ ਬਹਿਸ ਵਿਚ ਇੱਕ ਵੀ ਕਾਂਗਰਸੀ ਲੀਡਰ ਨੇ ਕੋਰਟ ਦੇ ਇਸ ਹੁਕਮ ਦਾ ਜ਼ਿਕਰ ਨਹੀਂ ਕੀਤਾ। ਰਾਹੁਲ ਗਾਂਧੀ ਦਾ ਮੰਡੀਕਰਨ ਏਨਾ ਕੁ ਹੀ ਹੈ। ਜੇ ਇਹੋ ਜਿਹਾ ਮਾਮਲਾ ਭਾਜਪਾ ਦੇ ਲੀਡਰਾਂ ਨੂੰ ਮਿਲਿਆ ਹੁੰਦਾ ਤਾਂ ਹੁਣ ਨੂੰ ਕਾਂਗਰਸ ਪਾਰਟੀ ਨੂੰ ਛੱਜ ਵਿਚ ਪਾ ਕੇ ਛੱਟ ਸੁੱਟਦੇ ਤੇ ਨਾਲ ਇਹ ਕਹਿ ਦਿੰਦੇ ਕਿ ਇਸ ਸੌਦੇ ਵਿਚ ਸ਼ਾਮਲ ਫਲਾਣਾ ਮੰਤਰੀ ਇੱਕ ਵਾਰੀ ਇਟਲੀ ਜਾ ਕੇ ਆਇਆ ਸੀ।

ਜੇ ਕੋਈ ਧਿਰ ਭਾਜਪਾ ਨਾਲ ਇਸ ਵਕਤ ਸਿੱਧੇ ਭੇੜ ਵਿਚ ਹਰ ਚੈਨਲ ਵਿਚ ਭਿੜਦੀ ਦਿਖਾਈ ਦਿੰਦੀ ਹੈ ਤਾਂ ਉਹ ਆਮ ਆਦਮੀ ਪਾਰਟੀ ਹੈ। ਪਹਿਲਾਂ ਕਿਹਾ ਜਾਂਦਾ ਸੀ ਕਿ ਉਹ ਲੋਕਾਂ ਕੋਲ ਜਾਣ ਦੀ ਥਾਂ ਮੀਡੀਏ ਵਿਚ ਦਿਖਾਈ ਦਿੰਦੇ ਰਹਿ ਜਾਣਗੇ ਤੇ ਚੋਣ ਵਿਚ ਗੋਲ ਆਂਡਾ ਪੱਲੇ ਪੈ ਜਾਵੇਗਾ, ਪਰ ਦਿੱਲੀ ਵਿਧਾਨ ਸਭਾ ਚੋਣਾਂ ਨੇ ਸਾਬਤ ਕਰ ਦਿੱਤਾ ਹੈ ਕਿ ਮੀਡੀਏ ਵਿਚ ਭੇੜ ਭਿੜਨਾ ਵੀ ਅੱਜ ਦੇ ਯੁੱਗ ਦੀ ਰਾਜਨੀਤੀ ਦੀ ਇੱਕ ਅਹਿਮ ਲੋੜ ਹੈ।

ਆਪਣੇ ਉਲਾਰਪੁਣੇ ਦੇ ਬਾਵਜੂਦ ਦੋ ਗੱਲਾਂ ਹਰ ਮੀਡੀਆ ਚੈਨਲ ਨੂੰ ਆਪਣੇ ਚੋਣ ਸਰਵੇਖਣਾਂ ਵਿਚ ਮੰਨਣੀਆਂ ਪਈਆਂ ਹਨ ਤੇ ਉਹ ਦੋਵੇਂ ਗੱਲਾਂ ਭਾਜਪਾ ਲਈ ਬਣਾਈ ਜਾਂਦੀ ਸਾਰੀ ਚੜ੍ਹਤਲ ਦੇ ਅੱਗੇ ਸਪੀਡ ਬਰੇਕਰ ਦਾ ਕੰਮ ਕਰ ਸਕਦੀਆਂ ਹਨ। ਪਹਿਲੀ ਇਹ ਹੈ ਕਿ ਭਾਜਪਾ ਲੀਡਰਸ਼ਿਪ ਧੂੰਆਂਧਾਰ ਪ੍ਰਚਾਰ ਕਰਨ ਅਤੇ ਆਰ ਐਸ ਐਸ ਦਾ ਸਾਰਾ ਕੇਡਰ ਝੋਕ ਦੇਣ ਦੇ ਬਾਵਜੂਦ ਅਜੇ ਤੱਕ ਦੇਸ਼ ਦੇ ਦੱਖਣੀ ਰਾਜਾਂ ਵਿਚ ਸਿਰ ਚੁੱਕ ਕੇ ਖੜੋਣ ਜੋਗੀ ਸਾਬਤ ਨਹੀਂ ਹੋਈ। ਨਾ ਉਸ ਦਾ ਕੇਰਲਾ ਵਿਚ ਦੀਵਾ ਬਲਦਾ ਨਜ਼ਰ ਆਉਂਦਾ ਹੈ, ਨਾ ਉੜੀਸਾ ਵਿਚ ਤੇ ਨਾ ਤਾਮਿਲਨਾਡੂ ਵਿਚ ਕੁਝ ਪੱਲੇ ਪੈਂਦਾ ਦਿਸਦਾ ਹੈ। ਆਂਧਰਾ ਪ੍ਰਦੇਸ਼ ਵਿਚ ਚੰਦਰ ਬਾਬੂ ਨਾਇਡੂ ਦੀ ਤੇਲਗੂ ਦੇਸ਼ਮ ਪਾਰਟੀ ਜਾਂ ਨਵੀਂ ਉਭਰਦੀ ਵਾਈ ਐਸ ਆਰ ਕਾਂਗਰਸ ਪਾਰਟੀ ਦੇ ਆਗੂ ਜਗਨ ਮੋਹਨ ਰੈਡੀ ਵਿਚੋਂ ਇੱਕ ਨਾਲ ਭਾਜਪਾ ਨੂੰ ਸਮਝੌਤੇ ਦੀ ਝਾਕ ਹੈ, ਪਰ ਇਹ ਵੀ ਜੂਆ ਹੈ। ਇੱਕ ਵਾਰ ਇਹੋ ਜਿਹਾ ਜੂਆ ਉਸ ਰਾਜ ਵਿਚ ਭਾਜਪਾ ਨੇ ਚੰਦਰ ਬਾਬੂ ਨਾਇਡੂ ਦੇ ਮੁਕਾਬਲੇ ਉਸ ਦੀ ਮਤਰੇਈ ਸੱਸ ਲਕਸ਼ਮੀ ਪਾਰਵਤੀ ਦੀ ਪਾਰਟੀ ਨਾਲ ਸਾਂਝ ਪਾ ਕੇ ਖੇਡਿਆ ਤੇ ਹਾਰਿਆ ਸੀ ਤੇ ਇੱਕ ਵਾਰੀ ਐਮ ਜੀ ਰਾਮਾਚੰਦਰਨ ਦੀ ਮੌਤ ਮਗਰੋਂ ਤਾਮਿਲ ਨਾਡੂ ਵਿਚ ਉਸ ਦੀ ਪਤਨੀ ਜਾਨਕੀ ਨਾਲ ਸਾਂਝ ਪਾਈ ਤੇ ਜੈਲਲਿਤਾ ਵਾਲੇ ਵਿਰੋਧੀ ਧੜੇ ਤੋਂ ਮਾਰ ਖਾਧੀ ਸੀ। ਹੁਣ ਫਿਰ ਭਾਜਪਾ ਦੋਵੀਂ ਥਾਂਈਂ ਸ਼ਸ਼ੋਪੰਜ ਵਿਚ ਹੈ ਕਿ ਉਦੋਂ ਦੀਆਂ ਦੋ ਗਲਤੀਆਂ ਵਰਗੀ ਤੀਸਰੀ ਬੱਜਰ ਗਲਤੀ ਨਾ ਹੋ ਜਾਂਦੀ ਹੋਵੇ, ਪਰ ਆਸ ਬਹੁਤੀ ਉਥੇ ਨਹੀਂ ਹੈ।



ਜਿਹੜੀ ਦੂਸਰੀ ਹਕੀਕਤ ਨੂੰ ਲੁਕਾਉਣ ਤੋਂ ਮੀਡੀਆ ਝਿਜਕ ਰਿਹਾ ਹੈ, ਉਹ ਇਹ ਹੈ ਕਿ ਲੜਾਈ ਸਿਰਫ ਦੋ ਧਿਰਾਂ ਕਾਂਗਰਸ ਤੇ ਭਾਜਪਾ ਜਾਂ ਤੀਸਰੀ ਉਭਰਦੀ ਧਿਰ ਆਮ ਆਦਮੀ ਪਾਰਟੀ ਵਿਚ ਨਹੀਂ, ਇੱਕ ਅਹਿਮ ਧਿਰ ਹੋਰ ਵੀ ਹੈ ਤੇ ਉਸ ਦੀ ਅਹਿਮੀਅਤ ਹਾਲੇ ਘਟੀ ਨਹੀਂ। ਸਮਾਜਵਾਦੀ ਪਾਰਟੀ ਦਾ ਉਤਰ ਪ੍ਰਦੇਸ਼ ਅੰਦਰ ਦਬਦਬਾ ਘਟ ਸਕਦਾ ਹੈ, ਪਰ ਉਹ ਜ਼ੀਰੋ ਨਹੀਂ ਹੋਣ ਲੱਗੀ ਤੇ ਫੈਸਲੇ ਦੀ ਘੜੀ ਉਹ ਬਾਕੀ ਗੈਰ-ਕਾਂਗਰਸੀ, ਗੈਰ-ਭਾਜਪਾ ਧਿਰਾਂ ਦੇ ਨਾਲ ਖੜੋਣ ਨੂੰ ਪਹਿਲ ਦੇਵੇਗੀ। ਉੜੀਸਾ ਦੀ ਚੋਣ ਜੰਗ ਵਿਚ ਕਾਂਗਰਸ ਲਈ ਤੀਸਰਾ ਹਿੱਸਾ ਕੱਢਣ ਮਗਰੋਂ ਬਾਕੀ ਦੀਆਂ ਦੋ-ਤਿਹਾਈ ਸੀਟਾਂ ਜਿਸ ਬੀਜੂ ਜਨਤਾ ਦਲ ਨੇ ਜਿੱਤਣੀਆਂ ਹਨ, ਭਾਜਪਾ ਨਾਲ ਸਾਂਝ ਦੇ ਪਿਛਲੇ ਕੌੜੇ ਤਜਰਬੇ ਦੇ ਬਾਅਦ ਉਹ ਵੀ ਮੁਲਾਇਮ ਸਿੰਘ ਯਾਦਵ ਵਾਂਗ ਕੋਈ ਤੀਸਰਾ ਮੋਰਚਾ ਖੜਾ ਕਰਨ ਦੇ ਪੱਖ ਵਿਚ ਹੋਵੇਗਾ। ਮੀਡੀਏ ਦੇ ਚੈਨਲ ਜਦੋਂ ਭਾਜਪਾ ਦੀ ਚੜ੍ਹਤਲ ਦੇ ਸਰਵੇਖਣ ਪੇਸ਼ ਕਰ ਲੈਂਦੇ ਹਨ ਤਾਂ ਇਥੇ ਆ ਕੇ ਖੜੋ ਜਾਂਦੇ ਹਨ ਕਿ ਭਾਜਪਾ ਨਾਲ ਇੱਕ ਤਾਂ ਅਕਾਲੀ ਹਨ, ਦੂਸਰੇ ਸ਼ਿਵ ਸੈਨਾ ਵਾਲੇ, ਜੇ ਤੀਸਰੀ ਕੋਈ ਗਿਣਨ ਜੋਗੀ ਰਾਜਸੀ ਧਿਰ ਉਸ ਨਾਲ ਹੱਥ ਮਿਲਾਉਣ ਨੂੰ ਤਿਆਰ ਹੀ ਨਾ ਹੋਈ ਤਾਂ ਨਰਿੰਦਰ ਮੋਦੀ ਦਿੱਲੀ ਦਾ ਦਰਵਾਜ਼ਾ ਟੱਪ ਕਿਵੇਂ ਜਾਵੇਗਾ?

ਇਥੇ ਆ ਕੇ ਉਹ ਨਵੇਂ ਜੋੜ ਲਾਉਣੇ ਸ਼ੁਰੂ ਕਰ ਦਿੰਦੇ ਹਨ ਕਿ ਬੰਗਾਲ ਦੀ ਮਮਤਾ ਬੈਨਰਜੀ ਨੇ ਕਾਂਗਰਸ ਵਾਲੇ ਮੋਰਚੇ ਨਾਲ ਜਾਣ ਨੂੰ ਕਦੀ ਰਾਜ਼ੀ ਨਹੀਂ ਹੋਣਾ ਤੇ ਉਤਰ ਪ੍ਰਦੇਸ਼ ਤੋਂ ਬਹੁਜਨ ਸਮਾਜ ਪਾਰਟੀ ਦੀ ਮਾਇਆਵਤੀ ਬੀਬੀ ਨੇ ਵੀ ਉਥੇ ਨਹੀਂ ਜਾਣਾ, ਜਿੱਥੇ ਮੁਲਾਇਮ ਸਿੰਘ ਦਿਖਾਈ ਦੇਵੇਗਾ। ਇਹ ਗੱਲ ਵੇਖਣ ਨੂੰ ਠੀਕ ਹੈ, ਪਰ ਇੱਕ ਦੂਸਰਾ ਪੱਖ ਇਹ ਵੀ ਹੈ ਕਿ ਇਨ੍ਹਾਂ ਦੋਵਾਂ ਦੇ ਸਾਥ ਦੀ ਭਾਜਪਾ ਨੂੰ ਵੀ ਕੋਈ ਗਾਰੰਟੀ ਦਿਖਾਈ ਨਹੀਂ ਦਿੰਦੀ।

ਫਿਰ ਵੀ ਇਹ ਸਾਰੀਆਂ ਗਿਣਤੀਆਂ-ਮਿਣਤੀਆਂ ਹਨ, ਜਿਨ੍ਹਾਂ ਵਿਚ ਕਚਿਆਈ ਕਾਰਨ ਬਦਨਾਮੀ ਤੋਂ ਬਚਣ ਦਾ ਰਾਹ ਰੱਖਣ ਦੀ ਸੋਚ ਹੇਠ 15 ਤੋਂ 25 ਫੀਸਦੀ ਲੋਕਾਂ ਬਾਰੇ ਇਹ ਕਹਿ ਦਿੱਤਾ ਜਾਂਦਾ ਹੈ ਕਿ ਉਨ੍ਹਾਂ ਹਾਲੇ ਕੋਈ ਰਾਏ ਨਹੀਂ ਬਣਾਈ। ਅੱਜ ਤੱਕ ਨਿਰਲੇਪ ਦੱਸੇ ਗਏ ਉਨ੍ਹਾਂ ਲੋਕਾਂ ਦੀ ਰਾਏ ਤੇ ਏਜੰਸੀਆਂ ਦੇ ਨਵੇਂ ਪੈਂਤੜੇ ਦੀ ਉਡੀਕ ਕਰਨ ਦੀ ਬਜਾਏ ਅਸੀਂ ਇੱਕ ਪੁਰਾਣੀ ਘਟਨਾ ਦਾ ਚੇਤਾ ਕਰਵਾਉਣਾ ਜ਼ਰੂਰੀ ਸਮਝਦੇ ਹਾਂ।

ਦੀਵਾਲੀ ਤੋਂ ਇੱਕ ਦਿਨ ਪਹਿਲਾਂ ਦਿੱਲੀ ਵਿਚ ਇੱਕ ਵਾਰ ਅੱਗੜ-ਪਿੱਛੜ ਬੰਬ ਧਮਾਕੇ ਹੋਏ ਸਨ। ਇੱਕ ਦਮ ਸਾਰੇ ਮੀਡੀਆ ਚੈਨਲਾਂ ਨੇ ਉਨ੍ਹਾਂ ਧਮਾਕਿਆਂ ਅਤੇ ਉਨ੍ਹਾਂ ਨਾਲ ਮਾਰੇ ਗਏ ਜਾਂ ਜ਼ਖਮੀ ਹੋਏ ਲੋਕਾਂ ਦੀ ਸੂਚਨਾ ਦਿੱਤੀ ਤੇ ਨਾਲ ਇਹ ਹੰਗਾਮਾ ਸ਼ੁਰੂ ਕਰ ਦਿੱਤਾ ਕਿ ਇਸ ਹਾਲ ਵਿਚ ਦਿੱਲੀ ਦੇ ਲੋਕ ਦੀਵਾਲੀ ਨਹੀਂ ਮਨਾ ਸਕਣਗੇ। ਮਸਾਂ ਇੱਕ ਘੰਟਾ ਇਹ ਰੌਲਾ ਪਾਏ ਜਾਣ ਦੇ ਬਾਅਦ ਚੈਨਲਾਂ ਦੀ ਸੁਰ ਬਦਲ ਗਈ। ਸਾਰੇ ਚੈਨਲਾਂ ਵਾਲੇ ਕਨਾਟ ਪਲੇਸ ਅਤੇ ਹੋਰ ਥਾਂਵਾਂ ਉਤੇ ਤੁਰੇ ਜਾਂਦੇ ਲੋਕਾਂ ਦੇ ਮੂੰਹੋਂ ਇਹ ਅਖਵਾਉਣ ਲੱਗ ਪਏ ਕਿ ਧਮਾਕੇ ਤਾਂ ਹੁੰਦੇ ਰਹਿੰਦੇ ਹਨ, ਦੀਵਾਲੀ ਫਿਰ ਵੀ ਮਨਾਉਣੀ ਹੈ ਤੇ ਅਸੀਂ ਇਸੇ ਲਈ ਖਰੀਦਦਾਰੀ ਕਰਨ ਆਏ ਹਾਂ। ਇਹ ਕ੍ਰਿਸ਼ਮਾ ਕਿਵੇਂ ਵਾਪਰ ਗਿਆ ਸੀ, ਇਸ ਦੀ ਕਹਾਣੀ ਦੋ ਦਿਨ ਪਿੱਛੋਂ ਬਾਹਰ ਨਿਕਲੀ। ਦੀਵਾਲੀ ਉਤੇ ਵੇਚਣ ਲਈ ਵੱਡੇ ਕਾਰਪੋਰੇਟ ਘਰਾਣਿਆਂ ਨੇ ਉਸ ਵਕਤ ਕਰੀਬ ਦਸ ਹਜ਼ਾਰ ਕਰੋੜ ਰੁਪਏ ਦਾ ਮਾਲ ਦਿੱਲੀ ਦੇ ਬਾਜ਼ਾਰ ਵਿਚ ਸੁੱਟ ਰੱਖਿਆ ਸੀ ਤੇ ਜੇ ਲੋਕ ਧਮਾਕਿਆਂ ਤੋਂ ਡਰ ਕੇ ਘਰੀਂ ਬੈਠ ਜਾਂਦੇ ਤਾਂ ਮਾਲ ਨਹੀਂ ਸੀ ਵਿਕਣਾ। ਇੱਕ ਐਡ ਏਜੰਸੀ ਦੀ ਕਮਾਲ ਦੀ ਸਰਗਰਮੀ ਸੀ ਕਿ ਉਸ ਨੇ ਸਾਰੇ ਚੈਨਲਾਂ ਨਾਲ ਸੰਪਰਕ ਕਰ ਕੇ ਇਸ਼ਤਿਹਾਰਬਾਜ਼ੀ ਦੇ ਰੇਟ ਖੜੇ ਪੈਰ ਵਧਾ ਦਿੱਤੇ ਤੇ ਬਾਜ਼ਾਰ ਦੀਆਂ ਨਵੀਆਂ ਰਿਪੋਰਟਾਂ ਇੱਕ ਘੰਟੇ ਦੇ ਅੰਦਰ ਉਨ੍ਹਾਂ ਚੈਨਲਾਂ ਤੋਂ ਦਰਸ਼ਕਾਂ ਸਾਹਮਣੇ ਪੇਸ਼ ਹੋਣ ਲੱਗ ਪਈਆਂ ਕਿ ਧਮਾਕਿਆਂ ਦੀ ਪ੍ਰਵਾਹ ਨਹੀਂ, ਲੋਕ ਦੀਵਾਲੀ ਦੀ ਖਰੀਦਦਾਰੀ ਪਹਿਲਾਂ ਵਾਂਗ ਹੀ ਪੂਰੇ ਚਾਅ ਨਾਲ ਕਰੀ ਜਾਂਦੇ ਹਨ।

ਅੱਜ-ਕੱਲ੍ਹ ਚੋਣਾਂ ਤੋ ਪਹਿਲਾਂ ਦੇ ਸਰਵੇਖਣ ਕਰਨ ਲਈ ਜਿਹੜੀਆਂ ਏਜੰਸੀਆਂ ਸਿਰ-ਪਰਨੇ ਹੋਈਆਂ ਪਈਆਂ ਹਨ, ਇਨ੍ਹਾਂ ਵਿਚ ਇੱਕ ਏਜੰਸੀ ਉਸ ਐਡ ਏਜੰਸੀ ਵਾਲਿਆਂ ਦੀ ਦੱਸੀ ਜਾਂਦੀ ਹੈ, ਜਿਨ੍ਹਾਂ ਨੇ ਬੰਬ ਧਮਾਕੇ ਹੋਣ ਤੋਂ ਮਸਾਂ ਇੱਕ ਘੰਟਾ ਪਿੱਛੋਂ ਸਥਿਤੀ ਨੂੰ ਬੈਕ ਗੇਅਰ ਲਾਉਣ ਦੀ ਕਮਾਲ ਕਰ ਦਿੱਤੀ ਸੀ। ਲੋਕਾਂ ਦੀ ਯਾਦਦਾਸ਼ਤ ਦੀ ਘਾਟ ਦਾ ਲਾਭ ਉਠਾ ਕੇ ਮਾਲ ਵੇਚਣ ਵਾਲੀਆਂ ਇਹ ਏਜੰਸੀਆਂ ਹੁਣ ਲੋਕਤੰਤਰ ਦੀ ਨੀਲਾਮੀ ਵੀ ਕਰਨ ਤੁਰ ਪਈਆਂ ਹਨ।




ਪੰਜਾਬ ਟਾਈਮਜ਼ ਦਾ ਨਾਂ ਲਓ
ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268
732-983-4332/4333

# ਪੁੱਤ ਤੇ ਧੀ ਨੂੰ ਬਰਾਬਰ ਦਾ ਸਨਮਾਨ ਦੇਣ ਲਈ 'ਬੇਬੀ ਡੇ' ਮਨਾਇਆ

**ਵਾਲੇਹੋ, ਕੈਲੀਫੋਰਨੀਆ (ਬਿਊਰੋ):** 'ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ' ਦੇ ਬੈਨਰ ਹੇਠ 'ਦਲ ਖਾਲਸਾ ਅਲਾਇੰਸ', 'ਇੰਟਰਨੈਸ਼ਨਲ ਸਿੱਖ ਸਾਹਿਤ ਸਭਾ' ਅਤੇ ਹੋਰ ਸਹਿਯੋਗੀ ਸੰਸਥਾਵਾਂ ਦੇ ਸਹਿਯੋਗ ਨਾਲ ਸਥਾਨਕ ਫਲਾਮਿੰਗੋ ਬੈਂਕੁਇਟ ਹਾਲ ਵਿਚ ਇੱਕ ਸਮਾਜਿਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਦਾ ਮਨੋਰਥ ਸਮਾਜ ਵਿਚ ਧੀਆਂ ਨੂੰ ਪੁੱਤਰਾਂ ਦੇ ਬਰਾਬਰ ਸਨਮਾਨ ਦਿਵਾਉਣਾ, ਮਾਦਾ ਭਰੂਣ ਹੱਤਿਆ ਨੂੰ ਠੱਲ੍ਹ ਪਾਉਣਾ ਅਤੇ ਧੀਆਂ ਦੇ ਹੱਕ ਵਿਚ ਉਠੀ ਸਮਾਜ ਸੁਧਾਰ ਲਹਿਰ ਨੂੰ ਹੋਰ ਮਜ਼ਬੂਤ ਕਰਨਾ ਸੀ। ਪ੍ਰੋਗਰਾਮ ਕਰਵਾਉਣ ਵਿਚ ਮੁੱਖ ਭੂਮਿਕਾ 'ਦਲ ਖਾਲਸਾ ਅਲਾਇੰਸ' ਦੇ ਪ੍ਰਧਾਨ ਪਰਮਜੀਤ ਸਿੰਘ ਸੇਖੋਂ (ਦਾਖਾ) ਦੀ ਰਹੀ।

ਸ਼ਾਮੀ 3 ਵਜੇ ਤੋਂ ਰਾਤ 11 ਵਜੇ ਤੱਕ ਚੱਲੇ ਇਸ ਪ੍ਰੋਗਰਾਮ ਦੀ ਸ਼ੁਰੂਆਤ ਗੁਰਦੁਆਰਾ ਐਲਸਬਰਾਂਟੇ ਦੇ ਸੇਵਾਦਾਰ ਵੱਲੋਂ ਅਰਦਾਸ ਕੀਤੇ ਜਾਣ ਨਾਲ ਹੋਈ। ਪ੍ਰੋਗਰਾਮ ਦਾ ਸੰਚਾਲਨ ਇੰਟਰਨੈਸ਼ਨਲ ਸਿੱਖ ਸਾਹਿਤ ਸਭਾ ਦੇ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਅਤੇ ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਦੇ ਜਨਰਲ ਸਕੱਤਰ ਸੁਖਵਿੰਦਰ ਸਿੰਘ ਤਲਵੰਡੀ ਦੀ ਜੋੜੀ ਨੇ ਕੀਤਾ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਵੱਖ ਵੱਖ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਕੁਲਦੀਪ ਸਿੰਘ ਢੀਂਡਸਾ ਨੇ ਸਾਹਿਤਕਾਰਾਂ, ਗੀਤਕਾਰਾਂ ਅਤੇ ਪੱਤਰਕਾਰਾਂ ਨੂੰ ਬੇਨਤੀ ਕੀਤੀ ਕਿ ਉਹ ਸੱਚ ਦੇ ਪਹਿਰੇਦਾਰ ਬਣ ਕੇ ਸਮਾਜ ਨੂੰ ਸੇਧ ਦੇਣ ਵਾਲੀਆਂ ਰਚਨਾਵਾਂ ਹੀ ਲਿਖਣ।



ਗਾਇਕ ਕਲਾਕਾਰਾਂ-ਮੰਗਜੀਤ ਸਿੰਘ ਮੰਗਾ, ਤਰਸੇਮ ਸਿੰਘ ਅਟਵਾਲ ਅਤੇ ਸੁਲਤਾਨ ਸਿੰਘ ਅਖਤਰ ਨੇ ਲੋਹੜੀ ਦੀ ਅੱਗ ਦੁਆਲੇ, ਲੋਹੜੀ ਦਾ ਗੀਤ ਦੁੱਲਾ ਭੱਟੀ ਗਾ ਕੇ ਦਰਸ਼ਕਾਂ ਨੂੰ ਪੰਜਾਬ ਵਿਚ ਮਨਾਈ ਜਾਂਦੀ ਲੋਹੜੀ ਚੇਤੇ ਕਰਵਾ ਦਿੱਤੀ। ਜਸਪਿੰਦਰ ਕੌਰ ਅਜਨਾਲਾ, ਪਰਮਿੰਦਰ ਕੌਰ ਚੌਹਾਨ, ਜਤਿੰਦਰ ਕੌਰ ਰੰਧਾਵਾ ਆਦਿ ਨੇ ਰਲ ਕੇ ਖੁਸ਼ੀਆਂ ਦੇ ਗੀਤ ਗਾਏ। ਬੱਚਿਆਂ ਨੇ ਫੁੱਲਝੜੀਆਂ ਤੇ ਪਟਾਕੇ ਚਲਾ ਕੇ ਲੋਹੜੀ ਦਾ ਲੁਤਫ ਲਿਆ।

ਪ੍ਰੋਗਰਾਮ ਦੌਰਾਨ 10 ਬੱਚਿਆਂ (5 ਲੜਕੇ ਅਤੇ 5 ਲੜਕੀਆਂ) ਰਾਹੀਂ ਸਾਂਝੇ ਤੌਰ 'ਤੇ 'ਬੇਬੀ ਡੇ' ਮਨਾਇਆ ਗਿਆ। ਇਨ੍ਹਾਂ ਬੱਚਿਆਂ ਵਿਚ ਅਵੀਰ ਸਿੰਘ ਗਿੱਲ, ਅਵਨੀਤ ਕੌਰ ਖਹਿਰਾ, ਮਨਰਾਜ ਸਿੰਘ ਕਲੇਰ, ਰਵਨੂਰ ਕੌਰ ਹੇਅਰ, ਰਨਵੀਰ ਸਿੰਘ, ਸਿਮਰਨਜੋਤ ਕੌਰ ਚਾਨਾ, ਅਮੀਰਜੋਤ ਸਿੰਘ, ਸਿਮਰਨਪ੍ਰੀਤ ਕੌਰ ਚਾਨਾ, ਰਾਜਵੀਰ ਸਿੰਘ ਢੀਂਡਸਾ ਅਤੇ ਹਰਸ਼ਾਨ ਕੌਰ ਸ਼ਾਮਲ ਸਨ। 60 ਪੌਂਡ ਭਾਰਾ ਵੱਡੇ ਅਕਾਰ ਦਾ ਕੇਕ ਕੱਟ ਕੇ ਬੱਚਿਆਂ ਦਾ ਸ਼ੀਲਡਾਂ ਅਤੇ ਕੰਬਲ ਦੇ ਕੇ ਸਨਮਾਨ ਕੀਤਾ ਗਿਆ। ਗੁਰਚਰਨ ਕੌਰ ਢੀਂਡਸਾ, ਮਨਮਿੰਦਰ ਕੌਰ ਮਾਣਕੂ, ਪਰਮਿੰਦਰ ਕੌਰ ਚੌਹਾਨ, ਜਸਪਿੰਦਰ ਕੌਰ ਅਜਨਾਲਾ, ਰਾਜੀਤਾ ਕੌਰ, ਕਿਰਨ ਮਿੱਤਰ ਨੇ ਕੇਕ ਨੂੰ ਮੋਮਬਤੀਆਂ ਨਾਲ ਸਜਾਉਣ ਦੀ ਜਿੰਮੇਵਾਰੀ ਨਿਭਾਈ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਇੰਟਰਨੈਸ਼ਨਲ ਸਿੱਖ ਸਭਿਆਚਾਰ ਸੁਸਾਇਟੀ ਨੂੰ ਪ੍ਰਾਪਤ ਹੋਇਆ ਸਨਮਾਨ ਪੱਤਰ ਪ੍ਰੋਗਰਾਮ ਦੇ ਮੁੱਖ ਮਹਿਮਾਨ ਪਵਿੰਦਰ ਸਿੰਘ ਕਰੀਹਾ ਨੇ ਰਿਲੀਜ਼ ਕੀਤਾ। ਪਰਮਜੀਤ ਸਿੰਘ ਸੇਖੋਂ (ਦਾਖਾ) ਦੀ ਲਿਖੀ ਪੁਸਤਕ 'ਵਿਚਾਰ ਇੱਕ ਹਥਿਆਰ' ਮੁਫਤ ਵੰਡੀ ਗਈ। 2010 ਵਿਚ ਮਨਾਈ ਗਈ ਧੀਆਂ ਦੀ ਲੋਹੜੀ ਦੀਆਂ ਵੀਡੀਓ ਕੈਸਿਟਾਂ ਵੰਡੀਆਂ ਗਈਆਂ, 15 ਸਾਲ ਦੀ ਉਮਰ ਦੇ ਬੱਚਿਆਂ ਦੀਆਂ ਪਰਚੀਆਂ ਪਾ ਕੇ ਅਤੇ ਡਰਾਅ ਕੱਢ ਕੇ ਉਨ੍ਹਾਂ ਨੂੰ ਰੋਜ਼ ਵਰਤੋਂ ਦੀਆਂ ਵਸਤਾਂ ਦਾ ਇਨਾਮ ਦੇ ਕੇ ਨਿਵਾਜਿਆ ਗਿਆ। ਗੀਤਕਾਰ ਤੇ ਗਾਇਕ ਰਾਜ ਕਾਕੜਾ ਨੂੰ 'ਕਲਮ ਦਾ ਬਾਦਸ਼ਾਹ' ਐਵਾਰਡ ਦਿੱਤਾ ਗਿਆ।

ਬੁਲਾਰਿਆਂ ਅਤੇ ਕਵੀਆਂ 'ਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭੁਪਿੰਦਰ (ਬਾਬ) ਸਿੰਘ ਢਿੱਲੋਂ, ਪ੍ਰੋ. ਰਣਬੀਰ ਕੌਰ, ਜਸਦੀਪ ਸਿੰਘ, ਤਰਸੇਮ ਸਿੰਘ ਸੁਮਨ, ਮਾਤਾ ਗੁਰਦੇਵ ਕੌਰ, ਡਾ. ਆਲਾ ਸਿੰਘ, ਰਮਨੀਤ ਕੌਰ ਹੁੰਦਲ, ਡਾ. ਦਲਜੀਤ ਸਿੰਘ ਮਾਛੀਵਾੜਾ, ਹਰਜੀਤ ਸਿੰਘ ਹਠੂਰ, ਮੇਜਰ ਸਿੰਘ ਕੁਲਾਰ, ਸੁਰਜੀਤ ਕੌਰ ਸੈਕਰਾਮੈਂਟੋ, ਝਿਰਮਿਲ ਸਿੰਘ ਵਾਹਲਾ, ਜਗਰੂਪ ਸਿੰਘ ਝੋਲਾ, ਹਰਪ੍ਰੀਤ ਸਿੰਘ ਸਿੱਧੂ, ਸਰਬਜੀਤ ਸਿੰਘ ਸੈਕਰਾਮੈਂਟੋ, ਗੁਰਮੀਤ ਸਿੰਘ ਬਰਸਾਲ, ਰਣਬੀਰ ਕੌਰ, ਸੁਦੇਸ਼ ਸਿੰਘ ਅਟਵਾਲ, ਅਵਤਾਰ ਸਿੰਘ ਧਾਮੀ, ਕੇਬੀ ਬਰਾੜ ਤੇ ਮੇਜਰ ਸਿੰਘ ਰੰਧਾਵਾ ਨੇ ਆਪਣੇ ਵਿਚਾਰਾਂ ਪ੍ਰਗਟਾਏ ਅਤੇ ਸਿੱਖ ਭਾਈਚਾਰੇ ਨੂੰ ਧੀ ਨੂੰ ਪੁੱਤਰ ਦੇ ਬਰਾਬਰ ਸਨਮਾਨ ਦਿਵਾਉਣ ਲਈ ਹਰ ਸਾਲ ਲੋਹੜੀ ਵਾਲੇ ਦਿਨ ਨੂੰ 'ਬੇਬੀ ਡੇ' ਦੇ ਤੌਰ 'ਤੇ ਮਨਾਉਣ ਦੀ ਅਪੀਲ ਕੀਤੀ। ਹਰਸਿਮਰਤ ਕੌਰ ਨੇ ਇਕ ਸਕਿਟ ਪੇਸ਼ ਕੀਤੀ ਜਿਸ ਉਪਰੰਤ ਇੱਕ ਨੌ ਸਾਲਾਂ ਦੀ ਬੱਚੀ ਸਿਮਰਨ ਕੌਰ ਢਿੱਲੋਂ ਨੇ ਡਾਂਸ ਕਰਕੇ ਪ੍ਰੋਗਰਾਮ ਵਿਚ ਨਵੇਕਲਾ ਰੰਗ ਭਰਿਆ।

# ਭਾਈ ਇਕਬਾਲ ਸਿੰਘ ਦੀ ਜੱਦੋਜਹਿਦ ਦਾ ਮੋਮਬੱਤੀਆਂ ਜਗਾ ਕੇ ਸਮਰਥਨ

**ਫਰੀਮਾਂਟ (ਬਿਊਰੋ):** ਸਥਾਨਕ ਐਲਿਜ਼ਾਬੈਥ ਝੀਲ ਕੰਢੇ ਬੀਤੇ ਸ਼ਨਿਚਰਵਾਰ ਸ਼ਾਮ ਨੂੰ ਮੋਮਬੱਤੀਆਂ ਜਗਾ ਕੇ (ਕੈਂਡਲ ਲਾਈਟ ਵਿਜਲ) ਭਾਈ ਇਕਬਾਲ ਸਿੰਘ ਦੇ ਸੰਘਰਸ਼ ਦਾ ਸਮਰਥਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਉਹ ਸਿੱਖ ਕੌਮ ਨੂੰ ਭਾਰਤ ਸਰਕਾਰ ਤੋਂ ਇਨਸਾਫ ਦੁਆਉਣ ਲਈ 5 ਦਸੰਬਰ 2013 ਤੋਂ ਦਿੱਲੀ ਦੇ ਜੰਤਰ ਮੰਤਰ ਉਤੇ ਭੁੱਖ ਹੜਤਾਲ ਉਤੇ ਬੈਠੇ ਹੋਏ ਹਨ।



ਇਸ ਕੈਂਡਲ ਲਾਈਟ ਵਿਜਲ ਦਾ ਪ੍ਰਬੰਧ ਖਾਲਿਸਤਾਨ ਦੇ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਫਰੀਮਾਂਟ ਵਲੋਂ ਪੰਥਕ ਜਥੇਬੰਦੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਕੀਤਾ ਗਿਆ। ਇਸ ਵਿਚ ਹਿੱਸਾ ਲੈਣ ਲਈ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖ ਯੂਥ ਆਫ ਅਮਰੀਕਾ, ਖਾਲਿਸਤਾਨ ਦੇ ਸ਼ਹੀਦ ਪਰਿਵਾਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਅਖੰਡ ਕੀਰਤਨੀ ਜਥਾ, ਦਮਦਮੀ ਟਕਸਾਲ, ਗੁਰਮਤਿ ਚੇਤਨਾ ਲਹਿਰ, ਖਾਲਸਾ ਜਾਗ੍ਰਿਤੀ ਲਹਿਰ, ਯੂਨੀਵਰਸਿਟੀ ਆਫ ਕੈਲੀਫੋਰਨੀਆ, ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਕੈਲੀਫੋਰਨੀਆ ਗਤਕਾ ਦਲ ਦੇ ਨੁਮਾਇੰਦੇ ਪਹੁੰਚੇ। ਭਾਈ ਇਕਬਾਲ ਸਿੰਘ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਮੋਮਬੱਤੀਆਂ ਤੇ ਚਾਹ ਪਾਣੀ ਦੀ ਸੇਵਾ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਕੀਤਾ ਗਿਆ।




# ਏਜੀਪੀਸੀ ਵਲੋਂ ਨਾਨਕਸ਼ਾਹੀ ਕੈਲੰਡਰ ਦੇ ਸੰਭਾਵੀ ਭਗਵੇਂਕਰਨ ਦੇ ਵਿਰੋਧ ਦਾ ਸੱਦਾ

**ਮਿਲਪੀਟਸ (ਬਿਊਰੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ (ਏਜੀਪੀਸੀ) ਨੇ ਖਦਸ਼ਾ ਪ੍ਰਗਟਾਇਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੂਲ ਨਾਨਕਸ਼ਾਹੀ ਕੈਲੰਡਰ-2003 ਨੂੰ ਪੂਰੀ ਤਰ੍ਹਾਂ ਬਿਕ੍ਰਮੀ ਕੈਲੰਡਰ ਵਿਚ ਤਬਦੀਲ ਕਰਨ ਦਾ ਮਨ ਬਣਾ ਲਿਆ ਗਿਆ ਹੈ, ਜਿਸ ਦਾ ਕਿਸੇ ਵੀ ਵੇਲੇ ਐਲਾਨ ਹੋ ਸਕਦਾ ਹੈ।



ਜਸਵੰਤ ਸਿੰਘ ਹੋਠੀ



ਡਾ. ਪ੍ਰਿਤਪਾਲ ਸਿੰਘ

ਏਜੀਪੀਸੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇਥੇ ਜਾਰੀ ਇਕ ਸਾਂਝੇ ਬਿਆਨ 'ਚ ਕਿਹਾ ਕਿ ਨਾਨਕਸ਼ਾਹੀ ਕੈਲੰਡਰ ਪ੍ਰਸਿੱਧ ਭੂਗੋਲ ਤੇ ਖਗੋਲ ਵਿਗਿਆਨੀ ਪਾਲ ਸਿੰਘ ਪੁਰੇਵਾਲ ਨੇ ਚਿਰਾਂ ਦੀ ਮਿਹਨਤ ਉਪਰੰਤ ਬਣਾਇਆ ਸੀ ਜੋ ਸ੍ਰੀ ਅਕਾਲ ਤਖ਼ਤ ਸਾਹਿਬ 'ਤੋਂ ਜਾਰੀ ਕੀਤੇ ਜਾਣ ਬਾਅਦ ਸਿੱਖ ਕੌਮ ਦੀ ਵੱਖਰੀ ਪਛਾਣ ਦਾ ਪ੍ਰਤੀਕ ਬਣਿਆ। ਕੁਝ ਸੌੜੀ ਸੋਚ ਵਾਲੇ ਸੁਆਰਥੀ ਆਗੂਆਂ ਵਲੋਂ ਪਹਿਲਾਂ ਅੱਧਾ ਕੈਲੰਡਰ ਤਬਦੀਲ ਕਰ ਲਿਆ ਗਿਆ ਹੈ ਤੇ ਹੁਣ ਬਾਕੀ ਕੈਲੰਡਰ ਦੇ ਖਾਤਮੇ ਦੀ ਤਿਆਰੀ ਕੀਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਕੋਝੀ ਕਾਰਵਾਈ ਨੂੰ ਰੋਕਣ ਲਈ ਹਰ ਪੱਧਰ 'ਤੇ ਸੰਘਰਸ਼ ਵਿੱਢਣ ਲਈ ਤੱਤਪਰ ਹਾਂ ਅਤੇ ਇਨ੍ਹਾਂ ਚਾਲਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।

ਦੋਹਾਂ ਆਗੂਆਂ ਨੇ ਸਮੂਹ ਸਿੱਖ ਜਗਤ ਨੂੰ ਅਪੀਲ ਕੀਤੀ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਖਤਮ ਕੀਤੇ ਜਾਣ ਦਾ ਹਰ ਪੱਧਰ 'ਤੇ ਵਿਰੋਧ ਕੀਤਾ ਜਾਵੇ ਅਤੇ ਇਸ ਖਾਤਰ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਪੰਥਕ ਜਥੇਬੰਦੀਆਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਆਪਣੀਆਂ ਭਾਵਨਾਵਾਂ ਲਿਖਤੀ ਰੂਪ 'ਚ ਭੇਜਣ।

M.K. Nijjar DDS
Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*
*Treatments & Prevention of Gum Diseases New Patients & Children Welcome*

510-794-7058
WWW.DRNIJJAR.COM
*(Across From Washigton Hospital & Bart)*
*1895 Mowry Ave. Ste 104 Fremont*

# ਸਨਅਤੀ ਪੈਕੇਜ ਨਾ ਮਿਲਣ ਕਰਕੇ ਅਕਾਲੀ ਔਖੇ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਸਨਅਤੀ ਪੈਕੇਜ ਨਾ ਦੇਣ ਕਰਕੇ ਅਕਾਲੀ ਔਖੇ ਨਜ਼ਰ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਦੀ ਅਗਵਾਈ ਵਿਚ ਪਾਰਟੀ ਦੀ ਸਾਂਝੀ ਕੋਰ ਕਮੇਟੀ ਤੇ ਅਕਾਲੀ-ਭਾਜਪਾ ਵਿਧਾਇਕਾਂ ਤੇ ਸੰਸਦ ਮੈਂਬਰਾਂ ਵੱਲੋਂ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮੰਗ ਪੱਤਰ ਦੇ ਕੇ ਪੰਜਾਬ ਦੇ ਗੁਆਂਢੀ ਰਾਜਾਂ ਹਿਮਾਚਲ ਪ੍ਰਦੇਸ਼ ਤੇ ਉਤਰਾਂਚਲ ਨੂੰ ਟੈਕਸ ਰਿਆਇਤਾਂ ਦੇ ਕੇ ਪੰਜਾਬ ਨੂੰ ਸਨਅਤੀ ਤੌਰ 'ਤੇ ਪਛਾੜਨ ਤੇ ਪੱਖਪਾਤੀ ਰਵੱਈਏ ਦੇ ਇਲਜ਼ਾਮ ਲਾਉਂਦਿਆਂ ਬਿਨਾਂ ਕਿਸੇ ਦੇਰੀ ਗੁਆਂਢੀ ਸੂਬਿਆਂ ਵਾਲੀਆਂ ਰਿਆਇਤਾਂ ਦੀ ਮੰਗ ਕੀਤੀ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਬੀਤੇ ਦਿਨੀਂ ਪ੍ਰੋਗਰੈਸਿਵ ਪੰਜਾਬ ਸੰਮੇਲਨ ਦੌਰਾਨ ਪੰਜਾਬ ਵਿਚ ਨਿਵੇਸ਼ ਲਈ 65 ਹਜ਼ਾਰ ਕਰੋੜ ਰੁਪਏ ਦੇ ਸਮਝੌਤੇ ਹੋਣ ਤੋਂ ਬਾਅਦ ਯੂ.ਪੀ.ਏ. ਸਰਕਾਰ ਵੱਲੋਂ ਪੰਜਾਬ ਵਿਚ ਪੂੰਜੀ ਨਿਵੇਸ਼ ਰੋਕਣ ਲਈ ਗੁਆਂਢੀ ਰਾਜਾਂ ਨੂੰ ਉਕਤ ਰਿਆਇਤਾਂ ਦਿੰਦਿਆਂ ਪੰਜਾਬ ਵਿਚ ਆਉਣ ਵਾਲੇ ਪੂੰਜੀ ਨਿਵੇਸ਼ ਨੂੰ ਤਾਰਪੀਡੋ ਕਰਨ ਦੀ ਸਾਜ਼ਿਸ਼ ਕੀਤੀ ਗਈ ਹੈ। ਸ. ਬਾਦਲ ਨੇ ਕਿਹਾ ਕਿ ਪੰਜਾਬ ਕਿਸੇ ਗੁਆਂਢੀ ਰਾਜ ਨੂੰ ਰਿਆਇਤਾਂ ਦਿੱਤੇ ਜਾਣ ਦਾ ਵਿਰੋਧੀ ਨਹੀਂ ਪਰ ਪੰਜਾਬ ਨਾਲ ਜਿਵੇਂ ਧੱਕਾ ਕੀਤਾ ਗਿਆ ਹੈ, ਉਸ ਨੂੰ ਅਕਾਲੀ ਦਲ ਚੁੱਪ ਬੈਠ ਕੇ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਪੰਜਾਬ ਦੀ ਕਾਂਗਰਸੀ ਲੀਡਰਸ਼ਿਪ 'ਤੇ ਵੀ ਦੋਸ਼ ਲਾਇਆ ਕਿ ਉਨ੍ਹਾਂ ਵੱਲੋਂ ਵੀ ਪੰਜਾਬ ਨਾਲ ਹੋਏ ਇਸ ਵੱਡੇ ਧੱਕੇ ਵਿਰੁੱਧ ਹੁਣ ਤੱਕ ਆਵਾਜ਼ ਨਹੀਂ ਚੁੱਕੀ ਗਈ ਤੇ ਉਹ ਆਪਣੀਆਂ ਪ੍ਰਧਾਨਗੀਆਂ ਦੀ ਲੜਾਈ ਵਿਚ ਵਿਅਸਤ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਇਸ ਧੱਕੇ ਵਿਰੁੱਧ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਕੋਲ ਪਹੁੰਚ ਕਰਨ ਤੋਂ ਇਲਾਵਾ ਸੰਸਦ ਦੇ ਸਮਾਗਮ ਦੌਰਾਨ ਸ. ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਿਚ ਇਹ ਮੁੱਦਾ ਸੰਸਦ ਵਿਚ ਵੀ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਹਰ ਲੋਕਤੰਤਰੀ ਢੰਗ ਨਾਲ ਕੇਂਦਰ ਦੇ ਇਸ ਧੱਕੇ ਵਿਰੁੱਧ ਆਵਾਜ਼ ਬੁਲੰਦ ਕਰਨ ਦੀ ਕੋਸ਼ਿਸ਼ ਕਰੇਗਾ। ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਨੂੰ ਅਜਿਹੀਆਂ ਰਿਆਇਤਾਂ ਤੋਂ ਵਾਂਝੇ ਰੱਖ ਕੇ ਕਾਂਗਰਸ ਵੱਲੋਂ ਪੰਜਾਬ ਨਾਲ ਮਤਰੇਈ ਮਾਂ ਵਾਲਾ ਰਵੱਈਆ ਅਪਣਾਇਆ ਗਿਆ ਹੈ।



ਰਾਜਪਾਲ ਨੂੰ ਮੰਗ ਪੱਤਰ ਸੌਂਪ ਰਹੇ ਅਕਾਲੀ ਆਗੂ।

## ਵਾਜਪਾਈ ਸਰਕਾਰ ਵੇਲੇ ਦਾ ਹੈ ਪੈਕੇਜ!

ਸ਼੍ਰੋਮਣੀ ਅਕਾਲੀ ਦਲ ਹਿਮਾਚਲ ਪ੍ਰਦੇਸ਼ ਅਤੇ ਉਤਰਾਂਚਲ ਨੂੰ ਦਿੱਤੇ ਜਿਸ ਸਨਅਤੀ ਪੈਕੇਜ ਦਾ ਅੱਜ ਕੱਲ੍ਹ ਵਿਰੋਧ ਕਰ ਰਿਹਾ ਹੈ, ਉਹ ਅਸਲ ਵਿਚ ਸਾਲ 2003 ਵਿਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਦਿੱਤਾ ਸੀ। ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਵਾਜਪਾਈ ਸਰਕਾਰ ਵਿਚ ਸ਼ਾਮਲ ਸੀ। ਹੁਣ ਤਾਂ ਯੂ.ਪੀ.ਏ. ਸਰਕਾਰ ਨੇ ਇਸ ਪੈਕੇਜ ਦੀ ਸਿਰਫ ਮਿਆਦ ਹੀ ਵਧਾਈ ਹੈ ਜੋ ਛੇਤੀ ਹੀ ਖਤਮ ਹੋ ਰਹੀ ਸੀ। ਇਸ ਬਾਰੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੁਛਿਆ ਤਾਂ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ।

## ਚੋਣ ਦੰਗਲ ਵਿਚ ਕੁੱਦਣ ਦਾ ਸੱਦਾ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਕਾਲੀ ਵਰਕਰਾਂ ਨੂੰ ਕਿਹਾ ਕਿ ਉਹ ਅਗਲੇ ਤਿੰਨ ਮਹੀਨੇ ਲਈ ਹੋਰ ਸਭ ਕੁਝ ਭੁੱਲ ਕੇ ਚੋਣ ਦੰਗਲ ਵਿਚ ਜੁਟ ਜਾਣ। ਉਨ੍ਹਾਂ ਵਰਕਰਾਂ ਨੂੰ ਕਿਹਾ ਕਿ ਉਹ ਵਿਆਹ ਤੇ ਹੋਰ ਦੂਜੇ ਸਮਾਜਿਕ ਸਮਾਗਮ ਭੁਲਾ ਦੇਣ ਤੇ ਵਰਕਰਾਂ ਨੂੰ ਮਜ਼ਾਕ ਕਰਦਿਆਂ ਕਿਹਾ ਕਿ ਉਹ ਭਾਵੇਂ ਆਪਣੀਆਂ ਬੀਵੀਆਂ ਨੂੰ ਵੀ ਕੁਝ ਸਮੇਂ ਲਈ ਪੇਕੇ ਭੇਜ ਦੇਣ ਤਾਂ ਜੋ ਉਹ ਪੂਰਾ ਸਮਾਂ ਚੋਣ ਪ੍ਰਚਾਰ ਵਿਚ ਲਾ ਸਕਣ।

ਕੈਬਿਨਟ ਮੰਤਰੀ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ ਕਰਦਿਆਂ ਸ. ਬਾਦਲ ਨੇ ਕਿਹਾ ਕਿ ਜਿਨ੍ਹਾਂ ਦੇ ਵਿਆਹ ਅਜੇ ਤਾਜ਼ੇ ਹਨ, ਉਨ੍ਹਾਂ ਨੂੰ ਛੋਟ ਦੇਣ ਬਾਰੇ ਪਾਰਟੀ ਸੋਚ ਸਕਦੀ ਹੈ ਪਰ ਸ. ਮਜੀਠੀਆ ਨੇ ਵੀ ਅੱਗਿਉਂ ਜਵਾਬ ਦਿੱਤਾ ਕਿ ਉਨ੍ਹਾਂ ਦਾ ਵਿਆਹ ਵੀ ਹੁਣ ਪੁਰਾਣਾ ਹੋ ਗਿਆ ਹੈ ਤੇ ਉਹ ਵੀ ਪੂਰਾ ਸਮਾਂ ਪਾਰਟੀ ਨੂੰ ਦੇਣਗੇ।

# ਪੰਜਾਬ ਤੋਂ ਬਾਹਰ ਚੋਣਾਂ ਨਹੀਂ ਲੜੇਗਾ ਅਕਾਲੀ ਦਲ

**ਮੁਹਾਲੀ:** ਪੰਜਾਬ ਦੇ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਪਸ਼ਟ ਕੀਤਾ ਹੈ ਕਿ ਅਕਾਲੀ ਦਲ ਪੰਜਾਬ ਤੋਂ ਬਾਹਰ ਕਿਸੇ ਹੋਰ ਸੂਬੇ ਵਿਚ ਲੋਕ ਸਭਾ ਦੀਆਂ ਚੋਣਾਂ ਨਹੀਂ ਲੜੇਗਾ, ਸਗੋਂ ਆਪਣੇ ਸੂਬੇ ਦੀਆਂ ਸਾਰੀਆਂ ਸੀਟਾਂ 'ਤੇ ਜਿੱਤ ਹਾਸਲ ਕਰਕੇ ਕਾਂਗਰਸ ਨੂੰ ਸਿਆਸੀ ਪਿੜ ਵਿਚੋਂ ਬਾਹਰ ਦਾ ਰਸਤਾ ਦਿਖਾਏਗਾ। ਸ. ਬਾਦਲ ਨੇ ਕਿਹਾ ਕਿ ਸੱਤਾਧਾਰੀ ਅਕਾਲੀ-ਭਾਜਪਾ ਗੱਠਜੋੜ ਲੋਕ ਸਭਾ ਚੋਣਾਂ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ। ਦੋਵਾਂ ਭਾਈਵਾਲ ਪਾਰਟੀਆਂ ਵਿਚ ਸੀਟਾਂ ਦੀ ਵੰਡ ਨੂੰ ਲੈ ਕੇ ਕੋਈ ਰੌਲਾ ਜਾਂ ਮਤਭੇਦ ਨਹੀਂ ਹਨ।

ਸ. ਬਾਦਲ ਨੇ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਵਿਚ ਕਾਂਗਰਸ ਦਾ ਪੰਜਾਬ ਸਮੇਤ ਪੂਰੇ ਦੇਸ਼ ਵਿਚੋਂ ਸਫਾਇਆ ਹੋਣਾ ਤੈਅ ਹੈ ਕਿਉਂਕਿ ਕਾਂਗਰਸ ਦੀਆਂ ਲੋਕ ਮਾਰੂ ਨੀਤੀਆਂ ਕਾਰਨ ਬੇਰੁਜ਼ਗਾਰੀ, ਭੁੱਖਮਰੀ ਤੇ ਮਹਿੰਗਾਈ ਨੇ ਆਮ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ। ਜਗਦੀਸ਼ ਭੋਲਾ ਵੱਲੋਂ ਨਸ਼ਿਆਂ ਦੀ ਤਸਕਰੀ ਦੇ ਮਾਮਲੇ 'ਚ ਬਿਕਰਮ ਸਿੰਘ ਮਜੀਠੀਆ ਦਾ ਨਾਂ ਲੈਣ ਤੇ ਸੀ.ਬੀ.ਆਈ. ਤੋਂ ਮਾਮਲੇ ਦੀ ਜਾਂਚ ਕਰਵਾਉਣ ਬਾਰੇ ਪੁੱਛੇ ਜਾਣ 'ਤੇ ਸੁਖਬੀਰ ਨੇ ਆਖਿਆ ਕਿ ਅਪਰਾਧੀ ਦੇ ਬਿਆਨ ਨੂੰ ਆਧਾਰ ਬਣਾ ਕੇ ਮਾਮਲਾ ਸੀ.ਬੀ.ਆਈ. ਨੂੰ ਸੌਂਪਣ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਭੋਲਾ ਦੇ ਬਿਆਨ 'ਚ ਸੱਚਾਈ ਨਹੀਂ ਹੈ ਸਗੋਂ ਉਹ ਕਾਂਗਰਸ ਦਾ ਮੋਹਰਾ ਬਣ ਕੇ ਮਾਹੌਲ ਖ਼ਰਾਬ ਕਰ ਰਿਹਾ ਹੈ।










# ‘ਪੰਜਾਬੀ ਫੁਲਵਾੜੀ’ ਨੇ ਮਨਾਈ ਨਵ-ਵਿਆਹੇ ਜੋੜਿਆਂ ਤੇ ਬੱਚਿਆਂ ਦੀ ਲੋਹੜੀ

**ਨਿਊਵਾਰਕ, ਕੈਲੀਫੋਰਨੀਆ (ਬਿਊਰੋ):** ਨਾਨ ਪ੍ਰਾਫਿਟ ਸੰਸਥਾ ਪੰਜਾਬੀ ਫੁਲਵਾੜੀ ਕੋਰਪ ਨੇ ਨਵ-ਵਿਆਹੇ ਜੋੜਿਆਂ ਅਤੇ ਨਵ-ਜਨਮੇ ਬੱਚਿਆਂ ਦੀ ਸਮੂਹਕ ਲੋਹੜੀ ਇਕ ਨਿਵੇਕਲੇ ਢੰਗ ਨਾਲ ਮਨਾਉਂਦਿਆਂ ਇਹ ਸੁਨੇਹਾ ਜ਼ੋਰਦਾਰ ਢੰਗ ਨਾਲ ਦਿੱਤਾ ਕਿ ਧੀ ਤੇ ਪੁੱਤਰ ਬਰਾਬਰ ਹਨ ਅਤੇ ਉਨ੍ਹਾਂ ਵਿਚ ਫਰਕ ਕਰਨਾ ਮਨੁੱਖਤਾ ਵਿਰੋਧੀ ਕਰਮ ਹੈ। ਇਸ ਮੌਕੇ ਜਿਥੇ ਗੀਤ-ਸੰਗੀਤ ਦਾ ਦੌਰ ਚੱਲਿਆ, ਉਥੇ ਲੋਹੜੀ ਦੇ ਰਵਾਇਤੀ ਦ੍ਰਿਸ਼ਾਂ ਨਾਲ ਪ੍ਰੋਗਰਾਮ ਨੂੰ ਪੰਜਾਬੀ ਵਿਰਸੇ ਨਾਲ ਜੋੜਿਆ ਗਿਆ।

ਪ੍ਰੋਗਰਾਮ ਦਾ ਆਗਾਜ਼ ਸ਼ਬਦ ਪੜ੍ਹ ਕੇ ਕੀਤਾ ਗਿਆ ਅਤੇ ਇਸ ਤੋਂ ਬਾਅਦ ਨਾਡੀਆ ਢਿੱਲੋਂ ਅਤੇ ਪੰਮੀ ਢਿੱਲੋਂ (ਮੰਚ ਸੰਚਾਲਕ ਜੋੜੀ) ਨੇ ਬਹੁਤ ਸੁੱਚਜੇ ਢੰਗ ਨਾਲ ਪਾਲੀ ਧਨੌਲਾ ਵਲੋਂ ਤਿਆਰ ਕੀਤੀ ਟੀਮ ਸੰਮੀ, ਲੋਹੜੀ ਦੇ ਗੀਤ ਅਤੇ ਮਿਸ਼ਨ ਲਰਨਿੰਗ ਅਕੈਡਮੀ ਵਲੋਂ ਤਿਆਰ ਕੀਤੀਆਂ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ।

ਜਗਰੂਪ ਸਿੰਘ ਜੱਜ ਨੇ ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਥੇ ਲੋਹੜੀ ਦਾ ਮੰਤਵ ਧੀਆਂ-ਪੁੱਤਰਾਂ ਦੇ ਜਨਮ ਅਤੇ ਨਵ-ਵਿਆਹਿਆਂ ਦੀ ਖੁਸ਼ੀ ਮਨਾਉਣਾ ਹੈ, ਉਥੇ ਭੈਣਾਂ-ਭਰਾਵਾਂ ਦੇ ਰਿਸ਼ਤੇ ਨੂੰ ਪੀਡਾ ਕਰਨਾ ਵੀ ਹੈ। ਪ੍ਰੋਗਰਾਮ ਦੌਰਾਨ ਪੰਜਾਬ ਦੇ ਪਿੰਡਾਂ ਵਿਚ ਪੈਂਦੀ ਲੋਹੜੀ ਦਾ ਦ੍ਰਿਸ਼ ਸਿਰਜਿਆ ਗਿਆ, ਜੋ ਪ੍ਰੋਗਰਾਮ ਨੂੰ ਸਿਖਰ ‘ਤੇ ਲੈ ਗਿਆ। ਇਸ ਹਿੱਸੇ ਦਾ ਮੰਚ ਸੰਚਾਲਨ ਨੀਲਮ ਸੈਣੀ ਨੇ ਕੀਤਾ। ਗੰਦਲਾਂ ਦਾ ਸਾਗ, ਰਸ ਦਾ ਵੇਲਣਾ, ਮੰਜੇ ‘ਤੇ ਤਾਸ਼ ਖੇਲ੍ਹਣ ਦਾ ਦ੍ਰਿਸ਼, ਲੱਡੂਆਂ, ਜਲੇਬੀਆਂ, ਮੂੰਗਫਲੀ, ਰਿਓੜੀਆਂ, ਚਿਵੜਿਆਂ ਦੇ ਭਰੇ ਥਾਲ, ਭੰਡਾਂ ਅਤੇ ਬਾਜੀਗਰਨੀਆਂ ਵਲੋਂ ਲੋਹੜੀ ਮੰਗਣ, ਸਿਰਾਂ ‘ਤੇ ਪਰਾਤਾਂ ਰੱਖ ਪਿੰਡ ਵਿਚ ਲੱਡੂ ਵੰਡਣ ਦੇ ਦ੍ਰਿਸ਼ ਪਿੰਡ ਦੇ ਲੋਹੜੀ ਵਾਲੇ ਘਰ ਦੀ ਮੂੰਹ ਬੋਲਦੀ ਤਸਵੀਰ ਸੀ। ਇਥੇ ਹੀ ਬੱਸ ਨਹੀਂ ਘਰ ਵਿਚ ਧੂਣੀ ਅੱਗੇ ਬੈਠੀਆਂ ਔਰਤਾਂ ਵਲੋਂ ਲੋਹੜੀ ਦੇ ਰਵਾਇਤੀ ਗੀਤਾਂ ਦੀ ਮਹਿਕ ਫਿਜ਼ਾ ਵਿਚ ਰਸ ਘੋਲ ਗਈ, ਲੋਹੜੀ ਦੀ ਬਲ਼ਦੀ ਧੂਣੀ ਦੇ ਦੁਆਲੇ ਨਵ-ਵਿਆਹੇ ਜੋੜੇ ਅਤੇ ਬੱਚਿਆਂ ਨੂੰ ਲਿਆਉਣ ਕਈ ਸੁਖਮਨ ਢੋਲੀ ਨੇ ਢੋਲ ‘ਤੇ ਡਗਾ ਲਾਇਆ ਤਾਂ ਮਾਹੌਲ ਹੋਰ ਰੰਗੀਨ ਹੋ ਗਿਆ। ਧੂਣੀ ਵਿਚ ਤਿਲ-ਚੌਲ ਆਦਿ ਸੁੱਟਦੇ ਸਮੇਂ ‘ਈਸ਼ਰ ਆ-ਦਲਿੱਦਰ ਜਾਹ-ਦਲਿੱਦਰ ਦੀ ਜੜ੍ਹ ਚੁਲ੍ਹੇ ਪਾ’ ਰਾਹੀਂ ਤੰਦਰੁਸਤੀ ਅਤੇ ਖੁਸ਼ਹਾਲੀ ਦੀ ਕਾਮਨਾ ਕੀਤੀ ਗਈ।





ਲੋਹੜੀ ਦਾ ਦ੍ਰਿਸ਼ ਬੰਨਣ ਤੋਂ ਬਾਅਦ ਮਿਸ਼ਨ ਲਰਨਿੰਗ ਅਕੈਡਮੀ ਵਲੋਂ ਪ੍ਰੀਤਇੰਦਰ ਅਤੇ ਦਿਲਪ੍ਰੀਤ ਕੈਲੀ ਦੀ ਅਗਵਾਈ ਹੇਠ ਗਿੱਧਾ ਟੀਮ ਨੇ ਨੱਚ-ਨੱਚ ਕੇ ਧਰਤੀ ਹਿਲਾ ਦਿਤੀ, ਗੋਲਡਨ ਸਟੇਟ ਦੀ ਭੰਗੜਾ ਟੀਮ ਨੇ ਭੰਗੜਾ ਪਾ ਕੇ ਸਭ ਦਾ ਮਨ ਮੋਹ ਲਿਆ ਅਤੇ ਅਖੀਰ ਵਿਚ ਲੋਹੜੀ ਦੀ ਵਧਾਈ ਲੈਣ ਆਈ ਵਕੀਲ ਗਿੰਨੀ ਬੇਦੀ ਦੀ ਟੀਮ ਨੇ ਦਰਸ਼ਕਾਂ ਨੂੰ ਕੀਲ ਕੇ ਬਿਠਾ ਦਿਤਾ। ਲੋਹੜੀ ਦੇ ਗੀਤਾਂ ਅਤੇ ਡੀ ਜੇ ਨਾਲ ਹਰ ਪਰਿਵਾਰ ਨੱਚਿਆ। ਅੰਤ ਵਿਚ ਸਭ ਨੂੰ ਮੂੰਗਫਲੀ ਅਤੇ ਰਿਓੜੀਆਂ ਦੇ ਲਫਾਫੇ ਵੰਡੇ ਗਏ। ਖਾਣੇ, ਕੱਪੜੇ ਅਤੇ ਗਹਿਣਿਆਂ ਦੇ ਸਟਾਲਾਂ ‘ਤੇ ਖਰੀਦੋ-ਫਰੋਖਤ ਜਾਰੀ ਰਹੀ। ਕੁਲਮੀਤ ਜੱਜ ਦੀ ਸਮੁੱਚੀ ਟੀਮ-ਕੁਲਦੀਪ ਸੰਧੂ, ਰਸ਼ਪਾਲ ਵਾਲੀਆ, ਤਲਵਿੰਦਰ ਬੈਂਸ ਰੰਧਾਵਾ, ਨਾਡੀਆ ਢਿੱਲੋਂ, ਟੀਨਾ ਢਿੱਲੋਂ, ਵੀਰਪਾਲ ਸਿੱਧੂ, ਜਗਰੂਪ ਸਿੰਘ ਜੱਜ, ਪੰਜਾਬ ਢਿੱਲੋਂ, ਦਰਸ਼ਪਾਲ ਢਿੱਲੋਂ, ਸੁਰਿੰਦਰ ਪਾਲ ਸਿੰਘ, ਦਵਿੰਦਰਜੀਤ ਸਿੰਘ, ਬਲਵਿੰਦਰ ਵਾਲੀਆ ਅਤੇ ਇਸ਼ਵਿੰਦਰ ਪਰਮਾਰ ਨੇ ਇਸ ਪ੍ਰੋਗਰਾਮ ਦੀ ਸਫਲਤਾ ਵਿਚ ਬਹੁਤਮੁੱਲਾ ਯੋਗਦਾਨ ਪਾਇਆ।






**Trinity Logistics Inc.**

Brokerage Company California Office

**Now Hiring Company Drivers**

Team & Solo *(With Two Years Experience)*

**Owner Operators**

Specialize in Reefer & Dry Loads.

Run All 48 States



*Quick Pay Available
*Get paid weekly on time.
*Fuel advance

Transflo or fax your delivery BOL and get paid by ACH deposit in your account.

ਕੰਪਨੀ ਡਰਾਈਵਰਾਂ

ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)

ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ

*Call Dispatch at*

661-213-3355 or 661-431-8692





Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

ਮਾਡੈਸਟੋ, ਸਟਾਕਟਨ ਅਤੇ ਮਰਸਡ ਦੇ ਇਲਾਕੇ ’ਚ 8 ਕੈਮਰਿਆਂ ਵਾਲਾ ਸਕਿਉਰਿਟੀ ਸਿਸਟਮ ਸਿਰਫ $1500 ਵਿਚ ਲੁਆਓ

ਜੇ ਤੁਹਾਡੇ ਕੈਮਰੇ ਘਰੋਂ ਨਹੀਂ ਚੱਲਦੇ ਤਾਂ ਸਿਰਫ 75 ਡਾਲਰ ’ਚ ਠੀਕ ਕਰਵਾਓ

**COMMERCIAL & RESIDENTIAL**

Monitor Your Home or Office from Anywhere

*Please Call*

888-233-4566

www.dvrunlimited.com
www.security360cameras.com

BOSCH SAMSUNG VIVOTEK LG Life's Good
DVR UNLIMITED INC. SECURITY CAMERAS

# Join our 2014 Truck Compliance Seminar

FREE!

## This February 15, 2014 at 2575 Collier Canyon Road Livermore, CA 94551.



-ਅਸੀਂ ਪਿਛਲੇ 22 ਸਾਲਾਂ ਤੋਂ ਤੁਹਾਡੀ ਸੇਵਾ ਵਿਚ ਹਾਂ
-ਅਸੀਂ ਗਲੋਬਲ ਹਾਕ ਸਮੇਤ ਹੋਰ ਬਹੁਤ ਸਾਰੀਆਂ ਅੱਵਲ ਦਰਜੇ ਦੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਜੁੜੇ ਹੋਏ ਹਾਂ ਅਤੇ ਟਰੱਕਾਂ ਦੀ ਇੰਸ਼ੋਰੈਂਸ ਵਿਚ ਸਾਡੀ ਮੁਹਾਰਤ ਹੈ
-ਤੁਸੀਂ ਓਨਰ ਅਪਰੇਟਰ ਹੋ ਜਾਂ ਤੁਹਾਡੀ ਆਪਣੀ ਟਰੱਕਿੰਗ ਕੰਪਨੀ ਹੈ, ਤੁਹਾਡੇ ਕੋਲ ਇਕ ਟਰੱਕ ਹੈ ਜਾਂ ਸੈਂਕੜੇ ਟਰੱਕ ਹਨ-ਅਸੀਂ ਤੁਹਾਨੂੰ ਸਹੀ ਸਲਾਹ ਦੇ ਕੇ ਇੰਸ਼ੋਰੈਂਸ ਕਰਾਂਗੇ।
-ਆਟੋ ਤੇ ਜਨਰਲ ਲਾਇਬਿਲਿਟੀ, ਕਾਰਗੋ, ਫਿਜ਼ੀਕਲ ਡੈਮੇਜ, ਲੋਕਲ ਲਾਂਗ ਹਾਲ।
-ਬਸ ਇਕੋ ਕਾਲ 'ਤੇ ਤੁਹਾਡੀ ਮਦਦ ਲਈ ਇੰਸ਼ੋਰੈਂਸ ਟੀਮ ਹਾਜ਼ਰ ਹੋਵੇਗੀ।

-ਜਸਬੀਰ ਸਿੰਘ ਥਾਂਦੀ, ਸੀ ਈ ਓ

- CARB laws
- Hours of Service rules
- And much more!

## Come and Meet our Team







**Dominic Flamiano**
Transportation Lawyer with 25 years experience.

**BIT Consultant**
Longtime Inspector available to help with Driver Qualification Files, Interstate vs. Intrastate Regulations and Compliance Issues.

**California Highway Patrol**
An Officer will give you tips and answer all your questions.

## Our Team of Experts Can Help to Grow Your Business

**GCIB** has teamed up with the California Highway Patrol, Risk Managers, BIT Inspectors, Transportation Lawyers and other trucking professionals to help you move your trucking business forward.

**GCIB** has teamed up with **GHINS, Lloyds of London, American Safety Insurance Company** and other **A** rated companies to offer competitive rates for trucking companies of all sizes.

### We Insure

- Auto liability
- Physical damage
- Cargo
- Local & 48 states
- Sand & gravel
- Container trucks
- Tow trucks
- Owner Operators
- Trucking Company (ies) (& drivers)
- Dump Trucks
- Seasonal Vegetable Haulers.
- Delivery Services
- CateringTrucks, Ice Cream & more

Global Century Insurance Brokers, Inc.
License No. 0E52042

**More Info Call Kelly**
**925.493.7525 Ext.115**

Faith P. Fisher, ARM
FFisher@gcib.net
www.gcib.net

ਕਿਸ਼ਤ 4

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ-ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਸਤਿਗੁਰ ਕੋ ਦੇਖ ਕਰ ਪੜ ਗਈ ਦੁਸ਼ਮਨ ਮੇਂ ਖਲਬਲੀ

31

ਸਤਿਗੁਰ ਕੋ ਦੇਖ ਕਰ ਪੜ ਗਈ ਦੁਸ਼ਮਨ ਮੇਂ ਖਲਬਲੀ।
ਨਾਜ਼ਿਮ ਕੋ ਇਜ਼ਤਿਰਾਬ ਥਾ, ਰਾਜੋਂ ਕੋ ਬੇਕਲੀ।
ਕਹਤੇ ਥੇ ਇਨ ਕੀ ਜਬ ਕਭੀ ਤਲਵਾਰ ਹੈ ਚਲੀ।
ਸਰ ਲੇ ਕੇ ਫਿਰ ਹਜ਼ਾਰੋਂ ਕੇ ਹੀ ਹੈ ਬਲਾ ਟਲੀ।
ਜਾਨੋਂ ਕੀ ਖ਼ੈਰ ਚਾਹਤੇ ਹੋ, ਮਿਲ ਕੇ ਘੇਰ ਲੋ।
ਕਿਸਮਤ ਚਲੀ ਹੈ ਸਾਥ ਸੇ ਫਿਰ ਇਸ ਕੋ ਫੇਰ ਲੋ।
*(ਇਜ਼ਤਿਰਾਬ=ਪਰੇਸ਼ਾਨੀ, ਬੇਕਲੀ=ਬੇਚੈਨੀ)*

32

ਸੁਨ ਕਰ ਯਿਹ ਬਾਤ ਟੂਟ ਪੜੇ ਅਹਿਲ-ਏ-ਕੀਂ।
ਹਮਲਾ ਕੀਯਾ ਵੁਹ ਸਖ਼ਤ ਕਿ ਥੱਰਾ ਗਈ ਜ਼ਮੀਂ।
ਹੋ ਜਾਤਾ ਜ਼ੇਰ ਇਸ ਘੜੀ ਰੁਸਤਮ ਭੀ ਬਿਲਯਕੀਂ।
ਨਰਗ਼ਾ ਮੇਂ ਆ ਕੇ ਸਤਿਗੁਰੂ ਘਬਰਾਏ ਤਕ ਨਹੀਂ।
ਇਕ ਢਾਲ ਪਿ ਹਜ਼ਾਰੋਂ ਕੇ ਰੋਕੇ ਹਜ਼ਾਰ ਵਾਰ।
ਤਲਵਾਰ ਜਬ ਉਠਾਈ ਤੋ ਭਾਗੇ ਕਤਾਰਵਾਰ।
*(ਅਹਿਲ-ਏ-ਕੀਂ=ਸਾੜੇ ਨਾਲ ਭਰੇ ਲੋਕ,*
*ਬਿਲਯਕੀਂ=ਯਕੀਨਨ, ਨਰਗ਼ਾ=ਝਾਂਸਾ)*

33

ਕਹਨੇ ਲਗੇ ਗੁਰੂ ਤੋ ਜਿਆਲੇ ਬਲਾ ਕੇ ਹੈਂ।
ਸਬ ਦਾਓ ਘਾਤ ਯਾਦ ਇਨ੍ਹੇਂ ਫ਼ਨ-ਏ-ਦਗ਼ਾ ਕੇ ਹੈਂ।
ਗੱਦੀ ਪਿ ਸੁਲੁਹ-ਕੁਲ ਹੈਂ ਤੋ ਰਨ ਮੇਂ ਲੜਾਕੇ ਹੈਂ।
ਬੜ੍ਹ ਚੜ੍ਹ ਕੇ ਬਾਦਸ਼ਾਹੋਂ ਸੇ ਬੰਦੇ ਖ਼ੁਦਾ ਕੇ ਹੈਂ।
ਹਮ ਤੋ ਸਮਝ ਰਹੇ ਥੇ, ਪਕੜ ਲੇਂਗੇ ਆਨ ਮੇਂ।
ਸਾਬਿਤ ਹੂਏ ਯਿਹ ਸ਼ੇਰ ਮਗਰ ਇਮਤਿਹਾਨ ਮੇਂ।

34

ਸਤਿਗੁਰੂ ਨੇ ਰਾਜਪੂਤੋਂ ਕੇ ਛੱਕੇ ਛੁੜਾ ਦੀਏ।
ਮੁਗ਼ਲੋਂ ਕੇ ਵਲਵਲੇ ਭੀ ਜੋ ਥੇ ਸਬ ਮਿਟਾ ਦੀਏ।
ਦੁਸ਼ਮਨ ਕੋ ਅਪਨੀ ਤੇਗ਼ ਕੇ ਜੌਹਰ ਦਿਖਾ ਦੀਏ।
ਕੁਸ਼ਤੋਂ ਕੇ ਏਕ ਆਨ ਮੇਂ ਪੁਸ਼ਤੇ ਲਗਾ ਦੀਏ।
ਰਾਜਾ ਜੋ ਚੜ੍ਹ ਕੇ ਆਯੇ ਥੇ ਬਾਹਰ ਪਹਾੜ ਸੇ।
ਪਛਤਾ ਰਹੇ ਥੇ ਜੀ ਮੇਂ ਗੁਰੂ ਕੀ ਲਤਾੜ ਸੇ।
*(ਕੁਸ਼ਤੋਂ ਕੇ ਪੁਸ਼ਤੇ=ਲਾਸ਼ਾਂ ਦੇ ਢੇਰ)*

35

ਦੇਖਾ ਜੂੰਹੀ ਹੁਜ਼ੂਰ ਨੇ ਦੁਸ਼ਮਨ ਸਿਮਟ ਗਏ।
ਬੜ੍ਹਨੇ ਕੀ ਜਗਹ ਖ਼ੌਫ਼ ਸੇ ਨਾਮਰਦ ਹਟ ਗਏ।
ਘੋੜੇ ਕੋ ਏੜ ਦੇ ਕੇ ਗੁਰੂ ਰਨ ਮੇਂ ਡਟ ਗਏ।
ਫ਼ਰਮਾਏ ਬੁਜ਼ਦਿਲੋਂ ਸੇ ਕਿ ਤੁਮ ਕਯੋਂ ਪਲਟ ਗਏ।
ਅਬ ਆਓ ਰਨ ਮੇਂ ਜੰਗ ਕੇ ਅਰਮਾਂ ਨਿਕਾਲ ਲੋ।
ਤੁਮ ਕਰ ਚੁਕੇ ਹੋ, ਵਾਰ ਹਮਾਰਾ ਸੰਭਾਲ ਲੋ।

36

ਆਯੇ ਹੋ ਤੁਮ ਪਹਾੜ ਸੇ ਮੈਦਾਨ-ਏ-ਜੰਗ ਮੇਂ।
ਬੱਟਾ ਲਗਾ ਕੇ ਜਾਤੇ ਹੋ ਕਯੋਂ ਨਾਮ-ਓ-ਨੰਗ ਮੇਂ।
ਸੁਨਤੇ ਹੈਂ ਤੁਮ ਕੋ ਨਾਜ਼ ਹੈ ਤੀਰ-ਓ-ਤੁਫ਼ੰਗ ਮੇਂ।
ਹੁਸ਼ਯਾਰ ਸ਼ਹਸਵਾਰ ਹੋ ਮਾਹਿਰ ਖ਼ਦੰਗ ਮੇਂ।
ਦਸ ਬਾਰਹ ਤੁਮ ਮੇਂ ਰਾਜੇ ਹੈਂ ਦੋ ਇਕ ਨਵਾਬ ਹੈਂ।
ਫਿਰ ਹਮ ਸੇ ਜੰਗ ਕਰਨੇ ਮੇਂ ਕਯੋਂ ਇਜਤਿਨਾਬ ਹੈਂ।
*(ਨਾਮ-ਓ-ਨੰਗ=ਇੱਜ਼ਤ, ਖ਼ਦੰਗ=ਤੀਰ, ਇਜਤਿਨਾਬ= ਪਰਹੇਜ਼)*

37

ਦੇਖੇਂ ਤੋ ਆਜ ਹਮ ਭੀ ਤੁਮ੍ਹਾਰੀ ਬਹਾਦਰੀ।
ਵੁਹ ਖੁੱਕਰੀ ਕੀ ਕਾਟ ਪਟੇ ਕੀ ਹੁਨਰਵਰੀ।
ਹਮ ਨੇ ਤੁਮ੍ਹਾਰੇ ਹਮਲੇ ਕੋ ਰੋਕਾ ਥਾ ਸਰਸਰੀ।
ਅਬ ਅਪਨਾ ਵਾਰ ਰੋਕਨਾ ਸਬ ਮਿਲ ਕੇ ਲਸ਼ਕਰੀ।
ਹਮ ਕੋ ਬਫ਼ਜ਼ਲ-ਏ-ਈਜ਼ਦੀ ਤਨਹਾ ਨ ਜਾਨਨਾ।
ਕਸਰਤ ਪਿ ਐਂਠ ਐਂਠ ਕੇ ਸੀਨਾ ਨ ਤਾਨਨਾ।
*(ਬਫ਼ਜ਼ਲ-ਏ-ਈਜ਼ਦੀ=ਰੱਬ ਦੀ ਮਿਹਰ ਨਾਲ, ਤਨਹਾ=ਇਕੱਲਾ)*

38


ਯਿਹ ਕਹਕੇ ਉਨ ਪੇ ਟੂਟ ਪੜੇ ਦਸਵੇਂ ਪਾਤਸ਼ਾਹ।
ਇਸ ਸਫ਼ ਕੋ ਕਾਟਤੇ ਕਭੀ ਉਸ ਪਰੇ ਕੋ ਕਾਹ।
ਜਮਤੀ ਨ ਥੀ ਹੁਜ਼ੂਰ ਕੀ ਤਲਵਾਰ ਪਰ ਨਿਗਾਹ।
ਤੇਗ਼-ਏ-ਗੁਰੂ ਪਿ ਹੋਤਾ ਥਾ ਬਿਜਲੀ ਕਾ ਸ਼ਾਇਬਾਹ।
ਇਕ ਹਮਲੇ ਮੇਂ ਥਾ ਫ਼ੌਜ ਕਾ ਤਖ਼ਤਾ ਉਲਟ ਗਯਾ।
ਗੁਰ ਕੀ ਹਵਾ-ਏ-ਤੇਗ਼ ਸੇ ਬਾਦਲ ਥਾ ਛਟ ਗਯਾ।
*(ਪਰੇ=ਕਤਾਰ, ਕਾਹ=ਘਾਹ, ਸ਼ਾਇਬਾਹ=ਸ਼ੱਕ)*

39

ਜੋ ਬਚ ਗਏ ਵੁਹ ਭਾਗ ਗਏ ਮੂੰਹ ਕੋ ਮੋੜ ਕਰ।
ਰਸਤਾ ਘਰੋਂ ਕਾ ਲੇ ਲੀਯਾ ਮੈਦਾਂ ਕੋ ਛੋੜ ਕਰ।
ਸਿੰਘੋਂ ਨੇ ਭੁਸ ਨਿਕਾਲ ਦੀਯਾ ਥਾ ਝੰਜੋੜ ਕਰ।
ਪਛਤਾਏ ਆਖ਼ਿਰਸ਼ ਕੋ ਬਹੁਤ ਕੌਲ ਤੋੜ ਕਰ।
ਲਾਸ਼ੋਂ ਸੇ ਔਰ ਸਰੋਂ ਸੇ ਥਾ ਮੈਦਾਨ ਪਟ ਗਯਾ।
ਆਧੇ ਸੇ ਬੇਸ਼ ਲਸ਼ਕਰ-ਏ-ਆਦਾ ਥਾ ਕਟ ਗਯਾ।
*(ਬੇਸ਼=ਵੱਧ, ਲਸ਼ਕਰ-ਏ-ਆਦਾ=ਵੈਰੀ ਦੀ ਫ਼ੌਜ)*

40

ਸਰਹਿੰਦ ਕੇ ਨਵਾਬ ਕਾ ਫ਼ਕ ਰੰਗ ਹੋ ਗਯਾ।
ਲਸ਼ਕਰ ਕਾ ਹਾਲ ਦੇਖ ਕੇ ਵੁਹ ਦੰਗ ਹੋ ਗਯਾ।
ਸਤਿਗੁਰ ਕੀ ਤੇਗ਼-ਏ-ਤੇਜ਼ ਸੇ ਜਬ ਤੰਗ ਹੋ ਗਯਾ।
ਜ਼ਾਲਿਮ ਕਾ ਦਿਲ ਜੋ ਸਖ਼ਤ ਥਾ ਅਬ ਸੰਗ ਹੋ ਗਯਾ।
ਠਹਰਾਈ ਦਿਲ ਮੇਂ ਸਿੰਘੋਂ ਸੇ ਮੈਂ ਇੰਤਿਕਾਮ ਲੂੰ।
ਧੋਕੇ ਫ਼ਰੇਬ ਸੇ ਮੈਂ ਸਹਰ ਲੂੰ ਯਾ ਸ਼ਾਮ ਲੂੰ। **(ਚਲਦਾ)**



## ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਬਾਰੇ ਲਿਖਣ ਵਾਲਾ ਪਹਿਲਾ ਉਰਦੂ ਸ਼ਾਇਰ

*ਅੱਲ੍ਹਾ ਯਾਰ ਖ਼ਾਂ ਜੋਗੀ ਚਮਕੌਰ ਅਤੇ ਸਰਹਿੰਦ ਦੀਆਂ ਸ਼ਹਾਦਤਾਂ ਬਾਰੇ ਉਰਦੂ ਵਿਚ ਲਿਖਣ ਵਾਲਾ ਪਹਿਲਾ ਸ਼ਾਇਰ ਮੰਨਿਆ ਜਾਂਦਾ ਹੈ। ਸਰਹਿੰਦ ਦੇ ਸਾਕੇ ਬਾਰੇ ਉਸ ਨੇ 'ਸ਼ਹੀਦਾਨਿ-ਵਫਾ' 1913 ਵਿਚ ਅਤੇ ਚਮਕੌਰ ਦੇ ਸਾਕੇ ਬਾਰੇ 'ਗੰਜਿ-ਸ਼ਹੀਦਾਂ' 1915 ਵਿਚ ਲਿਖੀ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 8 ਫਰਵਰੀ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-102



ਤਸਵੀਰ: ਰਵਿੰਦਰ ਰਵੀ

***ਆਪਣੀ ਆਪਣੀ ਫੱਟੀ ਧੋ ਕੇ, ਲਿਖਣ ਦੀ ਕਰਨ ਤਿਆਰੀ।***
***ਸ਼ਾਬਾਸ਼ੇ ਅੱਜ ਪੱਕੀ ਲੈਣੀ, ਐਸੀ ਕਰਨੀ ਅੱਖਰਕਾਰੀ।***

## ਕੈਪਸ਼ਨ ਮੁਕਾਬਲਾ-100



ਜੋਬਨ ਰੁੱਤੇ ਫਸਲ ਜੱਟ ਦੀ,
ਪਸ਼ੂ ਅਵਾਰਾ ਦੇਣ ਉਜਾੜ।
ਰਾਖੀ ਉਸ ਦੀ ਕਰਨ ਦੀ ਖਾਤਰ,
ਕਰਿਆ ਸਸਤਾ ਜਿਹਾ ਜੁਗਾੜ।
ਨਾ ਗਰਮੀ ਨਾ ਸਰਦੀ ਲੱਗੇ,
ਹੋਵੇ ਪੋਹ ਜਾਂ ਹੋਵੇ ਹਾੜ।
***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਹਰੇ ਭਰੇ ਖੇਤਾਂ ਦਾ ਮੈਂ ਰਾਖਾ
'ਡਰਨਾ' ਮੈਨੂੰ ਕਹਿੰਦੇ।
ਪਸ਼ੂ-ਪੰਛੀ ਡਰ ਖੇਤ ਨਹੀਂ ਵੜਦੇ
ਦੂਰ ਦੂਰ ਹੀ ਰਹਿੰਦੇ।
ਕਾਦਰ ਦੀ ਕੁਦਰਤ ਨੂੰ ਧੋਖਾ ਦੇਣਾ
ਪਰ ਆਪ ਨਿਰਲੇਪ ਹੀ ਰਹਿਣਾ।
ਦੇਖਾਂ ਸਭ ਚਲਾਕੀ ਬੰਦੇ ਦੀ
ਪਰ ਮੂੰਹੋਂ ਖੁਦ ਨਹੀਂ ਕਹਿਣਾ।
***-ਸੇਵਾ ਸਿੰਘ ਨੂਰਪੁਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

ਪੱਕੀਆਂ ਫ਼ਸਲਾਂ ਖਾਣ ਨਾ ਪੰਛੀ,
ਡਰਨਾ ਪੈਂਦਾ ਸੀ ਗੱਡਣਾ।
ਨਹੀਂ ਤਾਂ ਰੌਲਾ-ਰੱਪਾ ਪਾ ਕੇ,
ਪੈਂਦਾ ਸੀ ਖੇਤਾਂ 'ਚੋਂ ਕੱਢਣਾ।
ਕਿਸੇ ਸਿਆਣੇ ਦੀ ਸੋਚ ਨੇ,
ਇਹ ਕ੍ਰਿਸ਼ਮਾ ਕਰ ਵਿਖਾਇਆ।
ਜੋੜ ਕੇ ਡੰਡੇ ਬੰਨ੍ਹੀ ਪਗੜੀ,
ਕੁੜਤਾ ਪਾ ਕੇ ਰਾਖਾ ਬਣਾਇਆ।
ਇਸ ਡਰਨੇ ਤੋਂ ਡਰ ਕੇ ਪੰਛੀ,
ਮੁੜ ਕੇ ਨਾ ਫ਼ਸਲਾਂ ਵੱਲ ਆਇਆ।
***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

---

ਖੇਤੀ ਖਸਮਾਂ ਸੇਤੀ,
ਕਰਨੇ ਪੈਂਦੇ ਨੇ ਜੁਗਾੜ ਬਈ।
ਪਾ ਦੇਣ ਨਹੀਂ ਤਾਂ
ਪਸ਼ੂ ਪੰਛੀ ਇਹ ਉਜਾੜ ਬਈ।
ਉਡ ਜਾਵੇ ਨੀਂਦ ਜਦੋਂ
ਦੇਖੀਏ ਸਦੇਹਾਂ ਆ ਕੇ,
ਲਹਿਰਦੀਆਂ ਫਸਲਾਂ
ਕੋਈ ਗਿਆ ਏ ਲਤਾੜ ਬਈ।
***-ਫਕੀਰ ਚੰਦ ਸੈਂਪਲਾ***
***ਲਾਸ ਏਂਜਲਸ।***

---

ਬਾਪੂ ਨੂੰ ਇਹ ਫੁਰਨਾ ਫੁਰਿਆ,
ਝੱਗਾ ਚੁੱਕ ਲਿਆਈਏ।
ਬੰਨ੍ਹ ਕੇ ਡੰਡੇ ਨਾਲੋ-ਨਾਲੇ,
ਬੰਦਾ ਇਕ ਬਣਾਈਏ।
ਨਾਲੇ ਝੱਗਾ ਕੰਮ ਆਵੇਗਾ,
ਨਾਲੇ ਹੋਊ ਰਾਖੀ,
ਸੰਕਟ ਜਿਹੜਾ ਭੌਂਦਾ ਸਿਰ,
ਉਸ ਨੂੰ ਇੰਜ ਨਿਪਟਾਈਏ।
***-ਪਲਵਿੰਦਰ ਸਿੰਘ***
***ਮਿਲਪੀਟਸ, ਕੈਲੀਫੋਰਨੀਆ।***

**Punjab Times Ph: 847-359-0746**
*Fax:847-705-9388, e-mail:punjabtimes1@sbcglobal.net*
*Visit us on the web:wwwpunjabtimesusa.com*

# ਫਿਲੌਰ ਕਿਲ੍ਹੇ 'ਤੇ ਰਹੇਗਾ ਪੰਜਾਬ ਪੁਲਿਸ ਦਾ ਕਬਜ਼ਾ




**ਫਿਲੌਰ:** ਮਹਾਰਾਜਾ ਰਣਜੀਤ ਸਿੰਘ ਦੇ ਕਿਲ੍ਹੇ 'ਤੇ ਹੁਣ ਪੰਜਾਬ ਪੁਲਿਸ ਹੀ ਕਾਬਜ਼ ਰਹੇਗੀ। ਇਸ ਤੋਂ ਪਹਿਲਾਂ ਭਾਰਤ ਦੇ ਪੁਰਾਤਤਵ ਵਿਭਾਗ (ਏ.ਐਸ.ਆਈ.) ਨੇ ਇਸ ਕਿਲ੍ਹੇ ਨੂੰ ਇਤਿਹਾਸਕ ਵਿਰਾਸਤ ਦੱਸਦਿਆਂ ਪੰਜਾਬ ਪੁਲਿਸ ਨੂੰ ਕਿਲ੍ਹਾ ਖਾਲੀ ਕਰਨ ਲਈ ਕਹਿ ਦਿੱਤਾ ਸੀ। ਇਸ 'ਤੇ ਪੰਜਾਬ ਸਰਕਾਰ ਨੇ ਇਤਰਾਜ਼ ਜਤਾਉਂਦਿਆਂ ਕਿਹਾ ਸੀ ਕਿ ਇਹ ਕਿਲ੍ਹਾ 1891 ਤੋਂ ਪੁਲਿਸ ਕੋਲ ਹੈ ਤੇ ਇਥੇ ਦੇਸ਼ ਦਾ ਸਭ ਤੋਂ ਪੁਰਾਣਾ ਤੇ ਵੱਡਾ ਪੁਲਿਸ ਟਰੇਨਿੰਗ ਸਕੂਲ ਚੱਲਦਾ ਹੈ।

ਇਸ ਸਕੂਲ ਨੂੰ ਇਥੋਂ ਕਿਸੇ ਹੋਰ ਥਾਂ ਲੈ ਕੇ ਜਾਣਾ ਬਹੁਤ ਮੁਸ਼ਕਲ ਹੋਵੇਗਾ। ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਪੰਜਾਬ ਸਰਕਾਰ ਤੇ ਭਾਰਤ ਦੇ ਪੁਰਾਤਤਵ ਵਿਭਾਗ ਵਿਚਾਲੇ ਹੋਏ ਸਮਝੌਤਾ ਹੋਇਆ ਹੈ ਕਿ ਕਿਲ੍ਹਾ ਪੰਜਾਬ ਪੁਲਿਸ ਕੋਲ ਹੀ ਰਹੇਗਾ ਤੇ ਏ.ਐਸ.ਆਈ. ਇਸ ਦੀ ਦੇਖਰੇਖ ਕਰੇਗਾ। ਇਸ ਕਰਾਰ ਦੇ ਅਦਾਲਤ ਵਿਚ ਦਾਖਲ ਹੋਣ ਮਗਰੋਂ ਪੰਜਾਬ ਪੁਲਿਸ ਨੇ ਸੁੱਖ ਦਾ ਸਾਹ ਲਿਆ ਹੈ।

ਪੰਜਾਬ ਪੁਲਿਸ ਅਕੈਡਮੀ ਦੇ ਜੁਆਇੰਟ ਡਾਇਰੈਕਟਰ ਕਮ ਡੀ.ਆਈ.ਜੀ. ਸ੍ਰੀ ਐਸ.ਪੀ.ਐਸ. ਪਰਮਾਰ ਨੇ ਇਸ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਹਾਈਕੋਰਟ ਵਿਚ ਪਟੀਸ਼ਨ ਦਾਖ਼ਲ ਕੀਤੀ ਗਈ ਸੀ ਜਿਸ 'ਤੇ ਫੈਸਲਾ ਆਇਆ ਹੈ ਕਿ ਇਹ ਕਿਲ੍ਹਾ ਪੰਜਾਬ ਪੁਲਿਸ ਕੋਲ ਹੀ ਰਹੇਗਾ। ਉਨ੍ਹਾਂ ਦੱਸਿਆ ਕਿ 200 ਗਜ ਦੇ ਅੰਦਰ ਕਿਸੇ ਵੀ ਤਰ੍ਹਾਂ ਦੀ ਕੋਈ ਉਸਾਰੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਪੁਲਿਸ ਕਿਲ੍ਹੇ ਦੇ ਕਿਸੇ ਵੀ ਹਿੱਸੇ ਵਿਚ ਕੋਈ ਤਬਦੀਲੀ ਨਹੀਂ ਕਰ ਸਕਦੀ ਤੇ ਪੁਲਿਸ ਦੀ ਕਿਸੇ ਵੇਲੇ ਬਣਨ ਵਾਲੀ ਯੂਨੀਵਰਸਿਟੀ ਕਿਲ੍ਹੇ ਦੀ ਹਦੂਦ ਤੋਂ 200 ਗਜ ਤੋਂ ਬਾਹਰ ਕਿਤੇ ਵੀ ਬਣਾਈ ਜਾ ਸਕਦੀ ਹੈ।

ਇਸ ਕਿਲ੍ਹੇ ਵਿਚ ਜਿਥੇ ਸ਼ਾਨਦਾਰ ਅਜਾਇਬ ਘਰ ਹੈ ਤੇ ਨੇੜੇ ਹੀ ਪੀਰ ਬਾਬਾ ਅਬਦੁੱਲਾ ਸ਼ਾਹ ਦੀ ਮਜਾਰ ਵੀ ਹੈ। ਇਸ ਕਿਲ੍ਹੇ ਵਿਚ ਦੇਸ਼ ਦਾ ਦੂਸਰਾ ਪੁਰਾਣਾ ਫਿੰਗਰ ਪ੍ਰਿੰਟ ਬਿਊਰੋ, ਪੁਲਿਸ ਟਰੇਨਿੰਗ ਅਕੈਡਮੀ ਵੀ ਸਥਿਤ ਹੈ। ਕਿਲ੍ਹੇ ਦੀ ਦੇਖਭਾਲ ਦਾ ਸਾਰਾ ਕੰਮ ਪੰਜਾਬ ਸਰਕਾਰ ਤੇ ਪੁਲਿਸ ਵੱਲੋਂ ਹੀ ਕੀਤਾ ਜਾ ਰਿਹਾ ਸੀ। ਕਿਲ੍ਹੇ ਵਿਚ ਲਹੌਰੀ ਗੇਟ, ਦਿੱਲੀ ਗੇਟ ਜਿਹੇ ਵਿਸ਼ਾਲ ਦਰਵਾਜ਼ੇ ਲੱਗੇ ਹੋਏ ਹਨ। ਹੁਣ ਨਵੇਂ ਕਰਾਰ ਮੁਤਾਬਕ ਇਸ ਕਿਲ੍ਹੇ ਦੀ ਸਾਂਭ ਸੰਭਾਲ ਭਾਰਤ ਦੇ ਪੁਰਾਤਤਵ ਵਿਭਾਗ ਵੱਲੋਂ ਕੀਤੀ ਜਾਵੇਗੀ।

ਏ.ਐਸ.ਆਈ. ਵੱਲੋਂ 7 ਸਤੰਬਰ, 2011 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਇਸ ਨੂੰ ਇਤਿਹਾਸਕ ਵਿਰਾਸਤ ਦੱਸਿਆ ਸੀ ਤੇ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਜਲਦ ਤੋਂ ਜਲਦ ਇਹ ਕਿਲ੍ਹਾ ਪੁਲਿਸ ਤੋਂ ਖਾਲੀ ਕਰਵਾ ਕੇ ਏ.ਐਸ.ਆਈ. ਨੂੰ ਸੌਂਪਣ ਲਈ ਕਿਹਾ ਗਿਆ ਸੀ ਤਾਂ ਜੋ ਇਸ ਦੀ ਸੁੰਦਰਤਾ ਨੂੰ ਹੋਰ ਸੰਵਾਰਿਆ ਜਾ ਸਕੇ। ਇਸ ਮਾਮਲੇ 'ਤੇ ਪੰਜਾਬ ਪੁਲਿਸ ਨੇ ਇਤਰਾਜ਼ ਜਤਾਉਂਦਿਆਂ ਹਾਈ ਕੋਰਟ ਵਿਚ ਕਿਹਾ ਕਿ ਜੇਕਰ ਇਹ ਕਿਲ੍ਹਾ ਏ.ਐਸ.ਆਈ. ਵੱਲੋਂ ਲੈ ਲਿਆ ਜਾਂਦਾ ਹੈ ਤਾਂ ਇਥੇ ਪੁਲਿਸ ਦੀ ਟ੍ਰੇਨਿੰਗ ਵਿਚ ਵੱਡੀ ਮੁਸ਼ਕਲ ਪੈਦਾ ਹੋ ਜਾਵੇਗੀ ਤੇ ਕਿਲ੍ਹੇ ਦੀ ਸੁਰੱਖਿਆ ਨੂੰ ਵੀ ਖ਼ਤਰਾ ਪੈਦਾ ਹੋ ਸਕਦਾ ਹੈ ਕਿਉਂਕਿ ਇਸ ਸਮੇਂ ਪੰਜਾਬ ਪੁਲਿਸ ਦਾ ਕਿਲ੍ਹੇ 'ਤੇ ਪਹਿਰਾ ਹੈ।

# ਅਕਾਲੀਆਂ ਨੇ ਰੁਕਵਾਏ ਕਾਂਗਰਸ ਦੇ ਵਿਕਾਸ ਕਾਰਜ: ਬਾਜਵਾ

**ਗੁਰਦਾਸਪੁਰ:** ਪੰਜਾਬ ਕਾਂਗਰਸ ਨੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਵਿਧਾਇਕਾਂ ਤੇ ਸਰਕਾਰੀ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਜਾ ਰਹੀਆਂ ਹਨ ਕਿ ਸ. ਬਾਜਵਾ ਵੱਲੋਂ ਸੰਸਦੀ ਕੋਟੇ ਵਿਚੋਂ ਦਿੱਤੀ ਗਰਾਂਟ ਨਾਲ ਪਿੰਡਾਂ ਵਿਚ ਸ਼ੁਰੂ ਕਰਵਾਏ ਵਿਕਾਸ ਕਾਰਜ ਰੁਕਵਾ ਦਿੱਤੇ ਜਾਣ।

ਗੁਰਦਾਸਪੁਰ ਹਲਕੇ ਤੋਂ ਲੋਕ ਸਭਾ ਮੈਂਬਰ ਬਾਜਵਾ ਨੇ ਪਿੰਡ ਪਾਹੜਾ ਦੇ ਵਿਕਾਸ ਕਾਰਜਾਂ ਵਾਸਤੇ ਆਪਣੇ ਅਖ਼ਤਿਆਰੀ ਕੋਟੇ ਵਿਚੋਂ 6 ਲੱਖ ਰੁਪਏ ਮਨਜ਼ੂਰ ਕੀਤੇ ਗਏ ਸਨ। ਇਹ ਗਰਾਂਟ ਸ. ਬਾਜਵਾ ਦੇ ਲੰਮੇ ਸਮੇਂ ਤੋਂ ਹਮਾਇਤੀ ਚੱਲੇ ਆ ਰਹੇ ਗੁਰਮੀਤ ਸਿੰਘ ਪਾਹੜਾ ਵਲੋਂ ਜ਼ੋਰ ਪਾਏ ਜਾਣ 'ਤੇ ਦਿੱਤੀ ਗਈ ਸੀ। ਗੁਰਮੀਤ ਸਿੰਘ ਗੁਰਦਾਸਪੁਰ ਵਿਧਾਨ ਸਭਾ ਹਲਕੇ ਤੋਂ ਪਾਰਟੀ ਟਿਕਟ ਦਾ ਦਾਅਵੇਦਾਰ ਸੀ ਪਰ ਐਨ ਆਖਰੀ ਮੌਕੇ 'ਤੇ ਉਸ ਨੂੰ ਟਿਕਟ ਦੇਣ ਤੋਂ ਨਾਂਹ ਕਰ ਦਿੱਤੀ ਗਈ ਸੀ।

ਹੁਣ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਇਕ ਸ਼ਕਤੀਸ਼ਾਲੀ ਆਗੂ ਨੇ ਸਥਾਨਕ ਪੁਲਿਸ ਨੂੰ ਕਥਿਤ ਤੌਰ 'ਤੇ ਇਹ ਹਦਾਇਤਾਂ ਦਿੱਤੀਆਂ ਕਿ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਵੱਲੋਂ ਪਿੰਡ ਦੀਆਂ ਗਲੀਆਂ ਵਿਚ ਮੁੜ ਪ੍ਰੀਮਿਕਸ ਪਾਏ ਜਾਣ ਦਾ ਕੰਮ ਰੁਕਵਾ ਦਿੱਤਾ ਜਾਵੇ। ਇਸ ਉਪਰੰਤ ਤਿੱਬੜ ਥਾਣੇ ਦੇ ਮੁਖੀ ਸੋਹਨ ਲਾਲ ਨੇ ਪੁਲਿਸ ਪਾਰਟੀ ਸਮੇਤ ਪਿੰਡ ਵਿਚ ਪਹੁੰਚ ਕੇ ਅਧਿਕਾਰੀਆਂ ਤੇ ਠੇਕੇਦਾਰ ਨੂੰ ਕੰਮ ਬੰਦ ਕਰਨ ਦਾ ਆਦੇਸ਼ ਦਿੱਤਾ। ਇਸ ਤੋਂ ਰੋਹ ਵਿਚ ਆਏ ਗੁਰਮੀਤ ਸਿੰਘ ਨੇ ਡਿਪਟੀ ਕਮਿਸ਼ਨ ਡਾ. ਅਭਿਨਵ ਤ੍ਰਿਖਾ ਤੇ ਜ਼ਿਲ੍ਹਾ ਪੁਲਿਸ ਮੁਖੀ ਐਸ.ਐਸ. ਗਿੱਲ ਨਾਲ ਸੰਪਰਕ ਬਣਾਇਆ। ਹੁਣ ਜਿਹੜੀ ਗਲੀ ਦੀ ਸੜਕ ਬਣਾਈ ਜਾ ਰਹੀ ਹੈ, ਉਸ ਦੇ ਦੋਵੇਂ ਪਾਸੇ ਈਸਾਈ ਭਾਈਚਾਰੇ ਦੇ ਕਰੀਬ ਪੰਜ ਸੌ ਮੈਂਬਰ ਰਹਿੰਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਇਹ ਪਰਿਵਾਰ ਕਾਂਗਰਸ ਦੇ ਪੱਕੇ ਸਮਥਰਕ ਹਨ ਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਇਨ੍ਹਾਂ ਕਾਂਗਰਸ ਨੂੰ ਹੀ ਵੋਟਾਂ ਪਾਈਆਂ ਸਨ।




The Anu Attorney Immigration Law Firm
Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law

US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

FAMILY LAW
*Divorce *Annulment
*International Custody

INCORPORATIONS
*International Contracts, Mergers
*Attorney Supreme Court of India
*Bankruptcy Consultation & Filing

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available



## ਚੋਣ ਸਰਵੇਖਣਾਂ ਵਿਚ ਐਨ.ਡੀ.ਏ. ਅੱਗੇ

**ਨਵੀਂ ਦਿੱਲੀ:** ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਜਮਹੂਰੀ ਗਠਜੋੜ (ਐਨ.ਡੀ.ਏ.) ਨੂੰ ਆਗਾਮੀ ਲੋਕ ਸਭਾ ਚੋਣਾਂ ਦੌਰਾਨ 200 ਤੋਂ 250 ਸੀਟਾਂ ਮਿਲ ਸਕਦੀਆਂ ਹਨ। ਇਨ੍ਹਾਂ ਚੋਣ ਸਰਵੇਖਣਾਂ ਵਿਚ ਐਨ.ਡੀ.ਏ. ਦਾ ਦਬਦਬਾ ਹੈ।

ਇਕ 'ਨਿਊਜ਼ ਚੈਨਲ' ਤੇ ਸੀ. ਐਸ. ਡੀ. ਐਸ. ਦੇ ਸਰਵੇਖਣ ਅਨੁਸਾਰ ਇਨ੍ਹਾਂ ਚੋਣਾਂ ਵਿਚ ਕਾਂਗਰਸ ਦਾ ਪ੍ਰਦਰਸ਼ਨ ਕਾਫ਼ੀ ਨਿਰਾਸ਼ਾ ਭਰਪੂਰ ਰਹਿਣ ਵਾਲਾ ਹੈ। ਇਸ ਤੋਂ ਇਲਾਵਾ ਤ੍ਰਿਣਮੂਲ ਕਾਂਗਰਸ ਤੇ ਅੰਨਾਦ੍ਰਮੁਕ ਵਰਗੇ ਖੇਤਰੀ ਦਲ ਕਾਫ਼ੀ ਫ਼ਾਇਦੇ ਵਿਚ ਰਹਿ ਸਕਦੇ ਹਨ। ਆਮ ਆਦਮੀ ਪਾਰਟੀ ਵੀ ਉੱਭਰ ਸਕਦੀ ਹੈ। ਸਰਵੇਖਣ ਵਿਚ ਕਿਹਾ ਗਿਆ ਹੈ ਕਿ ਇਕੱਲੀ ਭਾਜਪਾ ਨੂੰ ਹੀ 192-210 ਸੀਟਾਂ ਮਿਲ ਸਕਦੀਆਂ ਹਨ ਤੇ ਕਾਂਗਰਸ ਨੂੰ 92-108 ਸੀਟਾਂ ਮਿਲਣ ਦਾ ਅਨੁਮਾਨ ਹੈ। ਐਨ.ਡੀ.ਏ. ਨੂੰ 211-231 ਸੀਟਾਂ ਤੇ ਯੂ.ਪੀ.ਏ. ਨੂੰ 107-127 ਸੀਟਾਂ ਮਿਲ ਸਕਦੀਆਂ ਹਨ। ਤ੍ਰਿਣਮੂਲ ਕਾਂਗਰਸ ਨੂੰ 20-28, ਖੱਬੇ ਦਲੀ ਪਾਰਟੀਆਂ ਨੂੰ 15-23, 'ਆਪ' ਨੂੰ 6-12 ਸੀਟਾਂ ਮਿਲਣ ਦਾ ਅਨੁਮਾਨ ਹੈ।

# ਬੇਕਿਰਕ ਹਿੰਸਾ ਬਣੀ ਸੀ ਸਿੰਧੂ ਘਾਟੀ ਦੀ ਤਬਾਹੀ ਦਾ ਕਾਰਨ

**ਵਾਸ਼ਿੰਗਟਨ:** ਚਾਰ ਹਜ਼ਾਰ ਸਾਲ ਪਹਿਲਾਂ ਸਿੰਧੂ ਘਾਟੀ ਦੀ ਸਭਿਅਤਾ ਦੇ ਖ਼ਤਮ ਹੋਣ ਦੇ ਤਿੰਨ ਮੁੱਖ ਕਾਰਨ ਆਪਸੀ ਲੜਾਈਆਂ, ਲਾਗ ਦੀਆਂ ਬਿਮਾਰੀਆਂ ਤੇ ਵਾਤਾਵਰਨ ਵਿਚ ਬਦਲਾਅ ਸਨ। ਉੱਤਰੀ ਕੈਰੋਲਿਨਾ ਦੀ ਐਪਾਲਾਚੇਨ ਸਟੇਟ ਯੂਨੀਵਰਸਿਟੀ ਵਿਚ ਮਾਨਵ ਵਿਗਿਆਨ ਦੀ ਸਹਾਇਕ ਪ੍ਰੋਫੈਸਰ ਡਾ. ਵੇਨ ਰੋਬਿਨਸ ਚੁਗ ਨੇ ਦੱਸਿਆ ਕਿ ਵਾਤਾਵਰਨ, ਆਰਥਿਕਤਾ ਤੇ ਸਮਾਜਿਕ ਬਦਲਾਅ ਨੇ ਇਸ ਸਭਿਅਤਾ ਦੇ ਵਿਕਾਸ ਤੇ ਤਬਾਹੀ ਵਿਚ ਮੁੱਖ ਭੂਮਿਕਾ ਨਿਭਾਈ ਸੀ ਪਰ ਇਸ ਗੱਲ ਵੱਲ ਬਹੁਤ ਘੱਟ ਧਿਆਨ ਦਿੱਤਾ ਗਿਆ ਕਿ ਇਸ ਬਦਲਾਅ ਨੇ ਮਨੁੱਖੀ ਆਬਾਦੀ ਉੱਪਰ ਕਿਵੇਂ ਅਸਰ ਪਾਇਆ।

ਸ੍ਰੀਮਤੀ ਚੁੱਗ ਦੀ ਕੌਮਾਂਤਰੀ ਟੀਮ ਨੇ ਇਸ ਸਭਿਅਤਾ ਦੇ ਅਵਸ਼ੇਸ਼ਾਂ ਦੀ ਘੋਖ ਕਰਨ ਮਗਰੋਂ ਇਹ ਸਿੱਟਾ ਕੱਢਿਆ ਹੈ। ਟੀਮ ਨੇ ਹੜੱਪਾ ਦੀ ਖੁਦਾਈ ਦੌਰਾਨ ਮਨੁੱਖੀ ਪਿੰਜਰਾਂ ਦੀ ਜਾਂਚ ਪੜਤਾਲ ਕੀਤੀ। ਇਸ ਤੋਂ ਪਤਾ ਲੱਗਾ ਕਿ ਲਾਗ ਦੀਆਂ ਬਿਮਾਰੀਆਂ ਨੇ ਇਸ ਸਭਿਅਤਾ ਨੂੰ ਤਬਾਹ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਹੜੱਪਾ ਸਿੰਧੂ



ਘਾਟੀ ਦੀ ਸਭਿਅਤਾ ਦੇ ਸਭ ਤੋਂ ਵੱਡੇ ਸ਼ਹਿਰਾਂ ਵਿਚੋਂ ਇਕ ਸੀ। ਖੋਜ ਦੌਰਾਨ ਲੱਭੀਆਂ ਬਹੁਤੀਆਂ ਖੋਪੜੀਆਂ ਦੀ ਹਾਲਤ ਬਹੁਤ ਖ਼ਰਾਬ ਸੀ।

ਬਿਆਨ ਮੁਤਾਬਕ ਸਿੰਧੂ ਘਾਟੀ ਦੀ ਸਭਿਅਤਾ ਦਾ ਵਿਕਾਸ ਸ਼ਾਂਤੀ, ਸਹਿਜਸ ਤੇ ਸਮਾਨਤਾ ਦੇ ਸਿਧਾਂਤਾਂ 'ਤੇ ਹੋਇਆ। ਉਦੋਂ ਲੋਕਾਂ ਵਿਚ ਸਮਾਜਿਕ ਵਖਰੇਵੇਂ ਨਹੀਂ ਸਨ। ਹੌਲੀ-ਹੌਲੀ ਪਿਆਰ ਤੇ ਸ਼ਾਂਤੀ ਤੇ ਆਰਥਿਕਤਾ, ਸਮਾਜਿਕ ਤੇ ਮੌਸਮੀ ਤਬਦੀਲੀਆਂ ਨੇ ਅਸਰ ਪਾਉਣਾ ਸ਼ੁਰੂ ਕਰ ਦਿੱਤਾ। ਇਸ ਨਾਲ ਸਭਿਅਤਾ ਤਬਾਹੀ ਵੱਲ ਤੁਰਨੀ ਸ਼ੁਰੂ ਹੋ ਗਈ। ਸਮਾਜ ਵਿਚ ਇਨ੍ਹਾਂ ਮਾੜੀਆਂ ਗੱਲਾਂ ਦੇ ਆਉਣ ਦੇ ਨਾਲ-ਨਾਲ ਲਾਗ ਦੀਆਂ ਬਿਮਾਰੀਆਂ ਨੇ ਰਹਿੰਦੀ ਕਸਰ ਕੱਢ ਦਿੱਤੀ।

ਇਸ ਤੋਂ ਪਹਿਲੀਆਂ ਖੋਜਾਂ ਵਿਚ ਕਿਹਾ ਗਿਆ ਸੀ ਕਿ ਵਾਤਾਵਰਨ ਦੀਆਂ ਤਬਦੀਲੀਆਂ ਦੀ ਮਾਰ ਨੂੰ ਇਹ ਸਭਿਅਤਾ ਝੱਲ ਨਹੀਂ ਸਕੀ ਤੇ ਤਬਾਹ ਹੋ ਗਈ। ਕੁਝ ਦਹਾਕਿਆਂ ਤੋਂ ਨਵੀਂ ਤਕਨੀਕ ਨਾਲ ਕੀਤੀ ਖੋਜ ਤੋਂ ਸਭਿਅਤਾ ਦੇ ਖ਼ਾਤਮੇ ਬਾਰੇ ਨਵੇਂ ਤੱਥ ਉਭਰੇ ਹਨ। ਸਭਿਅਤਾ ਜੋ ਸਾਂਝੀਵਾਲਤਾ ਦੇ ਨਾਲ ਖੜ੍ਹੀ ਹੋਈ ਸੀ, ਸਮਾਂ ਪੈਣ ਨਾਲ ਉਸ ਵਿਚ ਸੱਭਿਆਚਾਰਕ ਵਿਭਿੰਨਤਾਵਾਂ ਆ ਗਈਆਂ ਤੇ ਲੜਾਈਆਂ ਸ਼ੁਰੂ ਹੋ ਗਈਆਂ। ਸਭਿਅਤਾ ਵਿਚ ਕੋਹੜ ਤੇ ਟੀਬੀ ਫੈਲ ਗਈ।

ਖੋਜ ਅਨੁਸਾਰ ਹੜੱਪਾ ਦੇ ਸ਼ਹਿਰੀਕਰਨ ਦੇ ਸ਼ੁਰੂਆਤ ਦੌਰ ਵਿਚ ਵੀ ਕੋਹੜ ਫੈਲ ਗਿਆ ਸੀ। ਇਹ ਖ਼ਤਮ ਨਾ ਹੋਇਆ ਤੇ ਉਪਰੋਂ ਨਵੀਂ ਬਿਮਾਰੀ ਟੀਬੀ ਨੇ ਸਭਿਅਤਾ ਵਿਚ ਆਪਣੇ ਪੈਰ ਜਮਾਅ ਲਏ। ਇਸ ਤੋਂ ਇਲਾਵਾ ਆਪਸੀ ਝਗੜਿਆਂ ਦੌਰਾਨ ਸਿਰ 'ਤੇ ਹਮਲਾ ਕਰਕੇ ਖੋਪੜੀ ਭੰਨਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੀ ਬਹੁਤ ਸੀ।

## ਅਮਰੀਕਾ ਦੇ ਸ਼ਰੀਕ ਵਜੋਂ ਉਭਰ ਰਿਹਾ ਹੈ ਚੀਨ

**ਵਾਸ਼ਿੰਗਟਨ:** ਅਮਰੀਕਾ ਦੇ ਇਕ ਰੱਖਿਆ ਮਾਹਰ ਨੇ ਖ਼ਬਰਦਾਰ ਕੀਤਾ ਹੈ ਕਿ ਚੀਨ ਦੇ ਉਭਾਰ ਨਾਲ ਸੰਸਾਰ ਦੇ ਅਮਰੀਕੀ ਅਗਵਾਈ ਵਾਲੇ ਤਾਣੇ-ਬਾਣੇ ਲਈ ਖ਼ਤਰਾ ਪੈਦਾ ਹੋ ਸਕਦਾ ਹੈ। ਉਨ੍ਹਾਂ ਓਬਾਮਾ ਪ੍ਰਸ਼ਾਸਨ ਨੂੰ ਸੁਝਾਅ ਦਿੱਤਾ ਹੈ ਕਿ ਉਸ ਨੂੰ ਇਸ ਦੇ ਟਾਕਰੇ ਲਈ ਚੀਨ ਦੇ ਹੋਰ ਗੁਆਂਢੀ ਮੁਲਕਾਂ ਨਾਲ ਵੀ ਭਾਰਤ ਵਰਗੇ ਰਿਸ਼ਤੇ ਕਾਇਮ ਕਰਨੇ ਚਾਹੀਦੇ ਹਨ।

ਇਹ ਗੱਲ ਕਾਰਨੇਗੀ ਐਂਡੋਮੈਂਟ ਫਾਰ ਇੰਟਰਨੈਸ਼ਨਲ ਪੀਸ ਨਾਮੀ ਅਦਾਰੇ ਦੇ ਐਸਲੇ ਟੈਲਿਸ ਨੇ ਇਕ ਰਿਪੋਰਟ ਵਿਚ ਕਹੀ ਹੈ। ਉਨ੍ਹਾਂ ਕਿਹਾ ਕਿ ਰਣਨੀਤਕ ਤੌਰ 'ਤੇ ਚੀਨ ਛੇਤੀ ਹੀ ਅਮਰੀਕਾ ਦਾ ਵੱਡਾ ਸ਼ਰੀਕ ਸਾਬਤ ਹੋ ਸਕਦਾ ਹੈ ਤੇ ਉਸ ਨੂੰ ਠੱਲ੍ਹਣ ਲਈ ਰਣਨੀਤੀ ਬਣਾਈ ਜਾਣੀ ਜ਼ਰੂਰੀ ਹੈ। ਸ੍ਰੀ ਟੈਲਿਸ ਨੇ ਕਿਹਾ ਕਿ ਜਿੰਨਾ ਚੀਨ ਦਾ ਉਭਾਰ ਹੋਵੇਗਾ, ਉਨੀ ਹੀ ਅਮੀਰਕਾ ਦੀ ਤਾਕਤ ਘਟੇਗੀ ਤੇ ਆਲਮੀ ਤਾਣੇ-ਬਾਣੇ ਦੀ ਬੁਨਿਆਦ ਨੂੰ ਸੱਟ ਲੱਗੇਗੀ ਤੇ ਸੰਸਾਰ ਦੀ ਖੁਸ਼ਹਾਲੀ ਖ਼ਤਰੇ ਵਿਚ ਪਵੇਗੀ।

ਉਨ੍ਹਾਂ ਕਿਹਾ ਕਿ ਇਸ ਦੇ ਲਈ ਅਮਰੀਕਾ ਨੂੰ ਚੀਨ ਦੇ ਗੁਆਂਢੀ ਮੁਲਕਾਂ ਜਿਵੇਂ ਜਾਪਾਨ, ਭਾਰਤ, ਵੀਅਤਨਾਮ, ਸਿੰਗਾਪੁਰ, ਇੰਡੋਨੇਸ਼ੀਆ ਤੇ ਆਸਟਰੇਲੀਆ ਦੀ ਮਦਦ ਵਧਾਉਣੀ ਚਾਹੀਦੀ ਹੈ ਤਾਂ ਕਿ ਆਪਸੀ ਸਹਿਯੋਗ ਵਿਚ ਵਾਧਾ ਕੀਤਾ ਜਾ ਸਕੇ। ਇਸ ਤਰ੍ਹਾਂ ਚੀਨ ਨੂੰ ਏਸ਼ੀਆ ਵਿਚ ਆਪਣੀ ਤਾਕਤ ਦੀ ਦੁਰਵਰਤੋਂ ਤੋਂ ਰੋਕਿਆ ਜਾ ਸਕੇਗਾ।

## ਰਿਜ਼ਰਵ ਬੈਂਕ ਪੁਰਾਣੀ ਕਰੰਸੀ ਵਾਪਸ ਲਵੇਗਾ

**ਮੁੰਬਈ:** ਰਿਜ਼ਰਵ ਬੈਂਕ ਨੇ ਕਾਲੇ ਧਨ ਤੇ ਜਾਅਲੀ ਕਰੰਸੀ ਉਤੇ ਸ਼ਿਕੰਜਾ ਕੱਸਣ ਲਈ 2005 ਤੋਂ ਪਹਿਲਾਂ ਜਾਰੀ ਕੀਤੇ ਸਾਰੇ ਕਰੰਸੀ ਨੋਟ ਵਾਪਸ ਲੈਣ ਦਾ ਫੈਸਲਾ ਕੀਤਾ ਹੈ। ਇਨ੍ਹਾਂ ਵਿਚ 500 ਤੇ 1000 ਰੁਪਏ ਦੇ ਨੋਟ ਵੀ ਸ਼ਾਮਲ ਹੋਣਗੇ ਤੇ ਇਹ ਫੈਸਲਾ 31 ਮਾਰਚ ਤੋਂ ਲਾਗੂ ਹੋ ਜਾਵੇਗਾ। ਬੈਂਕ ਵੱਲੋਂ ਜਾਰੀ ਬਿਆਨ ਮੁਤਾਬਕ 31 ਮਾਰਚ, 2014 ਤੋਂ ਬਾਅਦ 2005 ਤੋਂ ਪਹਿਲਾਂ ਛਪੇ ਨੋਟ ਵਾਪਸ ਲੈ ਲਏ ਜਾਣਗੇ। ਪਹਿਲੀ ਅਪਰੈਲ ਤੋਂ ਲੋਕ ਪੁਰਾਣੇ ਨੋਟ ਬਦਲਣ ਲਈ ਬੈਂਕ ਤੱਕ ਪਹੁੰਚ ਕਰ ਸਕਣਗੇ। ਬਿਆਨ ਮੁਤਾਬਕ 2005 ਤੋਂ ਪਹਿਲਾਂ ਵਾਲੇ ਨੋਟਾਂ ਦੇ ਪਿਛਲੇ ਪਾਸੇ ਕੋਈ ਸਨ ਨਹੀਂ ਛਪਿਆ ਹੋਇਆ।

# ਅਮਰੀਕਾ ਤਾਲਿਬਾਨ ਦਾ ਲੱਕ ਤੋੜਨ ਵਿਚ ਨਾਕਾਮ

**ਕਾਬੁਲ:** ਅਫਗਾਨਿਸਤਾਨ ਵਿਚ ਭਾਵੇਂ ਇਸ ਸਾਲ ਪੱਛਮੀ ਮੁਲਕਾਂ ਦੀਆਂ ਫੌਜਾਂ ਦੀ ਰਵਾਨਗੀ ਹੋ ਜਾਏਗੀ ਪਰ ਤਾਲਿਬਾਨ ਉਪਰ ਮੁਕੰਮਲ ਤੌਰ 'ਤੇ ਕਾਬੂ ਨਹੀਂ ਪਾਇਆ ਜਾ ਸਕਿਆ। ਕੁਝ ਅਜਿਹੇ ਇਲਾਕੇ ਹਨ ਜਿੱਥੇ ਤਾਲਿਬਾਨ ਦਾ ਅੱਜ ਵੀ ਕਬਜ਼ਾ ਹੈ। ਨਾਟੋ ਤੇ ਅਫਗਾਨ ਸੁਰੱਖਿਆ ਬਲਾਂ ਦੇ ਹਮਲਿਆਂ ਤੋਂ ਬਾਅਦ ਵੀ ਤਾਲਿਬਾਨ ਨੂੰ ਕਮਜ਼ੋਰ ਨਹੀਂ ਕੀਤਾ ਜਾ ਸਕਿਆ ਹੈ। ਰਾਜਧਾਨੀ ਕਾਬੁਲ ਦੇ ਉੱਤਰ ਵਿਚ ਪੈਂਦੇ ਪਰਵਾਨ ਸੂਬੇ ਵਿਚ ਅਮਰੀਕੀ ਹਵਾਈ ਫੌਜ ਦੇ ਹਮਲੇ ਵਿਚ ਔਰਤਾਂ ਤੇ ਬੱਚਿਆਂ ਸਮੇਤ 12 ਆਮ ਨਾਗਰਿਕਾਂ ਦੇ ਮਾਰੇ ਜਾਣ ਨਾਲ ਵੀ ਵਿਵਾਦ ਛਿੜ ਗਿਆ ਹੈ।

ਅਮਰੀਕੀ ਹਮਲੇ ਦਾ ਮੋੜਵਾਂ ਜਵਾਬ ਦਿੰਦਿਆਂ ਤਾਲਿਬਾਨ ਨੇ ਦੋ ਦਿਨ ਬਾਅਦ ਕਾਬੁਲ ਦੇ ਰੇਸਤਰਾਂ ਵਿਚ ਆਤਮਘਾਤੀ ਹਮਲਾ ਕਰਕੇ 13 ਵਿਦੇਸ਼ੀਆਂ ਸਣੇ 12 ਲੋਕਾਂ ਨੂੰ ਮਾਰ ਮੁਕਾਇਆ ਸੀ। ਇਸ ਹਮਲੇ ਦੀ ਚੌਤਰਫਾ ਨਿੰਦਾ ਹੋਈ ਤੇ ਨਾਲ ਹੀ ਇਸ ਗੱਲ ਦਾ ਖ਼ਦਸ਼ਾ ਵੀ ਵਧ ਗਿਆ ਹੈ ਕਿ ਅਫਗਾਨਿਸਤਾਨ ਦੀ ਰਾਜਧਾਨੀ ਅਜੇ ਵੀ ਸੁਰੱਖਿਅਤ ਨਹੀਂ ਹੈ, ਹਾਲਾਂਕਿ ਤਾਲਿਬਾਨ ਤਰਜਮਾਨ ਨੇ ਕਿਹਾ ਹੈ ਕਿ ਹਵਾਈ ਹਮਲੇ ਦਾ ਬਦਲਾ ਲੈਣ ਲਈ ਆਤਮਘਾਤੀ ਹਮਲਾ ਕੀਤਾ ਗਿਆ ਹੈ।

ਨਾਟੋ ਦੀਆਂ ਫੌਜਾਂ ਅਫਗਾਨਿਸਤਾਨ ਵਿਚੋਂ



ਜਾਣ ਤੋਂ ਬਾਅਦ ਉਥੋਂ ਦੀ ਫੌਜ ਤੇ ਪੁਲੀਸ ਦੇ ਹੱਥ ਹੀ ਲੋਕਾਂ ਦੀ ਸੁਰੱਖਿਆ ਹੋਏਗੀ। ਸੂਬੇ ਦੇ ਗਵਰਨਰ ਬਸ਼ੀਰ ਸਾਲੰਗੀ ਨੇ ਖ਼ਬਰ ਏਜੰਸੀ ਨੂੰ ਦੱਸਿਆ ਕਿ ਅਲਕਾਇਦਾ ਨਾਲ ਸਬੰਧਤ ਤਾਲਿਬਾਨ ਦਹਿਸ਼ਤਗਰਦਾਂ ਦੇ ਗੜ੍ਹ ਵਿਚ ਜ਼ਮੀਨੀ ਤੇ ਹਵਾਈ ਹਮਲਿਆਂ ਤੋਂ ਬਾਅਦ ਵੀ ਉਨ੍ਹਾਂ ਦਾ ਸਫਾਇਆ ਨਹੀਂ ਹੋਇਆ ਤੇ ਕੁਝ ਇਲਾਕਿਆਂ ਵਿਚ ਅਪਰੈਲ ਨੂੰ ਰਾਸ਼ਟਰਪਤੀ ਚੋਣ ਕਰਵਾਉਣਾ ਖ਼ਤਰਨਾਕ ਹੋਏਗਾ।

ਉਨ੍ਹਾਂ ਕਿਹਾ ਕਿ ਦੋ ਜ਼ਿਲ੍ਹਿਆਂ ਵਿਚ ਜਾ ਕੇ ਦਹਿਸ਼ਤਗਰਦ ਛਿਪਦੇ ਹਨ। ਪਾਕਿਸਤਾਨ ਤੋਂ ਤਾਲਿਬਾਨ ਦੇ ਆਉਣ ਕਾਰਨ ਪਿਛਲੇ ਤਿੰਨ ਸਾਲਾਂ ਵਿਚ ਹਾਲਾਤ ਬਦਤਰ ਹੋ ਗਏ ਹਨ। ਪਰਵਾਨ ਸੂਬੇ ਵਿਚ ਆਮ ਨਾਗਰਿਕਾਂ 'ਤੇ ਹਵਾਈ ਹਮਲੇ ਨਾਲ ਅਮਰੀਕਾ ਤੇ ਅਫਗਾਨਿਸਤਾਨ ਦੇ ਰਿਸ਼ਤਿਆਂ ਵਿਚ ਵੀ ਤਣਾਅ ਪੈਦਾ ਹੋ ਗਿਆ ਹੈ। ਅਫਗਾਨਿਸਤਾਨ ਦੇ ਰਾਸ਼ਟਰਪਤੀ ਹਾਮਿਦ ਕਰਜ਼ਈ ਚਾਹੁੰਦੇ ਹਨ ਕਿ ਸੁਰੱਖਿਆ ਸਮਝੌਤੇ ਤਹਿਤ ਕੁਝ ਫੌਜ ਮੁਲਕ ਵਿਚ ਰਹੇ। ਕਰਜ਼ਈ ਲਗਾਤਾਰ ਮੰਗ ਕਰਦੇ ਆ ਰਹੇ ਹਨ ਕਿ ਅਮਰੀਕੀ ਹਵਾਈ ਹਮਲੇ ਰਿਹਾਇਸ਼ੀ ਇਲਾਕਿਆਂ ਵਿਚ ਰੁਕਣੇ ਚਾਹੀਦੇ ਹਨ।

# ਝੂਠੇ ਵਾਅਦੇ ਕਰਨ ਵਾਲਿਆਂ ਨੂੰ ਚਿਤਾਵਨੀ

**ਨਵੀਂ ਦਿੱਲੀ:** ਗਣਤੰਤਰ ਦਿਵਸ ਦੀ ਪੂਰਵ ਸੰਧਿਆ ਮੌਕੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਭਾਰਤ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਚਿਤਾਵਨੀ ਦਿੱਤੀ ਕਿ ਘੱਟ ਗਿਣਤੀ ਸਰਕਾਰ ਨੂੰ ਮਨਮੌਜੀ ਮੌਕਾਪ੍ਰਸਤ ਬੰਧਕ ਬਣਾ ਲੈਣਗੇ ਤੇ ਇਹ ਭਾਰਤ ਲਈ ਆਫਤ ਬਣ ਕੇ ਆਵੇਗੀ। ਵੋਟਰਾਂ ਨੂੰ ਸੱਦਾ ਦਿੰਦਿਆਂ ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੀ ਘੱਟ ਗਿਣਤੀ ਤੇ ਵਿਵਾਦਪੂਰਨ ਰਾਜਨੀਤੀ ਪਿੱਛੋਂ 2014 ਜ਼ਰੂਰ ਕਸ਼ਟ ਦੂਰ ਕਰਨ ਵਾਲਾ ਸਾਲ ਬਣੇ ਤੇ ਜਿਨ੍ਹਾਂ ਦੀ ਵੀ ਜਿੱਤ ਹੋਵੇ, ਉਹ ਸਥਿਰਤਾ, ਇਮਾਨਦਾਰੀ ਤੇ ਵਿਕਾਸ ਪ੍ਰਤੀ ਬਿਨਾਂ ਕਿਸੇ ਢਿੱਲ ਦੇ ਸਮਰਪਿਤ ਹੋਣ।



ਰਾਸ਼ਟਰਪਤੀ ਨੇ ਕਿਹਾ ਕਿ ਸੱਤਾ ਵਿਚ ਬੈਠੇ ਲੋਕ ਆਪਣੇ ਤੇ ਲੋਕਾਂ ਵਿਚਕਾਰ ਭਰੋਸੇ ਦੀ ਘਾਟ ਨੂੰ ਖ਼ਤਮ ਕਰਨ। ਸੱਤਾ ਵਿਚ ਬੈਠੇ ਲੋਕਾਂ ਨੂੰ ਉਨ੍ਹਾਂ ਤੇ ਲੋਕਾਂ ਵਿਚਕਾਰ ਬੇਭਰੋਸਗੀ ਨੂੰ ਖ਼ਤਮ ਕਰਨ ਦਾ ਸੱਦਾ ਦਿੰਦਿਆਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਸਿਆਸੀ ਪਾਰਟੀਆਂ ਨੂੰ ਝੂਠੇ ਵਾਅਦੇ ਕਰਨ ਵਿਰੁੱਧ ਚਿਤਾਵਨੀ ਦਿੱਤੀ ਜਿਹੜੇ ਪੂਰੇ ਨਾ ਕੀਤੇ ਜਾ ਸਕਣ ਤੇ ਕਿਹਾ ਕਿ ਸ਼ਾਸਨਹੀਣਤਾ ਸ਼ਾਸਨ ਦਾ ਬਦਲ ਨਹੀਂ ਬਣ ਸਕਦੀ।

ਉਨ੍ਹਾਂ ਕਿਹਾ ਕਿ ਸਿਆਸਤ ਵਿਚ ਸ਼ਾਮਲ ਲੋਕਾਂ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਹਰੇਕ ਚੋਣ 'ਕੁਝ ਕਰੋ ਜਾਂ ਖ਼ਤਮ ਹੋ ਜਾਓ' ਦੇ ਚਿਤਾਵਨੀ ਸੰਕੇਤ ਨਾਲ ਆਉਂਦੀ ਹੈ। ਸਾਡੇ ਲਈ ਲੋਕਤੰਤਰ ਤੋਹਫ਼ਾ ਨਹੀਂ ਸਗੋਂ ਹਰੇਕ ਨਾਗਰਿਕ ਦਾ ਮੌਲਕ ਹੱਕ ਹੈ ਤੇ ਸੱਤਾ ਵਿਚ ਬੈਠੇ ਲੋਕਾਂ ਲਈ ਲੋਕਤੰਤਰ ਪਵਿੱਤਰ ਭਰੋਸਾ ਹੁੰਦਾ ਹੈ। ਜਿਹੜੇ ਲੋਕ ਇਸ ਭਰੋਸੇ ਦੀ ਉਲੰਘਣਾ ਕਰਦੇ ਹਨ, ਉਹ ਰਾਸ਼ਟਰ ਖ਼ਿਲਾਫ਼ ਮਰਿਯਾਦਾ ਭੰਗ ਕਰਦੇ ਹਨ। ਇਸ ਦੇ ਨਾਲ ਹੀ ਰਾਸ਼ਟਰਪਤੀ ਨੇ ਸਿਆਸੀ ਪਾਰਟੀਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਚੋਣਾਂ ਦੌਰਾਨ ਉਹ ਇਸ ਤਰ੍ਹਾਂ ਦੇ ਵਾਅਦੇ ਨਾ ਕਰਨ ਜਿਹੜੇ ਪੂਰੇ ਨਾ ਕੀਤੇ ਜਾ ਸਕਣ। ਸਾਡੇ ਲਈ ਲੋਕਤੰਤਰ ਕੋਈ ਸੌਗਾਤ ਨਹੀਂ ਹੈ, ਸਗੋਂ ਹਰ ਨਾਗਰਿਕ ਦਾ ਮੁੱਢਲਾ ਅਧਿਕਾਰ ਹੈ ਜਿਹੜੇ ਸੱਤਾ ਵਿਚ ਹਨ, ਉਨ੍ਹਾਂ ਲਈ ਲੋਕਤੰਤਰ ਇਕ ਮੁਕੱਦਸ ਭਰੋਸਾ ਹੈ ਜਿਹੜੇ ਇਸ ਭਰੋਸੇ ਨੂੰ ਤੋੜਦੇ ਹਨ, ਉਹ ਰਾਸ਼ਟਰ ਦੀ ਬੇਅਦਬੀ ਕਰਦੇ ਹਨ।

ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਅਜਿਹਾ ਕੈਂਸਰ ਹੈ ਜੋ ਲੋਕਤੰਤਰ ਨੂੰ ਖੋਰਾ ਲਾ ਰਿਹਾ ਹੈ ਤੇ ਸਾਡੇ ਰਾਸ਼ਟਰ ਦੀਆਂ ਜੜ੍ਹਾਂ ਨੂੰ ਖੋਖਲਾ ਕਰਦਾ ਹੈ। ਜੇਕਰ ਭਾਰਤੀ ਗੁੱਸੇ ਵਿਚ ਹਨ ਤਾਂ ਇਸ ਦਾ ਕਾਰਨ ਹੈ ਕਿ ਉਹ ਭ੍ਰਿਸ਼ਟਾਚਾਰ ਤੇ ਕੌਮੀ ਸੋਮਿਆਂ ਦੀ ਬਰਬਾਦੀ ਨੂੰ ਵੇਖ ਰਹੇ ਹਨ ਜੇ ਸਰਕਾਰਾਂ ਇਨ੍ਹਾਂ ਖਾਮੀਆਂ ਨੂੰ ਦੂਰ ਨਹੀਂ ਕਰਦੀਆਂ ਤਾਂ ਮਤਦਾਤਾ ਸਰਕਾਰਾਂ ਨੂੰ ਚਲਦਾ ਕਰ ਦੇਣਗੇ। ਇਸੇ ਤਰ੍ਹਾਂ ਜਨਤਕ ਜੀਵਨ ਵਿਚ ਪਾਖੰਡ ਦਾ ਵਧਣਾ ਵੀ ਖ਼ਤਰਨਾਕ ਹੈ।


ਚੋਣਾਂ ਕਿਸੇ ਮਨੁੱਖ ਦੇ ਭਰਮ-ਭੁਲੇਖਿਆਂ ਨੂੰ ਅਜਮਾਉਣ ਦੀ ਇਜਾਜ਼ਤ ਨਹੀਂ ਦਿੰਦੀਆਂ ਜਿਹੜੇ ਲੋਕ ਵੋਟਰਾਂ ਦਾ ਭਰੋਸਾ ਚਾਹੁੰਦੇ ਨੇ, ਉਨ੍ਹਾਂ ਨੂੰ ਸਿਰਫ਼ ਉਹੀ ਵਾਅਦਾ ਕਰਨਾ ਚਾਹੀਦਾ ਹੈ, ਜਿਸ ਨੂੰ ਨਿਭਾਉਣਾ ਸੰਭਵ ਹੋਵੇ। ਪਿਛਲੇ ਦਹਾਕੇ ਵਿਚ ਭਾਰਤ ਵਿਸ਼ਵ ਦੇ ਇਕ ਸਭ ਤੋਂ ਤੇਜ਼ ਰਫ਼ਤਾਰ ਨਾਲ ਵਧਣ ਵਾਲੇ ਅਰਥਚਾਰੇ ਦੇ ਰੂਪ ਵਿਚ ਉਭਰਿਆ ਹੈ। ਸਾਡੇ ਅਰਥਚਾਰੇ ਵਿਚ ਪਿਛਲੇ ਦੋ ਸਾਲਾਂ ਵਿਚ ਆਈ ਮੰਦੀ ਥੋੜ੍ਹੀ ਚਿੰਤਾ ਦੀ ਗੱਲ ਹੋ ਸਕਦੀ ਹੈ ਪਰ ਨਿਰਾਸ਼ਾ ਦੀ ਹਰਗਿਜ਼ ਨਹੀਂ।

ਮੁੜ ਸੁਰਜੀਤੀ ਦੀਆਂ ਹਰੀਆਂ ਕਰੂੰਬਲਾਂ ਨਜ਼ਰ ਆਉਣੀਆਂ ਸ਼ੁਰੂ ਹੋ ਗਈਆਂ ਹਨ। ਇਸ ਸਾਲ ਦੀ ਪਹਿਲੀ ਛਿਮਾਹੀ ਵਿਚ ਖੇਤੀ ਵਿਕਾਸ ਦਰ ਵਧ ਕੇ 3.6 ਫ਼ੀਸਦੀ ਤੱਕ ਪਹੁੰਚ ਚੁੱਕੀ ਹੈ ਤੇ ਸਾਡਾ ਪੇਂਡੂ ਅਰਥਚਾਰਾ ਚੜ੍ਹਦੀਆਂ ਕਲਾ ਵਿਚ ਹੈ। ਸਾਲ 2014 ਸਾਡੇ ਇਤਿਹਾਸ ਵਿਚ ਇਕ ਚੁਣੌਤੀ ਵਾਲਾ ਪਲ ਹੈ। ਸਾਨੂੰ ਰਾਸ਼ਟਰੀ ਉਦੇਸ਼ ਅਤੇ ਦੇਸ਼ ਭਗਤੀ ਦੇ ਉਸ ਜਜ਼ਬੇ ਨੂੰ ਫਿਰ ਤੋਂ ਜਗਾਉਣ ਦੀ ਲੋੜ ਹੈ।

## ਕਮਲ ਹਸਨ ਤੇ ਯੁਵਰਾਜ ਸਿੰਘ ਨੂੰ ਮਿਲਿਆ ਪਦਮ ਪੁਰਸਕਾਰ

**ਨਵੀਂ ਦਿੱਲੀ:** ਉੱਘੇ ਅਦਾਕਾਰ ਤੇ ਨਿਰਦੇਸ਼ਕ ਕਮਲ ਹਸਨ ਤੇ ਸ਼ਾਸਤਰੀ ਗਾਇਕਾ ਬੇਗਮ ਪ੍ਰਵੀਨ ਸੁਲਤਾਨਾ ਦਾ ਇਸ ਸਾਲ ਪਦਮ ਭੂਸ਼ਣ ਪੁਰਸਕਾਰ ਨਾਲ ਸਨਮਾਨ ਕੀਤਾ ਜਾਵੇਗਾ ਜਦੋਂਕਿ ਬਾਲੀਵੁੱਡ ਅਦਾਕਾਰਾ ਵਿਦਿਆ ਬਾਲਨ ਤੇ ਪਰੇਸ਼ ਰਾਵਲ ਨੂੰ ਪਦਮ ਸ਼੍ਰੀ ਪੁਰਸਕਾਰ ਲਈ ਚੁਣਿਆ ਗਿਆ ਹੈ। ਮਹਾਰਾਸ਼ਟਰ ਦੇ ਡਾ. ਰਾਘੂਨਾਥ ਏ. ਮਾਸ਼ੇਲਕਰ ਤੇ ਸ੍ਰੀ ਬੀ.ਕੇ.ਐਸ. ਲੀਏਂਗਰ ਦੀ ਪਦਮ ਵਿਭੂਸ਼ਨ ਪੁਰਸਕਾਰ ਤੇ ਪੰਜਾਬ ਤੋਂ ਪ੍ਰੋ. ਓਮ ਪ੍ਰਕਾਸ਼ ਉਪਾਧਿਆਏ ਨੂੰ ਪਦਮ ਭੂਸ਼ਣ ਪੁਰਸਕਾਰ ਲਈ ਚੁਣਿਆ ਹੈ।





ਇਸ ਤੋਂ ਇਲਾਵਾ ਉੱਘੇ ਤਾਮਿਲ ਗੀਤਕਾਰ ਵਾਇਰਾਮੁਥੂ ਨੂੰ ਪਦਮ ਭੂਸ਼ਣ ਪੁਰਸਕਾਰ ਮਿਲੇਗਾ। ਇਸ ਸੂਚੀ ਵਿਚ ਗੋਆ ਦੀ ਡਿਜ਼ਾਇਨਰ ਵੈਨਡੇਲ ਰੋਡਰਿਕਸ, ਪੁਰਾਣੀ ਬੰਗਾਲੀ ਅਦਾਕਾਰਾ ਸਬਿਤਰੀ ਚੈਟਰਜੀ, ਸੁਪ੍ਰਿਆ ਦੇਵੀ ਤੇ ਲੇਖਕ-ਨਿਰਦੇਸ਼ਕ ਸੂਨੀ ਤਾਰਾਪੋਰਵਾਲਾ ਵੀ ਸ਼ਾਮਲ ਹਨ। ਇਸ ਤੋਂ ਇਲਾਵਾ ਤਬਲਾ ਵਾਦਕ ਵਿਜੇ ਘਾਟੇ, ਬੰਸੀ ਕੌਲ, ਫਿਲਮਕਾਰ ਸੰਤੋਸ਼ ਸਿਵਨ ਤੇ ਮੁਹੰਮਦ ਅਲੀ ਬੇਗ, ਟੀ.ਵੀ. ਕਲਾਕਾਰ ਨਯਨਾ ਅਪਤੇ ਜੋਸ਼ੀ, ਸੰਗੀਤਕਾਰ ਮੁਸਾਫਰ ਰਾਮ ਭਾਰਦਵਾਜ, ਮਨੀਪੁਰੀ ਡਾਂਸਰ ਏਲਮ ਏਂਦਿਰਾ ਦੇਵੀ, ਕੱਥਕ ਡਾਂਸਰ ਰਾਨੀ ਕਰਨਾ, ਰਾਮ ਮੋਹਨ ਤੇ ਡਾਂਸਰ ਕਲਾਮੰਦਾਲਮ ਸਥਿਆਭਾਮਾ ਦੀ ਪਦਮ ਸ੍ਰੀ ਪੁਰਸਕਾਰ ਲਈ ਚੋਣ ਹੋਈ ਹੈ।

ਭਾਰਤੀ ਟੈਨਿਸ ਸਟਾਰ ਲੀਏਂਡਰ ਪੇਸ ਤੇ ਬੈਡਮਿੰਟਨ ਖਿਡਾਰੀ ਤੋਂ ਹੁਣ ਕੋਚ ਬਣੇ ਪੁਲੇਲਾ ਗੋਪੀਚੰਦ ਨੂੰ ਦੇਸ਼ ਦੇ ਸਰਬਉੱਚ ਨਾਗਰਿਕ ਪੁਰਸਕਾਰ ਪਦਮ ਭੂਸ਼ਣ ਐਵਾਰਡ ਲਈ ਚੁਣਿਆ ਗਿਆ ਹੈ ਜਦਕਿ ਭਾਰਤ ਦੇ ਹਰਫਨਮੌਲਾ ਕ੍ਰਿਕਟਰ ਯੁਵਰਾਜ ਸਿੰਘ ਦੀ ਪਦਮਸ੍ਰੀ ਐਵਾਰਡ ਲਈ ਚੋਣ ਹੋਈ ਹੈ। ਯੁਵਰਾਜ ਤੋਂ ਇਲਾਵਾ 7 ਹੋਰ ਖਿਡਾਰੀਆਂ ਨੂੰ ਪਦਮਸ੍ਰੀ ਐਵਾਰਡ ਨਾਲ ਨਿਵਾਜ਼ਿਆ ਜਾਵੇਗਾ ਜਿਨ੍ਹਾਂ ਵਿਚ ਸਕੁਐਸ਼ ਖਿਡਾਰਨ ਦੀਪਿਕਾ ਪਾਲੀਕੱਲ, ਸਾਬਕਾ ਭਾਰਤੀ ਮਹਿਲਾ ਕ੍ਰਿਕਟ ਕਪਤਾਨ ਅੰਜੁਮ ਚੋਪੜਾ, ਸੁਨੀਲ ਦਬਾਸ (ਕਬੱਡੀ), ਲਵ ਰਾਜ ਸਿੰਘ (ਪਰਬਤਾਰੋਹੀ), ਐਚ ਬੋਨੀਫੇਸ ਪ੍ਰਭੂ (ਵੀਲ ਚੇਅਰ ਟੈਨਿਸ) ਤੇ ਮਮਤਾ ਸੋਧਾ (ਪਰਬਤਾਰੋਹੀ) ਦੇ ਨਾਂ ਸ਼ਾਮਲ ਹਨ। ਦੱਸਣਯੋਗ ਹੈ ਕਿ ਪੇਸ ਇਸ ਤੋਂ ਪਹਿਲਾਂ ਰਾਜੀਵ ਗਾਂਧੀ ਖੇਡ ਰਤਨ ਤੇ ਅਰਜੁਨ ਐਵਾਰਡ ਨਾਲ ਵੀ ਸਨਮਾਨਤ ਹੋ ਚੁੱਕੇ ਹਨ।

# ਪੰਜਾਬ ਦੇ ਸਕੂਲਾਂ ਵਿਚ ਹੀ ਪੰਜਾਬੀ ਬੋਲਣ 'ਤੇ ਪਾਬੰਦੀ!

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਾਜ ਦੇ ਗੈਰ-ਸਰਕਾਰੀ (ਪ੍ਰਾਈਵੇਟ) ਸਕੂਲਾਂ ਦੇ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਉਪਰ ਸਕੂਲ ਸਮੇਂ ਦੌਰਾਨ ਪੰਜਾਬੀ ਬੋਲਣ ਉਪਰ ਪਾਬੰਦੀ ਲਾਉਣ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਰੋਕ ਨੂੰ ਖ਼ਤਮ ਕਰਨ ਦੀਆਂ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਹਨ। ਹੁਣ ਪੰਜਾਬੀਆਂ ਦੀ ਨਵੀਂ ਪਨੀਰੀ ਨੂੰ ਆਪਣੇ ਹੀ ਰਾਜ ਵਿਚ ਪ੍ਰਾਈਵੇਟ ਸਕੂਲਾਂ ਵਿਚ ਮਾਂ ਬੋਲੀ ਬੋਲਣ 'ਤੇ ਨਾ ਤਾਂ ਜੁਰਮਾਨੇ ਠੁਕਣਗੇ ਤੇ ਨਾ ਹੀ ਸਰੀਰਕ ਸਜ਼ਾ ਮਿਲੇਗੀ।

ਮੁੱਖ ਮੰਤਰੀ ਨੇ ਪ੍ਰਾਈਵੇਟ ਸਕੂਲਾਂ ਵਿਚ ਹਰੇਕ ਹਾਲਤ ਵਿਚ ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਪੰਜਾਬੀ ਵਿਸ਼ਾ ਪੜ੍ਹਾਉਣ ਦੇ ਵੀ ਆਦੇਸ਼ ਜਾਰੀ ਕਰਨ ਲਈ ਕਿਹਾ ਹੈ। ਪੰਜਾਬੀ ਜਾਗ੍ਰਿਤ ਮੰਚ ਦੇ ਜਨਰਲ ਸਕੱਤਰ ਸਤਨਾਮ ਮਾਣਕ ਤੇ ਸਕੱਤਰ ਦੀਪਕ ਬਾਲੀ ਦੇ ਅਧਾਰਤ ਵਫ਼ਦ ਦੀ ਮੁੱਖ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਕਿ ਰਾਜ ਦੇ ਕਈ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਵਿਦਿਆਰਥੀਆਂ ਨੂੰ ਆਪਣੀ ਮਾਂ ਬੋਲੀ ਵਿਚ ਬੋਲਣ ਦਾ ਅਧਿਕਾਰ ਨਹੀਂ ਹੈ।

ਇਨ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਅੰਗਰੇਜ਼ੀ ਦੀ ਥਾਂ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਜੁਰਮਾਨੇ ਠੋਕੇ ਜਾਂਦੇ ਹਨ। ਇਥੋਂ ਤੱਕ ਪੰਜਾਬੀ ਬੋਲਣ ਵਾਲੇ ਵਿਦਿਆਰਥੀਆਂ ਨੂੰ ਗੈਰ-ਸਰਕਾਰੀ ਸਕੂਲਾਂ ਵਿਚ ਸਰੀਰਕ ਸਜ਼ਾ ਵੀ ਦਿੱਤੀ ਜਾਂਦੀ ਹੈ। ਕਈ ਅਜਿਹੇ ਸਕੂਲਾਂ ਨੇ ਆਪਣੀਆਂ ਡਾਇਰੀਆਂ ਵਿਚ ਬਕਾਇਦਾ ਅੰਕਿਤ ਕੀਤਾ ਹੈ ਕਿ ਸਕੂਲ ਦੇ ਸਮੇਂ ਦੌਰਾਨ ਪੰਜਾਬੀ ਵਿਚ ਇਕ-ਦੂਸਰੇ ਜਾਂ ਅਧਿਆਪਕ ਨਾਲ ਗੱਲਾਂ ਕਰਨ 'ਤੇ ਪੂਰੀ ਤਰ੍ਹਾਂ

## ਪੰਜਾਬ ਸਰਕਾਰ ਨੇ ਲਿਆ ਸਖਤ ਨੋਟਿਸ

ਰੋਕ ਹੈ ਤੇ ਸਕੂਲ ਸਮੇਂ ਦੌਰਾਨ ਸਿਰਫ਼ ਅੰਗਰੇਜ਼ੀ ਹੀ ਬੋਲੀ ਜਾ ਸਕਦੀ ਹੈ।

ਵਫ਼ਦ ਨੇ ਸ. ਬਾਦਲ ਦੇ ਧਿਆਨ ਵਿਚ ਲਿਆਂਦਾ ਕਿ ਪ੍ਰਾਈਵੇਟ ਸਕੂਲਾਂ ਵਿਚ ਤੈਅ ਨਿਯਮਾਂ ਅਨੁਸਾਰ ਪਹਿਲੀ ਤੋਂ 10ਵੀਂ ਜਮਾਤ ਤੱਕ ਪੰਜਾਬੀ ਵਿਸ਼ੇ ਨੂੰ ਵੀ ਪੜ੍ਹਾਉਣ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਪੰਜਾਬੀ ਭਾਸ਼ਾ ਦੀ ਥਾਂ ਹੋਰ ਵਿਦੇਸ਼ੀ ਭਾਸ਼ਾਵਾਂ ਨੂੰ ਪੜ੍ਹਾਉਣ ਲਈ ਤਰਜੀਹ ਦਿੱਤੀ ਜਾ ਰਹੀ ਹੈ। ਇਸ ਕਾਰਨ ਪੰਜਾਬੀਆਂ ਦੀ ਨਵੀਂ ਪੌਦ ਆਪਣੇ ਹੀ ਰਾਜ ਵਿਚ ਮਾਂ ਬੋਲੀ ਪੰਜਾਬੀ ਤੋਂ ਵਿਰਵੀ ਹੋ ਰਹੀ ਹੈ।

ਇਸ ਮੌਕੇ ਵਫ਼ਦ ਵੱਲੋਂ ਦਿੱਤੇ ਮੰਗ ਪੱਤਰ ਰਾਹੀਂ ਮੁੱਖ ਮੰਤਰੀ ਤੋਂ ਮੰਗ ਕੀਤੀ ਗਈ ਕਿ ਗੈਰ-ਸਰਕਾਰੀ ਸਕੂਲਾਂ ਵਿਚ ਪੰਜਾਬੀ ਬੋਲਣ ਉਪਰ ਲਾਈ ਪਾਬੰਦੀ ਤੁਰੰਤ ਹਟਾਈ ਜਾਵੇ ਤੇ ਪਹਿਲੀ ਤੋਂ ਦਸਵੀਂ ਜਮਾਤ ਤੱਕ ਪੰਜਾਬੀ ਵਿਸ਼ਾ ਲਾਜ਼ਮੀ ਤੌਰ 'ਤੇ ਪੜ੍ਹਾਉਣ ਦੇ ਹੁਕਮ ਜਾਰੀ ਕੀਤੇ ਜਾਣ। ਮੁੱਖ ਮੰਤਰੀ ਸ. ਬਾਦਲ ਨੇ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਭਾਸ਼ਾ ਨਾਲ ਕੀਤੇ ਜਾ ਰਹੇ ਵਿਤਕਰੇ ਦਾ ਗੰਭੀਰ ਨੋਟਿਸ ਲਿਆ। ਉਨ੍ਹਾਂ ਮੌਕੇ 'ਤੇ ਹੀ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੂੰ ਫੋਨ ਕਰਕੇ ਇਸ ਬਾਰੇ ਹਦਾਇਤਾਂ ਜਾਰੀ ਕਰਨ ਲਈ ਕਿਹਾ। ਸ. ਬਾਦਲ ਨੇ ਭਰੋਸਾ ਦਿੱਤਾ ਕਿ ਪ੍ਰਾਈਵੇਟ ਸਕੂਲਾਂ ਵਿਚ ਪੰਜਾਬੀ ਬੋਲਣ ਉਪਰ ਲਾਈ ਰੋਕ ਤੁਰੰਤ ਹਟਾਈ ਜਾਵੇਗੀ ਤੇ ਇਨ੍ਹਾਂ ਸਕੂਲਾਂ ਵਿਚ ਦਸਵੀਂ ਤੱਕ ਪੰਜਾਬੀ ਵਿਸ਼ਾ ਪੜ੍ਹਾਉਣਾ ਲਾਜ਼ਮੀ ਕੀਤਾ ਜਾਵੇਗਾ। ਉਨ੍ਹਾਂ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ ਦਸਵੀਂ ਤੱਕ ਪੰਜਾਬੀ ਵਿਸ਼ਾ ਪੜ੍ਹਾਉਣ ਦੇ ਹੁਕਮ ਵੀ ਦਿੱਤੇ। ਕੇਂਦਰੀ ਪੰਜਾਬੀ ਲੇਖਕ ਸਭਾ ਵੀ ਲੰਮੇ ਸਮੇਂ ਤੋਂ ਪੰਜਾਬੀ ਭਾਸ਼ਾ ਵਿਚ ਸਰਕਾਰੀ ਕੰਮ ਨਾ ਕਰਨ ਵਾਲਿਆਂ ਨੂੰ ਸਜ਼ਾ ਦੇਣ ਲਈ ਭਾਸ਼ਾ ਐਕਟ ਵਿਚ ਸਜ਼ਾ ਦੀ ਧਾਰਾ ਜੋੜਣ ਦੀ ਮੰਗ ਕਰਦੀ ਆ ਰਹੀ ਹੈ।

## ਭਾਰਤੀ ਨੂੰ ਮਿਲੀ ਆਸਟਰੇਲੀਅਨ ਡਾਕਟਰੇਟ ਡਿਗਰੀ

**ਮੈਲਬਰਨ:** ਭਾਰਤੀ ਆਈਆਈਟੀ ਵਿਚੋਂ ਪੜ੍ਹਿਆ ਰਵੀ ਭਾਟੀਆ ਆਸਟਰੇਲੀਆ ਦੀ ਨਾਮੀਂ ਸਵਿਨਬਰਨ ਯੂਨੀਵਰਸਿਟੀ ਤੋਂ ਡਾਕਟਰ ਆਫ ਟੈਕਨਾਲੋਜੀ ਦੀ ਡਿਗਰੀ ਹਾਸਲ ਕਰਨ ਵਾਲਾ ਪਹਿਲਾ ਭਾਰਤੀ ਆਸਟਰੇਲੀਅਨ ਬਣ ਗਿਆ ਹੈ।

ਟੈਲੀਕਾਮ ਕੰਪਨੀ ਪਰੀਮਸ ਆਸਟਰੇਲੀਆ ਦੇ ਬਾਨੀ ਸ੍ਰੀ ਭਾਟੀਆ ਨੂੰ ਇਹ ਡਿਗਰੀ ਯੂਨੀਵਰਸਿਟੀ ਨੂੰ ਦਿੱਤੇ ਅਹਿਮ ਯੋਗਦਾਨ ਬਦਲੇ ਮਿਲੀ ਸੀ।

## ਸੋਨਾ ਤਸਕਰੀ ਦੇ ਦੋਸ਼ ਵਿਚ ਭਾਰਤੀ ਕਾਬੂ

**ਦੁਬਈ:** ਸੰਯੁਕਤ ਰਾਸ਼ਟਰ ਅਮੀਰਾਤ (ਦੁਬਈ) ਵਿਚ ਸ਼ਾਰਜ਼ਾਹ ਕੌਮਾਂਤਰੀ ਹਵਾਈ ਅੱਡੇ 'ਤੇ ਇਕ ਭਾਰਤੀ ਨੂੰ ਸੋਨਾ ਸਮਗਲ ਕਰਕੇ ਭਾਰਤ ਲਿਜਾਣ ਦੀ ਕੋਸ਼ਿਸ਼ ਕਰਦਿਆਂ ਗ੍ਰਿਫ਼ਤਾਰ ਕੀਤਾ ਗਿਆ। ਉਸ ਨੇ ਇਸ ਸੋਨੇ ਨੂੰ ਸੂਟਕੇਸਾਂ ਦੇ ਹੈਂਡਲਾਂ ਦੇ ਰੂਪ ਵਿਚ ਢਾਲਿਆ ਹੋਇਆ ਸੀ।

ਸ਼ਾਰਜ਼ਾਹ ਪੁਲਿਸ ਦੇ ਤਰਜਮਾਨ ਨੇ ਦੱਸਿਆ ਕਿ ਕਸਟਮ ਅਧਿਕਾਰੀਆਂ ਵੱਲੋਂ ਮੁਲਜ਼ਮ ਦੇ ਸਾਮਾਨ ਦੀ ਜਾਂਚ ਤੋਂ ਪਤਾ ਲੱਗਿਆ ਕਿ ਉਸ ਨੇ ਸੂਟਕੇਸਾਂ ਦੇ ਅਸਲ ਹੈਂਡਲ ਹਟਾ ਕੇ ਉਨ੍ਹਾਂ ਦੀ ਥਾਂ ਸੋਨੇ ਦੇ ਬਣੇ ਹੋਏ ਹੈਂਡਲ ਲਵਾ ਲਏ ਸਨ।

# ਰੇਡੀਓ ਚੰਨ ਪਰਦੇਸੀ ਦਾ ਸਾਲਾਨਾ ਸਮਾਗਮ 22 ਮਾਰਚ ਨੂੰ

**ਸ਼ਿਕਾਗੋ (ਬਿਊਰੋ):** ਇੰਟਰਨੈਟ ਅਤੇ ਫੋਨ ਰਾਹੀਂ 24 ਘੰਟੇ ਸੁਣੇ ਜਾ ਸਕਦੇ ਅਤੇ ਪਿਛਲੇ ਥੋੜ੍ਹੇ ਜਿਹੇ ਅਰਸੇ ਵਿਚ ਪੰਜਾਬੀ ਭਾਈਚਾਰੇ ਵਿਚ ਕੌਮਾਂਤਰੀ ਪੱਧਰ 'ਤੇ ਹਰਮਨਪਿਆਰੇ ਹੋਏ ਰੇਡੀਓ ਚੰਨ ਪਰਦੇਸੀ ਵਲੋਂ ਆਉਂਦੀ 22 ਮਾਰਚ ਨੂੰ ਇੰਡੀਆ ਹਾਊਸ, ਸ਼ਾਮਬਰਗ ਵਿਚ ਸ਼ਾਮੀਂ 6 ਵਜੇ ਮਨਾਏ ਜਾ ਰਹੇ ਸਾਲਾਨਾ ਸਮਾਗਮ ਵਿਚ ਸਰੋਤਿਆਂ ਦਾ ਮਨੋਰੰਜਨ ਲੋਕ ਗਾਇਕ ਦੇਬੀ ਮਖਸੂਸਪੁਰੀ ਕਰੇਗਾ।



ਇਹ ਜਾਣਕਾਰੀ ਦਿੰਦਿਆਂ ਰੇਡੀਓ ਚੰਨ ਪਰਦੇਸੀ ਦੇ ਡਾਇਰੈਕਟਰ ਸਰਵਣ ਸਿੰਘ ਟਿਵਾਣਾ ਅਤੇ ਦਰਸ਼ਨ ਸਿੰਘ ਬਸਰਾਓਂ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਹਾੜੇ ਮੌਕੇ ਕੀਤੇ ਜਾ ਰਹੇ ਇਸ ਸਮਾਗਮ ਦੌਰਾਨ ਰੇਡੀਓ ਦੇ ਮੇਜ਼ਬਾਨ (ਹੋਸਟ) ਸਰੋਤਿਆਂ ਦੇ ਸਨਮੁਖ ਹੋਣਗੇ, ਗੀਤ-ਸੰਗੀਤ ਹੋਵੇਗਾ, ਬੁਲਾਰੇ ਰੇਡੀਓ ਨੂੰ ਹੋਰ ਬਿਹਤਰ ਬਣਾਉਣ ਲਈ ਆਪਣੇ ਸੁਝਾਅ ਦੇਣਗੇ। ਇਸ ਮੌਕੇ ਕੁਝ ਉਘੀਆਂ ਸ਼ਖਸੀਅਤਾਂ ਦਾ ਮਾਣ-ਸਨਮਾਨ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਇਹ ਰੇਡੀਓ ਵੈਬ ਸਾਈਟ www.channpardesi.com 'ਤੇ ਜਾ ਕੇ ਜਾਂ ਫੋਨ 832-225-5354 'ਤੇ ਕਾਲ ਕਰਕੇ 24 ਘੰਟੇ ਸੁਣਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸਰਵਣ ਸਿੰਘ ਟਿਵਾਣਾ, ਫੋਨ: 219-670-4579 ਜਾਂ ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200

Auto, Home, Life, Business, Workers Comp., Fixed & Variable Annuities, 401-K, IRA
ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ
Nationwide Insurance
Call Rajinder
209-275-2094

ਜਾਇਦਾਦ ਦੀ ਖਰੀਦ-ਵੇਚ
ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ
ਪੁਨੀਆ ਰੀਅਲ ਅਸਟੇਟ:94173-34049
ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
GLOBAL MULTI SERVICES
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Special Price for Truck Wash Grand Opening
• 8 Drive Tires For $3300 Kelly KDA
• Two Steer Tire Michelin $1150 Including Balancing (22.5 LP)
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.547.9210
FAX: 209.547.9211
www.gfbontime.com, raj@gfbontime.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅਮਰੀਕੀ ਫੌਜ 'ਚ ਸਿੱਖਾਂ ਦੀ ਭਰਤੀ ਲਈ ਅਜੇ ਵੀ ਅੜਿੱਕੇ

**ਸੈਕਰਾਮੈਂਟੋ:** ਪੈਂਟਾਗਨ ਨੇ ਆਪਣੇ ਫੌਜੀ ਦਸਤਿਆਂ ਦੇ ਆਪਣੇ ਧਾਰਮਿਕ ਅਕੀਦਿਆਂ ਦੀ ਪੂਰਤੀ ਖਾਤਰ ਕੱਪੜਾ ਤੇ ਹੋਰ ਚਿੰਨ੍ਹ ਧਾਰਨ ਕਰਨ ਬਾਰੇ ਨੇਮਾਂ ਵਿਚ ਢਿੱਲ ਦੇ ਦਿੱਤੀ ਹੈ ਜਿਸ ਨਾਲ ਅਮਰੀਕੀ ਫੌਜ ਵਿਚ ਸਿੱਖਾਂ ਦੀ ਭਰਤੀ ਦਾ ਰਾਹ ਖੁੱਲ੍ਹਣ ਦੇ ਆਸਾਰ ਹਨ। ਉਂਜ, ਨਵੀਆਂ ਸੇਧਾਂ ਤਹਿਤ ਅਜੇ ਵੀ ਹੈਲਮਟ ਜਿਹੇ ਸੁਰੱਖਿਆ ਕਵਚ ਪਹਿਨਣ 'ਤੇ ਕਾਫੀ ਜ਼ੋਰ ਦਿੱਤਾ ਗਿਆ ਹੈ ਜਿਸ ਕਰਕੇ ਵੱਡੀ ਤਾਦਾਦ ਵਿਚ ਸਿੱਖਾਂ ਦੇ ਅਮਰੀਕੀ ਫੌਜ ਵਿਚ ਭਰਤੀ ਦਾ ਰਾਹ ਨਹੀਂ ਖੁੱਲ੍ਹੇਗਾ।

ਸਿੱਖ-ਅਮਰੀਕੀ ਭਾਈਚਾਰੇ ਵੱਲੋਂ ਲੰਮੇ ਸਮੇਂ ਤੋਂ ਇਨ੍ਹਾਂ ਨੇਮਾਂ ਵਿਚ ਢਿੱਲ ਦੇਣ ਦੀ ਮੰਗ ਕੀਤੀ ਜਾ ਰਹੀ ਸੀ। ਪੈਂਟਾਗਨ ਦੇ ਤਰਜਮਾਨ ਤੇ ਨੇਵੀ ਦੇ ਲੈਫਟੀਨੈਂਟ ਕਮਾਂਡੋਰ ਨੇਥਨ ਜੇ.ਕ੍ਰਿਸਟਨਸਨ ਨੇ ਦੱਸਿਆ ਕਿ ਨਵੀਂ ਨੀਤੀ ਵਿਚ ਦਰਜ ਕੀਤਾ ਗਿਆ ਹੈ ਕਿ ਫੌਜੀ ਵਿਭਾਗ ਦਸਤਿਆਂ ਦੀਆਂ ਧਾਰਮਿਕ ਬੇਨਤੀਆਂ ਨੂੰ ਕਬੂਲ ਕਰਨਗੇ ਬਸ਼ਰਤੇ ਇਸ ਤਰ੍ਹਾਂ ਕਰਨ ਨਾਲ ਫੌਜੀ ਤਿਆਰੀ, ਮਿਸ਼ਨ ਦੀ ਪੂਰਤੀ, ਯੂਨਿਟ ਦੀ ਇਕਜੁੱਟਤਾ ਤੇ ਚੰਗੇ ਵਿਹਾਰ ਤੇ ਅਨੁਸ਼ਾਸਨ ਉਪਰ ਕੋਈ ਉਲਟ ਅਸਰ ਨਾ ਪੈਂਦਾ ਹੋਵੇ।

ਉਨ੍ਹਾਂ ਕਿਹਾ ਕਿ ਧਾਰਮਿਕ ਵਿਧੀਆਂ ਦੀ ਪਾਲਣਾ ਦੀਆਂ ਸਾਰੀਆਂ ਬੇਨਤੀਆਂ ਦਾ ਕੇਸ-ਦਰ-ਕੇਸ ਮੁਲਾਂਕਣ ਕੀਤਾ ਜਾਵੇਗਾ। ਹਰੇਕ ਬੇਨਤੀ ਇਸ ਦੇ ਵਿਲੱਖਣ ਤੱਥਾਂ, ਧਾਰਮਿਕ



ਵਿਧੀਆਂ ਦੀ ਕਿਸਮ, ਇਸ ਨੂੰ ਪ੍ਰਵਾਨਗੀ ਜਾਂ ਰੱਦ ਕਰਨ ਨਾਲ ਸਰਵਿਸ ਮੈਂਬਰ 'ਤੇ ਪੈਣ ਵਾਲੇ ਅਸਰ ਆਦਿ ਦਾ ਲੇਖਾ-ਜੋਖਾ ਕੀਤਾ ਜਾਵੇਗਾ। ਇਸ ਤਰ੍ਹਾਂ ਅਮਰੀਕਾ ਨੇ ਫੌਜ ਵਿਚ ਭਰਤੀ ਲਈ ਸਿੱਖਾਂ ਨੂੰ ਪੂਰੀ ਤਰ੍ਹਾਂ ਖੁੱਲ੍ਹ ਨਹੀਂ ਦਿੱਤੀ ਜਿਸ ਪ੍ਰਤੀ ਸਿੱਖਾਂ ਵਿਚ ਰੋਸ ਹੈ।

ਉਧਰ, ਕ੍ਰਿਸਟਨਸਨ ਨੇ ਆਖਿਆ ਕਿ ਧਾਰਮਿਕ ਰੀਤਾਂ ਦੇ ਪਾਲਣ ਦੀਆਂ ਬੇਨਤੀਆਂ ਨੇੜਲੇ ਕਮਾਂਡਰ ਦੇ ਪੱਧਰ 'ਤੇ ਹੀ ਨਜਿੱਠੀਆਂ ਜਾਣਗੀਆਂ ਜਿਨ੍ਹਾਂ ਲਈ ਫੌਜੀ ਵਿਭਾਗ ਜਾਂ ਸਰਵਿਸ ਨੀਤੀਆਂ ਤੋਂ ਕਿਸੇ ਕਿਸਮ ਦੀ ਛੋਟ ਦੀ ਲੋੜ ਨਹੀਂ ਹੋਵੇਗੀ। ਉਨ੍ਹਾਂ ਕਿਹਾ ਕਿ ਪੈਂਟਾਗਨ ਦਾ ਖਿਆਲ ਹੈ ਕਿ ਨਵੀਆਂ ਸੇਧਾਂ ਨਾਲ ਚੰਗਾ ਵਿਹਾਰ ਤੇ ਅਨੁਸ਼ਾਸਨ ਲਈ ਸਾਜ਼ਗਾਰ ਮਾਹੌਲ ਬਣਾਉਣ ਖਾਤਰ ਕਮਾਂਡਰਾਂ ਤੇ ਸੁਪਰਵਾਈਜ਼ਰਾਂ ਨੂੰ ਹੱਲਾਸ਼ੇਰੀ ਮਿਲੇਗੀ ਤੇ ਕਿਵੇਂ ਧਾਰਮਿਕ ਵਿਤਕਰੇ ਦੀਆਂ ਮਿਸਾਲਾਂ ਤੇ ਧਾਰਨਾ ਵਿਚ ਕਮੀ ਆਵੇਗੀ।

ਇਕ ਸਿੱਖ ਫੌਜੀ ਕਪਤਾਨ ਕਮਲਜੀਤ ਸਿੰਘ ਕਲਸੀ ਨੇ ਸਿੱਖ ਕੁਲੀਸ਼ਨ ਦੀ ਮਦਦ ਨਾਲ ਅਪਰੈਲ 2009 ਵਿਚ ਇੰਸਪੈਕਟਰ ਜਨਰਲ ਤੇ ਰੱਖਿਆ ਵਿਭਾਗ ਕੋਲ ਅਪੀਲ ਦਾਇਰ ਕਰਕੇ ਆਪਣੇ ਧਾਰਮਿਕ ਚਿੰਨ੍ਹ ਧਾਰਨ ਕਰਨ ਦੀ ਖੁੱਲ੍ਹ ਮੰਗੀ ਸੀ। ਸ. ਕਲਸੀ ਫੌਜ ਵਿਚ ਡਾਕਟਰ ਹਨ। ਉਸ ਤੋਂ ਬਾਅਦ ਫੌਜ ਦੇ ਰਿਜ਼ਰਵ ਸੈਕਿੰਡ ਲੈਫਟੀਨੈਂਟ ਤੇਜਦੀਪ ਸਿੰਘ ਰਤਨ ਦੰਦਾਂ ਦੇ ਮਾਹਿਰ ਵਜੋਂ ਭਰਤੀ ਹੋਏ ਤੇ ਉਨ੍ਹਾਂ ਨੂੰ ਫੌਜ ਵੱਲੋਂ ਭਰੋਸਾ ਦਿੱਤਾ ਗਿਆ ਸੀ ਕਿ ਉਸ ਦੀ ਫੌਜੀ ਵਰਦੀ ਪਹਿਨਣ ਸਮੇਂ ਉਸ ਦੇ ਧਾਰਮਿਕ ਚਿੰਨ੍ਹਾਂ ਸਬੰਧੀ ਕੋਈ ਮੁਸ਼ਕਲ ਪੇਸ਼ ਨਹੀਂ ਆਵੇਗੀ। ਅਮਰੀਕੀ ਫੌਜ ਵੱਲੋਂ ਜਾਰੀ ਕੀਤੀਆਂ ਗਈਆਂ ਸੇਧਾਂ ਸਦਕਾ ਪੱਗ, ਪਟਕਾ, ਯਾਰਮੁਲਕੇ ਤੇ ਹੋਰ ਧਾਰਮਿਕ ਵਸਤਰ ਪਹਿਨਣ ਦੀ ਖੁੱਲ੍ਹ ਮਿਲੇਗੀ ਤੇ ਇਸ ਨਾਲ ਸਿੱਖਾਂ, ਮੁਸਲਮਾਨਾਂ, ਯਾਹੂਦੀਆਂ ਤੇ ਕੁਝ ਹੋਰ ਸਮੂਹ ਦੇ ਮੈਂਬਰਾਂ ਨੂੰ ਲਾਹਾ ਹੋਵੇਗਾ ਜੋ ਆਪਣੇ ਧਾਰਮਿਕ ਅਦਕੀਦੇ ਲਈ ਦਾੜ੍ਹੀ ਰੱਖਦੇ ਹਨ ਤੇ ਸਿਰ 'ਤੇ ਕੱਪੜਾ ਬੰਨ੍ਹਦੇ ਹਨ। ਸ਼੍ਰੋਮਣੀ ਕਮੇਟੀ ਨੇ ਅਮਰੀਕਾ ਦੇ ਰੱਖਿਆ ਵਿਭਾਗ ਵੱਲੋਂ ਅੰਮ੍ਰਿਤਧਾਰੀ ਸਿੱਖਾਂ ਨੂੰ ਡਿਊਟੀ ਸਮੇਂ ਕਕਾਰ ਪਹਿਨਣ ਦੀ ਖੁੱਲ੍ਹ ਦੇਣ ਵਾਲੇ ਫ਼ੈਸਲੇ ਦੀ ਸ਼ਲਾਘਾ ਕੀਤੀ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਕਮੇਟੀ ਵੱਲੋਂ ਸਿੱਖਾਂ ਦੇ ਮਸਲਿਆਂ ਨੂੰ ਹੱਲ ਕਰਨ ਦੀ ਹਮੇਸ਼ਾਂ ਹੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਵੀ ਅਮਰੀਕੀ ਦੂਤਾਵਾਸ ਕੋਲ ਪਹੁੰਚ ਕਰਕੇ ਅੰਮ੍ਰਿਤਧਾਰੀ ਸਿੱਖ ਜਵਾਨਾਂ ਨੂੰ ਡਿਊਟੀ ਸਮੇਂ ਕਕਾਰ ਪਹਿਨਣ ਦੀ ਖੁੱਲ੍ਹ ਦੇਣ ਦੀ ਮੰਗ ਕੀਤੀ ਗਈ ਸੀ।

## ਸੋਨੀਆ ਦੀ ਅਮਰੀਕੀ ਕੋਰਟ 'ਚ ਪੇਸ਼ੀ ਮੰਗੀ

**ਨਿਊ ਯਾਰਕ:** ਸੋਨੀਆ ਗਾਂਧੀ ਵੱਲੋਂ ਅਮਰੀਕੀ ਅਦਾਲਤ ਨੂੰ ਇਹ ਸੂਚਿਤ ਕਰਨ ਕਿ ਉਹ ਪਿਛਲੇ ਸਾਲ ਸਤੰਬਰ ਵਿਚ ਅਮਰੀਕਾ ਨਹੀਂ ਗਈ ਤੇ ਕਿਸੇ ਮਾਮਲੇ ਵਿਚ ਉਸ ਨੂੰ ਕੋਈ ਸੰਮਨ ਨਹੀਂ ਦਿੱਤਾ ਗਿਆ, ਪਿੱਛੋਂ ਸਿੱਖਾਂ ਦੇ ਹੱਕਾਂ ਦੀ ਪੈਰਵੀ ਕਰ ਰਿਹਾ ਸਿੱਖ ਸੰਗਠਨ ਚਾਹੁੰਦਾ ਹੈ ਕਿ ਸ੍ਰੀਮਤੀ ਗਾਂਧੀ ਮਾਨਵੀ ਹੱਕਾਂ ਦੀ ਉਲੰਘਣਾ ਲਈ ਦਾਇਰ ਪਟੀਸ਼ਨ ਸਬੰਧੀ ਅਦਾਲਤ 'ਚ ਪੇਸ਼ ਹੋਵੇ।

ਸਿੱਖਸ ਫਾਰ ਜਸਟਿਸ ਨੂੰ ਇਹ ਪਤਾ ਲਾਉਣ ਲਈ ਅਮਰੀਕੀ ਅਦਾਲਤ ਨੇ 6 ਫਰਵਰੀ ਤਕ ਦਾ ਸਮਾਂ ਦਿੱਤਾ ਹੈ ਕਿ ਕੀ ਦੋ ਸਤੰਬਰ ਤੇ ਨੌਂ ਸਤੰਬਰ 2013 ਵਿਚਕਾਰ ਸੋਨੀਆ ਸ਼ਹਿਰ ਵਿਚ ਮੌਜੂਦ ਸੀ ਜਾਂ ਨਹੀਂ, ਤੇ ਉਸ ਨੂੰ ਸ੍ਰੀਮਤੀ ਗਾਂਧੀ ਵਲੋਂ ਸੰਮਨਾਂ ਦੀ ਤਾਮੀਲ ਨਾ ਹੋਣ ਕਾਰਨ ਮਾਨਵੀ ਹੱਕਾਂ ਦੀ ਉਲੰਘਣਾ ਦਾ ਮਾਮਲਾ ਖਾਰਜ ਕਰਨ ਲਈ ਦਾਇਰ ਪਟੀਸ਼ਨ ਦਾ ਜਵਾਬ ਦੇਣ ਲਈ ਕਿਹਾ ਹੈ। ਸਿੱਖਸ ਫਾਰ ਜਸਟਿਸ ਦੇ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਮੁਦਈ ਪੱਖ ਅਮਰੀਕੀ ਅਦਾਲਤ ਨੂੰ ਬੇਨਤੀ ਕਰੇਗਾ ਕਿ ਉਹ ਕਾਂਗਰਸ ਪ੍ਰਧਾਨ ਦੀ ਸਤੰਬਰ 2013 ਵਿਚ ਅਮਰੀਕਾ ਵਿਚ ਉਨ੍ਹਾਂ ਦੀ ਮੌਜੂਦਗੀ ਤੇ ਉਨ੍ਹਾਂ ਨੂੰ ਸੰਮਨ ਤਾਮੀਲ ਕਰਨ ਸਬੰਧੀ ਉਨ੍ਹਾਂ ਦਾ ਬਿਆਨ ਲਵੇ। ਸ੍ਰੀਮਤੀ ਗਾਂਧੀ ਨੇ ਕੇਸ ਖਾਰਜ ਕਰਨ ਲਈ ਨਵਾਂ ਜਵਾਬ ਦਾਖਲ ਕੀਤਾ ਹੈ।

## ਬਰਤਾਨੀਆ ਵਿਚ ਸਿੱਖ ਪ੍ਰਚਾਰਕ ਬਣ ਕੇ ਗਏ 19 ਜਣੇ ਕਾਬੂ

**ਲੰਡਨ:** ਕਬੂਤਰਬਾਜ਼ੀ ਦੇ ਮਾਮਲੇ ਵਿਚ ਬਰਤਾਨੀਆ ਪ੍ਰਸ਼ਾਸਨ ਨੇ ਉਨ੍ਹਾਂ 19 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਹੜੇ ਭਾਰਤ ਵਿਚੋਂ ਸਿੱਖ ਪ੍ਰਚਾਰਕ ਵਜੋਂ ਉਥੇ ਗਏ ਸਨ ਤੇ ਫਿਰ ਗਾਇਬ ਹੋ ਗਏ। ਬਰਤਾਨੀਆ ਦੇ ਗ੍ਰਹਿ ਮੰਤਰਾਲੇ ਮੁਤਾਬਕ ਇਮੀਗਰੇਸ਼ਨ ਘੁਟਾਲੇ ਦੇ ਮਾਮਲੇ ਵਿਚ ਮਾਨਚੈਸਟਰ ਆਧਾਰਤ ਖਾਲਸਾ ਮਿਸ਼ਨਰੀ ਸੁਸਾਇਟੀ ਨਾਲ ਸਬੰਧਤ ਉਥੋਂ ਦੀਆਂ ਵੱਖ-ਵੱਖ 16 ਥਾਵਾਂ ਉਪਰ ਛਾਪੇ ਮਾਰ ਕੇ ਇਨ੍ਹਾਂ ਨੂੰ ਕਾਬੂ ਕੀਤਾ ਗਿਆ ਹੈ।

ਅਪਰਾਧਿਕ ਜਾਂਚ ਟੀਮ ਦੇ ਅਧਿਕਾਰੀ ਨਿੱਕ ਵੁੱਡ ਨੇ ਦੱਸਿਆ ਕਿ ਸਬੂਤਾਂ ਦੇ ਆਧਾਰ 'ਤੇ ਜਾਂਚ ਜਾਰੀ ਰਹੇਗੀ। ਇਹ ਇਮੀਗਰੇਸ਼ਨ ਦਾ ਵੱਡਾ ਘੁਟਾਲਾ ਨਜ਼ਰ ਆ ਰਿਹਾ ਹੈ। ਛਾਪੇ ਬਰਮਿੰਘਮ, ਹੰਸਲੋ, ਲੈਸਟਰ, ਲੂਟੋਨ, ਸਲੋਅ, ਸਾਊਥਾਲ ਤੇ ਸਾਊਥਹੈਂਪਟਨ ਦੇ ਹਿੱਸਿਆਂ ਵਿਚ ਮਾਰੇ ਗਏ। ਸੁਸਾਇਟੀ ਵੱਲੋਂ 'ਸਿੱਖ ਪ੍ਰਚਾਰਕ ਟੀਅਰ-2' ਤੇ 'ਟੀਅਰ-5' ਦੇ ਪਰਵਾਸੀ ਵਰਕਰ ਸਿਸਟਮ ਤਹਿਤ ਲਿਆਂਦੇ ਗਏ ਸਨ।

19 ਵਿਅਕਤੀਆਂ ਨੂੰ ਵੀਜ਼ਾ ਖਤਮ ਹੋਣ ਬਾਅਦ ਉਥੇ ਠਹਿਰਨ ਤੇ ਹੋਰਾਂ ਇਮੀਗਰੇਸ਼ਨ ਜੁਰਮਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਖਾਲਸਾ ਮਿਸ਼ਨਰੀ ਸੁਸਾਇਟੀ ਆਪਣੇ ਆਪ ਨੂੰ 'ਗੈਰ-ਸਿਆਸੀ, ਮੁਨਾਫਾ ਰਹਿਤ, ਆਜ਼ਾਦ ਜਥੇਬੰਦੀ' ਵਜੋਂ ਅਖਵਾਉਂਦੀ ਹੈ ਜੋ ਬਰਤਾਨੀਆ ਵਿਚ ਰਹਿੰਦੇ ਸਿੱਖ ਭਾਈਚਾਰੇ ਨੂੰ ਸਹਿਯੋਗ ਦੇਣ ਤੇ ਉਨ੍ਹਾਂ ਦੀ ਹਮਾਇਤ ਕਰਨ ਦਾ ਦਾਅਵਾ ਕਰਦੀ ਹੈ। ਸੁਸਾਇਟੀ ਦੇ ਚੀਤਮ ਹਿੱਲ ਰੋਡ ਦਫਤਰ ਵਿਚ ਕੋਈ ਵੀ ਵਿਅਕਤੀ ਪ੍ਰਤੀਕਰਮ ਦੇਣ ਨੂੰ ਨਹੀਂ ਮਿਲਿਆ।

ਪਿਛਲੇ ਸਾਲ ਸਤੰਬਰ ਵਿਚ ਵੀ 17 ਵਿਅਕਤੀ ਗ੍ਰਿਫਤਾਰ ਕੀਤੇ ਗਏ ਸਨ। ਉਸ ਸਮੇਂ ਇਹ ਛਾਪੇ ਮਾਨਚੈਸਟਰ, ਗਲਾਸਗੋ, ਹਡਰਸਫੀਲਡ, ਮਿਡਲਸੈਕਸ, ਪੈਰਾਬਰੋਨ ਤੇ ਵੁਲਵਰਹੈਂਪਟਨ ਵਿਚ ਮਾਰੇ ਗਏ ਸਨ। ਇਨ੍ਹਾਂ ਸਿੱਖਾਂ ਨੂੰ ਭਾਰਤ ਵਿਚੋਂ ਲਿਆ ਕੇ ਬਰਤਾਨੀਆ ਵਿਚ ਸਿੱਖੀ ਦਾ ਪ੍ਰਚਾਰ ਕਰਵਾਇਆ ਜਾਂਦਾ ਸੀ ਪਰ ਬਾਅਦ ਵਿਚ ਇਹ ਵਿਅਕਤੀ ਵੀਜ਼ਾ ਖਤਮ ਹੋਣ 'ਤੇ ਵੱਖ-ਵੱਖ ਥਾਵਾਂ 'ਤੇ ਛੁਪ ਜਾਂਦੇ ਸਨ।

## ਪੰਜਾਬਣ ਖਿਲਾਫ ਚੱਲੇਗਾ ਧੋਖਾਧੜੀ ਦਾ ਕੇਸ

**ਲੰਡਨ:** ਰਾਇਲ ਬੈਂਕ ਆਫ ਸਕਾਟਲੈਂਡ ਵਿਚ ਕੰਮ ਕਰਦੀ ਪਰਵਾਸੀ ਪੰਜਾਬੀ ਮਹਿਲਾ 'ਤੇ ਇਕ ਲੱਖ 20 ਹਜ਼ਾਰ ਪੌਂਡ ਚੋਰੀ ਕਰਨ ਦਾ ਕੇਸ ਚੱਲੇਗਾ। ਕਸਟਮਰ ਸਲਾਹਕਾਰ ਵਜੋਂ ਕੰਮ ਕਰਦੀ ਸਤਨਾਮ ਕੌਰ ਨੇ ਅਬਰਦੀਨ ਵਿਚ ਬੈਂਕ ਦੇ ਦੋ ਖਾਤਿਆਂ ਵਿਚੋਂ 20 ਅਕਤੂਬਰ ਤੋਂ 21 ਨਵੰਬਰ, 2011 ਵਿਚਕਾਰ ਇਹ ਨਕਦੀ ਚੋਰੀ ਕੀਤੀ ਸੀ। ਸਤਨਾਮ ਕੌਰ ਖਿਲਾਫ ਪਹਿਲਾਂ ਮਈ ਵਿਚ ਸੁਣਵਾਈ ਹੋਏਗੀ ਤੇ ਫਿਰ ਜੂਨ ਵਿਚ ਮੁਕੱਦਮਾ ਚੱਲੇਗਾ।

ਜਾਣਕਾਰੀ ਮੁਤਾਬਕ ਸਤਨਾਮ ਕੌਰ ਨੇ ਯੂਰੋ ਕਢਵਾਏ ਸਨ ਤੇ ਫਿਰ ਆਪਣੇ ਖਾਤੇ ਵਿਚ ਇਕ ਲੱਖ 20 ਹਜ਼ਾਰ ਪੌਂਡ ਦਾ ਚੈੱਕ ਜਮ੍ਹਾਂ ਕਰਵਾਇਆ ਸੀ। ਉਸ ਨੂੰ ਧੋਖਾਧੜੀ ਦਾ ਮਾਮਲਾ ਸਾਹਮਣੇ ਆਉਣ 'ਤੇ ਨੌਕਰੀ ਵਿਚੋਂ ਕੱਢ ਦਿੱਤਾ ਗਿਆ ਸੀ। ਸਤਨਾਮ ਕੌਰ 'ਤੇ ਇਕ ਹੋਰ ਮਾਮਲੇ ਵਿਚ 88 ਹਜ਼ਾਰ ਪੌਂਡ ਹਾਸਲ ਕਰਨ ਦੇ ਦੋਸ਼ ਲੱਗੇ ਹਨ ਜਿਨ੍ਹਾਂ ਨੂੰ ਪਹਿਲਾਂ ਉਸ ਨੇ ਆਪਣੇ ਖਾਤੇ ਵਿਚ ਜਮ੍ਹਾਂ ਕਰਵਾਇਆ ਤੇ ਫਿਰ ਉਸ ਨੂੰ ਭਾਰਤ ਦੇ ਇਕ ਬੈਂਕ ਵਿਚ ਟਰਾਂਸਫਰ ਕਰ ਦਿੱਤਾ ਸੀ। ਇਹ ਕਾਰਾ 7 ਦਸੰਬਰ, 2011 ਤੇ 24 ਫਰਵਰੀ, 2012 ਵਿਚਕਾਰ ਕੀਤਾ ਸੀ। ਪਿਛਲੇ ਧੋਖਾਧੜੀ ਦੇ ਮਾਮਲੇ ਦੌਰਾਨ ਸਹੀ ਦਸਤਾਵੇਜ਼ ਨਾ ਹੋਣ ਕਾਰਨ ਅਕਤੂਬਰ 2013 ਵਿਚ ਸਤਨਾਮ ਕੌਰ ਖ਼ਿਲਾਫ਼ ਕੇਸ ਰੱਦ ਹੋ ਗਿਆ ਸੀ। ਅਦਾਲਤ ਵਿਚ ਦੱਸਿਆ ਗਿਆ ਕਿ ਧੋਖਾਧੜੀ ਕਾਰਨ ਕਿਸੇ ਗਾਹਕ ਨੂੰ ਕੋਈ ਵਿੱਤੀ ਘਾਟਾ ਨਹੀਂ ਪਿਆ ਹੈ। ਸਤਨਾਮ ਕੌਰ ਦੇ ਵਕੀਲ ਨੇ ਕਿਹਾ ਸੀ ਕਿ ਉਹ ਭਾਰਤ ਪਰਤਣਾ ਚਾਹੁੰਦੀ ਹੈ ਤੇ ਬੈਂਕ ਦੇ ਕਿਸੇ ਗਾਹਕ ਦਾ ਪੈਸਾ ਨਾ ਮਰਨ 'ਤੇ ਉਹ ਖੁਸ਼ ਹੈ।

## ਸਿੰਗਾਪੁਰ ਦੰਗਿਆਂ ਮਗਰੋਂ ਭਾਰਤੀਆਂ 'ਤੇ ਨਜ਼ਰ

### ਪੁਲਿਸ ਨੂੰ ਦਿੱਤੇ ਵਿਸ਼ੇਸ਼ ਅਧਿਕਾਰ

**ਸਿੰਗਾਪੁਰ:** ਸਿੰਗਾਪੁਰ ਦੰਗਿਆਂ ਮਗਰੋਂ ਭਾਰਤੀਆਂ 'ਤੇ ਖਾਸ ਨਜ਼ਰ ਹੈ। ਸਰਕਾਰ ਨੇ ਪੁਲਿਸ ਨੂੰ ਵਿਸ਼ੇਸ਼ ਅਧਿਕਾਰ ਦੇ ਦਿੱਤੇ ਹਨ। ਉਂਜ, ਸਿੰਗਾਪੁਰ ਨੇ ਭਰੋਸਾ ਦਿੱਤਾ ਹੈ ਕਿ ਲਿਟਲ ਇੰਡੀਆ ਇਲਾਕੇ ਵਿਚ ਪੁਲਿਸ ਨੂੰ ਵਿਸ਼ੇਸ਼ ਤਾਕਤਾਂ ਦੇਣ ਵਾਲੇ ਬਿੱਲ ਨਾਲ ਭਾਰਤੀ ਕਾਮਿਆਂ 'ਤੇ ਮਾੜਾ ਅਸਰ ਨਹੀਂ ਪਵੇਗਾ। ਇਸ ਇਲਾਕੇ ਵਿਚ ਬੀਤੇ ਸਾਲ ਦੰਗੇ ਫੈਲੇ ਸਨ ਜੋ 40 ਸਾਲਾਂ ਵਿਚ ਸਭ ਤੋਂ ਭਿਆਨਕ ਸਨ। ਕਾਨੂੰਨ ਤੇ ਵਿਦੇਸ਼ ਮੰਤਰੀ ਕੇ. ਸ਼ਨਮੁਗਮ ਨੇ ਤਾਮਿਲਾਂ ਦੇ ਸਮੂਹ ਵਿਚ ਕਿਹਾ ਹੈ ਕਿ ਬਿੱਲ ਲਿਟਲ ਇੰਡੀਆ ਵਿਚ ਸਖਤੀ ਦਾ ਅਸਥਾਈ ਪ੍ਰਬੰਧ ਹੈ ਤੇ ਇਸ ਨਾਲ ਭਾਰਤੀਆਂ ਦੇ ਕਾਰੋਬਾਰ 'ਤੇ ਮਾੜਾ ਅਸਰ ਨਹੀਂ ਪਵੇਗਾ। ਇਸ ਬਿੱਲ ਸਿਰਫ ਤੇ ਸਿਰਫ ਲਿਟਲ ਇੰਡੀਆ ਲਈ ਹੈ ਕਿਉਂਕਿ ਸਰਕਾਰ ਦਾ ਫਰਜ਼ ਹੈ ਕਿ ਉਹ ਭਵਿੱਖ ਵਿਚ ਦੰਗਿਆਂ ਵਰਗੀਆਂ ਘਟਨਾਵਾਂ ਨੂੰ ਮੁੜ ਨਾ ਹੋਣ ਦੇਵੇ। ਇਸ ਬਿੱਲ ਬਾਰੇ ਭਾਰਤੀ ਚਿੰਤਤ ਹੋ ਗਏ ਹਨ ਪਰ ਸਰਕਾਰ ਸਪਸ਼ਟ ਕਰਦੀ ਹੈ ਕਿ ਇਹ ਭੇਦਭਾਵ ਕਰਨ ਵਾਲਾ ਨਹੀਂ ਹੈ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਸ਼ਾਂਤੀ ਨਾਲ ਕਿਸੇ ਰੇਸਤਰਾਂ ਵਿਚ ਜਾਂਦਾ ਹੈ, ਖਾਂਦਾ ਹੈ, ਪੀਂਦਾ ਹੈ ਤੇ ਘਰ ਪਰਤ ਜਾਂਦਾ ਹੈ, ਉਸ ਨੂੰ ਹੱਥ ਪਾਉਣ ਦੀ ਇਸ ਬਿੱਲ ਵਿਚ ਤਾਕਤ ਨਹੀਂ ਹੈ। ਉਹ ਤਾਂ ਚਹੁੰਦੇ ਹਨ ਕਿ ਲਿਟਲ ਇੰਡੀਆ ਵਿਚ ਜੋ ਏਸ਼ਿਆਈ ਲੋਕ ਹਫਤੇ ਭਰ ਦੀ ਥਕਾਨ ਮਿਟਾਉਣ ਆਉਂਦੇ ਹਨ, ਉਹ ਤਣਾਅ ਵਿਚ ਨਾ ਰਹਿ ਕੇ ਬੇਫਿਕਰੀ ਨਾਲ ਮਜ਼ੇ ਕਰਨ। ਇਸ ਬਿੱਲ ਨਾਲ ਹੁੱਲੜਬਾਜ਼ੀ ਕਰਨ ਵਾਲਿਆਂ ਨੂੰ ਖਤਰਾ ਹੋ ਸਕਦਾ ਹੈ, ਸ਼ਾਂਤੀਪਸੰਦਾਂ ਨੂੰ ਨਹੀਂ।



ਸਿੰਗਾਪੁਰ ਸਰਕਾਰ ਨੇ ਸੋਮਵਾਰ ਨੂੰ ਸੰਸਦ ਵਿਚ ਇਕ ਬਿੱਲ ਪੇਸ਼ ਕੀਤਾ ਹੈ ਜਿਸ ਵਿਚ 'ਲਿਟਲ ਇੰਡੀਆ' ਵਿਚ ਵੀ ਪੁਲੀਸ ਨੂੰ ਵਿਸ਼ੇਸ਼ ਅਧਿਕਾਰ ਦੀ ਤਜਵੀਜ਼ ਹੈ ਤਾਂ ਜੋ ਇਲਾਕੇ ਦੀ ਸ਼ਾਂਤੀ ਭੰਗ ਨਾ ਹੋਵੇ। ਬਿੱਲ ਤਹਿਤ ਪੁਲੀਸ ਇਲਾਕੇ ਵਿਚ ਸ਼ਰਾਬਬੰਦੀ ਕਰ ਸਕਦੀ ਹੈ ਤੇ ਲੋਕਾਂ ਦੀ ਆਵਾਜਾਈ 'ਤੇ ਪਾਬੰਦੀ ਲੱਗ ਸਕਦੀ ਹੈ।

ਉਧਰ, ਸਿੰਗਾਪੁਰ ਵਿਚ ਹੋਏ ਦੰਗਿਆਂ ਦੇ ਮਾਮਲੇ ਵਿਚ ਗ੍ਰਿਫਤਾਰ ਭਾਰਤੀ ਖਿਲਾਫ ਦੋਸ਼ ਘੱਟ ਕੀਤੇ ਜਾ ਸਕਦੇ ਹਨ। ਚਿਨੱਪਾ ਵਿਜੇਰਘੁਨਾਥ ਭੂਪਤੀ ਉਨ੍ਹਾਂ 25 ਭਾਰਤੀਆਂ ਵਿਚ ਸ਼ਾਮਲ ਹੈ, ਜਿਨ੍ਹਾਂ 'ਤੇ ਦੰਗੇ ਕਰਨ ਦੇ ਦੋਸ਼ ਲੱਗੇ ਹਨ। ਅਦਾਲਤ ਵਿਚ ਦੱਸਿਆ ਗਿਆ ਕਿ ਚਿਨੱਪਾ ਖ਼ਿਲਾਫ਼ ਲਾਏ ਦੋਸ਼ਾਂ ਨੂੰ ਘੱਟ ਕਰਨ ਦੀ ਸਹਿਮਤੀ ਦੇ ਦਿੱਤੀ ਗਈ। ਇਹ ਫੈਸਲਾ ਉਸ ਸਮੇਂ ਆਇਆ ਜਦੋਂ ਚਿਨੱਪਾ ਦੇ ਵਕੀਲ ਸੁਨੀਲ ਸੁਦੀਸ਼ਨ ਅਟਾਰਨੀ ਜਨਰਲ ਦੇ ਚੈਂਬਰ ਵਿਚ ਪੇਸ਼ ਹੋਏ।

ਪਿਛਲੇ ਸਾਲ 8 ਦਸੰਬਰ ਨੂੰ ਉਸ ਸਮੇਂ ਦੰਗੇ ਭੜਕੇ ਸਨ ਜਦੋਂ ਬੱਸ ਹਾਦਸੇ ਵਿਚ ਇਕ ਭਾਰਤੀ ਦੀ ਮੌਤ ਹੋ ਗਈ ਸੀ ਤੇ ਕੋਈ 400 ਪਰਵਾਸੀ ਕਾਮਿਆਂ ਨੇ ਦੰਗੇ ਕਰ ਕੇ ਉੱਥੇ 39 ਪੁਲਿਸ ਅਧਿਕਾਰੀਆਂ ਨੂੰ ਜ਼ਖ਼ਮੀ ਕਰ ਦਿੱਤਾ ਸੀ।

## ਰੈਨਬੈਕਸੀ ਦੇ ਚੌਥੇ ਪਲਾਂਟ 'ਤੇ ਵੀ ਪਾਬੰਦੀ

**ਵਾਸ਼ਿੰਗਟਨ:** ਦਵਾਈਆਂ ਬਣਾਉਣ ਵਾਲੀ ਭਾਰਤੀ ਕੰਪਨੀ ਰੈਨਬੈਕਸੀ ਨੂੰ ਉਦੋਂ ਝਟਕਾ ਲੱਗਿਆ ਜਦੋਂ ਅਮਰੀਕਾ ਦੇ ਸਿਹਤ ਨੇਮਬੰਦੀ ਅਦਾਰੇ ਨੇ ਇਸ ਦੇ ਪੰਜਾਬ ਵਿਚ ਟੌਂਸਾ ਸਥਿਤ ਪਲਾਂਟ ਵਿਚ ਬਣੀਆਂ ਦਵਾਈਆਂ 'ਤੇ ਵੀ ਰੋਕ ਲਾ ਦਿੱਤੀ। ਇਹ ਅਮਰੀਕੀ ਪਾਬੰਦੀ ਦੇ ਘੇਰੇ ਵਿਚ ਆਇਆ ਰੈਨਬੈਕਸੀ ਦਾ ਚੌਥਾ ਪਲਾਂਟ ਹੈ ਤੇ ਇਸ ਤਰ੍ਹਾਂ ਕੰਪਨੀ ਦੀ ਅਮਰੀਕਾ ਨੂੰ ਭਾਰਤ ਵਿਚੋਂ ਦਵਾਈਆਂ ਦੀ ਬਰਾਮਦ ਪੂਰੀ ਤਰ੍ਹਾਂ ਠੱਪ ਹੋ ਗਈ ਹੈ।

ਅਮਰੀਕੀ ਅਦਾਰੇ ਯੂ.ਐਸ. ਫੂਡ ਐਂਡ ਡਰੱਗ ਐਡਮਨਿਸਟਰੇਸ਼ਨ (ਯੂਐਸਐਫਡੀਏ) ਨੇ ਰੈਨਬੈਕਸੀ 'ਤੇ ਅਮਰੀਕੀ ਖ਼ਪਤਕਾਰਾਂ ਲਈ ਦਵਾਈਆਂ ਬਣਾਉਣ ਵਾਲੇ ਪਲਾਂਟ ਵਿਚ ਟੌਂਸਾ ਪਲਾਂਟ ਦੇ ਬਣੇ ਉਤਪਾਦ ਵਰਤਣ 'ਤੇ ਪਾਬੰਦੀ ਲਾ ਦਿੱਤੀ ਹੈ। ਇਨ੍ਹਾਂ ਵਿਚ ਕੰਪਨੀ ਦੀ ਨਿਊਜਰਸੀ ਸਥਿਤ ਲੈਬਾਰਟਰੀ ਵੀ ਸ਼ਾਮਲ ਹੈ। ਟੌਂਸਾ ਪਲਾਂਟ 'ਤੇ ਨਿਯਮਾਂ ਦੇ ਉਲੰਘਣ ਦਾ ਦੋਸ਼ ਲਾਇਆ ਗਿਆ




ਹੈ। ਇਸ 'ਤੇ ਪ੍ਰਤੀਕਿਰਿਆ ਕਰਦਿਆਂ ਦਿੱਲੀ ਵਿਖੇ ਕੰਪਨੀ ਦੇ ਸੀਈਓ ਤੇ ਐਮਡੀ ਅਰੁਣ ਸਵਾਨੀ ਨੇ ਕਿਹਾ ਕਿ ਇਹ ਕਾਰਵਾਈ ਕਿਵੇਂ ਵੀ ਮਨਜ਼ੂਰ ਨਹੀਂ ਕੀਤੀ ਜਾ ਸਕਦੀ। ਇਸ ਸਬੰਧੀ ਅੰਦਰੂਨੀ ਜਾਂਚ ਤੋਂ ਬਾਅਦ ਢੁਕਵੀਂ ਕਾਰਵਾਈ ਕੀਤੀ ਜਾਵੇਗੀ।

## ਭਾਰਤੀ-ਅਮਰੀਕੀ ਨੂੰ 10 ਸਾਲ ਦੀ ਕੈਦ

**ਨਿਊ ਯਾਰਕ:** ਸਿਹਤ ਸੰਭਾਲ ਧੋਖਾਧੜੀ ਤੇ ਕਾਲੇ ਧਨ ਨੂੰ ਚਿੱਟਾ ਕਰਨ ਦੀ ਸਕੀਮ ਦੇ ਦੋਸ਼ੀ ਇਕ ਭਾਰਤੀ-ਅਮਰੀਕੀ ਫਿਜ਼ੀਓਥੈਰਾਪਿਸਟ ਨੂੰ 10 ਸਾਲ ਦੀ ਕੈਦ ਤੇ ਇਕ ਕਰੋੜ ਅਮਰੀਕੀ ਡਾਲਰ ਦਾ ਜੁਰਮਾਨਾ ਕੀਤਾ ਗਿਆ ਹੈ। ਅਮਰੀਕਾ ਵਿਚ ਮਿਸ਼ੀਗਨ ਜ਼ਿਲ੍ਹਾ ਜੱਜ ਡਿਨਾਈਸ ਪੇਜ ਹੁੱਡ ਨੇ 39 ਸਾਲਾਂ ਦੇ ਚਿਰਾਦੀਪ ਗੁਪਤਾ ਨੂੰ ਇਹ ਸਜ਼ਾ ਸੁਣਾਈ ਹੈ।

ਹੋਮ ਹੈਲਥ ਕੇਅਰ ਕੰਪਨੀ ਦੇ ਹਿੱਸੇਦਾਰ ਤੇ ਫਿਜ਼ੀਓਥੈਰਾਪਿਸਟ ਗੁਪਤਾ ਨੂੰ ਅਕਤੂਬਰ, 2012 ਵਿਚ ਇਕ ਅਦਾਲਤ ਨੇ ਸੁਣਵਾਈ ਦੌਰਾਨ ਧੋਖਾਧੜੀ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਪਾਇਆ ਸੀ ਤੇ ਇਕ ਹੋਰ ਅਦਾਲਤ ਨੇ ਉਸ ਨੂੰ ਕਾਲੇ ਧਨ ਨੂੰ ਚਿੱਟਾ ਕਰਨ ਦਾ ਦੋਸ਼ੀ ਕਰਾਰ ਦਿੱਤਾ ਸੀ। ਉਸ ਨੇ ਕੁੱਲ ਇਕ ਕਰੋੜ 10 ਲੱਖ ਅਮਰੀਕੀ ਡਾਲਰ ਦੀ ਧੋਖਾਧੜੀ ਕੀਤੀ ਸੀ।

# ਪੰਜਾਬੀ ਸੁਖਨ ਸੰਗੀਤ ਦੇ ਅੱਠ ਸੌ ਸਾਲ



ਨਿੱਕ ਸੁੱਕ

**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਤੋਂ ਪਿੱਛੋਂ ਪੰਜਾਬ ਸਰਕਾਰ ਦਾ ਭਾਸ਼ਾ ਵਿਭਾਗ ਬੜੀਆਂ ਉਤਮ ਸੇਵਾਵਾਂ ਲਈ ਜਾਣਿਆ ਜਾਂਦਾ ਸੀ। ਹੁਣ ਅੱਧੀ ਸਦੀ ਤੋਂ ਇਹ ਸੇਵਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਨਿਭਾ ਰਹੀ ਹੈ। ਪੰਜਾਬੀ ਦੀ ਵਿਦਿਆ, ਪ੍ਰਸਾਰਨ ਤੇ ਰਾਸ਼ਟਰੀ ਅੰਤਰਰਾਸ਼ਟਰੀ ਪਹੁੰਚ ਨੂੰ ਨਿਖਾਰਨ ਵਾਲੀ ਇਸ ਯੂਨੀਵਰਸਿਟੀ ਦੀ ਵਿਕਾਸ ਕਾਨਫਰੰਸ ਮੰਨੀ ਜਾਂਦੀ ਹੈ। 2014 ਵਾਲੀ ਕਾਨਫਰੰਸ ਪੰਜਾਬੀ ਸਮਾਜ ਤੇ ਮੀਡੀਆ ਦੇ ਵਿਸ਼ੇ ਉਤੇ ਸੀ। ਇਸ ਕਾਨਫਰੰਸ ਵਿਚ ਭਖਦੇ ਮਸਲੇ ਵਿਚਾਰੇ ਗਏ।

ਮੈਂ ਕੇਵਲ ਉਸ ਵਿਸ਼ੇ ਦੀ ਗੱਲ ਕਰਾਂਗਾ ਜਿਹੜਾ ਕਿਸੇ ਕਾਰਨ ਹੁਣ ਤੱਕ ਹੋਈਆਂ ਪਹਿਲੀਆਂ ਕਾਨਫਰੰਸਾਂ ਵਿਚ ਨਹੀਂ ਉਭਰਿਆ। ਉਹ ਸੀ, ਸਭਿਆਚਾਰਕ ਸ਼ਾਮ ਵਾਲੀ ਸੁਖਨ ਸੰਗੀਤ ਦੀ ਪੇਸ਼ਕਾਰੀ। ਅੱਠ ਸੌ ਸਾਲ ਦੇ ਸੁਖਨ ਸੰਗੀਤ ਨੂੰ ਪੂਰਨ ਦਿੱਖ ਪ੍ਰਦਾਨ ਕਰਨ ਦਾ ਸਿਹਰਾ ਯੂਨੀਵਰਸਿਟੀ ਵਿਚਲੇ ਗੁਰਮਤਿ ਸੰਗੀਤ ਵਿਭਾਗ ਦੇ ਸਿਰ ਬਝਦਾ ਹੈ। ਸ਼ੇਖ ਫਰੀਦ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਮੁਹੰਮਦ, ਭਾਈ ਵੀਰ ਸਿੰਘ, ਹਰਿਭਜਨ ਸਿੰਘ, ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਤੇ ਸੁਰਜੀਤ ਪਾਤਰ ਦੀ ਸ਼ਾਇਰੀ ਹੀ ਨਹੀਂ, ਇਸ ਪ੍ਰੋਗਰਾਮ ਵਿਚ ਚੰਡੀ ਦੀ ਵਾਰ, ਸੈਫਲ ਮੂਲਕ ਦਾ ਕਿੱਸਾ ਤੇ ਮਾਹੀਆ ਜੋੜ ਕੇ ਇਸ ਨੂੰ ਅਜਿਹੀ ਸ਼ਕਤੀ ਪ੍ਰਦਾਨ ਕੀਤੀ ਗਈ ਜਿਸ ਦੀ ਵਿਉਂਤਬੰਦੀ ਤੇ ਪੇਸ਼ਕਾਰੀ ਕੋਈ ਪਾਰਖੂ ਅੱਖ ਹੀ ਕਰ ਸਕਦੀ ਸੀ, ਵਿਭਾਗ ਦੇ ਮੁਖੀ ਗੁਰਨਾਮ ਸਿੰਘ ਵਰਗੀ।

ਇਸ ਪ੍ਰੋਗਰਾਮ ਵਿਚ ਬਾਬਾ ਫਰੀਦ ਦੇ 'ਗਲੀਏ ਚਿਕੜ ਦੂਰ ਘਰ' ਤੋਂ ਲੈ ਕੇ ਬੁੱਲ੍ਹੇ ਸ਼ਾਹ ਦੇ 'ਆਓ ਸਹੀਓ ਰਲ ਦਿਓ ਨੀ ਵਧਾਈ' ਤੇ 'ਵਾਰਿਸ ਸ਼ਾਹ ਦੇ ਘਰ ਆਣ ਨਨਾਣ ਨੇ ਗੱਲ ਕੀਤੀ' ਹੀ ਨਹੀਂ ਸੈਫਲ ਮਲੂਕ ਦੇ ਹੇਠ ਲਿਖੇ ਬੋਲ ਵੀ ਭਰੇ ਹੋਏ ਸਨ,

ਲੋਏ ਲੋਏ ਭਰ ਲੈ ਕੁੜੀਏ
ਜੇ ਤੁੱਧ ਭਾਂਡਾ ਭਰਨਾ।
ਸ਼ਾਮ ਪਈ ਬਿਨ ਸ਼ਾਹ ਮੁਹੰਮਦ
ਤੂੰ ਘਰ ਜਾਂਦੀ ਨੇ ਡਰਨਾ।

ਜਿੱਥੋਂ ਤੱਕ ਸਮਕਾਲੀ ਸੁਖਨ ਦਾ ਸਬੰਧ ਹੈ, ਇਹ ਭਾਈ ਵੀਰ ਸਿੰਘ ਦੀ 'ਕੰਬਦੀ ਰਹੀ ਕਲਾਈ' ਤੋਂ ਲੈ ਕੇ ਮੋਹਨ ਸਿੰਘ ਦੇ 'ਆਏ ਨੈਣਾਂ ਦੇ ਵਣਜਾਰੇ' ਹੀ ਨਹੀਂ ਅੰਮ੍ਰਿਤਾ ਪ੍ਰੀਤਮ ਦੇ 'ਇਸ਼ਕ ਦੀ ਦਹਿਲੀਜ਼ ਤੇ ਸੱਜਦਾ' ਕਰਨ ਵਾਲੇ ਬੋਲਾਂ ਸਮੇਤ ਹਰਿਭਜਨ ਸਿੰਘ ਦਾ ਆਪਣੇ ਪ੍ਰੀਤਮ ਦੇ ਬੂਹੇ ਉਤੇ ਜਾ ਕੇ ਪ੍ਰੇਮਿਕਾ ਵੱਲੋਂ ਭਰੀ ਸੁਗੰਧੀਆਂ ਪਾਉਣ ਦਾ ਤਰਲਾ ਵੀ ਸ਼ਾਮਲ ਸੀ। ਸ਼ਿਵ ਕੁਮਾਰ ਦੇ ਨੈਣਾਂ ਵਿਚ ਬਿਰਹੋਂ ਦੀ ਰੜਕ ਦਾ ਹੌਕਾ ਵੀ ਸੀ ਤੇ ਸੁਰਜੀਤ ਪਾਤਰ ਦਾ 'ਬਲਦਾ ਬਿਰਖ ਹਾਂ, ਖਤਮ ਹਾਂ, ਬਸ ਸ਼ਾਮ ਤੀਕ ਹਾਂ' ਵੀ। ਇਨ੍ਹਾਂ ਹਰਮਨ ਪਿਆਰੇ ਬੋਲਾਂ ਤੋਂ ਬਿਨਾਂ ਇਸ ਪ੍ਰੋਗਰਾਮ ਵਿਚ ਜੰਗਨਾਮਾ ਸ਼ਾਹ ਮੁਹੰਮਦ ਦੇ ਉਹ ਬੋਲ ਵੀ ਸਨ ਜਿੱਥੇ ਮੇਵਾ ਸਿੰਘ ਤੇ ਮਾਖੇ ਖਾਂ ਇਕੱਠੇ ਹੋ ਕੇ ਫਰੰਗੀਆਂ ਦੇ ਲਹੂ ਨੂੰ ਨਿਚੋੜਦੇ ਦਿਖਾਈ ਦਿੰਦੇ ਹਨ ਤੇ ਗੁਰੂ ਗੋਬਿੰਦ ਸਿੰਘ ਦੀ ਚੰਡੀ ਦੀ ਵਾਰ ਦੇ ਹੇਠ ਲਿਖੇ ਬੋਲ ਵੀ ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਦੀ ਸ਼ੁਧਤਾ ਸਿਖਰਾਂ ਦੀ ਹੈ,

ਸੱਟ ਮਾਰੀ ਜਮਧਾਣੀ ਦਲਾਂ ਮੁਕਾਬਲਾ
ਧੂਹ ਲਈ ਕਿਰਪਾਣੀ ਦੁਰਗਾ ਮਿਆਨ 'ਚੋਂ।

ਗੁਰਮਤਿ ਸੰਗੀਤ ਵਿਭਾਗ ਦੀ ਵਡਿਆਈ ਢੁਕਵੇਂ ਬੋਲਾਂ ਤੇ ਸੁਖਨ ਦੀ ਚੋਣ ਤੱਕ ਹੀ ਸੀਮਤ ਨਹੀਂ, ਉਨ੍ਹਾਂ ਨੇ ਤਬਲਾ, ਢੋਲਕ, ਗਿਟਾਰ ਦਾ ਤਾਲ ਪ੍ਰਦਾਨ ਕਰਨ ਲਈ ਕਰਮਵਾਰ ਰਾਜਵਿੰਦਰ ਸਿੰਘ, ਅਜੀਤ ਸਿੰਘ ਅਤੇ ਮੁਹੰਮਦ ਵਾਜਿਦ ਤੇ ਰਿਸ਼ੀ ਰੰਜਨ ਵਰਗੇ ਮਾਹਿਰ ਵੀ ਬੁਲਾ ਰਖੇ ਸਨ।

ਮੇਰੇ ਲਈ ਨਿੱਜੀ ਖੁਸ਼ੀ ਦਾ ਕਾਰਨ ਪ੍ਰੋਗਰਾਮ ਦੇ ਅੰਤ ਉਤੇ ਸਮੂਹ ਗਾਇਨ ਵਜੋਂ ਪੇਸ਼ ਕੀਤਾ ਮਾਹੀਆ ਸੀ ਜੋ ਮੇਰੇ ਮਿੱਤਰ ਕੁਲਵੰਤ ਗਰੇਵਾਲ ਦੇ ਤ੍ਰੇਲ ਧੋਤੇ ਸ਼ਬਦਾਂ 'ਤੇ ਆਧਾਰਤ ਸੀ,

ਦਿਲ ਟੁੱਟਣ ਹਵਾਵਾਂ ਦੇ
ਬੂੰਦ ਬੂੰਦ ਤਰਸ ਗਏ
ਅਸੀਂ ਪੁੱਤ ਦਰਿਆਵਾਂ ਦੇ।

ਇਹ ਦੱਸਣਾ ਵੀ ਯੋਗ ਹੋਵੇਗਾ ਕਿ 'ਪੰਜਾਬੀ ਸਮਾਜ ਤੇ ਮੀਡੀਆ' ਦੇ ਵਿਸ਼ੇ ਉਤੇ ਰਚਾਈ ਗਈ ਇਸ ਕਾਨਫਰੰਸ ਵਿਚ ਸਰੋਤਿਆਂ ਦੀ ਹਾਜ਼ਰੀ ਹੁਣ ਤੱਕ ਹੋਈਆਂ 29 ਕਾਨਫਰੰਸਾਂ ਤੋਂ ਵੱਧ ਸੀ। ਦੱਸਣ ਵਾਲੀ ਗੱਲ ਤਾਂ ਇਹ ਵੀ ਹੈ ਕਿ ਉਪਰੋਕਤ ਪ੍ਰੋਗਰਾਮ ਵਿਦੇਸ਼ਾਂ ਤੋਂ ਆਏ ਉਨ੍ਹਾਂ ਮੈਂਬਰਾਂ ਨੇ ਵੀ ਤੱਕਿਆ ਜਿਹੜੇ ਕਦੀ ਕਦਾਈਂ ਹੀ ਮਿਲਿਆ ਕਰਦੇ ਹਨ। ਕੈਨੇਡਾ ਤੋਂ ਆਏ ਬਲਬੀਰ ਸੰਘੇੜਾ, ਅਜਾਇਬ ਸਿੰਘ ਸੰਘਾ ਤੇ ਮਨਜੀਤ ਕੌਰ ਸੇਖੋਂ ਹੀ ਨਹੀਂ ਇਸ ਕਾਨਫਰੰਸ ਵਿਚ ਸਿਡਨੀ (ਆਸਟ੍ਰੇਲੀਆ) ਤੋਂ ਰਾਜ ਪਾਲ ਸਿੰਘ ਸੰਧੂ, ਬਰਤਾਨੀਆਂ ਤੋਂ ਮੁਸ਼ਤਾਕ ਤੇ ਪਾਕਿਸਤਾਨ ਤੋਂ ਪੰਜਾਬੀ ਵਿਚ ਕਵਿਤਾ, ਕਹਾਣੀ ਲਿਖਣ ਵਾਲੀ ਫਰਹੀਨ ਚੌਧਰੀ ਵੀ ਸ਼ਾਮਲ ਸਨ।

ਸਬੱਬ ਦੀ ਗੱਲ ਤਾਂ ਇਹ ਵੀ ਹੈ ਕਿ ਜਿਸ ਵਿਭਾਗ ਨੇ ਇਸ ਵਾਰ ਦੀ ਕਾਨਫਰੰਸ ਰਚਾਈ ਉਸ ਦੀ ਮੁਖੀ ਜਸਬੀਰ ਕੌਰ ਖੁਦ ਗਾਇਨ ਅਤੇ ਸੰਗੀਤ ਦੀ ਮਾਹਿਰ ਹੈ। ਪਰ ਮੇਰੀ ਇਸ ਟਿੱਪਣੀ ਦੇ ਇਹ ਅਰਥ ਨਾ ਕੱਢ ਲੈਣਾ ਕਿ ਸੁਖਨ ਸੰਗੀਤ ਦਾ ਪ੍ਰੋਗਰਾਮ ਉਸ ਦੀ ਦੇਣ ਹੈ। ਉਸ ਦਾ ਮੁਖੀ ਹੋਣਾ ਪ੍ਰੋਗਰਾਮ ਲਈ ਉਤਸ਼ਾਹ ਦਾ ਸੋਮਾ ਜ਼ਰੂਰ ਸੀ।

**ਅੰਤਿਕਾ:**
(ਫਰਹੀਨ ਚੌਧਰੀ ਇਸਲਾਮਾਬਾਦ)
ਮੈਂ ਮਾਂਗਤੀ ਹੀ ਰਹਿ ਗਈ ਸਾਏ ਕੀ ਜ਼ਿੰਦਗੀ
ਸੂਰਜ ਮੇਰੇ ਵਜੂਦ ਮੇਂ ਜਲਤਾ ਚਲਾ ਗਿਆ।

# ਅਮਰੀਕੀ ਰਾਜ ਪ੍ਰਬੰਧ ਦੀਆਂ ਚੰਗੀਆਂ ਗੱਲਾਂ ਭਾਰਤ ਅਪਨਾਵੇ



**ਡਾ. ਚਰਨਜੀਤ ਸਿੰਘ ਗੁਮਟਾਲਾ**
**ਫੋਨ: 937-573-9812**

ਅੱਜ ਤੋਂ ਸੌ ਸਾਲ ਪਹਿਲਾਂ 1913 ਵਿਚ ਬਾਬਾ ਸੋਹਣ ਸਿੰਘ ਭਕਨਾ ਦੀ ਅਗਵਾਈ ਵਿਚ ਜਦ ਗਦਰ ਪਾਰਟੀ ਦੀ ਸਥਾਪਨਾ ਹੋਈ ਤਾਂ ਉਨ੍ਹਾਂ ਦੇਸ਼ ਭਗਤਾਂ ਦਾ ਮਕਸਦ ਭਾਰਤ ਵਿਚ ਅੰਗਰੇਜ਼ਾਂ ਨੂੰ ਕੱਢ ਕੇ ਅਮਰੀਕਾ ਵਾਂਗ ਸਹੀ ਅਰਥਾਂ ਵਿਚ ਪੰਚਾਇਤੀ ਰਾਜ ਕਾਇਮ ਕਰਨਾ ਸੀ, ਜਿੱਥੇ ਤਾਕਤ ਲੋਕਾਂ ਦੇ ਹੱਥ ਵਿਚ ਹੋਵੇ। ਜੇ ਉਨ੍ਹਾਂ ਦਾ ਸੰਘਰਸ਼ ਕਾਮਯਾਬ ਹੋ ਜਾਂਦਾ ਤਾਂ ਨਾ ਦੇਸ਼ ਦੇ ਟੋਟੇ ਹੋਣੇ ਸਨ ਤੇ ਨਾ ਹੀ ਅਜ ਵਰਗਾ ਲੋਟੂ ਰਾਜ ਹੋਣਾ ਸੀ ਤੇ ਨਾ ਹੀ ਡੰਡਾ ਪੁਲਿਸ ਹੋਣੀ ਸੀ। ਰੂਸ ਵਿਚ ਚਾਰ ਸਾਲ ਬਾਅਦ 1917 ਵਿਚ ਇਨਕਲਾਬ ਆਇਆ। ਇਸ ਲਈ ਉਸ ਸਮੇਂ ਸਮਾਜਵਾਦੀ ਰਾਜ ਪ੍ਰਣਾਲੀ ਅਜੇ ਸਾਹਮਣੇ ਆਈ ਨਹੀਂ ਸੀ। ਕੈਨੇਡਾ ਅਤੇ ਅਮਰੀਕਾ ਰਹਿੰਦੇ ਭਾਰਤੀਆਂ ਨੇ ਗ਼ਦਰ ਪਾਰਟੀ ਦੇ ਜੋ ਉਦੇਸ਼ ਰੱਖੇ, ਉਹ ਅਜੇ ਵੀ ਆਪਣੇ ਆਪ ਵਿਚ ਇਕ ਮਿਸਾਲ ਹਨ। ਭਾਵੇਂ ਅਮਰੀਕਾ ਨੂੰ ਸਰਮਾਏਦਾਰੀ ਨਿਜ਼ਾਮ ਕਹਿ ਕੇ ਭੰਡਿਆ ਜਾਂਦਾ ਹੈ, ਪਰ ਇਥੋਂ ਦੀਆਂ ਬਹੁਤ ਸਾਰੀਆਂ ਚੰਗੀਆਂ ਗੱਲਾਂ ਹਨ, ਜਿਨ੍ਹਾਂ ਤੋਂ ਅਸੀਂ ਸੇਧ ਲੈ ਸਕਦੇ ਹਾਂ।

ਸਭ ਤੋਂ ਵਖਰੀ ਗੱਲ ਇਹ ਹੈ ਕਿ ਅਮਰੀਕਾ ਵਿਚ ਸਾਰੀਆਂ ਚੋਣਾਂ ਨਵੰਬਰ ਮਹੀਨੇ ਵਿਚ ਹੁੰਦੀਆਂ ਹਨ। ਸਾਡੇ ਵਾਂਗ ਨਹੀਂ ਕਿ ਸਾਡੇ ਨੇਤਾ ਸਾਰਾ ਸਾਲ ਕਿਸੇ ਨਾ ਕਿਸੇ ਚੋਣ ਵਿਚ ਰੁਝੇ ਰਹਿਣ। ਅਖ਼ਬਾਰਾਂ ਵਿਚ ਸਰਕਾਰੀ ਇਸ਼ਤਿਹਾਰ ਬਹੁਤ ਹੀ ਘੱਟ ਆਉਂਦੇ ਹਨ। ਜਿਹੜੇ ਆਉਂਦੇ ਵੀ ਹਨ ਉਨ੍ਹਾਂ 'ਤੇ ਕਿਸੇ ਲੀਡਰ ਦੀ ਫੋਟੋ ਨਹੀਂ ਹੁੰਦੀ। ਇਥੇ ਸੜਕਾਂ, ਪੁਲ ਵਗੈਰਾ ਬਣਦੇ ਹਨ, ਉਨ੍ਹਾਂ ਦਾ ਨਾ ਤਾਂ ਕੋਈ ਨੀਂਹ ਪੱਥਰ ਰੱਖਦਾ ਹੈ ਤੇ ਨਾ ਹੀ ਕੋਈ ਉਦਘਾਟਨ ਕਰਦਾ ਹੈ। ਸਮੁੰਦਰ ਵਿਚ ਕਈ ਪੁਲਾਂ 'ਤੇ ਅਰਬਾਂ ਰੁਪਏ ਲਗਦੇ ਹਨ। ਇਸ ਤਰ੍ਹਾਂ ਇਹ ਲੋਕ ਸਮਾਂ ਬਰਬਾਦ ਨਹੀਂ ਕਰਦੇ ਤੇ ਨਾ ਹੀ ਲੋਕਾਂ ਦਾ ਇਸ਼ਤਿਹਾਰਬਾਜ਼ੀ ਅਤੇ ਨੀਂਹ ਪੱਥਰਾਂ 'ਤੇ ਪੈਸਾ ਰੋੜਦੇ ਹਨ। ਗੁਆਂਢੀ ਮੁਲਕ ਕੈਨੇਡਾ ਵਿਚ ਵੀ ਇਹੋ ਨੀਤੀ ਹੈ।

ਇਥੇ ਰਾਸ਼ਟਰਪਤੀ ਦੀ ਚੋਣ ਸਿੱਧੀ ਹੁੰਦੀ ਹੈ ਤੇ ਹੁੰਦੀ ਵੀ ਚਾਰ ਸਾਲ ਲਈ ਹੈ। ਸਾਰੀਆਂ ਉਹ ਸ਼ਕਤੀਆਂ ਜੋ ਸਾਡੇ ਪ੍ਰਧਾਨ ਮੰਤਰੀ ਪਾਸ ਹਨ, ਰਾਸ਼ਟਰਪਤੀ ਪਾਸ ਹਨ। ਪ੍ਰਧਾਨ ਮੰਤਰੀ ਦੀ ਕੋਈ ਆਸਾਮੀ ਨਹੀਂ। ਸਿੱਧੀ ਚੋਣ ਹੋਣ ਕਰਕੇ ਰਾਸ਼ਟਰਪਤੀ ਨੂੰ ਸਾਰੇ ਸੂਬਿਆਂ ਦਾ ਧਿਆਨ ਰੱਖਣਾ ਪੈਂਦਾ ਹੈ। ਸਾਡੇ ਪ੍ਰਧਾਨ ਮੰਤਰੀ ਤੋਂ ਇਲਾਵਾ ਰਾਸ਼ਟਰਪਤੀ ਹੈ ਪਰ ਇਥੇ ਅਜਿਹੀ ਵਿਵਸਥਾ ਨਹੀਂ। ਰਾਸ਼ਟਰਪਤੀ ਨੂੰ ਵੀਟੋ ਦਾ ਅਧਿਕਾਰ ਹੈ ਭਾਵ ਜੇ ਸੈਨੇਟ ਕੋਈ ਬਿਲ ਪਾਸ ਕਰ ਦੇਵੇ ਤਾਂ ਰਾਸ਼ਟਰਪਤੀ ਉਸ ਨੂੰ ਰੋਕ ਸਕਦਾ ਹੈ ਪਰ ਜੇ ਉਹ ਬਿਲ ਮੁੜ ਪਾਸ ਹੋ ਜਾਵੇ ਤਾਂ ਉਸ ਨੂੰ ਮੁੜ ਵੀਟੋ ਨਹੀਂ ਕਰ ਸਕਦਾ। ਸੰਵਿਧਾਨ ਵਿਚ ਸੋਧ ਕਰਨ ਲਈ ਲੋਕਾਂ ਕੋਲੋਂ ਵੋਟਾਂ ਪੁਆ ਕੇ ਪੁਸ਼ਟੀ ਕਰਵਾਈ ਜਾਂਦੀ ਹੈ। ਜੇ ਲੋਕਾਂ ਦੀ ਬਹੁ-ਸੰਮਤੀ ਪ੍ਰਵਾਨਗੀ ਨਹੀਂ ਦੇਂਦੀ ਤਾਂ ਉਹ ਸੋਧ ਲਾਗੂ ਨਹੀਂ ਹੋ ਸਕਦੀ। ਸਾਡੇ ਪਾਰਲੀਮੈਂਟ ਜੋ ਮਰਜੀ ਕਰੀ ਜਾਂਦੀ ਹੈ, ਲੋਕਾਂ ਕੋਲੋਂ ਵੋਟਾਂ ਪੁਆ ਕੇ ਕੋਈ ਪ੍ਰਵਾਨਗੀ ਨਹੀਂ ਲਈ ਜਾਂਦੀ।

ਭਾਰਤ ਵਿਚ ਦੋ ਸਦਨ ਹਨ-ਲੋਕ ਸਭਾ ਤੇ ਰਾਜ ਸਭਾ। ਲੋਕ ਸਭਾ ਦੇ ਮੈਂਬਰ ਸਿੱਧੇ ਵੋਟਾਂ ਰਾਹੀਂ ਚੁਣੇ ਜਾਂਦੇ ਹਨ ਪਰ ਰਾਜ ਸਭਾ ਦੇ ਨਹੀਂ। ਰਾਜ ਸਭਾ ਵਿਚ ਚੋਰ ਮੋਰੀ ਰਾਹੀਂ ਕਈ ਐਸੇ ਵਿਅਕਤੀ ਪਹੁੰਚ ਜਾਂਦੇ ਹਨ, ਜੋ ਲੋਕ ਸਭਾ ਜਾਂ ਵਿਧਾਨ ਸਭਾ ਦੀ ਚੋਣ ਹਾਰੇ ਹੁੰਦੇ ਹਨ। ਕਈ ਮੈਂਬਰ ਨਾਮਜਦ ਹੁੰਦੇ ਹਨ। ਅਮਰੀਕਾ ਵਿਚ ਕਿਸੇ ਵੀ ਮੈਂਬਰ ਨੂੰ ਨਾਮਜ਼ਦ ਕਰਨ ਦੀ ਕੋਈ ਵਿਵਸਥਾ ਨਹੀਂ। ਅਮਰੀਕਾ ਵਿਚ ਵੀ ਦੋ ਹਾਊਸ ਹਨ। ਇਕ ਸੈਨੇਟ ਤੇ ਦੂਜਾ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵ ਹੈ, ਜਿਸ ਨੂੰ ਆਮ ਤੌਰ 'ਤੇ ਕਾਂਗਰਸ ਕਹਿ ਦਿੰਦੇ ਹਨ। ਅਮਰੀਕਾ ਦੇ 50 ਸੂਬੇ ਹਨ। ਸੈਨੇਟ ਵਿਚ ਹਰ ਸੂਬੇ ਦੀਆਂ 2 ਸੀਟਾਂ ਹਨ। ਇਸ ਤਰ੍ਹਾਂ ਸੈਨੇਟ ਦੀਆਂ ਕੁਲ 100 ਸੀਟਾਂ ਹਨ। ਇਨ੍ਹਾਂ ਨੂੰ ਸੈਨੇਟਰ ਕਹਿੰਦੇ ਹਨ। ਸੈਨੇਟਰ ਲੋਕਾਂ ਦੁਆਰਾ ਚੁਣੇ ਜਾਂਦੇ ਹਨ। ਕਾਂਗਰਸ ਦੇ ਮੈਂਬਰਾਂ ਦੀ ਗਿਣਤੀ ਆਬਾਦੀ ਅਨੁਸਾਰ ਹੁੰਦੀ ਹੈ। ਇਸ ਸਮੇਂ ਇਸ ਦੀ ਗਿਣਤੀ 435 ਹੈ। ਇਸ ਦੇ ਮੈਂਬਰਾਂ ਨੂੰ ਕਾਂਗਰਸਮੈਨ ਕਿਹਾ ਜਾਂਦਾ ਹੈ। ਕੋਈ ਵੀ ਬਿੱਲ ਦੋਵਾਂ ਸਦਨਾਂ 'ਚ ਪਾਸ ਹੋਣਾ ਜਰੂਰੀ ਹੈ। ਭਾਰਤ ਵਾਂਗ ਕਈ ਵੇਰ ਇਕ ਹਾਊਸ ਵਿਚ ਇਕ ਪਾਰਟੀ ਦੀ ਬਹੁ-ਸੰਮਤੀ ਹੁੰਦੀ ਤੇ ਦੂਜੇ ਵਿਚ ਦੂਜੀ ਪਾਰਟੀ ਦੀ। ਇਸ ਸਮੇਂ ਵੀ ਇਹੋ ਸਥਿਤੀ ਹੈ। ਕੀ ਸਾਨੂੰ ਵੀ ਰਾਜ ਸਭਾ ਮੈਂਬਰਾਂ ਦੀ ਚੋਣ ਸਿੱਧੀ ਵੋਟਰਾਂ ਕੋਲੋਂ ਨਹੀਂ ਕਰਾਉਣੀ ਚਾਹੀਦੀ? ਇਹ ਵਿਚਾਰਨ ਵਾਲੀ ਗੱਲ ਹੈ।

ਮਜ਼ੇਦਾਰ ਗੱਲ ਇਹ ਹੈ ਕਿ ਸਾਡੇ ਕੇਂਦਰ ਵਿਚ ਕੋਈ ਵੀ ਪਾਰਲੀਮੈਂਟ ਮੈਂਬਰ ਪ੍ਰਧਾਨ ਮੰਤਰੀ ਜਾਂ ਮੰਤਰੀ ਬਣ ਸਕਦਾ ਹੈ। ਇਸੇ ਤਰ੍ਹਾਂ ਰਾਜਾਂ ਵਿਚ ਵਿਧਾਨ ਸਭਾ ਜਾਂ ਵਿਧਾਨ ਪ੍ਰੀਸ਼ਦ ਦਾ ਕੋਈ ਵੀ ਮੈਂਬਰ ਮੁੱਖ ਮੰਤਰੀ ਜਾਂ ਮੰਤਰੀ ਬਣ ਸਕਦਾ ਹੈ ਪਰ ਅਮਰੀਕਾ ਵਿਚ ਸੈਨੇਟਰ ਤੇ ਕਾਂਗਰਸਮੈਨ ਮੰਤਰੀ ਨਹੀਂ ਬਣ ਸਕਦੇ। ਰਾਸ਼ਟਰਪਤੀ ਆਪਣੀ ਮਰਜ਼ੀ ਨਾਲ ਜਿਸ ਸ਼ਹਿਰੀ ਨੂੰ ਚਾਹੇ ਮੰਤਰੀ ਨਾਮਜ਼ਦ ਕਰ ਸਕਦਾ ਹੈ, ਜਿਸ ਨੂੰ ਸੈਕਟਰੀ ਆਫ਼ ਸਟੇਟ ਕਿਹਾ ਜਾਂਦਾ ਹੈ। ਆਮ ਤੌਰ 'ਤੇ ਮੰਤਰੀ ਸਬੰਧਤ ਵਿਭਾਗ ਨਾਲ ਜੁੜੇ ਹੋਏ ਵਿਅਕਤੀ ਨੂੰ ਚੁਣਿਆ ਜਾਂਦਾ ਹੈ। ਮਿਸਾਲ ਦੇ ਤੌਰ 'ਤੇ ਸਿਹਤ ਵਿਭਾਗ ਉਸ ਨੂੰ ਦਿੱਤਾ ਜਾਵੇਗਾ ਜਿਹੜਾ ਉਸ ਮਹਿਕਮੇ ਬਾਰੇ ਜਾਣਕਾਰੀ ਰੱਖਦਾ ਹੋਵੇ। ਇਸੇ ਤਰ੍ਹਾਂ ਸਿੱਖਿਆ ਮੰਤਰੀ ਉਸ ਨੂੰ ਬਣਾਇਆ ਜਾਵੇਗਾ, ਜਿਹੜਾ ਅਮਰੀਕੀ ਸਿੱਖਿਆ ਪ੍ਰਣਾਲੀ ਨੂੰ ਸਮਝਦਾ ਹੋਵੇ ਤੇ ਉਸ ਬਾਰੇ ਜਾਣਕਾਰੀ ਰੱਖਦਾ ਹੋਵੇ। ਸਾਡੇ ਕਈ ਸਿੱਖਿਆ ਮੰਤਰੀ ਅੱਠਵੀਂ-ਦੱਸਵੀਂ ਪੜ੍ਹੇ ਹਨ। ਸਾਡੇ ਸਿਆਸਤਦਾਨ ਭ੍ਰਿਸ਼ਟਾਚਾਰ ਦੇ ਕੇਸ ਵਿਚ ਇਸੇ ਲਈ ਫਸੇ ਹੋਏ ਹਨ ਕਿ ਉਨ੍ਹਾਂ ਪਾਸ ਮਹਿਕਮੇ ਹਨ, ਜਿੱਥੋਂ ਉਨ੍ਹਾਂ ਨੂੰ ਦੋ ਨੰਬਰ ਦੀ ਕਮਾਈ ਕਰਨ ਦਾ ਮੌਕਾ ਮਿਲ ਜਾਂਦਾ ਹੈ। ਪਰ ਅਮਰੀਕਾ ਵਿਚ ਉਨ੍ਹਾਂ ਪਾਸ ਕੋਈ ਅਜਿਹਾ ਵਿਭਾਗ ਨਹੀਂ ਹੈ, ਜਿੱਥੋਂ ਉਹ ਕਮਾਈ ਕਰ ਸਕਣ। ਹਾਂ, ਕਈ ਗਵਰਨਰ ਤੇ ਮੇਅਰ ਹੇਰਾ-ਫੇਰੀ ਦੇ ਦੋਸ਼ ਵਿਚ ਪਕੜੇ ਜਾਂਦੇ ਹਨ ਤੇ ਉਨ੍ਹਾਂ ਨੂੰ ਸਜਾ ਮਿਲਦੀ ਹੈ। ਜਿਵੇਂ ਕਿ ਕੁਝ ਸਮਾਂ ਪਹਿਲਾਂ ਇਲੀਨਾਏ ਸਟੇਟ ਦੇ ਗਵਰਨਰ ਰਾਡ ਬਲਾਇਗੋਵਿਚ ਨੂੰ ਮਿਲ ਚੁਕੀ ਹੈ। ਸੈਨੇਟਰ ਤੇ ਕਾਂਗਰਸਮੈਨ ਆਮ ਲੋਕਾਂ ਵਿਚ ਵਿਚਰ ਕੇ ਦੇਸ਼ ਦੀਆਂ ਨੀਤੀਆਂ ਘੜਨ ਵਿਚ ਸਮਾਂ ਬਤੀਤ ਕਰਦੇ ਹਨ। ਇਹੋ ਸਥਿਤੀ ਸੂਬਿਆਂ ਦੀ ਹੈ। ਰਾਜ ਪੱਧਰ ਤੇ ਇਥੇ ਸੂਬੇ ਦਾ ਮੁੱਖੀ ਗਵਰਨਰ ਹੁੰਦਾ ਹੈ, ਜੋ ਚਾਰ ਸਾਲ ਲਈ ਹੁੰਦਾ ਹੈ ਤੇ ਉਸ ਦੀ ਚੋਣ ਸਿੱਧੀ ਹੁੰਦੀ ਹੈ। ਕੋਈ ਵੀ ਵਿਅਕਤੀ ਤੀਜੀ ਵਾਰ ਗਵਰਨਰ ਨਹੀਂ ਬਣ ਸਕਦਾ। ਸਿੱਧੀ ਚੋਣ ਹੋਣ ਕਰਕੇ ਗਵਰਨਰ ਨੂੰ ਹਰ ਵੋਟਰ ਪਾਸ ਜਾਣਾ ਪੈਂਦਾ ਹੈ ਤੇ ਉਸ ਨੂੰ ਸਾਰੇ ਸੂਬੇ ਦਾ ਧਿਆਨ ਰੱਖਣਾ ਪੈਂਦਾ ਹੈ। ਜੇ ਲੋਕ ਚਾਹੁਣ ਤਾਂ ਗਵਰਨਰ ਨੂੰ ਵਾਪਸ ਵੀ ਬੁਲਾ ਸਕਦੇ ਹਨ ਪਰ ਇਸ ਲਈ ਵੋਟਰਾਂ ਦੀ ਖਾਸ ਗਿਣਤੀ ਚਾਹੀਦੀ ਹੈ। ਇਥੇ ਵੀ ਦੋ ਹਾਊਸ ਹੁੰਦੇ ਹਨ। ਰਾਸ਼ਟਰਪਤੀ ਵਾਂਗ ਗਵਰਨਰ ਆਪਣੀ ਮਰਜ਼ੀ ਦੇ ਮੰਤਰੀ ਰੱਖਦਾ ਹੈ। ਕੀ ਭਾਰਤ ਵਿਚ ਵੀ ਅਮਰੀਕਾ ਵਾਂਗ ਤੀਸਰੀ ਵਾਰ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਬਣਨ 'ਤੇ ਪਾਬੰਦੀ ਨਹੀਂ ਲੱਗਣੀ ਚਾਹੀਦੀ ਤੇ ਇਨ੍ਹਾਂ ਦੀ ਚੋਣ ਸਿੱਧੀ ਨਹੀਂ ਹੋਣੀ ਚਾਹੀਦੀ?



ਵ੍ਹਾਈਟ ਹਾਊਸ

ਬਹੁਤ ਸਾਰੇ ਵਿਅਕਤੀ ਇਸ ਮਤ ਨਾਲ ਸਹਿਮਤ ਹਨ ਕਿ ਤੀਜੀ ਵਾਰੀ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਨਹੀਂ ਬਣਨਾ ਚਾਹੀਦਾ ਪਰ ਇਸ ਲਈ ਸਹਿਮਤ ਨਹੀਂ ਕਿ ਪ੍ਰਧਾਨ ਮੰਤਰੀ ਦੀ ਚੋਣ ਸਿੱਧੀ ਹੋਵੇ। ਇਸ ਲਈ ਇਹ ਬਹਿਸ ਦਾ ਵਿਸ਼ਾ ਹੈ। ਹਾਂ, ਸਰਪੰਚਾਂ, ਮੇਅਰਾਂ ਤੇ ਇੱਥੋਂ ਤੀਕ ਮੁੱਖ ਮੰਤਰੀ ਦੀ ਚੋਣ ਸਿੱਧੀ ਹੋਣੀ ਚਾਹੀਦੀ ਹੈ ਤਾਂ ਜੋ ਉਹ ਸਾਰੇ ਇਲਾਕਿਆਂ ਵਲ ਧਿਆਨ ਦੇਣ। ਇਸ ਵੇਲੇ ਪੰਜਾਬ ਸਰਕਾਰ ਦੀ ਪਹਿਲ ਮੁਹਾਲੀ, ਬਠਿੰਡਾ ਤੇ ਮਾਲਵਾ ਹੈ। ਮਾਝੇ, ਦੁਆਬੇ ਨੂੰ ਅਣਡਿੱਠ ਕੀਤਾ ਜਾ ਰਿਹਾ ਹੈ। ਮਾਲਵੇ ਵਿਚ ਵੀ ਖਾਸ ਇਲਾਕਿਆਂ ਨੂੰ ਵਿਕਸਤ ਕੀਤਾ ਜਾ ਰਿਹਾ ਹੈ। ਇਹੋ ਹਾਲ ਮੇਅਰਾਂ ਦਾ ਹੈ। ਉਹ ਵੀ ਇਕਸਾਰ ਧਿਆਨ ਨਹੀਂ ਦਿੰਦੇ।

ਭਾਰਤ ਵਿਚ ਪਾਰਟੀ ਨੇਤਾਵਾਂ ਦੇ ਹੱਥ ਸਾਰੀ ਸ਼ਕਤੀ ਹੈ। ਕਾਂਗਰਸੀ ਤੇ ਭਾਜਪਾ ਵਾਲੇ ਟਿਕਟਾਂ ਲੈਣ ਲਈ ਦਿੱਲੀ ਭੱਜਦੇ ਹਨ ਤੇ ਅਕਾਲੀ ਚੰਡੀਗੜ੍ਹ, ਪਰ ਅਮਰੀਕਾ ਵਿਚ ਅਜਿਹਾ ਨਹੀਂ। ਕੋਈ ਵੀ ਚੋਣ ਹੋਵੇ, ਭਾਵੇਂ ਰਾਸ਼ਟਰਪਤੀ ਦੀ ਹੋਵੇ ਜਾਂ ਗਵਰਨਰ ਦੀ ਜਾਂ ਸੈਨੇਟ ਤੇ ਭਾਵੇਂ ਮੇਅਰ ਦੀ। ਮਈ-ਜੂਨ ਮਹੀਨੇ ਵਿਚ ਉਸ ਪਾਰਟੀ ਦੇ ਮੈਂਬਰ ਆਪਸ ਵਿਚ ਚੋਣ ਲੜਦੇ ਹਨ, ਜਿਸ ਨੂੰ ਪ੍ਰਾਇਮਰੀ ਕਿਹਾ ਜਾਂਦਾ ਹੈ। ਇਹ ਚੋਣ ਵੀ ਆਮ ਚੋਣਾਂ ਦੀ ਤਰ੍ਹਾਂ ਚੋਣ ਕਮਿਸ਼ਨ ਕਰਵਾਉਂਦਾ ਹੈ। ਪ੍ਰਾਇਮਰੀ ਵਿਚ ਜਿੱਤਣ ਵਾਲੇ ਹੀ ਨਵੰਬਰ ਵਿਚ ਹੋਣ ਵਾਲੀ ਚੋਣ ਉਸ ਪਾਰਟੀ ਵਲੋਂ ਲੜ ਸਕਦੇ ਹਨ। ਭਾਰਤੀ ਚੋਣ ਕਮਿਸ਼ਨ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ ਵਰਗੀ ਵਿਵਸਥਾ ਕਾਇਮ ਕਰੇ ਤਾਂ ਜੋ ਪਾਰਟੀ ਪ੍ਰਧਾਨਾਂ ਦੀ ਤਾਨਾਸ਼ਾਹੀ ਖ਼ਤਮ ਹੋ ਸਕੇ। ਇਹ ਸ਼ਕਤੀ ਪਾਰਟੀ ਦੇ ਮੈਂਬਰਾਂ ਕੋਲ ਆਉਣ ਨਾਲ ਪਾਰਟੀ ਦਾ ਢਾਂਚਾ ਲੋਕਤੰਤਰਕ ਹੋਵੇਗਾ ਤੇ ਪਾਰਟੀ ਮੈਂਬਰ ਦੀ ਅਹਿਮੀਅਤ ਵਧੇਗੀ। ਇਸ ਸਮੇਂ ਪਾਰਟੀ ਮੈਂਬਰ ਦਰੀਆਂ ਵਿਛਾਉਣ ਜਾਂ ਬਾਹਵਾਂ ਖੜੀਆਂ ਕਰਨ ਜੋਗੇ ਹੀ ਹਨ।


ਅਮਰੀਕਾ ਵਿਚ ਚੋਣ ਮੁਦਿਆਂ 'ਤੇ ਆਧਾਰਤ ਹੁੰਦੀ ਹੈ। ਵੱਡੇ ਵੱਡੇ ਇਕੱਠਾਂ ਵਿਚ ਵਿਰੋਧੀ ਇਕ ਸਟੇਜ 'ਤੇ ਬਹਿਸ ਕਰਦੇ ਹਨ। ਮੀਡੀਏ ਤੋਂ ਇਲਾਵਾ ਉਥੇ ਹਾਜ਼ਰ ਲੋਕੀਂ ਸੁਆਲ ਪੁੱਛਦੇ ਹਨ। ਟੀ.ਵੀ. 'ਤੇ ਸਿੱਧਾ ਪ੍ਰਸਾਰਨ ਵਿਖਾਇਆ ਜਾਂਦਾ ਹੈ। ਰਾਸ਼ਟਰਪਤੀ ਦੀ ਚੋਣ ਸਮੇਂ ਉਮੀਦਵਾਰ ਇਕੋ ਮੰਚ 'ਤੇ ਖਲੋ ਕੇ ਪੱਤਰਕਾਰਾਂ ਦੇ ਜੁਆਬ ਦਿੰਦੇ ਹਨ। ਮਿਸਾਲ ਦੇ ਤੌਰ 'ਤੇ ਹਰੇਕ ਨੂੰ ਪੁੱਛਿਆ ਹੈ ਕਿ ਵਿਦੇਸ਼ ਨੀਤੀ ਕੀ ਹੋਵੇਗੀ, ਸਿੱਖਿਆ ਨੀਤੀ ਕੀ ਹੋਵੇਗੀ? ਵਗੈਰਾ ਵਗੈਰਾ। ਬੜੀ ਉਸਾਰੂ ਬਹਿਸ ਹੁੰਦੀ ਹੈ। ਸਾਰਾ ਅਮਰੀਕਾ ਇਨ੍ਹਾਂ ਬਹਿਸਾਂ ਨੂੰ ਸੁਣ ਕੇ ਮਨ ਬਣਾਉਂਦਾ ਹੈ ਕਿ ਵੋਟ ਕਿਸ ਨੂੰ ਵੋਟ ਪਾਉਣੀ ਹੈ। ਸਾਡੇ ਵਾਂਗ ਘਟੀਆ ਕਿਸਮ ਦੀ ਦੂਸ਼ਣਬਾਜ਼ੀ ਨਹੀਂ ਹੁੰਦੀ ਜਿਵੇਂ ਅੱਜਕਲ ਕਾਂਗਰਸ ਤੇ ਭਾਜਪਾ ਕਰ ਰਹੀ ਹੈ।

ਅਮਰੀਕੀ ਚੋਣਾਂ ਵਿਚ ਭਾਰਤ ਵਾਂਗੂ ਕੋਈ ਖੱਪਖਾਨਾ ਨਹੀਂ ਹੁੰਦਾ। ਨਾ ਹੀ ਬੰਦੇ ਢੋਅ ਕੇ ਅਖੌਤੀ ਸ਼ਕਤੀ ਦਾ ਪ੍ਰਦਰਸ਼ਨ ਹੁੰਦਾ ਹੈ। ਹਾਂ, ਮੀਡੀਏ ਰਾਹੀਂ ਬਹੁਤ ਪ੍ਰਚਾਰ ਹੁੰਦਾ ਹੈ। ਕਿਹੜੀ ਪਾਰਟੀ ਨੂੰ ਕੋਈ ਕਿੰਨਾ ਚੋਣ ਫੰਡ ਦਿੰਦਾ ਹੈ, ਇਹ ਸਾਰਾ ਕੁਝ ਇੰਟਰਨੈਟ ਜਾਂ ਹੋਰ ਸਾਧਨਾਂ ਰਾਹੀਂ ਪਤਾ ਕੀਤਾ ਜਾ ਸਕਦਾ ਹੈ। ਕਮਿਊਨਿਸਟ ਪਾਰਟੀ ਨੂੰ ਛੱਡ ਕੇ ਭਾਰਤ ਦੀਆਂ ਬਾਕੀ ਪਾਰਟੀਆਂ ਨੇ ਇਕ ਜੁਟ ਹੋ ਕੇ ਪਾਰਲੀਮੈਂਟ ਵਿਚ ਸੂਚਨਾ ਅਧਿਕਾਰ ਕਾਨੂੰਨ ਵਿਚ ਸੋਧ ਕਰ ਦਿੱਤੀ ਕਿ ਰਾਜਨੀਤਕ ਪਾਰਟੀਆਂ ਸੂਚਨਾ ਐਕਟ ਵਿਚ ਨਹੀਂ ਆਉਂਦੀਆਂ ਤਾਂ ਜੋ ਉਨ੍ਹਾਂ ਦੇ ਭੇਤ ਲੋਕਾਂ ਸਾਹਮਣੇ ਨਾ ਆਉਣ। ਸਾਬਕਾ ਪੁਲਿਸ ਅਧਿਕਾਰੀ ਸ੍ਰੀ ਸ਼ਸ਼ੀ ਕਾਂਤ, ਜਿਸ ਨੇ ਨਸ਼ਾ ਵਿਰੋਧੀ ਮੰਚ ਬਣਾਇਆ, ਦਾ ਕਹਿਣਾ ਹੈ ਕਿ ਪੰਜਾਬ ਵਿਚ ਹਰ ਸਾਲ 6 ਹਜ਼ਾਰ ਕਰੋੜ ਦਾ ਨਸ਼ਿਆਂ ਦਾ ਵਪਾਰ ਹੁੰਦਾ ਹੈ ਤੇ ਇਹ ਪੈਸਾ ਚੋਣਾਂ ਵਿਚ ਖਰਚਿਆ ਜਾਂਦਾ ਹੈ।

ਹਰ ਦੇਸ਼ ਦੇ ਆਪੋ ਆਪਣੇ ਹਾਲਾਤ ਹੁੰਦੇ ਹਨ। ਅੰਨੇਵਾਹ ਨਕਲ ਕਰਨ ਵਿਚ ਕੋਈ ਸਿਆਣਪ ਨਹੀਂ। ਹੁਣ ਜਦ ਕਿ ਲੋਕ ਸਭਾ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ ਤੇ ਆਮ ਆਦਮੀ ਪਾਰਟੀ ਨੇ ਦੇਸ਼ ਦੇ ਮਾਹੌਲ ਨੂੰ ਬਦਲ ਦਿੱਤਾ ਹੈ, ਇਸ ਲਈ ਚੰਗੀਆਂ ਨੀਤੀਆਂ ਨੂੰ ਲੋਕਾਂ ਸਾਹਮਣੇ ਲਿਆਉਣਾ ਚਾਹੀਦਾ ਹੈ। ਇਕ ਗੱਲ ਜੋ ਅਮਰੀਕੀ ਰਾਜ ਪ੍ਰਬੰਧ ਦੇ ਵਿਰੁਧ ਜਾਂਦੀ ਹੈ, ਉਹ ਹੈ ਕਿ ਇਸ ਨੂੰ ਕੁਝ ਅੰਤਰਰਾਸ਼ਟਰੀ ਬਹੁ-ਕੰਪਨੀਆਂ ਚਲਾ ਰਹੀਆਂ ਹਨ। ਚੋਣਾਂ ਬਹੁਤ ਮਹਿੰਗੀਆਂ ਹਨ। ਭਾਰਤ ਬਾਕੀ ਕੰਮ ਕਰ ਸਕਦਾ ਹੈ ਪਰ ਇਹੋ ਜਿਹੀਆਂ ਖ਼ਰਚੀਲੀਆਂ ਚੋਣ ਨਹੀਂ ਕਰਾ ਸਕਦਾ ਤੇ ਨਾ ਹੀ ਕਰਵਾਉਣੀਆਂ ਚਾਹੀਦੀ ਹਨ। ਜਦੋਂ ਸ੍ਰੀ ਇੰਦਰ ਕੁਮਾਰ ਗੁਜਰਾਲ ਪ੍ਰਧਾਨ ਮੰਤਰੀ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਭਾਰਤ ਵਿਚ ਚੋਣਾਂ ਉਸ ਦਿਨ ਨਿਰਪੱਖ ਹੋਣਗੀਆਂ, ਜਦ ਉਮੀਦਵਾਰਾਂ ਦਾ ਸਾਰਾ ਚੋਰ ਖ਼ਰਚਾ ਸਰਕਾਰ ਚੁੱਕੇਗੀ। ਦੂਜਾ, ਚੋਣਾਂ ਵਿਚ ਇਕ ਨੰਬਰ ਦਾ ਪੈਸਾ ਲਗੇਗਾ। ਗੁਜਰਾਲ ਸਾਹਿਬ ਦੇ ਵਿਚਾਰਾਂ 'ਤੇ ਕਦੋਂ ਅਮਲ ਹੋਵੇਗਾ? ਇਹ ਤਾਂ ਸਮਾਂ ਹੀ ਦਸੇਗਾ।

# ਸਤਿਗੁਰ ਵਿਟਹੁ ਵਾਰਿਆ ਜਿਤੁ ਮਿਲਿਐ ਖਸਮੁ ਸਮਾਲਿਆ

## ਗੁਰਮਤਿ ਵਿਚਾਰ



**ਡਾ. ਗੁਰਨਾਮ ਕੌਰ, ਕੈਨੇਡਾ**

ਆਸਾ ਦੀ ਵਾਰ ਦੇ ਸ਼ੁਰੂ ਵਿਚ ਹੀ ਇਹ ਤੱਥ ਭਲੀ ਭਾਂਤ ਸਪਸ਼ਟ ਹੋ ਗਿਆ ਸੀ ਕਿ ਗੁਰਮਤਿ ਅਨੁਸਾਰ ਮਨੁੱਖ ਨੂੰ ਸਹੀ ਰਸਤਾ ਦਿਖਾਉਣ ਵਾਲਾ ਗੁਰੂ ਹੈ। ਆਸਾ ਦੀ ਵਾਰ ਦੀ ਤੇਰ੍ਹਵੀਂ ਪਉੜੀ ਵਿਚ ਗੁਰੂ ਨਾਨਕ ਇਸੇ ਤੱਥ 'ਤੇ ਚਾਨਣਾ ਪਾਉਂਦੇ ਹਨ ਕਿ ਸਤਿਗੁਰੂ ਅਜਿਹੀ ਹਸਤੀ ਹੈ ਜਿਸ ਨੂੰ ਮਿਲਣ ਨਾਲ ਮਨੁੱਖ ਨੂੰ ਪਰਮਾਤਮਾ ਦੇ ਸਿਮਰਨ ਦਾ ਰਸਤਾ ਪਤਾ ਲਗਦਾ ਹੈ, ਮਨੁੱਖ ਅਕਾਲ ਪੁਰਖ ਨੂੰ ਯਾਦ ਕਰਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਮੈਂ ਆਪਣੇ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ ਕਿਉਂਕਿ ਉਸ ਨੂੰ ਮਿਲਣ ਨਾਲ ਮੈਨੂੰ ਅਕਾਲ ਪੁਰਖ ਦਾ ਸਿਮਰਨ ਕਰਨ ਦਾ ਵੱਲ ਆ ਗਿਆ ਹੈ, ਮੈਂ ਉਸ ਅਕਾਲ ਪੁਰਖ ਨੂੰ ਯਾਦ ਕਰਦਾ ਹਾਂ।

ਗੁਰਬਾਣੀ ਵਿਚ ਗਿਆਨ ਨੂੰ ਸੁਰਮੇ ਨਾਲ ਤੁਲਨਾ ਦਿੱਤੀ ਗਈ ਹੈ। ਜਿਸ ਤਰ੍ਹਾਂ ਅੱਖਾਂ ਵਿਚ ਅੰਜਨ ਅਰਥਾਤ ਸੁਰਮਾ ਪਾਉਣ ਨਾਲ ਨੇਤ੍ਰ ਖੁੱਲ੍ਹ ਜਾਂਦੇ ਹਨ ਅਤੇ ਸਾਫ ਦਿਸਣ ਲੱਗਦਾ ਹੈ, ਇਸੇ ਤਰ੍ਹਾਂ ਗਿਆਨ ਰੂਪੀ ਅੰਜਨ ਨਾਲ ਇਸ ਸੰਸਾਰ ਨੂੰ ਸਹੀ ਸੰਦਰਭ ਵਿਚ ਦੇਖਣ ਦੀ ਦ੍ਰਿਸ਼ਟੀ ਮਿਲ ਜਾਂਦੀ ਹੈ। ਗੁਰੂ ਨਾਨਕ ਸਤਿਗੁਰੂ 'ਤੇ ਇਸ ਲਈ ਕੁਰਬਾਨ ਜਾਂਦੇ ਹਨ ਕਿ ਸਤਿਗੁਰੂ ਤੋਂ ਗਿਆਨ ਪ੍ਰਾਪਤ ਹੋਇਆ ਹੈ। ਗੁਰੂ ਦੇ ਉਪਦੇਸ਼ ਨਾਲ ਅਜਿਹੀ ਦ੍ਰਿਸ਼ਟੀ ਪ੍ਰਾਪਤ ਹੋ ਗਈ ਹੈ ਜਿਸ ਰਾਹੀਂ ਇਨ੍ਹਾਂ ਅੱਖਾਂ ਨਾਲ ਸੰਸਾਰ ਦੀ ਅਸਲੀਅਤ ਦੇਖ ਲਈ ਹੈ। ਇਸ ਉਪਦੇਸ਼ ਨਾਲ ਸਮਝ ਪੈਂਦੀ ਹੈ ਕਿ ਜੋ ਮਨੁੱਖ ਉਸ ਅਕਾਲ ਪੁਰਖ ਨੂੰ ਵਿਸਾਰ ਕੇ ਕਿਸੇ ਹੋਰ ਨਾਲ ਆਪਣੀ ਸੁਰਤਿ ਜੋੜ ਲੈਂਦੇ ਹਨ, ਉਹ ਇਸ ਸੰਸਾਰ ਸਾਗਰ ਵਿਚ ਡੁੱਬ ਜਾਂਦੇ ਹਨ, ਪਾਰ ਨਹੀਂ ਲੰਘਦੇ। ਸਤਿਗੁਰੂ ਬੇੜਾ ਹੈ, ਜੋ ਪਾਰ ਲੰਘਾ ਦਿੰਦਾ ਹੈ, ਇਹ ਕੋਈ ਵਿਰਲਾ ਮਨੁੱਖ ਹੀ ਸਮਝਦਾ ਹੈ। ਸਤਿਗੁਰ ਦੇ ਉਪਦੇਸ਼ 'ਤੇ ਚੱਲਦਿਆਂ ਉਸ ਦੇ ਦਿੱਤੇ ਗਿਆਨ ਦੀ ਮਿਹਰ ਸਦਕਾ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ,

ਸਤਿਗੁਰ ਵਿਟਹੁ ਵਾਰਿਆ
ਜਿਤੁ ਮਿਲਿਐ ਖਸਮੁ ਸਮਾਲਿਆ॥
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ
ਇਨ੍ਹੀ ਨੇਤ੍ਰੀ ਜਗਤੁ ਨਿਹਾਲਿਆ॥
(ਪੰਨਾ ੪੭੦)

ਇਸ ਪਉੜੀ ਤੋਂ ਅਗਲੇ ਸਲੋਕ ਵਿਚ ਗੁਰੂ ਨਾਨਕ ਸਮਝਾਉਂਦੇ ਹਨ ਕਿ ਹਲੀਮੀ ਅਤੇ ਮਿੱਠਾ ਬੋਲਣਾ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਸਾਰ-ਤੱਤ ਹੈ। ਇਸ ਦੇ ਨਾਲ ਹੀ ਇਸ ਤੱਥ 'ਤੇ ਵੀ ਰੋਸ਼ਨੀ ਪਾਈ ਹੈ ਕਿ ਜ਼ਰੂਰੀ ਨਹੀਂ ਜਿਹੜੇ ਮਨੁੱਖ ਦੇਖਣ ਨੂੰ ਸੁਹਣੇ ਲੱਗਦੇ ਹਨ, ਉਨ੍ਹਾਂ ਵਿਚ ਨਿਮਰਤਾ ਅਤੇ ਮਿੱਠਾ ਬੋਲਣ ਵਰਗੇ ਗੁਣ ਵੀ ਹੋਣ। ਇਸ ਗੱਲ ਨੂੰ ਉਨ੍ਹਾਂ ਸਿੰਮਲ ਦੇ ਰੁੱਖ ਦੇ ਪ੍ਰਤੀਕ ਰਾਹੀਂ ਸਮਝਾਇਆ ਹੈ। ਉਹ ਕਹਿੰਦੇ ਹਨ ਕਿ ਸਿੰਮਲ ਦਾ ਰੁੱਖ ਦੇਖਣ ਨੂੰ ਕਿੰਨਾ ਸਿੱਧਾ, ਲੰਮਾ ਤੇ ਮੋਟਾ ਹੁੰਦਾ ਹੈ, ਦੇਖਣ ਨੂੰ ਸ਼ਕਤੀਸ਼ਾਲੀ ਜਾਪਦਾ ਹੈ। ਪੰਛੀ ਫਲ ਖਾਣ ਦੀ ਆਸ ਨਾਲ ਉਡ ਕੇ ਸਿੰਮਲ ਦੇ ਰੁੱਖ 'ਤੇ ਆ ਕੇ ਡੇਰਾ ਕਰਦੇ ਹਨ ਪਰ ਉਨ੍ਹਾਂ ਨੂੰ ਨਿਰਾਸ਼ ਮੁੜਨਾ ਪੈਂਦਾ ਹੈ ਕਿਉਂਕਿ ਸਿੰਮਲ ਦੇ ਫਲ ਫਿੱਕੇ ਅਤੇ ਫੁੱਲ ਬੇਸੁਆਦ ਹੁੰਦੇ ਹਨ, ਉਸ ਦੇ ਪੱਤ ਵੀ ਕਿਸੇ ਕੰਮ ਨਹੀਂ ਆਉਂਦੇ। ਇਸ ਲਈ ਏਡਾ ਉਚਾ ਲੰਮਾ ਹੋਣ ਦੇ ਬਾਵਜੂਦ ਇਹ ਦਰੱਖਤ ਕਿਸੇ ਕੰਮ ਦਾ ਨਹੀਂ,

ਸਿੰਮਲ ਰੁਖੁ ਸਰਾਇਰਾ
ਅਤਿ ਦੀਰਘ ਅਤਿ ਮੁਚੁ॥
ਓਇ ਜਿ ਆਵਹਿ ਆਸ ਕਰਿ
ਜਾਹਿ ਨਿਰਾਸੇ ਕਿਤੁ॥
ਫਲ ਫਿਕੇ ਫੁਲ ਬਕਬਕੇ
ਕੰਮਿ ਨ ਆਵਹਿ ਪਤ॥

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਨਿਮਰਤਾ ਨਾਲ ਰਹਿਣ ਵਿਚ ਮਿਠਾਸ ਹੈ, ਗੁਣ ਹਨ। ਨਿਮਰ ਹੋ ਕੇ ਰਹਿਣਾ ਸਾਰੇ ਗੁਣਾਂ ਦਾ ਤੱਤ-ਸਾਰ ਹੈ। ਉਹ ਕਹਿੰਦੇ ਹਨ ਕਿ ਆਪਣੇ ਸਵਾਰਥ ਵਾਸਤੇ ਹਰ ਕੋਈ ਝੁਕਣ ਲਈ ਤਿਆਰ ਹੋ ਜਾਂਦਾ ਹੈ ਪਰ ਕਿਸੇ ਦੂਸਰੇ ਦੀ ਖ਼ਾਤਰ ਕੋਈ ਨਹੀਂ ਝੁਕਦਾ। ਜੇ ਤੱਕੜੀ ਵਿਚ ਪਾ ਕੇ ਤੋਲਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਜੋ ਨੀਵਾਂ ਹੁੰਦਾ ਹੈ ਉਹ ਹੀ ਭਾਰਾ ਹੁੰਦਾ ਹੈ। ਕਹਿਣ ਤੋਂ ਭਾਵ ਹੈ ਕਿ ਜੇ ਗੁਣਾਂ ਦੀ ਪਰਖ ਕੀਤੀ ਜਾਵੇ ਤਾਂ ਨਿਮਰਤਾ ਉਸੇ ਵਿਚ ਹੋਵੇਗੀ ਜਿਸ ਵਿਚ ਗੁਣ ਹੁੰਦੇ ਹਨ। ਪਰ ਇਸ ਦੇ ਨਾਲ ਹੀ ਦੂਸਰੀ ਗੱਲ ਵੀ ਸਮਝਾਉਂਦੇ ਹਨ ਕਿ ਨਿਵਣਾ ਮਨ ਤੋਂ ਚਾਹੀਦਾ ਹੈ, ਇਕੱਲੇ ਸੀਸ ਝੁਕਾਉਣ ਨਾਲ ਕੁਝ ਨਹੀਂ ਹੁੰਦਾ। ਜੇ ਅੰਦਰੋਂ ਮਨ ਵਿਚ ਖੋਟ ਹੋਵੇ ਤਾਂ ਸਰੀਰ ਝੁਕਾਉਣ ਨਾਲ ਵੀ ਕੁਝ ਨਹੀਂ ਬਣਦਾ। ਇਥੇ ਸ਼ਿਕਾਰੀ ਦੀ ਮਿਸਾਲ ਦਿੱਤੀ ਹੈ ਜੋ ਮਿਰਗ ਦਾ ਸ਼ਿਕਾਰ ਕਰਦਾ ਫਿਰਦਾ ਹੈ ਅਤੇ ਲਿਫ ਕੇ ਦੂਹਰਾ ਹੋ ਜਾਂਦਾ ਹੈ। ਉਹ ਲਿਫਦਾ ਹੈ ਪਰ ਉਸ ਦੇ ਮਨ ਵਿਚ ਖੋਟ ਹੈ। ਅਜਿਹੇ ਨਿਵਣ ਨੂੰ ਨਿਵਣਾ ਨਹੀਂ ਕਹਿੰਦੇ,

ਮਿਠਤੁ ਨੀਵੀ ਨਾਨਕਾ
ਗੁਣ ਚੰਗਿਆਈਆ ਤਤੁ॥
ਸਭੁ ਕੋ ਨਿਵੈ ਆਪ ਕਉ
ਪਰ ਕਉ ਨਿਵੈ ਨ ਕੋਇ॥
ਧਰਿ ਤਾਰਾਜੂ ਤੋਲੀਐ
ਨਿਵੈ ਸੁ ਗਉਰਾ ਹੋਇ॥
ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ॥
ਸੀਸਿ ਨਿਵਾਇਐ ਕਿਆ ਥੀਐ
ਜਾ ਰਿਦੈ ਕੁਸੁਧੇ ਜਾਹਿ॥ (ਪੰਨਾ ੪੭੦)

ਧਾਰਮਿਕ ਦਿਖਾਵੇ, ਪਖੰਡ ਅਤੇ ਫੋਕੇ ਕਰਮਕਾਂਡ ਨੂੰ ਗੁਰਮਤਿ ਵਿਚ ਕਿਸੇ ਤਰ੍ਹਾਂ ਦੀ ਵੀ ਮਾਨਤਾ ਪ੍ਰਾਪਤ ਨਹੀਂ ਹੈ। ਇਸ ਕਿਸਮ ਦੇ ਧਾਰਮਿਕ ਦਿਖਾਵੇ, ਕਰਮਕਾਂਡ ਦੀ ਅਲੋਚਨਾ ਗੁਰੂ ਨਾਨਕ ਅਗਲੇ ਸਲੋਕ ਵਿਚ ਕਰ ਰਹੇ ਹਨ। ਇੱਕ ਗੱਲ ਇਥੇ ਹੋਰ ਸਪੱਸ਼ਟ ਕਰਨ ਦੀ ਲੋੜ ਹੈ ਕਿ ਇਹ ਸਲੋਕ ਕਿਸੇ ਇੱਕ ਖ਼ਾਸ ਧਰਮ 'ਤੇ ਹੀ ਲਾਗੂ ਨਹੀਂ ਹੁੰਦਾ, ਬਲਕਿ ਇਹ ਇੱਕ ਵਿਆਪਕ ਸੱਚਾਈ ਹੈ ਜੋ ਹਰ ਧਰਮ ਅਤੇ ਉਸ ਨੂੰ ਮੰਨਣ ਵਾਲਿਆਂ 'ਤੇ ਲਾਗੂ ਹੁੰਦੀ ਹੈ। ਪੰਡਿਤ ਨੂੰ ਹਿੰਦੂ ਧਰਮ ਵਿਚ ਧਾਰਮਿਕ ਕਾਰਜਾਂ ਦਾ ਕਰਤਾ-ਧਰਤਾ ਮੰਨਿਆ ਗਿਆ ਹੈ ਜੋ ਹਰ ਤਰ੍ਹਾਂ ਦੀਆਂ ਪੂਜਾ-ਵਿਧੀਆਂ ਅਤੇ ਧਾਰਮਿਕ ਸ਼ਾਸਤਰਾਂ ਦੇ ਪਠਨ-ਪਾਠਨ ਲਈ ਜਿੰਮੇਵਾਰ ਹੁੰਦਾ ਹੈ। ਉਸ ਦਾ ਸਥਾਨ ਵਰਣ-ਆਸ਼ਰਮ ਵੰਡ ਵਿਚ ਸਭ ਤੋਂ ਉਤਮ ਮੰਨਿਆ ਗਿਆ ਹੈ। ਗੁਰੂ ਨਾਨਕ ਉਸ ਦੇ ਇਸੇ ਕਾਰਜ 'ਤੇ ਚਾਨਣਾ ਪਾਉਂਦੇ ਹੋਏ ਫ਼ੁਰਮਾਉਂਦੇ ਹਨ ਕਿ ਪੰਡਤ ਵੇਦਾਂ ਅਤੇ ਹੋਰ ਸ਼ਾਸਤਰ ਆਦਿ ਪੜ੍ਹ ਕੇ ਸੰਧਿਆ ਕਰਦਾ ਹੈ ਅਤੇ ਹੋਰਾਂ ਨਾਲ ਇਨ੍ਹਾਂ ਬਾਰੇ ਚਰਚਾ ਕਰਦਾ ਹੈ। ਮੂਰਤੀਆਂ ਦੀ ਪੂਜਾ ਕਰਦਾ ਹੈ (ਜੋ ਹਿੰਦੂ ਧਰਮ ਦਾ ਖ਼ਾਸ ਕਰਮ ਮੰਨਿਆ ਜਾਂਦਾ ਹੈ) ਅਤੇ ਬਗਲੇ ਵਾਂਗ ਸਮਾਧੀ ਲਾਉਂਦਾ ਹੈ। ਇਹ ਸਾਰੇ ਕਰਮ ਕਰਦਿਆਂ ਮੁੱਖ ਤੋਂ ਝੂਠ ਬੋਲਦਾ ਹੈ। ਇਸ ਝੂਠ ਨੂੰ ਉਹ ਗਹਿਣਿਆਂ ਵਾਂਗ ਸਜਾ ਕੇ ਪੇਸ਼ ਕਰਦਾ ਹੈ, ਸੋਹਣਾ ਕਰਕੇ ਦਿਖਾਉਂਦਾ ਹੈ (ਕਿਸੇ ਨੂੰ ਉਸ ਦੀ ਧਾਰਮਿਕਤਾ 'ਤੇ ਕੋਈ ਸ਼ੱਕ ਨਹੀਂ ਹੁੰਦਾ)। ਹਰ ਰੋਜ਼ ਤਿੰਨ ਵੇਲੇ ਗਾਇਤ੍ਰੀ ਮੰਤਰ ਨੂੰ ਵਿਚਾਰਦਾ ਹੈ। ਗਲ ਵਿਚ ਹਮੇਸ਼ਾ ਮਾਲਾ ਪਾ ਕੇ ਰੱਖਦਾ ਹੈ, ਮੱਥੇ ਟਿੱਕਾ ਲਾਉਂਦਾ ਹੈ ਤੇ ਸਦਾ ਹੀ ਦੋ ਧੋਤੀਆਂ ਕੋਲ ਰੱਖਦਾ ਹੈ। ਸੰਧਿਆ ਵੇਲੇ ਸਿਰ ਉਤੇ ਵਸਤਰ ਰੱਖ ਲੈਂਦਾ ਹੈ। ਗੁਰੂ ਸਾਹਿਬ ਦੱਸਦੇ ਹਨ ਕਿ ਇਹ ਅਸਲੀ ਧਾਰਮਿਕਤਾ ਨਹੀਂ ਹੈ। ਜੇ ਇਹ ਪੰਡਿਤ ਰੱਬ ਨੂੰ ਧਿਆਉਣਾ ਜਾਣਦਾ ਹੋਵੇ ਤਾਂ ਇੱਕ ਗੱਲ ਪੱਕੀ ਹੈ ਕਿ ਇਹ ਸਭ ਫੋਕਾ ਕਰਮ-ਕਾਂਡ ਹੈ। ਉਹ ਕਹਿੰਦੇ ਹਨ ਕਿ ਮਨ ਵਿਚ ਅਕਾਲ ਪੁਰਖ ਲਈ ਸੱਚੀ ਸ਼ਰਧਾ ਰੱਖ ਕੇ ਮਨੁੱਖ ਉਸ ਅਕਾਲ ਪੁਰਖ ਦਾ ਸਿਮਰਨ ਕਰੇ, ਇਹ ਰਸਤਾ ਵਧੀਆ ਅਤੇ ਗੁਣਕਾਰੀ ਹੈ। ਇਸ ਰਸਤੇ ਦਾ ਪਤਾ ਸਤਿਗੁਰੂ ਦੀ ਅਗਵਾਈ ਤੋਂ ਬਿਨਾ ਨਹੀਂ ਲੱਗਦਾ,

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਨ ਸਾਰੰ॥
ਤ੍ਰੈਪਾਲ ਤਿਹਾਲ ਬਿਚਾਰੰ॥ (ਪੰਨਾ ੪੭੦)

ਅਗਲੀ ਪਉੜੀ ਵਿਚ ਗੁਰੂ ਨਾਨਕ ਸੰਸਾਰ ਦੀ ਚਲਾਇਮਾਨਤਾ ਦਾ ਅਹਿਸਾਸ ਕਰਾਉਂਦੇ ਹਨ ਕਿ ਇਸ ਸੰਸਾਰ ਵਿਚ ਕੁਝ ਵੀ ਸਥਿਰ ਨਹੀਂ ਹੈ, ਇੱਥੋਂ ਤੱਕ ਕਿ ਮਨੁੱਖ ਵੀ ਨਹੀਂ। ਜਦੋਂ ਸੰਸਾਰ 'ਤੇ ਕੁਝ ਵੀ ਸਥਿਰ ਨਹੀਂ ਹੈ ਫਿਰ ਬੁਰੇ ਕੰਮ ਕਿਉਂ ਕਰਨੇ ਹਨ? ਗੁਰੂ ਸਾਹਿਬ ਫ਼ੁਰਮਾਉਂਦੇ ਹਨ ਕਿ ਇਹ ਸੁੰਦਰ ਸਰੀਰ ਅਤੇ ਸੁੰਦਰ ਰੂਪ ਮਨੁੱਖ ਨੇ ਇਸ ਸੰਸਾਰ 'ਤੇ ਹੀ ਛੱਡ ਜਾਣਾ ਹੈ। ਹਰ ਮਨੁੱਖ ਨੇ ਆਪਣੇ ਕੀਤੇ ਹੋਏ ਚੰਗੇ ਅਤੇ ਬੁਰੇ ਕੰਮਾਂ ਦਾ ਫਲ ਇਸ ਸੰਸਾਰ 'ਤੇ ਆਪ ਹੀ ਭੋਗਣਾ ਹੈ। ਜਿਸ ਮਨੁੱਖ ਨੇ ਇਸ ਦੁਨੀਆਂ 'ਤੇ ਰਹਿੰਦਿਆਂ ਮਨ ਮਰਜ਼ੀ ਦੇ ਹੁਕਮ ਚਲਾਏ ਹਨ, ਹਕੂਮਤਾਂ ਕੀਤੀਆਂ ਹਨ, ਉਸ ਨੂੰ ਅੱਗੇ ਜਾ ਕੇ ਔਖੀਆਂ ਘਾਟੀਆਂ ਪਾਰ ਕਰਨੀਆਂ ਪੈਣੀਆਂ ਹਨ। ਅਰਥਾਤ ਜੋ ਮਨੁੱਖ ਇਥੇ ਮਨ-ਆਈਆਂ ਕਰਦਿਆਂ ਕਿਸੇ ਨਾਲ ਵਧੀਕੀਆਂ ਕਰਦੇ ਹਨ, ਉਨ੍ਹਾਂ ਨੂੰ ਆਪਣੀ ਕਰਨੀ ਦਾ ਫਲ ਵੀ ਭੋਗਣਾ ਪੈਂਦਾ ਹੈ। ਅਜਿਹੇ ਮਨੁੱਖ ਨੂੰ ਨੰਗਾ ਕੀਤਾ ਜਾਂਦਾ ਹੈ ਅਰਥਾਤ ਉਸ ਦੇ ਕੀਤੇ ਹੋਏ ਬੁਰੇ ਕਰਮਾਂ ਦਾ ਖ਼ੁਲਾਸਾ ਉਸ ਦੇ ਸਾਹਮਣੇ ਕੀਤਾ ਜਾਂਦਾ ਹੈ। ਇਨ੍ਹਾਂ ਕਰਮਾਂ ਦਾ ਫਲ ਭੋਗਣ ਲਈ ਉਸ ਨੂੰ ਦੋਜ਼ਕ ਵੱਲ ਧੱਕਿਆ ਜਾਂਦਾ ਹੈ। ਉਸ ਵੇਲੇ ਫਿਰ ਮਨੁੱਖ ਨੂੰ ਇਹ ਸਭ ਕੁਝ ਬਹੁਤ ਭਿਆਨਕ ਅਤੇ ਡਰਾਉਣਾ ਲੱਗਦਾ ਹੈ,

ਕਪੜੁ ਰੂਪੁ ਸੁਹਾਵਣਾ
ਛਡਿ ਦੁਨੀਆ ਅੰਦਰਿ ਜਾਵਣਾ॥
ਮੰਦਾ ਚੰਗਾ ਆਪਣਾ
ਆਪੇ ਹੀ ਕੀਤਾ ਪਾਵਣਾ॥ (ਪੰਨਾ ੪੭੦)

ਅਗਲੇ ਸਲੋਕ ਵਿਚ ਗੁਰੂ ਨਾਨਕ ਸਾਹਿਬ ਮਨੁੱਖ ਨੂੰ ਇਹ ਸਮਝਾ ਰਹੇ ਹਨ ਕਿ ਜੇ ਮਨੁੱਖ ਚੰਗੇ ਗੁਣਾਂ ਦਾ ਧਾਰਨੀ ਨਹੀਂ ਹੈ, ਫਿਰ ਬਾਹਰੀ ਤੌਰ 'ਤੇ ਧਾਰਮਿਕ ਚਿੰਨ੍ਹ ਪਹਿਨਣਾ ਕੋਈ ਮਾਇਨੇ ਨਹੀਂ ਰੱਖਦਾ। ਨੈਤਿਕ ਗੁਣਾਂ ਤੋਂ ਬਿਨਾਂ ਧਾਰਮਿਕ ਚਿੰਨ੍ਹ ਪਹਿਨਣਾ ਮਹਿਜ ਦਿਖਾਵਾ ਹੈ ਅਤੇ ਬੇਕਾਰ ਹੈ। ਪੰਡਤ ਦੀ ਦਿਖ ਸਭ ਤੋਂ ਵੱਧ ਧਾਰਮਿਕ ਹੁੰਦੀ ਹੈ ਕਿਉਂਕਿ ਪਰੰਪਰਾ ਅਨੁਸਾਰ ਉਸ ਨੂੰ ਧਰਮ ਨੂੰ ਚਲਾਉਣ ਵਾਲਾ ਮੋਢੀ ਮੰਨਿਆ ਜਾਂਦਾ ਹੈ। ਉਸ 'ਤੇ ਸਾਰੇ ਸਮਾਜ ਦੇ ਧਰਮ ਦੀ ਜ਼ਿੰਮੇਵਾਰੀ ਹੁੰਦੀ ਹੈ। ਮਨੁੱਖ ਨੂੰ ਕਿਸ ਕਿਸਮ ਦੇ ਨੈਤਿਕ ਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ? ਗੁਰੂ ਨਾਨਕ ਧਾਰਮਿਕ ਚਿੰਨ੍ਹਾਂ ਰਾਹੀਂ ਸਮਝਾਉਂਦੇ ਹਨ ਕਿ ਅਸਲੀ ਜਨੇਊ ਸੂਤ ਦਾ ਧਾਗਾ ਵੱਟ ਕੇ ਗਲ ਵਿਚ ਪਾ ਲੈਣਾ ਨਹੀਂ ਹੈ। ਜਨੇਊ ਤਾਂ ਹੀ ਸਾਰਥਕ ਹੈ ਜੇ ਇਹ ਦਇਆ ਦੀ ਕਪਾਹ ਤੋਂ ਬਣਿਆ ਹੋਵੇ ਅਰਥਾਤ ਮਨੁੱਖ ਵਿਚ ਪਹਿਲਾ ਗੁਣ ਦਇਆ ਹੋਣੀ ਹੈ। ਜਨੇਊ ਦੇ ਧਾਗੇ ਵਾਸਤੇ ਦਇਆ-ਰੂਪੀ ਕਪਾਹ ਹੋਣੀ ਚਾਹੀਦੀ ਹੈ ਜਿਸ ਤੋਂ ਸੰਤੋਖ-ਰੂਪੀ ਸੂਤ ਕੱਤਿਆ ਜਾਵੇ ਅਰਥਾਤ ਦੂਸਰਾ ਮਹੱਤਵਪੂਰਨ ਗੁਣ ਸੰਤੋਖ ਹੈ। ਇਸ ਨੂੰ ਜਤ ਦੀਆਂ ਗੰਢਾਂ ਦਿੱਤੀਆਂ ਹੋਣ ਅਤੇ ਇਸ ਨੂੰ ਸਤ ਦਾ ਵੱਟ ਦਿੱਤਾ ਹੋਵੇ ਅਰਥਾਤ ਆਚਰਣ ਉੱਚਾ ਅਤੇ ਸੁੱਚਾ ਹੋਵੇ। ਗੁਰੂ ਸਾਹਿਬ ਕਹਿੰਦੇ ਹਨ ਕਿ ਹੇ ਪੰਡਿਤ ਜੇ ਤੇਰੇ ਕੋਲ ਇਸ ਕਿਸਮ ਦਾ ਜਨੇਊ ਹੈ ਤਾਂ ਪਾ। ਇਸ ਕਿਸਮ ਦਾ ਜਨੇਊ ਨਾ ਟੁੱਟਦਾ ਹੈ, ਨਾ ਇਸ ਨੂੰ ਮੈਲ ਲੱਗਦੀ ਹੈ, ਨਾ ਇਹ ਸੜਦਾ ਹੈ ਅਤੇ ਨਾ ਹੀ ਗੁਆਚਦਾ ਹੈ। ਕਹਿਣ ਤੋਂ ਭਾਵ ਹੈ ਕਿ ਮਨੁੱਖ ਨੂੰ ਧਾਰਮਿਕ ਹੋਣ ਲਈ ਦਇਆ, ਸੰਤੋਖ, ਜਤ ਅਤੇ ਸਤ ਦਾ ਧਾਰਨੀ ਹੋਣਾ ਚਾਹੀਦਾ ਹੈ। ਜਿਹੜਾ ਮਨੁੱਖ ਇਨ੍ਹਾਂ ਗੁਣਾਂ ਨੂੰ ਆਪਣੇ ਅੰਦਰ ਪੈਦਾ ਕਰ ਲੈਂਦਾ ਹੈ, ਉਹ ਭਾਗਾਂ ਵਾਲਾ ਹੈ। ਗੁਰੂ ਸਾਹਿਬ ਪੰਡਿਤ ਨੂੰ ਆਗਾਹ ਕਰਦੇ ਹਨ ਕਿ ਚਾਰ ਕੌਡਾਂ ਦਾ ਧਾਗਾ ਮੁੱਲ ਖਰੀਦ ਕੇ ਫਿਰ ਜਜਮਾਨ ਦੇ ਚੌਂਕੇ ਵਿਚ ਬੈਠ ਕੇ ਉਸ ਦੇ ਗਲ ਵਿਚ ਪਾ ਦਿੱਤਾ ਅਤੇ ਕੰਨ ਵਿਚ ਉਪਦੇਸ਼ ਦੇ ਦਿੱਤਾ ਕਿ ਬ੍ਰਾਹਮਣ ਉਸ ਦਾ ਗੁਰੂ ਹੋ ਗਿਆ ਹੈ, ਕਾਫੀ ਨਹੀਂ ਹੈ। ਸਮਾਂ ਆਉਣ 'ਤੇ ਜਦੋਂ ਉਸ ਨੂੰ ਪਹਿਨਣ ਵਾਲਾ ਮਰ ਗਿਆ ਤਾਂ ਉਹ ਜਨੇਊ ਉਸ ਦੇ ਸਰੀਰ ਤੋਂ ਲੱਥ ਜਾਣਾ ਹੈ। ਭਾਵ ਨੈਤਿਕ ਗੁਣ ਮਨੁੱਖ ਨਾਲ ਸਦੀਵੀ ਰਹਿੰਦੇ ਪਰ ਦਿਖਾਵੇ ਦੇ ਚਿੰਨ੍ਹ ਸਦੀਵੀ ਨਹੀਂ ਹਨ। ਬੰਦਾ ਤਦ ਹੀ ਧਾਰਮਿਕ ਹੈ ਜੇ ਉਹ ਆਪਣੇ ਅੰਦਰ ਨੈਤਿਕ ਗੁਣ ਪੈਦਾ ਕਰੇ,

ਦਇਆ ਕਪਾਹ ਸੰਤੋਖੁ ਸੂਤੁ
ਜਤੁ ਗੰਢੀ ਸਤੁ ਵਟੁ॥
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥
ਨਾ ਏਹੁ ਤੁਟੈ ਨ ਮਲੁ ਲਗੈ
ਨਾ ਏਹੁ ਜਲੈ ਨ ਜਾਇ॥
ਧੰਨੁ ਸੁ ਮਾਣਸ ਨਾਨਕਾ
ਜੋ ਗਲਿ ਚਲੇ ਪਾਇ॥ (ਪੰਨਾ ੪੭੧)

ਇਸੇ ਭਾਵਨਾ ਦਾ ਅਗਲਾ ਸਲੋਕ ਹੈ। ਪਹਿਲੇ ਸਲੋਕ ਵਿਚ ਧਾਰਮਿਕ ਚਿੰਨ੍ਹ ਜਨੇਊ ਦੀ ਮਿਸਾਲ ਨਾਲ ਨੈਤਿਕ ਗੁਣਾਂ ਦੀ ਗੱਲ ਕੀਤੀ ਹੈ ਜਿਨ੍ਹਾਂ ਤੋਂ ਬਿਨਾਂ ਬਾਹਰੀ ਧਾਰਮਿਕ ਚਿੰਨ੍ਹਾਂ ਦੀ ਕੋਈ ਸਾਰਥਕਤਾ ਨਹੀਂ। ਇਸ ਸਲੋਕ ਵਿਚ ਮਾੜੇ ਕੰਮਾਂ ਦਾ ਜ਼ਿਕਰ ਹੈ ਕਿ ਅੰਦਰੂਨੀ ਤੌਰ 'ਤੇ ਅਜਿਹੇ ਕੰਮ ਕਰਦਿਆਂ ਵੀ ਦਿਖਾਵੇ ਲਈ ਮਨੁੱਖ ਧਾਰਮਿਕ ਚਿੰਨ੍ਹ ਪਹਿਨਦਾ ਹੈ ਤਾਂ ਇਹ ਨਿਰਾਰਥਕ ਹਨ। ਗੁਰੂ ਸਾਹਿਬ ਕਹਿੰਦੇ ਹਨ ਕਿ ਮਨੁੱਖ ਲੱਖਾਂ ਚੋਰੀਆਂ-ਯਾਰੀਆਂ ਅਰਥਾਤ ਚਰਿੱਤਰਹੀਣ ਕੰਮ ਕਰਦਾ ਹੈ; ਲੱਖਾਂ ਝੂਠ ਬੋਲਦਾ ਅਤੇ ਗਾਲ੍ਹਾਂ ਕੱਢਦਾ ਹੈ ਪਰ ਲੋਕਾਚਾਰੀ ਦੇ ਤੌਰ 'ਤੇ ਦਿਖਾਵੇ ਲਈ ਕਪਾਹ ਤੋਂ ਧਾਗਾ ਕੱਤਿਆ ਜਾਂਦਾ ਹੈ ਅਤੇ ਬ੍ਰਾਹਮਣ ਆ ਕੇ ਉਸ ਨੂੰ ਵੱਟਦਾ ਹੈ। ਇਸ ਜਨੇਊ ਪਹਿਨਣ ਦੇ ਜਸ਼ਨ ਵਿਚ ਸ਼ਾਮਲ ਹੋਣ ਆਏ ਮਹਿਮਾਨਾਂ ਨੂੰ ਬੱਕਰਾ ਰਿੰਨ੍ਹ ਕੇ ਖੁਆਇਆ ਜਾਂਦਾ ਹੈ। ਘਰ ਦਾ ਹਰ ਜੀਅ ਆਖਦਾ ਹੈ ਕਿ 'ਜਨੇਊ ਪਾਇਆ ਹੈ।' ਭਾਵ ਸਾਰੇ ਇਸ ਧਾਰਮਿਕ ਚਿੰਨ੍ਹ ਪਹਿਨਣ 'ਤੇ ਖੁਸ਼ੀ ਦਾ ਇਜ਼ਹਾਰ ਕਰਦੇ ਹਨ। ਜਦੋਂ ਇਹ ਜਨੇਊ ਪੁਰਾਣਾ ਹੋ ਜਾਂਦਾ ਹੈ ਤਾਂ ਇਸ ਨੂੰ ਉਤਾਰ ਕੇ ਸੁੱਟ ਦਿੱਤਾ ਜਾਂਦਾ ਹੈ ਅਤੇ ਇਸ ਦੀ ਥਾਂ ਹੋਰ ਵੱਟ ਕੇ ਪਾ ਲਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਜੇ ਇਸ ਜਨੇਊ ਵਿਚ ਜ਼ੋਰ ਹੋਵੇ, ਤਾਕਤ ਹੋਵੇ ਤਾਂ ਇਹ ਧਾਗਾ ਨਹੀਂ ਟੁੱਟਦਾ ਅਰਥਾਤ ਮਨੁੱਖ ਦੇ ਅੰਦਰ ਨੈਤਿਕ ਗੁਣ ਹੋਣ ਤਾਂ ਉਹ ਸਦੀਵੀ ਨਾਲ ਨਿਭਦੇ ਹਨ,

ਲਖ ਚੋਰੀਆ ਲਖ ਜਾਰੀਆ
ਲਖ ਕੂੜੀਆ ਲਖ ਗਾਲਿ॥
ਲਖ ਠਗੀਆ ਪਹਿਨਾਮੀਆ
ਰਾਤਿ ਦਿਨਸੁ ਜੀਅ ਨਾਲਿ॥ (ਪੰਨਾ ੪੭੧)

ਅਗਲੇ ਸਲੋਕ ਵਿਚ ਦੱਸਦੇ ਹਨ ਕਿ ਅਕਾਲ ਪੁਰਖ ਦੇ ਦਰਬਾਰ ਵਿਚ ਜਨੇਊ ਪਹਿਨਣ ਨਾਲ ਸਤਿਕਾਰ ਅਤੇ ਆਦਰ ਨਹੀਂ ਮਿਲਦਾ। ਉਥੇ ਸਤਿਕਾਰ ਤਾਂ ਮਿਲਦਾ ਹੈ ਜੇ ਉਸ ਦੇ ਨਾਮ ਨੂੰ ਮਨੁੱਖ ਆਪਣੇ ਅੰਦਰ ਦ੍ਰਿੜ ਕਰ ਲਵੇ। ਰੱਬ ਦੀ ਸਿਫ਼ਤਿ-ਸਾਲਾਹ ਕਰਨਾ ਹੀ ਅਸਲੀ ਜਨੇਊ ਹੈ, ਅਸਲੀ ਧਾਰਮਿਕਤਾ ਹੈ। ਇਹ ਹੀ ਸੁੱਚਾ ਜਨੇਊ ਹੈ ਜਿਸ ਨੂੰ ਪਹਿਨਣ ਨਾਲ ਉਸ ਦੀ ਦਰਗਾਹ ਵਿਚ ਆਦਰ ਵੀ ਮਿਲਦਾ ਹੈ ਅਤੇ ਇਹ ਜਨੇਊ ਪੱਕਾ ਵੀ ਹੈ ਜੋ ਕਦੇ ਟੁੱਟਦਾ ਨਹੀਂ,

ਨਾਇ ਮੰਨਿਐ ਪਤਿ ਊਪਜੈ
ਸਾਲਾਹੀ ਸਚੁ ਸੂਤੁ॥
ਦਰਗਹ ਅੰਦਰਿ ਪਾਈਐ
ਤਗੁ ਨ ਤੂਟਸਿ ਪੂਤ॥੩॥

ਅਗਲੇ ਸਲੋਕ ਵਿਚ ਦੱਸਿਆ ਹੈ ਕਿ ਬ੍ਰਾਹਮਣ ਜਿਹੜਾ ਸਭ ਨੂੰ ਜਨੇਊ ਪਹਿਨਾਉਂਦਾ ਹੈ ਉਸ ਨੇ ਆਪਣੇ ਇੰਦਰਿਆਂ 'ਤੇ ਇਸ ਕਿਸਮ ਦਾ ਕੋਈ ਜਨੇਊ ਨਹੀਂ ਪਾਇਆ ਅਰਥਾਤ ਬੰਧਨ ਨਹੀਂ ਲਾਇਆ ਜਿਸ ਨਾਲ ਉਹ ਵਿਸ਼ੇ ਵਿਕਾਰਾਂ ਵੱਲ ਨਾ ਜਾਵੇ, ਮਾੜੇ ਪਾਸੇ ਨਾ ਜਾਣ; ਹੱਥਾਂ ਨੂੰ ਜਨੇਊ ਨਹੀਂ ਪਾਇਆ ਕਿ ਉਹ ਬੁਰੇ ਕੰਮ ਨਾ ਕਰਨ। ਜੀਭ ਨੂੰ ਕੋਈ ਜਨੇਊ ਨਹੀਂ ਪਾਇਆ ਕਿ ਪਰਾਈ ਨਿੰਦਾ ਨਾ ਕਰੇ; ਅੱਖਾਂ ਨੂੰ ਕੋਈ ਜਨੇਊ ਨਹੀਂ ਪਾਇਆ ਕਿ ਉਹ ਮੰਦੀ ਦ੍ਰਿਸ਼ਟੀ ਨਾ ਰੱਖਣ। ਪੰਡਿਤ ਆਪ ਤਾਂ ਅਜਿਹੇ ਜਨੇਊ ਤੋਂ ਬਿਨਾ ਭਟਕਦਾ ਫਿਰਦਾ ਹੈ ਪਰ ਹੋਰ ਲੋਕਾਂ ਨੂੰ ਸੂਤ ਦੇ ਧਾਗੇ ਵੱਟ ਵੱਟ ਕੇ ਪੁਆ ਰਿਹਾ ਹੈ। ਆਪਣੇ ਜਜਮਾਨਾਂ ਦੀਆਂ ਧੀਆਂ ਦੇ ਵਿਆਹ ਦੱਛਣਾ ਲੈ ਕੇ ਕਰਦਾ ਹੈ ਅਤੇ ਪੱਤ੍ਰੀ ਸੋਧ ਕੇ ਲੋਕਾਂ ਨੂੰ ਰਸਤਾ ਦਿਖਾਉਂਦਾ ਹੈ। ਗੁਰੂ ਨਾਨਕ ਸਾਹਿਬ ਲੋਕਾਂ ਨੂੰ ਆਗਾਹ ਕਰਦੇ ਹਨ ਕਿ ਅਜੀਬ ਤਮਾਸ਼ਾ ਹੈ, ਪੰਡਿਤ ਆਪ ਤਾਂ ਅਕਲ ਦਾ ਅੰਨ੍ਹਾ ਹੈ ਭਾਵ ਅਗਿਆਨੀ ਹੈ ਪਰ ਆਪਣਾ ਨਾਮ ਉਸ ਨੇ ਸਿਆਣਾ (ਪੰਡਿਤ) ਰਖਾਇਆ ਹੋਇਆ ਹੈ,

ਤਗੁ ਨ ਇੰਦ੍ਰੀ ਤਗੁ ਨ ਨਾਰੀ॥
ਭਲਕੇ ਥੁਕ ਪਵੈ ਨਿਤ ਦਾੜੀ॥
(ਪੰਨਾ ੪੭੧)

# ਠਾਢਿ ਪਾਈ ਕਰਤਾਰੇ

## ਗੁਰਬਾਣੀ ਗਿਆਨ

**ਸੋਰਠਿ ਮਹਲਾ ੫**
ਠਾਢਿ ਪਾਈ ਕਰਤਾਰੇ॥
ਤਾਪੁ ਛੋਡਿ ਗਇਆ ਪਰਵਾਰੇ॥
ਗੁਰਿ ਪੂਰੈ ਹੈ ਰਾਖੀ॥
ਸਰਣਿ ਸਚੇ ਕੀ ਤਾਕੀ॥
ਪਰਮੇਸਰੁ ਆਪਿ ਹੋਆ ਰਖਵਾਲਾ॥
ਸਾਂਤਿ ਸਹਜ ਸੁਖ ਖਿਨ ਮਹਿ ਉਪਜੇ
ਮਨੁ ਹੋਆ ਸਦਾ ਸੁਖਾਲਾ॥ਰਹਾਉ॥
ਹਰਿ ਹਰਿ ਨਾਮੁ ਦੀਓ ਦਾਰੂ॥
ਤਿਨਿ ਸਗਲਾ ਰੋਗੁ ਬਿਦਾਰੂ॥
ਅਪਣੀ ਕਿਰਪਾ ਧਾਰੀ॥
ਤਿਨਿ ਸਗਲੀ ਬਾਤ ਸਵਾਰੀ॥
ਪ੍ਰਭਿ ਅਪਨਾ ਬਿਰਦੁ ਸਮਾਰਿਆ॥
ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥
ਗੁਰ ਕਾ ਸਬਦੁ ਭਇਓ ਸਾਖੀ॥
ਤਿਨਿ ਸਗਲੀ ਲਾਜ ਰਾਖੀ॥
ਬੋਲਾਇਆ ਬੋਲੀ ਤੇਰਾ॥
ਤੂ ਸਾਹਿਬੁ ਗੁਣੀ ਗਹੇਰਾ॥
ਜਪਿ ਨਾਨਕ ਨਾਮੁ ਸਚੁ ਸਾਖੀ॥
ਅਪੁਨੇ ਦਾਸ ਕੀ ਪੈਜ ਰਾਖੀ॥

ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਹਨ, ਹੇ ਭਾਈ! ਜਿਸ ਜੀਵ ਦੇ ਅੰਦਰ ਉਸ ਮਾਲਕ ਪ੍ਰਭੂ ਨੇ ਠੰਢ ਵਰਤਾ ਦਿੱਤੀ ਤਾਂ ਫਿਰ ਉਸ ਜੀਵ ਦੇ ਗਿਆਨ ਰੂਪੀ ਇੰਦਰੀਆਂ ਪਰਿਵਾਰ ਨੂੰ ਵਿਕਾਰਾਂ ਦਾ ਤਾਪ ਛੱਡ ਕੇ ਤੁਰ ਜਾਂਦਾ ਹੈ। ਜਿਸ ਜੀਵ ਦੀ ਪੂਰੇ ਗੁਰੂ ਨੇ ਮਿਹਰਾਂ ਵਿਚ ਆ ਕੇ ਲਾਜ ਰੱਖ ਲਈ, ਉਸ ਨੇ ਫਿਰ ਸਦਾ ਹੀ ਅਟੱਲ ਅਤੇ ਅਡੋਲ ਮਿਹਰਵਾਨ ਪ੍ਰਭੂ ਦੇ ਚਰਨਾਂ ਦਾ ਓਟ ਆਸਰਾ ਤਕ ਲਿਆ।

ਪਰਮੇਸਰੁ ਆਪਿ ਹੋਆ ਰਖਵਾਲਾ॥
ਸਾਂਤਿ ਸਹਜ ਸੁਖ ਖਿਨ ਮਹਿ ਉਪਜੇ
ਮਨੁ ਹੋਆ ਸਦਾ ਸੁਖਾਲਾ॥ਰਹਾਉ॥

ਰਹਾਉ ਦੀ ਪੰਕਤੀ ਵਿਚ ਗੁਰਦੇਵ ਜੀ ਆਖਦੇ ਹਨ, ਉਹ ਮਿਹਰਵਾਨ ਪ੍ਰਭੂ ਜੀ ਮਿਹਰਾਂ ਵਿਚ ਆ ਕੇ ਜਿਸ ਜੀਵ ਦਾ ਆਪ ਰਖਵਾਲਾ ਬਣ ਜਾਂਦਾ ਹੈ; ਉਸ ਵਡਭਾਗੇ ਜੀਵ ਦੇ ਅੰਦਰ ਇਕ ਛਿਣ ਵਿਚ ਹੀ ਮਾਲਕ ਦੀ ਮਿਹਰ ਸਦਕਾ ਆਤਮਿਕ ਅਡੋਲਤਾ, ਸੁਖ ਅਤੇ ਸ਼ਾਂਤੀ ਪੈਦਾ ਹੋ ਜਾਂਦੇ ਹਨ ਅਤੇ ਮਨੁ ਹੋਆ ਸਦਾ ਸੁਖਾਲਾ, ਫਿਰ ਉਸ ਜੀਵ ਦਾ ਮਨ ਕਦੀ ਭਟਕਦਾ ਨਹੀਂ ਸਦਾ ਵਾਸਤੇ ਹੀ ਸੁਖੀ ਹੋ ਜਾਂਦਾ ਹੈ।

ਹਰਿ ਹਰਿ ਨਾਮੁ ਦੀਓ ਦਾਰੂ॥
ਤਿਨਿ ਸਗਲਾ ਰੋਗੁ ਬਿਦਾਰੂ॥
ਅਪਣੀ ਕਿਰਪਾ ਧਾਰੀ॥
ਤਿਨਿ ਸਗਲੀ ਬਾਤ ਸਵਾਰੀ॥

ਹੁਣ ਗੁਰਦੇਵ ਜੀ ਜੀਵ ਦੇ ਅੰਦਰ ਵਸੇ ਹੋਏ ਵਿਕਾਰਾਂ ਦੀ ਗੱਲ ਕਰ ਰਹੇ ਹਨ, ਹੇ ਭਾਈ! ਗੁਰੂ ਨੇ ਜਿਸ ਜੀਵ ਦੇ ਵਿਕਾਰਾਂ ਰੂਪੀ ਰੋਗਾਂ ਦਾ ਇਲਾਜ ਕਰਨ ਲਈ ਉਸ ਨੂੰ ਹਰੀ ਪ੍ਰਭੂ ਦੇ ਨਾਮ ਦੀ ਦਵਾਈ ਦਿੱਤੀ; ਤਿਨਿ ਸਗਲਾ ਰੋਗੁ ਬਿਦਾਰੂ, ਤਾਂ ਉਸ ਨਾਮ ਰੂਪੀ ਦਿਵਾਈ ਨੇ ਜੀਵ ਦੇ ਅੰਦਰੋਂ ਸਾਰੇ ਵਿਕਾਰਾਂ ਰੂਪੀ ਰੋਗ ਖ਼ਤਮ ਕਰ ਦਿੱਤੇ; ਅਪਣੀ ਕਿਰਪਾ ਧਾਰੀ, ਜਦੋਂ ਮਿਹਰਵਾਨ ਪ੍ਰਭੂ ਨੇ ਜੀਵ ਤੇ ਆਪਣੀ ਕ੍ਰਿਪਾ ਕੀਤੀ ਤਾਂ ਉਸ ਜੀਵ ਨੇ ਆਪਣਾ ਸਾਰਾ ਜੀਵਨ ਸੰਵਾਰ ਲਿਆ।

ਪ੍ਰਭਿ ਅਪਨਾ ਬਿਰਦੁ ਸਮਾਰਿਆ॥
ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥
ਗੁਰ ਕਾ ਸਬਦੁ ਭਇਓ ਸਾਖੀ॥
ਤਿਨਿ ਸਗਲੀ ਲਾਜ ਰਾਖੀ॥

ਹੇ ਭਾਈ! ਉਹ ਮਿਹਰਵਾਨ ਪ੍ਰਭੂ ਤਾਂ ਆਪਣੇ ਦਰ ਡਿਗਿਆਂ ਨੂੰ ਸਦਾ ਹੀ ਗਲ ਨਾਲ ਲਾਉਂਦਾ ਹੈ, ਕਿਉਂਕਿ ਉਸ ਦਾ ਸੁਭਾਓ ਸ਼ੁਰੂ ਤੋਂ ਹੀ ਐਸਾ ਹੈ; ਉਹ ਮਾਲਕ ਦਰ ਉਤੇ ਡਿਗੇ ਜੀਵਾਂ ਦੇ ਗੁਣਾਂ ਜਾਂ ਅਉਗਣਾਂ ਨੂੰ ਵੀ ਯਾਦ ਨਹੀਂ ਰੱਖਦਾ। ਗੁਰ ਕਾ ਸਬਦੁ ਭਇਓ ਸਾਖੀ, ਪ੍ਰਭੂ ਦੀ ਕਿਰਪਾ ਸਦਕਾ ਜਿਸ ਜੀਵ ਦੇ ਅੰਦਰ ਗੁਰੂ ਦਾ ਸ਼ਬਦ ਵੱਸ ਗਿਆ; ਤਿਨਿ ਸਗਲੀ ਲਾਜ ਰਾਖੀ, ਫਿਰ ਗੁਰੂ ਦੇ ਸ਼ਬਦ ਨੇ ਜੀਵ ਦੀ ਲਾਜ ਰੱਖ ਲਈ।

ਬੋਲਾਇਆ ਬੋਲੀ ਤੇਰਾ॥
ਤੂ ਸਾਹਿਬੁ ਗੁਣੀ ਗਹੇਰਾ॥
ਜਪਿ ਨਾਨਕ ਨਾਮੁ ਸਚੁ ਸਾਖੀ॥
ਅਪੁਨੇ ਦਾਸ ਕੀ ਪੈਜ ਰਾਖੀ॥

ਗੁਰਦੇਵ ਆਖ ਰਹੇ ਹਨ, ਹੇ ਪ੍ਰਭੂ ਤੂੰ ਸਾਡਾ ਮਾਲਕ ਹੈਂ, ਗੁਣਾਂ ਦਾ ਖ਼ਜ਼ਾਨਾ ਹੈਂ, ਵੱਡੇ ਜਿਗਰੇ ਵਾਲਾ ਹੈਂ, ਪ੍ਰਭੂ ਜਦੋਂ ਤੂੰ ਬੋਲਣ ਲਈ ਮਿਹਰ ਕਰਦਾ ਹੈਂ, ਮੈਂ ਉਦੋਂ ਹੀ ਬੋਲਦਾ ਹਾਂ। ਤੇਰੀ ਸਿਫਤ ਕਰ ਕੇ ਪ੍ਰਸੰਨ ਹੁੰਦਾ ਹਾਂ; ਜਪਿ ਨਾਨਕ ਨਾਮੁ ਸਚੁ ਸਾਖੀ, ਹੇ ਨਾਨਕ! ਉਹ ਸੱਚਾ ਪਰਮੇਸ਼ਰ ਜੋ ਸਦਾ ਹੀ ਅਟੱਲ ਰਹਿਣ ਵਾਲਾ ਹੈ, ਉਸ ਦਾ ਨਾਮ ਜਪਿਆ ਕਰ, ਕਿਉਂਕਿ ਉਹ ਜਗਤ ਦਾ ਮਾਲਕ ਪ੍ਰਭੂ ਜੀ ਆਪਣੇ ਦਾਸ ਸੇਵਕ ਦੀ ਸਦਾ ਹੀ ਪੈਜ ਰੱਖਦਾ ਆਇਆ ਹੈ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

# ਹਿੰਦੂ ਸਮਰਾਜਵਾਦ ਦਾ ਇਤਿਹਾਸ-ਇਕ ਵਿਸ਼ਲੇਸ਼ਣ

ਸਾਈਕਲ ਉਪਰ ਗਲੋਬ ਦਾ ਚੱਕਰ ਲਾਉਂਦੇ ਸੋਢੀ ਸੁਲਤਾਨ ਸਿੰਘ ਨੇ 'ਹਿੰਦੂ ਸਾਮਰਾਜ ਦਾ ਇਤਿਹਾਸ' ਸਵਾਮੀ ਧਰਮ ਤੀਰਥ ਦੀ ਕਿਤਾਬ History of Hindu Imperialism ਦੇ ਅਨੁਵਾਦ ਵਜੋਂ ਛਪਵਾਈ ਹੈ। ਸਵਾਮੀ ਜੀ ਜਾਤ ਦੇ ਮੈਮਨ ਬ੍ਰਾਹਮਣ, ਵਕੀਲ, ਵੱਡੇ ਵਿਦਵਾਨ ਸਨ ਤੇ ਭਾਰਤ ਦੀ ਦਸ਼ਾ ਪਰਖਣ ਨਿਰਖਣ ਲਈ ਬ੍ਰਿਟਿਸ਼ ਇੰਡੀਆ ਦੇ ਪਿੰਡਾਂ ਸ਼ਹਿਰਾਂ ਤੱਕ ਘੁੰਮਦੇ ਰਹੇ ਇਸ ਕਰਕੇ ਉਨ੍ਹਾਂ ਨੇ ਸੁਣੇ ਸੁਣਾਏ ਨਿਰਣੇ ਨਹੀਂ ਦਿੱਤੇ। ਉਹ ਜਾਤਪਾਤ ਦੀ ਅਪਮਾਨਜਨਕ ਲਾਇਲਾਜ ਬਿਮਾਰੀ ਤੋਂ ਏਨੇ ਉਦਾਸ ਹੋਏ ਕਿ 34 ਸਾਲ ਦੀ ਉਮਰ ਵਿਚ ਬੋਧ ਸੰਘ ਵਿਚ ਚਲੇ ਗਏ ਤੇ ਭਿਖਸ਼ੂ ਦਾ ਜੀਵਨ ਨਿਬਾਹਿਆ। ਸਨਾਤਨੀ

ਹਰਪਾਲ ਸਿੰਘ ਪੰਨੂ
ਫੋਨ: 91-94642- 51454

ਬ੍ਰਾਹਮਣ, ਮੈਮਨਾ ਨੂੰ ਸ਼ੂਦਰ ਬ੍ਰਾਹਮਣ ਆਖਦੇ ਸਨ। ਅੰਗਰੇਜ਼ੀ ਵਿਚ ਇਹ ਕਿਤਾਬ 1941 ਵਿਚ ਲਾਹੌਰੋਂ ਪਹਿਲੀ ਵਾਰ ਛਪੀ ਸੀ, ਦੂਜੀ ਵਾਰ 1992 ਕੇਰਲਾ ਵਿਚ ਛਪੀ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਭਾਰਤ ਦੀ ਸਮਕਾਲੀ ਦਸ਼ਾ ਅਤੇ ਭਵਿੱਖ ਬਾਰੇ ਕੀਤੀਆਂ ਪੇਸ਼ੀਨਗੋਈਆਂ ਗੰਭੀਰ ਹਨ।

ਇਸ ਕਿਤਾਬ ਦੀ ਕੇਂਦਰੀ ਸੁਰ ਸਨਾਤਨੀ ਵਰਣਾਸ਼ਰਮ ਅਤੇ ਜਾਤਪਾਤ ਵਿਵਸਥਾ ਦਾ ਵਿਰੋਧ ਹੈ। ਸ਼ੂਦਰ ਦੂਹਰੀ ਗੁਲਾਮੀ ਦੇ ਸ਼ਿਕਾਰ ਸਨ, ਸਿਆਸੀ ਤੌਰ 'ਤੇ ਵਿਦੇਸ਼ੀ ਹਕੂਮਤਾਂ ਦੇ ਗੁਲਾਮ ਤੇ ਸਮਾਜਕ ਤੌਰ 'ਤੇ ਬ੍ਰਾਹਮਣਾਂ ਦੇ ਗੁਲਾਮ। ਬ੍ਰਾਹਮਣ ਦੇ ਨੀਤੀ ਸ਼ਾਸਤਰ ਅਨੁਸਾਰ ਹਰੇਕ ਦੋਸ਼ੀ ਨੂੰ ਉਸ ਦੇ ਵਰਣ ਅਨੁਸਾਰ ਸਜ਼ਾ ਮਿਲਦੀ ਸੀ ਜਿਸ ਵਿਚ ਬ੍ਰਾਹਮਣ ਅਕਸਰ ਬਰੀ ਰਹਿੰਦਾ ਸੀ ਤੇ ਸਭ ਤੋਂ ਕਰੂਰ ਸਜ਼ਾ ਦਲਿਤ ਨੂੰ ਮਿਲਦੀ। ਅੰਗਰੇਜ਼ਾਂ ਨੇ ਭਾਰਤ 'ਤੇ ਹਕੂਮਤ ਕਾਇਮ ਕੀਤੀ ਤਾਂ ਬ੍ਰਾਹਮਣ ਪੜ੍ਹਿਆ ਲਿਖਿਆ ਵਰਗ ਹੋਣ ਕਰਕੇ ਨੌਕਰੀਆਂ 'ਤੇ ਲੱਗਾ, ਅੰਗਰੇਜ਼ਾਂ ਦਾ ਸਲਾਹਕਾਰ ਹੋ ਗਿਆ। ਅੰਗਰੇਜ਼ਾਂ ਪਾਸੋਂ ਮੰਗ ਹੋਈ ਕਿ ਭਾਰਤੀ ਧਾਰਮਿਕ ਪਰੰਪਰਾਵਾਂ ਅਨੁਸਾਰ ਨਿਆਂ ਪ੍ਰਣਾਲੀ ਨਿਸ਼ਚਿਤ ਕੀਤੀ ਜਾਵੇ।

ਅੰਗਰੇਜ਼ ਹੈਰਾਨ ਹੋ ਗਏ ਕਿ ਅਜਿਹਾ ਦੇਸ਼ ਵੀ ਹੈ ਜਿਥੇ ਜਨਮ ਤੋਂ ਹੀ ਕੋਈ ਉਚ ਹੈ, ਕੋਈ ਨੀਚ! ਪਰ ਉਨ੍ਹਾਂ ਨੇ ਅਜਿਹੀਆਂ ਸਿਵਲ ਅਦਾਲਤਾਂ ਕਾਇਮ ਕਰ ਦਿੱਤੀਆਂ ਜਿਥੇ ਉਚੀਆਂ ਜਾਤਾਂ ਦੇ ਬੰਦੇ ਜੱਜ ਬਣੇ। ਨੀਵੀਂ ਜਾਤ ਦੇ ਬੰਦੇ ਨੂੰ ਮਿਸਾਲੀ ਸਜ਼ਾ ਮਿਲਦੀ, ਉਹ ਸੋਚਣ ਲਗਦਾ, ਇਸ ਨਾਲੋਂ ਤਾਂ ਅੰਗਰੇਜ਼ ਪੁਲਿਸ ਫੜ ਲੈਂਦੀ ਤਾਂ ਬਚਾਅ ਹੋ ਜਾਂਦਾ। ਅੰਗਰੇਜ਼ਾਂ ਨੂੰ ਇਹ ਸਿਸਟਮ ਫਿੱਟ ਲੱਗਿਆ ਕਿਉਂਕਿ ਇਸ ਨਾਲ ਸਮਾਜ ਵਿਚ ਸਥਾਈ ਫੁੱਟ ਪਈ ਰਹਿੰਦੀ। ਧਰਮ ਤੀਰਥ ਦਾ ਵਾਕ ਹੈ, "ਸਦੀਆਂ ਦਰ ਸਦੀਆਂ ਅਸੀਂ ਆਤਮ ਤਿਆਗ ਦੀ ਜ਼ਿੰਦਗੀ ਗੁਜ਼ਾਰੀ ਹੈ। ਲੰਮੇ ਅਰਸੇ ਦੌਰਾਨ ਜਿਹੜਾ ਦਮਨਕਾਰੀ ਲੋਹਾ ਅਸੀਂ ਚਿਥ ਚਿਥ ਨਿਗਲਿਆ, ਸਾਡੇ ਸਰੀਰਾਂ ਵਿਚ ਰਚ ਕੇ ਹੁਣ ਉਸ ਨੇ ਹੱਡੀਆਂ ਤੋੜਨੀਆਂ ਸ਼ੁਰੂ ਕਰ ਦਿੱਤੀਆਂ ਹਨ। ਭੁਲ ਜਾਣ ਦੀ ਜਿਸ ਹਾਲਤ ਵਿਚ ਘਿਰ ਗਏ ਹਾਂ, ਉਸ ਨੂੰ ਯਾਦ ਕਰਕੇ ਸਾਡਾ ਸਿਰ ਚਕਰਾਉਣ ਲਗਦਾ ਹੈ। ਬ੍ਰਾਹਮਣਵਾਦ ਨੇ ਆਪੇ ਤਾਸ਼ ਦੇ ਪੱਤੇ ਬਣਾਏ, ਆਪੇ ਖੇਡ ਦੇ ਨਿਯਮ ਨਿਸ਼ਚਿਤ ਕਰਕੇ ਆਪਣੇ ਫਲਸਫੇ ਅਤੇ ਨੈਤਿਕ ਸ਼ਾਸਤਰ ਦੇ ਪੱਤੇ ਸਾਡੇ ਅੱਗੇ ਲਿਆ ਖਲਾਰੇ।"

"ਹੁਣ ਕੁਝ ਹਿੰਦੂ ਸੁਧਾਰਕ, ਮੂਰਤੀ ਪੂਜਾ ਅਤੇ ਕਰਮਕਾਂਡਾਂ ਦੀ ਆਲੋਚਨਾ ਕਰ ਰਹੇ ਹਨ ਕਿਉਂਕਿ ਇਨ੍ਹਾਂ ਚੀਜ਼ਾਂ ਸਦਕਾ ਬ੍ਰਾਹਮਣਵਾਦ ਦੁਨੀਆਂ ਅੱਗੇ ਝੂਠਾ ਤੇ ਭਿਅੰਕਰ ਪੇਸ਼ ਹੋਇਆ ਜਿਸ ਦੇ ਮਨ ਵਿਚ ਦੂਜੇ ਲਈ ਤਰਸ ਜਾਂ ਹਮਦਰਦੀ ਉਕਾ ਨਹੀਂ। ਜੇ ਕਦੀ ਜਿੱਤ ਦੀ ਦੇਵੀ ਰੂੜੀਵਾਦੀ ਹਿੰਦੂ ਭਗਤਾਂ ਸਾਹਮਣੇ ਇਕ ਹੱਥ ਵਿਚ ਸਵਰਾਜ ਤੇ ਦੂਜੇ ਵਿਚ ਬ੍ਰਾਹਮਣਵਾਦ ਲੈ ਕੇ ਆਈ ਤਾਂ ਭਾਰਤ ਆਪਣੀ ਮੌਤ ਦੀ ਅੰਤਿਮ ਯਾਤਰਾ ਵਲ ਤੁਰ ਪਏਗਾ। ਬ੍ਰਿਟਿਸ਼ ਸਾਮਰਾਜ ਵਿਚ ਕੇਵਲ ਅੰਗਰੇਜ਼ ਨਹੀਂ ਹਨ, ਅਨੇਕ ਭਾਰਤੀ ਵੀ ਇਸ ਦੇ ਸਮਰਥਕ ਹਨ ਪਰ ਬ੍ਰਾਹਮਣਵਾਦੀ ਸਾਮਰਾਜ ਵਿਚ ਬ੍ਰਾਹਮਣ ਤੋਂ ਬਿਨਾ ਹੋਰ ਕੋਈ ਸ਼ਾਮਲ ਨਹੀਂ ਹੋ ਸਕੇਗਾ।"

ਸਿੰਧ ਵਾਦੀ ਦੇ ਪ੍ਰਾਚੀਨ ਆਰੀਆ, ਕਰਮ ਕਾਂਡ ਤੋਂ ਉਕਾ ਅਨਜਾਣ ਸਨ। ਉਹ ਘਰ ਗ੍ਰਹਿਸਥੀ ਵਸਾਉਂਦੇ, ਖੇਤੀ ਕਰਦੇ ਪਸ਼ੂ ਪਾਲਦੇ ਤੇ ਗੀਤ ਗਾਉਂਦੇ। ਉਨ੍ਹਾਂ ਵਿਚ ਜੇ ਕੋਈ ਨੁਕਸ ਸੀ, ਉਹ ਇਹ ਕਿ ਸ਼ਰਾਬ ਵਧੀਕ ਪੀਂਦੇ ਸਨ ਤੇ ਇਸ ਨੂੰ ਪਵਿੱਤਰ ਸੋਮ ਰਸ ਕਹਿੰਦੇ ਸਨ। ਇਹੀ ਗ੍ਰਹਿਸਥੀ ਢਲਦੀ ਉਮਰੇ ਬੱਚਿਆਂ ਨੂੰ ਵਿਦਿਆ ਦੇਣ ਲਗਦੇ ਤੇ ਇਹੀ ਥਾਂ ਗੁਰੂਕੁਲ ਆਸ਼ਰਮ ਹੋ ਜਾਂਦਾ। ਸੇਵਾ ਸਫਾਈ ਦਾ ਕੰਮ ਕਰਦੇ ਬੱਚੇ ਸ਼ੂਦਰ ਸਮਝੋ, ਗ੍ਰਹਿਸਥ ਜੀਵਨ ਬਿਤਾਉਂਦੇ ਵੈਸ਼, ਸ਼ਿਕਾਰ ਖੇਡਦੇ, ਗਵਾਂਢੀ ਕਬੀਲਿਆਂ ਨਾਲ ਲੜਦੇ ਤਾਂ ਖੱਤਰੀ ਤੇ ਇਨ੍ਹਾਂ ਵਿਚੋਂ ਵਡੇਰਾ ਵਿਦਿਆ ਦੇਣ ਲਗਦਾ ਉਹ ਬ੍ਰਾਹਮਣ ਹੁੰਦਾ। ਇਕੋ ਬੰਦਾ ਸਭ ਜ਼ਿੰਮੇਵਾਰੀਆਂ ਨਿਭਾਉਂਦਾ।

ਲੇਖਕ ਰਾਵਣ ਦਾ ਜ਼ਿਕਰ ਕਰਦਿਆਂ ਲਿਖਦਾ ਹੈ, "ਰਾਵਣ ਦੀ ਕੈਦ ਵਿਚ ਰਾਣੀ ਸੀਤਾ ਬੇਵਸ ਜਰੂਰ ਹੈ ਪਰ ਉਸ ਨੂੰ ਜਾਨ ਦਾ ਕੋਈ ਖਤਰਾ ਨਹੀਂ, ਉਸ ਦਾ ਸਤਿਕਾਰ ਅਤੇ ਸਹੂਲਤਾਂ ਬਰਕਰਾਰ ਹਨ, ਛੁਹਣਾ ਤਾਂ ਕੀ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਦੂਜੇ ਪਾਸੇ ਮਹਾਂਭਾਰਤ ਦੀ ਤੇਜੱਸਵੀ ਰਾਣੀ ਦ੍ਰੋਪਤੀ ਜੂਏ ਵਿਚ ਹਾਰ ਦਿੱਤੀ ਜਾਂਦੀ ਹੈ, ਭਰੇ ਦਰਬਾਰ ਵਿਚ ਬੇਇੱਜ਼ਤ ਹੁੰਦੀ ਹੈ। ਤਾਂ ਵੀ ਰਾਵਣ ਦੈਂਤ ਹੈ ਤੇ ਪਾਂਡਵ ਪੂਜਨੀਕ।"

ਆਰੀਆ ਲੋਕਾਂ ਦੀਆਂ ਔਰਤਾਂ ਆਜ਼ਾਦ ਸਨ, ਮਰਜ਼ੀ ਨਾਲ ਵਰ ਚੁਣਦੀਆਂ। ਬ੍ਰਾਹਮਣਵਾਦ ਨੇ ਪਹਿਲਾਂ ਵਰਣਾਂ ਨੂੰ ਆਪਣੇ ਅਧੀਨ ਕੀਤਾ, ਫਿਰ ਔਰਤ ਨੂੰ ਕਾਬੂ ਕਰਨ ਲਈ ਬਾਲ ਵਿਆਹ ਦੀ ਰਸਮ ਤੇ ਪਤੀ ਮਰ ਜਾਣ ਤੇ ਸਤੀ ਦੀ ਰਸਮ ਕਾਇਮ ਕਰਨ ਨਾਲ ਉਹ ਪੂਰੀ ਤਰ੍ਹਾਂ ਤਬਾਹ ਹੋਈ। ਔਰਤ ਅਤੇ ਸ਼ੂਦਰ ਦਾ ਇਕੋ ਰੁਤਬਾ ਤੈਅ ਕਰ ਦਿੱਤਾ ਗਿਆ।

ਢਾਈ ਹਜ਼ਾਰ ਸਾਲ ਪਹਿਲਾਂ ਮਹਾਤਮਾ ਬੁੱਧ ਨੇ ਬ੍ਰਾਹਮਣਵਾਦ ਉਪਰ ਕਰਾਰੀ ਸੱਟ ਮਾਰੀ। ਪੁਰੋਹਤ ਵਰਗ ਖਤਮ ਹੋਇਆ, ਵਰਣ ਵਿਵਸਥਾ ਰੱਦ ਹੋਈ, ਲੋਕਾਂ ਨੇ ਦੇਰ ਬਾਦ ਹਮਦਰਦੀ, ਪਿਆਰ ਅਤੇ ਬਰਾਬਰੀ ਦਾ ਮਾਹੌਲ ਮਾਣਿਆਂ। ਨੀਵੀਆਂ ਜਾਤੀਆਂ ਵਾਲੇ ਲੋਕਾਂ ਨੇ ਗ੍ਰੰਥ ਰਚੇ ਤੇ ਮਹਾਨ ਪ੍ਰਚਾਰਕ ਹੋਏ। ਸਮਰਾਟ ਅਸ਼ੋਕ, ਚੰਦਰਗੁਪਤ, ਵਿਕਰਮਾਦਿੱਤ, ਹਰਸ਼ਵਰਧਨ ਅਤੇ ਕਨਿਸ਼ਕ ਵਰਗੇ ਪ੍ਰਤਾਪੀ ਮਹਾਰਾਜਿਆਂ ਨੇ ਪਰਜਾ ਨੂੰ ਇਨਸਾਫ ਦਿੱਤਾ, ਸੁਰੱਖਿਆ ਅਤੇ ਸ਼ਾਂਤੀ ਦਿੱਤੀ। ਨਾਲੰਦਾ ਅਤੇ ਤਕਸ਼ਿਲਾ ਵਰਗੇ ਵਿਸ਼ਵਵਿਦਿਆਲੇ ਸਥਾਪਤ ਹੋਏ ਜਿਨ੍ਹਾਂ ਦੇ ਆਦਰਸ਼ ਸਨ, ਗੁੱਸੇ ਨੂੰ ਮਾਫੀ ਨਾਲ ਜਿੱਤੋ, ਬਦਕਾਰੀ ਨੂੰ ਸਦਾਚਾਰ ਨਾਲ ਜਿੱਤੋ, ਕੰਜੂਸ ਨੂੰ ਦਰਿਆਦਿਲੀ ਤੇ ਝੂਠ ਨੂੰ ਸੱਚ ਨਾਲ ਜਿੱਤੋ।

ਪਰ ਹੌਲੀ ਹੌਲੀ ਬ੍ਰਾਹਮਣ, ਬੁੱਧਮੱਤ ਅੰਦਰ ਵੀ ਚਲੇ ਗਏ। ਧਰਮ ਤੀਰਥ ਦਾ ਵਾਕ ਹੈ, "ਸਮਰਾਟ ਅਸ਼ੋਕ ਦੀ ਸਟੇਟ ਵਿਚ ਬ੍ਰਾਹਮਣ ਸਰਕਾਰੀ ਮਸ਼ੀਨਰੀ ਨੂੰ ਉਸੇ ਤਰ੍ਹਾਂ ਕੰਟਰੋਲ ਕਰ ਰਹੇ ਸਨ ਜਿਵੇਂ ਹੁਣ ਬਰਤਾਨਵੀਂ ਹਕੂਮਤ ਵਿਚ ਕਾਬਜ਼ ਹਨ।"

ਲੇਖਕ ਦਸਦਾ ਹੈ ਕਿ ਮੁਸਲਮਾਨਾਂ ਦੀ ਭਾਰਤ ਵਿਚ ਹਕੂਮਤ ਕਾਇਮ ਹੋਈ ਤਾਂ ਉਨ੍ਹਾਂ ਨੇ ਇਥੇ ਵਸਦੇ ਸਾਰੇ ਲੋਕਾਂ ਨੂੰ ਹਿੰਦੂ ਕਹਿਣਾ ਸ਼ੁਰੂ ਕਰ ਦਿੱਤਾ ਜਦੋਂ ਕਿ ਵੱਡੀ ਗਿਣਤੀ ਗ਼ੈਰ ਹਿੰਦੂ ਸੀ ਖਾਸ ਕਰਕੇ ਪਹਾੜੀ ਤੇ ਜਾਂਗਲੀ ਕਬੀਲੇ। ਸਟੇਟ ਅਨੁਸਾਰ ਹਰੇਕ ਗ਼ੈਰ ਮੁਸਲਿਮ ਭਾਰਤੀ, ਹਿੰਦੂ ਹੋ ਗਿਆ ਜਦੋਂ ਕਿ ਇਹ ਲਫਜ਼ ਧਰਮ ਦਾ ਨਹੀਂ ਸਥਾਨ ਦਾ ਸੂਚਕ ਸੀ ਜੋ ਸਿੰਧੂ ਤੋਂ ਉਂਵੇ ਹਿੰਦੂ ਹੋ ਗਿਆ ਜਿਵੇਂ ਸਪਤਾਹ ਤੋਂ ਹਫਤਾ, ਕੋਸ ਤੋਂ ਕੋਹ।

"ਬ੍ਰਾਹਮਣਾਂ ਦੇ ਪਾਪਾਂ ਬਦਲੇ ਉਨ੍ਹਾਂ ਨੂੰ ਦੰਡ ਵਜੋਂ ਸਜ਼ਾ ਆਕਾਸ਼ੀ ਬਿਜਲੀ ਵਾਂਗ ਭਿਆਨਕ ਰੂਪ ਵਿਚ ਆਈ। ਜਿਥੇ ਜਿਥੇ ਬ੍ਰਾਹਮਣਵਾਦ ਨੇ ਸਿਰ ਚੁੱਕਣ ਦੀ ਕੋਸ਼ਿਸ਼ ਕੀਤੀ, ਐਨ ਢੁਕਵੀਂ ਸਜ਼ਾ ਮਿਲੀ। ਪਹਿਲੋਂ ਉਤਰ ਵਿਚ, ਫਿਰ ਮੱਧ ਭਾਰਤ ਵਿਚ, ਫਿਰ ਦੱਖਣ ਵਿਚ ਬੁਰੀ ਮਾਰ ਪਈ। ਮੰਦਰ ਢਾਹ ਦਿੱਤੇ, ਮੂਰਤੀਆਂ ਦੇ ਟੁਕੜੇ ਬਖੇਰ ਦਿੱਤੇ, ਮੰਦਰਾਂ ਦੇ ਖਜ਼ਾਨੇ ਲੁੱਟ ਲਏ।"

ਸ਼ਿਵਾ ਜੀ ਨੇ ਆਪਣੀ ਤਾਜਪੋਸ਼ੀ ਮੌਕੇ ਦੇਸ਼ ਵਿਚੋਂ ਗਿਆਰਾਂ ਹਜ਼ਾਰ ਬ੍ਰਾਹਮਣਾਂ ਨੂੰ ਨਿਉਂਦਾ ਦਿੱਤਾ, ਪਰਿਵਾਰਾਂ ਸਮੇਤ ਆਏ ਤਾਂ ਗਿਣਤੀ ਪੰਜਾਹ ਹਜ਼ਾਰ ਸੀ। ਚਾਰ ਮਹੀਨਿਆਂ ਤੱਕ ਸ਼ਾਹੀ ਮਹਿਮਾਨਾਂ ਵਜੋਂ ਰਹੇ, ਸਭ ਨੂੰ ਸੋਨਾ ਅਤੇ ਨਕਦੀ ਮਿਲੀ। ਮੁੱਖ ਪੁਜਾਰੀ ਗੰਗਾ ਭੱਟ ਨੂੰ ਇਕ ਲੱਖ ਰੁਪਿਆ ਮਿਲਿਆ। ਲੱਖ ਰੁਪਿਆ ਲੈ ਕੇ ਵੀ ਗੰਗਾ ਭੱਟ, ਤਾਜਪੋਸ਼ੀ ਕਰਨ ਤੋਂ ਮੁਨਕਿਰ ਹੋ ਗਿਆ ਕਿਉਂਕਿ ਤਾਜਪੋਸ਼ੀ ਸਿਰਫ ਖੱਤਰੀ ਦੀ ਹੋ ਸਕਦੀ ਹੈ, ਸ਼ਿਵਾ ਜੀ ਖੱਤਰੀ ਨਹੀਂ ਸੀ। ਹੋਰ ਪੈਸੇ ਲੈ ਕੇ ਗ੍ਰੰਥ ਫੋਲੇ ਤੇ ਸੱਜਾ ਖੱਬਾ ਕਰਕੇ ਉਸ ਦੀ ਰਿਸ਼ਤੇਦਾਰੀ ਉਦੇਪੁਰ ਦੇ ਰਾਜਪੂਤਾਂ ਨਾਲ ਗੰਢੀ। ਸ਼ਿਵਾ ਜੀ ਨੇ ਜਨੇਊ ਪਹਿਨਣਾ ਸੀ, ਉਸ ਦੇ ਵੱਖਰੇ ਪੈਸੇ ਮੰਗੇ। ਫਿਰ ਬ੍ਰਾਹਮਣਾਂ ਨੇ ਕਿਹਾ- ਜਿਹੜੀਆਂ ਤੂੰ ਜੰਗਾਂ ਲੜਦਾ ਰਿਹਾ ਹੈਂ, ਉਨ੍ਹਾਂ ਵਿਚ ਬ੍ਰਾਹਮਣ ਵੀ ਮਰੇ। ਬ੍ਰਹਮ ਹੱਤਿਆ ਦੇ ਵੱਖਰੇ ਪੈਸੇ ਦੇਹ। ਇਸ ਸਭ ਕੁਝ ਕਰਨ ਪਿੱਛੋਂ ਵੀ ਗੰਗਾ ਭੱਟ ਨੇ ਪੈਰ ਦੇ ਅੰਗੂਠੇ ਨਾਲ ਸ਼ਿਵਾ ਜੀ ਦੇ ਮੱਥੇ 'ਤੇ ਰਾਜ-ਤਿਲਕ ਲਾਇਆ ਅਤੇ ਸ਼ੂਦਰ ਕਿਹਾ। ਸ਼ਿਵਾ ਜੀ ਦੇ ਮਨ 'ਤੇ ਸੱਟ ਲੱਗੀ, ਇਸ ਬੇਇਜ਼ਤੀ ਸਦਕਾ ਉਹ ਬ੍ਰਾਹਮਣਾਂ ਤੋਂ ਦੂਰ ਕਾਇਸਥ ਲੋਕਾਂ ਦੇ ਨੇਤਾ ਬਾਲਾ ਜੀ ਅਵਜੀ ਦੀਆਂ ਸੁਆਗਤ ਕਰਦੀਆਂ ਬਾਹਾਂ ਵਿਚ ਚਲਾ ਗਿਆ।

ਸ਼ਿਵਾ ਜੀ ਨੂੰ ਯਾਦ ਕਰਦਿਆਂ ਲੇਖਕ ਗੁਰੂ ਗੋਬਿੰਦ ਸਿੰਘ ਜੀ ਨਾਲੋਂ ਉਸ ਦਾ ਵਖਰੇਵਾਂ ਨਿਸ਼ਚਿਤ ਕਰਦਾ ਹੈ। ਸ਼ਿਵਾ ਜੀ ਬ੍ਰਾਹਮਣਵਾਦ ਵਿਚੋਂ ਨਿਕਲ ਨਾ ਸਕਿਆ ਉਸ ਤੋਂ ਉਲਟ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਵਿਚਲੇ ਸਭ ਬੰਦੇ ਬਰਾਬਰ ਐਲਾਨ ਕਰ ਦਿੱਤੇ, ਸੰਗਤ ਪੰਗਤ ਇਕ ਹੋ ਗਏ। ਪੰਜ ਸਿੰਘ ਇਕੱਠੇ ਹੋ ਕੇ ਹੁਕਮਨਾਮਾ ਜਾਰੀ ਕਰ ਸਕਦੇ ਸਨ। ਉਦਾਸ, ਬੁਝੇ ਹੋਏ ਦਿਲਾਂ ਵਿਚ ਜਾਨ ਪੈ ਗਈ। ਕਰਮਕਾਂਡੀ ਬ੍ਰਾਹਮਣ ਗੁਰੂ ਤੋਂ ਪਰੇ ਚਲੇ ਗਏ ਕਿਉਂਕਿ ਗੁਰੂ ਜੀ ਵਰਣ ਆਸ਼ਰਮ ਤੋਂ ਮੁਨਕਿਰ ਸਨ। ਗੁਰੂ ਜੀ ਨੇ ਬ੍ਰਾਹਮਣਾਂ ਨੂੰ ਖੁਸ਼ੀ ਨਾਲ ਵਿਦਾ ਕਰ ਦਿੱਤਾ ਤੇ ਗੁਮਨਾਮੀ ਦਾ ਜੀਵਨ ਗੁਜ਼ਾਰ ਰਹੇ ਸ਼ੂਦਰਾਂ, ਕਿਸਾਨਾਂ, ਪਹਾੜੀ ਕਬੀਲਿਆਂ ਨੂੰ ਸ਼ਾਮਲ ਕੀਤਾ। ਜਿਥੇ ਬੇਇਨਸਾਫੀ ਦੇਖਦੇ, ਇਹ ਯੋਧੇ ਉਥੇ ਪੁੱਜ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿੰਦੇ, ਆਪਸ ਵਿਚ ਭਰਾਵਾਂ ਵਾਂਗ ਰਹਿੰਦੇ। ਔਰਤਾਂ ਨੂੰ ਮਰਦਾਂ ਬਰਾਬਰ ਹੱਕ ਮਿਲਿਆ, ਇਕ ਰੱਬ ਵਿਚ ਵਿਸ਼ਵਾਸ, ਵਿਕਾਸ ਦੀਆਂ ਅਨੰਤ ਸੰਭਾਵਨਾਵਾਂ, ਹਰ ਮਨੁੱਖ ਨੂੰ ਮਨੁੱਖ ਹੋਣ ਦਾ ਮਾਣ।

ਪਹਿਲੋਂ ਇਸਲਾਮੀ ਹਕੂਮਤਾਂ ਪੁਜਾਰੀਆਂ ਪਾਸੋਂ ਚੜ੍ਹਾਵੇ ਦਾ ਅੱਧ ਵਸੂਲ ਕਰਦੀਆਂ ਸਨ ਪਰ ਅੰਗਰੇਜ਼ਾਂ ਨੇ ਪੁਜਾਰੀਆਂ ਦੀਆਂ ਤਨਖਾਹਾਂ ਨਿਸ਼ਚਿਤ ਕਰਕੇ ਸਾਰਾ ਪੈਸਾ ਆਪ ਰੱਖਣਾ ਸ਼ੁਰੂ ਕਰ ਦਿੱਤਾ। ਸਾਲ 1858 ਵਿਚ ਮਦਰਾਸ ਅਤੇ ਬੰਬਈ ਦੇ ਮੰਦਰਾਂ ਵਿਚੋਂ 16 ਲੱਖ ਰੁਪਏ ਅੰਗਰੇਜ਼ ਸਰਕਾਰ ਨੂੰ ਮਿਲੇ। ਹੋਰ ਨਵੀਆਂ ਮੂਰਤੀਆਂ ਅਤੇ ਮੰਦਰਾਂ ਦੀ ਉਸਾਰੀ ਵਾਸਤੇ ਸਰਕਾਰ ਨੇ 17 ਲੱਖ ਰੁਪਏ ਖਰਚੇ ਕਿਉਂਕਿ ਆਮਦਨ ਦਾ ਸਭ ਤੋਂ ਆਸਾਨ ਸਾਧਨ ਇਹੋ ਸਨ। ਘਰੋਂ ਦੂਰ ਭਾਰਤ ਵਿਚ ਰਹਿੰਦੇ ਗੋਰਿਆਂ ਦੇ ਮਨੋਰੰਜਨ ਦਾ ਕੰਮ ਵੀ ਦੇਵ ਦਾਸੀਆਂ ਰਾਹੀਂ ਪੁਜਾਰੀ ਕਰਦੇ ਸਨ।

1891 ਵਿਚ ਟਰਾਵਨਕੋਰ ਦਾ ਰਾਜਾ ਦੇਸੀ ਸੀ। ਦਸ ਹਜ਼ਾਰ ਸ਼ੂਦਰਾਂ ਨੇ ਅਰਜ਼ੀ ਦਿੱਤੀ ਕਿ ਸਾਨੂੰ ਵੀ ਨੌਕਰੀ ਦਿੱਤੀ ਜਾਵੇ ਨਹੀਂ ਤਾਂ ਅਸੀਂ ਧਰਮ ਬਦਲ ਕੇ ਈਸਾਈ ਹੋ ਜਾਵਾਂਗੇ। ਉਨ੍ਹਾਂ ਨੂੰ ਨੌਕਰੀ ਤਾਂ ਕੀ ਦੇਣੀ ਸੀ ਕਾਨੂੰਨ ਪਾਸ ਕਰ ਦਿੱਤਾ ਕਿ ਧਰਮ ਬਦਲੀ ਦੀ ਆਗਿਆ ਨਹੀਂ, ਉਹ ਹਿੰਦੂ ਧਰਮ ਵਿਚ ਰਹਿਣਗੇ, ਸ਼ੂਦਰ ਹੋ ਕੇ ਹੀ ਰਹਿਣਗੇ।

ਸਵਰਾਜ ਦੇ ਨਾਂ ਥੱਲੇ ਹਿੰਦੂ ਰਾਜ ਦੀ ਪੁਨਰ ਸਥਾਪਤੀ ਦਾ ਖਤਰਾ ਭਾਰਤ ਲਈ ਸਭ ਤੋਂ ਵੱਡੀ ਧਮਕੀ ਅਤੇ ਸਭ ਤੋਂ ਭਿਅੰਕਰ ਖਤਰਾ ਹੈ। ਵਿਦੇਸ਼ੀ ਬ੍ਰਿਟਿਸ਼ ਹਕੂਮਤ ਅਧੀਨ ਜਿਹੜੀ ਆਜ਼ਾਦੀ ਨਾਲ ਇਕ ਗ਼ੈਰ ਬ੍ਰਾਹਮਣ ਜੀਅ ਰਿਹਾ ਹੈ, ਈਮਾਨਦਾਰੀ ਨਾਲ ਆਖਿਆ ਜਾਵੇ ਅਜਿਹੀ ਬਰਾਬਰੀ ਬਾਰੇ ਹਿੰਦੂਵਾਦੀ ਸ਼ਾਸਨ ਵਿਚ ਸੋਚਿਆ ਵੀ ਨਹੀਂ ਸੀ ਜਾ ਸਕਦਾ। ਹਿੰਦੂਆਂ ਦਾ ਦਾਨ ਵੀ ਉਪਰਲੀ ਜਾਤ ਨੂੰ ਮਿਲਦਾ, ਗਰੀਬ ਅਛੂਤਾਂ ਵੱਲ ਇਸ ਗੋਲਕ ਦਾ ਮੂੰਹ ਨਹੀਂ ਖੁਲ੍ਹਦਾ।

ਪਿੰਡ ਦੇ ਨਿਕੇ ਮੰਦਰ ਦਾ ਪੁਜਾਰੀ ਹੀ ਸਕੂਲ ਦਾ ਮਾਸਟਰ ਹੈ। ਉਹ ਜਾਤਾਂ ਦੀ ਦਰਜਾ ਬੰਦੀ ਅਨੁਸਾਰ ਬ੍ਰਾਹਮਣਾਂ ਨੂੰ ਅੱਗੇ ਤੇ ਸ਼ੂਦਰਾਂ ਨੂੰ ਸਭ ਦੇ ਪਿੱਛੇ ਬਿਠਾਉਂਦਾ ਹੈ। ਸ਼ੂਦਰ ਬੱਚੇ ਸਕੂਲ ਦੀ ਸਫਾਈ ਵੀ ਕਰਨਗੇ। ਮਾਸਟਰ ਨੇ ਕਿਤੇ ਜਾਣਾ ਹੋਵੇ, ਡੰਡਾ ਬ੍ਰਾਹਮਣ ਬੱਚੇ ਦੇ ਹੱਥ ਫੜਾ ਕੇ ਆਖਦਾ ਹੈ- ਜੇ ਕੋਈ ਜਣਾ ਸ਼ਰਾਰਤ ਕਰੇ, ਉਸ ਦੀ ਜਾਤ ਦਾ ਨਾਮ ਲੈ ਕੇ ਡੰਡਾ ਮਾਰਨਾ ਹੈ। ਇਨ੍ਹਾਂ ਘਟਨਾਵਾਂ ਦੇ ਸਦਮੇ ਸਾਰੀ ਉਮਰ ਦਿਲ ਵਿਚ ਰਹਿੰਦੇ ਹਨ। ਜਾਤਾਂ ਅਨੁਸਾਰ ਵੰਡੇ ਹਿੰਦੂ ਸਮਾਜ ਦੇ ਆਪਣੇ ਪਾਟੇ ਹੋਏ ਘਰ ਕੇਵਲ ਆਪਣੀ ਫੁੱਟ ਦੇ ਭੇਤ ਨਹੀਂ ਖੋਲ੍ਹਦੇ ਸਗੋਂ ਇਹ ਸੂਹ ਵੀ ਦਿੰਦੇ ਹਨ ਕਿ ਕਿਸ ਜਾਤੀ ਨੇ ਕਿਸ ਜਾਤੀ ਖਿਲਾਫ ਲੜਾਈ ਛੇੜੀ ਹੋਈ ਹੈ ਤੇ ਕਿਸ ਜਾਤੀ ਨੇ ਕਿਸ ਜਾਤੀ ਤੋਂ ਮਾਰ ਖਾ ਕੇ ਅਗੋਂ ਕਿਸ ਜਾਤੀ ਦੇ ਦੁਆਲੇ ਹੋਣਾ ਹੈ।

ਤਰਾਵਨਕੋਰ ਅਤੇ ਕੋਚੀਨ ਦੋਵੇਂ ਗੁਆਂਢੀ ਰਿਆਸਤਾਂ ਹਿੰਦੂ ਹਨ। ਤਰਾਵਨਕੋਰ ਦੇ ਹਿੰਦੂ ਰਾਜੇ ਨੇ ਦਿਆਲੂ ਹੋ ਕੇ ਆਪਣੇ ਰਿਆਸਤ ਦੇ ਮੰਦਰਾਂ ਦੇ ਦਰਵਾਜੇ 1935 ਵਿਚ ਸਭ ਵਰਣਾਂ ਲਈ ਖੋਲ੍ਹ ਦਿੱਤੇ। ਕੋਚੀਨ ਦੇ ਕੱਟੜਪੰਥੀ ਰਾਜੇ ਨੇ ਗੁੱਸਾ ਖਾ ਕੇ ਤਰਾਵਨਕੋਰ 'ਤੇ ਫੌਜ ਚਾੜ੍ਹਦਿਆਂ ਕਿਹਾ ਕਿ ਇਨ੍ਹਾਂ ਮਲੇਛਾਂ ਨੂੰ ਕੁਚਲ ਦਿਉ। ਅੰਗਰੇਜ਼ ਸਰਕਾਰ ਨੇ ਸਖਤੀ ਕਰਦਿਆਂ ਉਸ ਨੂੰ ਮਨ੍ਹਾਂ ਕਰ ਦਿੱਤਾ ਤਾਂ ਦੂਜਾ ਮਹਾਂਭਾਰਤ ਵਾਪਰਨੋ ਟਲ ਗਿਆ।

ਲੇਖਕ ਦੀ ਕਲਮ ਤੋਂ, "ਪੁਜਾਰੀਆਂ ਨੇ ਉਹ ਸਿਰ ਆਪਣੇ ਪੈਰਾਂ ਹੇਠ ਕੁਚਲ ਦਿੱਤੇ ਜਿਹੜੇ ਉਨ੍ਹਾਂ ਦਾ ਆਦਰ ਕਰਨ ਲਈ ਉਠੇ ਸਨ, ਉਹ ਜ਼ਬਾਨਾਂ ਕੱਟ ਦਿੱਤੀਆਂ ਜਿਹੜੀਆਂ ਅਸੀਸਾਂ ਦੇਣ ਲਈ ਵਿਆਕੁਲ ਸਨ, ਉਨ੍ਹਾਂ ਘਰਾਂ ਵਿਚ ਅਗਿਆਨ ਦਾ ਅੰਧਕਾਰ ਕਰ ਦਿੱਤਾ ਜਿਹੜੇ ਘਰ ਉਨ੍ਹਾਂ ਨੂੰ ਦੇਵਤਿਆਂ ਵਾਂਗ ਪੂਜਣ ਲਈ ਤਿਆਰ ਸਨ। ਅਸੀਸਾਂ ਦੀ ਥਾਂ ਸਰਾਪ ਮਿਲੇ, ਮਦਦ ਦੀ ਥਾਂ ਕੁਚਲੇ ਗਏ, ਕੁਝ ਦੇਣ ਦੀ ਥਾਂ ਸਭ ਕੁਝ ਖੋਹਿਆ ਗਿਆ।"

ਪੰਨਾ 365: ਜਦੋਂ ਜੰਗ ਜਿੱਤ ਲਈ ਜਾਏਗੀ, ਹਕੂਮਤ ਦੀ ਤਾਕਤ ਕਾਂਗਰਸ ਦੇ ਖੱਤਰੀਆਂ ਕੋਲ ਜਾਣ ਦੀ ਥਾਂ ਹਿੰਦੂ ਸਮਰਾਜਵਾਦ ਦੇ ਅਸਲ ਮਾਲਕ ਬ੍ਰਾਹਮਣਾਂ ਦੇ ਹੱਥਾਂ ਵਿਚ ਪਹੁੰਚ ਜਾਵੇਗੀ।

ਪੰਨਾ 385: ਭਾਰਤ ਦੀ ਆਜ਼ਾਦੀ ਲਈ ਚੱਲ ਰਿਹਾ ਰਾਜਨੀਤਕ ਘੋਲ ਅਸਲ ਵਿਚ ਭਾਰਤ ਦੀ ਆਰਥਿਕਤਾ ਉਪਰ ਕਬਜ਼ਾ ਕਰਨ ਲਈ ਹੈ। ਰਾਜਨੀਤਕ ਤੌਰ 'ਤੇ ਚੇਤਨ ਲੋਕ ਗਰੀਬੀ ਦਾ ਸ਼ਿਕਾਰ ਬਾਕੀ ਲੋਕਾਂ ਤੋਂ ਵਧੇਰੇ ਹੋਏ ਹਨ। ਬਹੁਤ ਸਾਰੇ ਲਾਲਚੀ ਸਿਆਸਤਦਾਨਾਂ ਦਾ ਸਿਰਫ ਤੇ ਸਿਰਫ ਆਪਣੀ ਆਰਥਿਕ ਸਥਿਤੀ ਨੂੰ ਸੁਧਾਰਨ ਤੋਂ ਇਲਾਵਾ ਹੋਰ ਕੋਈ ਮਕਸਦ ਨਹੀਂ ਹੈ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਭਵਿੱਖ ਵਿਚ ਸਵਰਾਜ ਉਨ੍ਹਾਂ ਨੂੰ ਦੌਲਤ ਕਮਾਉਣ ਅਤੇ ਐਸ਼ ਨਾਲ ਜਿਉਣ ਦੇ ਬਿਹਤਰ ਮੌਕੇ ਦਿਵਾਏਗਾ। ਭਵਿੱਖ ਵਿਚ ਅਜਿਹੇ ਸਿਆਸਤਦਾਨ, ਸਵਰਾਜ ਦੀ ਆਪਣੇ ਆਪਣੇ ਤਰੀਕੇ ਨਾਲ ਦੁਰਵਰਤੋਂ ਕਰਨਗੇ ... ਅਜਿਹੇ ਲੀਡਰਾਂ ਨੇ ਸਮਾਜਵਾਦੀ ਹੋਣ ਦਾ ਨਕਾਬ ਵੀ ਪਹਿਨਿਆ ਹੋਇਆ ਹੈ।

ਮਹਾਤਮਾ ਗਾਂਧੀ ਤੇ ਪੰਡਿਤ ਜਵਾਹਰ ਲਾਲ ਅਨੁਸਾਰ ਮੁਲਕ ਆਜ਼ਾਦ ਹੋਏਗਾ ਤਾਂ ਸ਼ਾਂਤੀ ਹੋਵੇਗੀ ਪਰ ਉਹ ਹਰੀਜਨਾਂ ਨੂੰ ਯਕੀਨ ਨਹੀਂ ਦੁਆ ਸਕਦੇ ਕਿ ਮੰਦਰਾਂ 'ਚ ਜਾਣ ਦੀ ਆਗਿਆ ਮਿਲੇਗੀ। ਇਵੇਂ ਹੀ ਘੱਟ ਧਾਰਮਿਕ ਗਿਣਤੀਆਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਟਾਲ ਜਾਂਦੇ।

ਸਾਡੀ ਸਭ ਤੋਂ ਵੱਡੀ ਲੋੜ ਹੈ ਭਰਮ ਮੁਕਤ ਹੋਣ ਦੀ, ਕਿ ਅਸੀਂ ਸਭ ਤੋਂ ਵਧੀਆ ਹਾਂ। ਇਹੋ ਜਿਹਾ ਹੀ ਭਰਮ ਹਿਟਲਰ ਨੂੰ ਹੋ ਗਿਆ ਸੀ ਜਿਸ ਨੇ ਯੂਰਪ ਨੂੰ ਅੱਗ ਦੀ ਭੱਠੀ ਵਿਚ ਸੁੱਟ ਦਿੱਤਾ ਸੀ। ਇਹੋ ਜਿਹੇ ਖਬਤੀ ਲੋਕ ਸੱਤਾ 'ਤੇ ਕਾਬਜ਼ ਹੋ ਕੇ ਜ਼ਾਲਮ ਹੋ ਜਾਂਦੇ ਹਨ। ਬ੍ਰਾਹਮਣਵਾਦ ਇਹੋ ਕਰੇਗਾ।

> ***ਢਾਈ ਹਜ਼ਾਰ ਸਾਲ ਪਹਿਲਾਂ ਮਹਾਤਮਾ ਬੁੱਧ ਨੇ ਬ੍ਰਾਹਮਣਵਾਦ ਉਪਰ ਕਰਾਰੀ ਸੱਟ ਮਾਰੀ। ਪੁਰੋਹਤ ਵਰਗ ਖਤਮ ਹੋਇਆ, ਵਰਣ ਵਿਵਸਥਾ ਰੱਦ ਹੋਈ, ਲੋਕਾਂ ਨੇ ਦੇਰ ਬਾਦ ਹਮਦਰਦੀ, ਪਿਆਰ ਅਤੇ ਬਰਾਬਰੀ ਦਾ ਮਾਹੌਲ ਮਾਣਿਆਂ। ਨੀਵੀਆਂ ਜਾਤੀਆਂ ਵਾਲੇ ਲੋਕਾਂ ਨੇ ਗ੍ਰੰਥ ਰਚੇ ਤੇ ਮਹਾਨ ਪ੍ਰਚਾਰਕ ਹੋਏ। ਸਮਰਾਟ ਅਸ਼ੋਕ, ਚੰਦਰਗੁਪਤ, ਵਿਕਰਮਾਦਿੱਤ, ਹਰਸ਼ਵਰਧਨ ਅਤੇ ਕਨਿਸ਼ਕ ਵਰਗੇ ਪ੍ਰਤਾਪੀ ਮਹਾਰਾਜਿਆਂ ਨੇ ਪਰਜਾ ਨੂੰ ਇਨਸਾਫ ਦਿੱਤਾ, ਸੁਰੱਖਿਆ ਅਤੇ ਸ਼ਾਂਤੀ ਦਿੱਤੀ। ਨਾਲੰਦਾ ਅਤੇ ਤਕਸ਼ਿਲਾ ਵਰਗੇ ਵਿਸ਼ਵਵਿਦਿਆਲੇ ਸਥਾਪਤ ਹੋਏ ਜਿਨ੍ਹਾਂ ਦੇ ਆਦਰਸ਼ ਸਨ, ਗੁੱਸੇ ਨੂੰ ਮਾਫੀ ਨਾਲ ਜਿੱਤੋ, ਬਦਕਾਰੀ ਨੂੰ ਸਦਾਚਾਰ ਨਾਲ ਜਿੱਤੋ, ਕੰਜੂਸ ਨੂੰ ਦਰਿਆਦਿਲੀ ਤੇ ਝੂਠ ਨੂੰ ਸੱਚ ਨਾਲ ਜਿੱਤੋ।***

## ਪੁਸਤਕ ਪੜਚੋਲ

"ਕੱਟੜਪੰਥੀਆਂ ਵਾਸਤੇ ਤਾਂ ਟੈਗੋਰ ਅਤੇ ਗਾਂਧੀ ਵੀ ਨੀਵੀਆਂ ਜਾਤਾਂ ਦੇ ਅਛੂਤ ਹਨ। ਆਲ ਇੰਡੀਆ ਵਰਣ ਆਸ਼ਰਮ ਸਵਰਾਜ ਸੰਘ ਦੇ ਪ੍ਰਧਾਨ ਵਲੋਂ ਕੁੰਬਕੋਣਮ ਵਿਚ ਦਿੱਤਾ ਬਿਅਨ ਮਦਰਾਸ ਮੇਲ ਅਖਬਾਰ ਵਿਚ 22 ਮਈ 1940 ਨੂੰ ਛਪਿਆ ਹੈ, 'ਅਜਿਹੇ ਸਵਰਾਜ ਦੀ ਨਿੰਦਾ, ਵਿਰੋਧ ਕੀਤਾ ਜਾਣਾ ਚਾਹੀਦਾ ਹੈ ਜਿਹੜਾ ਜਾਤਪਾਤ ਤੋਂ ਬਗੈਰ ਹੋਵੇ। ਜਾਤੀ ਪ੍ਰਥਾ ਤੋਂ ਮੁਕਤ ਸਮਾਜ ਇੰਜ ਹੋਵੇਗਾ ਜਿਵੇਂ ਰੂਹ ਤੋਂ ਬਿਨਾ ਸ਼ਰੀਰ।' ਡਾ. ਰਾਧਾਕ੍ਰਿਸ਼ਨਨ ਵਰਗੇ ਵਿਦਵਾਨ ਜਾਤਪਾਤ ਬਾਰੇ ਆਖਦੇ ਹਨ, 'ਇਹ ਹਿੰਦੂ ਦਿਮਾਗ ਦੀ ਵਿਸ਼ਾਲ ਵਿਆਪਕ, ਸਰਵੱਗ ਭਾਵਨਾ ਤੇ ਵਿਸ਼ੇਸ਼ਤਾ ਵਾਲੇ ਮਿਸ਼ਰਣ ਦੀ ਉਦਾਹਰਣ ਹੈ ਜਿਸ ਵਿਚ ਨਸਲਾਂ ਜਾਤਾਂ ਅਤੇ ਸਭਿਆਚਾਰ ਦੇ ਸਹਿਯੋਗ ਵਿਚ ਵਿਸ਼ਵਾਸ ਹੈ।"

"ਬਰਤਾਨਵੀ ਹਕੂਮਤ ਵਿਚ ਰਹਿੰਦਿਆਂ ਸਾਰੇ ਭਾਰਤੀਆਂ ਵਿਚ ਗੁਲਾਮੀ ਦੀ ਸਾਂਝ ਤਾਂ ਘੱਟੋ ਘੱਟ ਮੌਜੂਦ ਹੈ। ਜਾਤ-ਪਾਤ ਵਾਲਾ ਸਾਮਰਾਜ ਵਿਜਈ ਹੋ ਕੇ ਫਿਰ ਪ੍ਰਗਟ ਹੋ ਸਕਦਾ ਹੈ। ਇਹੋ ਜਿਹੀ ਖੋਖਲੀ ਆਜ਼ਾਦੀ ਨਾਲੋਂ ਬ੍ਰਿਟਿਸ਼ ਸਟੇਟ ਦੀ ਗੁਲਾਮੀ ਸੌ ਦਰਜੇ ਚੰਗੀ ਤੇ ਸੁਰੱਖਿਅਤ ਹੈ। ਜਿਵੇਂ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਰਹਿੰਦੀਆਂ, ਜਾਤ ਅਤੇ ਸਵਰਾਜ ਇਕੱਠੇ ਨਹੀਂ ਰਹਿ ਸਕਦੇ। ਜਿਨ੍ਹਾਂ ਲੀਡਰਾਂ ਅਤੇ ਪੁਜਾਰੀਆਂ ਨੇ ਹਿੰਦੂ ਲੋਕਾਂ ਨਾਲ ਧੋਖਾ ਕੀਤਾ ਉਹ ਅਜੇ ਵੀ ਤਾਕਤ ਵਿਚ ਹਨ, ਉਹੀ ਕਾਂਗਰਸੀਏ ਹਨ, ਉਹੀ ਸਮਾਜਵਾਦੀ ਹਨ, ਉਹੀ ਮੰਦਰਾਂ ਵਿਚ ਤੇ ਪਿੰਡਾਂ ਵਿਚ ਹਨ। ਇਕ ਆਵਾਜ਼ ਵਿਚ ਨਾਅਰਾ ਦਿਉ, "ਜਾਤੀ ਸਮੇਤ ਆਜ਼ਾਦੀ ਨਹੀਂ ਚਾਹੀਦੀ" (No Freedom with Caste.)

ਕਿਤਾਬ ਦਾ ਆਖਰੀ ਵਾਕ ਹੈ, "ਜਾਤੀ ਰਾਜ ਦੀ ਭਾਰਤ ਵਿਚ ਪੁਨਰ ਸਥਾਪਤੀ ਦੇਸ ਲਈ ਸਭ ਤੋਂ ਭਿਅੰਕਰ ਖਤਰਾ ਹੋਵੇਗੀ।"

ਤੰਗੀਆਂ ਤੁਰਸ਼ੀਆਂ ਵਿਚ ਦਿਨ ਕਟੀ ਕਰਦੇ ਟੈਕਸੀ ਡਰਾਈਵਰ ਸੋਢੀ ਸੁਲਤਾਨ ਸਿੰਘ ਨੇ ਆਪਣੇ ਪੈਸੇ ਨਾਲ ਇਹ ਅਨੁਵਾਦ ਕੀਤਾ ਤੇ ਛਪਵਾਇਆ ਹੈ। ਚਾਰ ਸੌ ਪੰਨਿਆਂ ਦੀ ਕਿਤਾਬ ਅੱਗੇ ਹੁਣ ਪ੍ਰਸ਼ਨ ਹੈ-ਪਾਠਕਾਂ ਤੱਕ ਕਿਵੇਂ ਪੁੱਜੇ? ਅਨੁਵਾਦਕ ਨਾਲ ਸੰਪਰਕ sodhisultan@yahoo.com 'ਤੇ ਹੋ ਸਕਦਾ ਹੈ। ਇਸ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਨਾਲ ਡੇਢ ਸੌ ਪੰਨੇ ਲੇਖਕ ਦੀਆਂ ਆਪਣੀਆਂ ਹੱਡਬੀਤੀਆਂ ਹਨ। ਬਾਲਮੀਕੀਆ ਹੋਣ ਕਾਰਨ ਉਸ ਨੂੰ ਕੀ ਕੀ ਦੁਸ਼ਵਾਰੀਆਂ, ਘਾਟੇ, ਠੱਗੀ ਅਤੇ ਹੱਤਕ ਝੱਲਣੀ ਪਈ, ਇਸ ਦਾ ਵਰਣਨ ਹੈ। ਇਹ ਬਿਰਤਾਂਤ ਬਹੁਤ ਥੋੜ੍ਹਾ ਹੋਣਾ ਚਾਹੀਦਾ ਸੀ, ਕੇਵਲ ਦਸ ਕੁ ਪੰਨਿਆਂ ਵਿਚ। ਮਹਾਨਕੋਸ਼ ਦੇ ਮੁੱਖਬੰਦ ਵਿਚ ਭਾਈ ਕਾਨ੍ਹ ਸਿੰਘ ਨਾਭਾ ਕੇਵਲ ਇਨ੍ਹਾਂ ਸ਼ਬਦਾਂ ਨਾਲ ਸਾਰੀ ਹੱਡਬੀਤੀ ਦੱਸ ਦਿੰਦੇ ਹਨ, "ਗ੍ਰੰਥ ਵਾਚਣਗੇ ਤਾਂ ਪਾਠਕ ਮੇਰੀ ਮਿਹਨਤ ਬਾਰੇ ਜਾਣਨਗੇ। ਗ੍ਰੰਥ ਤਿਆਰ ਹੋ ਗਿਆ, ਇਸ ਨੂੰ ਛਪਵਾਉਣ ਲਈ ਕੀ ਕੀ ਕਰਨਾ ਪਿਆ, ਲਿਖਾਂਗਾ ਨਹੀਂ ਕਿਉਂਕਿ ਫਿਰ ਮਿਹਨਤੀ ਬੰਦਿਆਂ ਦੇ ਦਿਲ ਟੁੱਟ ਜਾਣਗੇ।" ਅਨੁਵਾਦਕ ਕਿਉਂਕਿ ਅਕਾਦਮਿਕ ਮਾਹੌਲ ਤੋਂ ਦੂਰ ਹੈ, ਇਸ ਲਈ ਜਿਨ੍ਹਾਂ ਅੰਗਰੇਜ਼ੀ ਸ਼ਬਦਾਂ ਦੇ ਅਖੀਰ ਵਿਚ 'ਏ' ਅੱਖਰ ਹੈ, ਉਸ ਨੇ ਪੰਜਾਬੀ ਸ਼ਬਦ ਦਾ ਅਖੀਰਲਾ ਕੰਨਾ ਬਣਾ ਦਿੱਤਾ ਹੈ ਜਿਵੇਂ ਸ਼ੂਦਰਾ, ਧਰਮਾ, ਤੀਰਥਾ, ਸੰਘਾ, ਕਪਿਲਾ, ਸਾਂਖਿਆ, ਸੈਵਾ, ਨਾਰਾਇਣਾ ਆਦਿਕ। ਇਥੇ ਏ ਅੱਖਰ ਸੰਸਕ੍ਰਿਤ ਦੇ ਪੂਰੇ ਅੱਖਰ ਵਾਸਤੇ ਸੂਚਕ ਵਜੋਂ ਲਾਇਆ ਜਾਂਦਾ ਹੈ ਜੋ ਕੰਨੇ ਦੀ ਆਵਾਜ਼ ਨਹੀਂ ਦਿੰਦਾ। ਇਵੇਂ ਹੀ ਹਰਿਵੰਸ਼ ਨੂੰ ਹਰੀਵਮਸਾ, ਯਗਵਲਕ ਨੂੰ ਯਜਨਾਵਲਕਾ ਲਿਖਿਆ ਹੈ। ਪੂਰੀ ਸਮੱਗਰੀ ਪੜ੍ਹਦਿਆਂ ਇਹ ਗਲਤੀਆਂ ਨਜ਼ਰਅੰਦਾਜ਼ ਹੋ ਜਾਂਦੀਆਂ ਹਨ। 2013 ਦੇ ਅੰਤ ਵਿਚ ਛਪੀ ਇਹ ਕਿਤਾਬ ਪਾਠਕਾਂ ਨੂੰ ਸਾਲ 2014 ਲਈ ਨਵੇਂ ਸਾਲ ਦਾ ਤੁਹਫਾ ਹੈ।

# ਇਕ ਮਿੱਠੀ ਯਾਦ



ਬਲਰਾਜ ਸਾਹਨੀ

*ਬਲਰਾਜ ਸਾਹਨੀ (1 ਮਈ 1913-13 ਅਪਰੈਲ 1973) ਜਿਸ ਦਾ ਅਸਲੀ ਨਾਂ ਯੁਧਿਸ਼ਟਰ ਸਾਹਨੀ ਸੀ, ਉਮਦਾ ਕਲਾਕਾਰ ਹੀ ਨਹੀਂ ਸੀ, ਬਹੁਤ ਅੱਛਾ ਇਨਸਾਨ ਵੀ ਸੀ। ਇਨਸਾਨੀਅਤ ਦਾ ਇਹ ਰੰਗ ਉਸ ਦੀਆਂ ਫਿਲਮਾਂ ਵਿਚ ਵੀ ਪੂਰਾ ਉਘੜ ਕੇ ਸਾਹਮਣੇ ਆਉਂਦਾ ਹੈ ਅਤੇ ਫਿਲਮਾਂ ਤੋਂ ਇਲਾਵਾ ਕੀਤੀ ਸਰਗਰਮੀ ਵੀ ਇਹੀ ਦੱਸ ਪਾਉਂਦੀ ਹੈ। ਉਹਦਾ ਅਦਾਕਾਰੀ ਦਾ ਸਫਰ ਤਰੱਕੀਪਸੰਦਾਂ ਦੀ ਜਥੇਬੰਦੀ ਇੰਡੀਅਨ ਪੀਪਲ'ਜ਼ ਥਿਏਟਰ ਐਸੋਸੀਏਸ਼ਨ (ਇਪਟਾ) ਨਾਲ ਹੋਇਆ ਸੀ। ਅਦਾਕਾਰੀ ਵੱਲ ਆਉਣ ਤੋਂ ਪਹਿਲਾਂ ਉਹਨੇ ਕੁਝ ਸਮਾਂ ਸ਼ਾਂਤੀ ਨਿਕੇਤਨ ਵਿਚ ਸਥਿਤ ਟੈਗੋਰ ਦੀ ਵਿਸ਼ਵ ਭਾਰਤੀ ਯੂਨੀਵਰਸਿਟੀ ਵਿਚ ਪੜ੍ਹਾਇਆ, ਬੀ.ਬੀ.ਸੀ. ਲੰਡਨ ਵਿਖੇ ਨੌਕਰੀ ਵੀ ਕੀਤੀ। ਉਸ ਨੇ ਪੰਜਾਬੀ ਵਿਚ ਕੁਝ ਰਚਨਾਵਾਂ ਲਿਖੀਆਂ ਜਿਨ੍ਹਾਂ ਨੂੰ ਪਾਠਕਾਂ ਦਾ ਭਰਪੂਰ ਹੁੰਗਾਰਾ ਮਿਲਿਆ। ਆਪਣੇ ਪਾਠਕਾਂ ਨਾਲ ਅਸੀਂ ਉਨ੍ਹਾਂ ਦੀ ਬੜੀ ਖੂਬਸੂਰਤ ਰਚਨਾ 'ਇਕ ਮਿੱਠੀ ਯਾਦ' ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ। -ਸੰਪਾਦਕ*

ਕੋਈ ਜ਼ਮਾਨਾ ਸੀ ਜਦੋਂ ਜ਼ਿੰਦਗੀ ਦੇ ਰੰਗ ਮੰਚ ਉਤੇ ਮੈਂ ਸਾਹਿਤਕਾਰ ਦੇ ਤੌਰ 'ਤੇ ਵਿਚਰਨ ਦਾ ਖਾਹਿਸ਼ਮੰਦ ਸਾਂ। ਉਦੋਂ ਇਸ ਗੱਲ ਦੀ ਸ਼ਾਇਦ ਮੈਂ ਕਦੇ ਕਲਪਨਾ ਵੀ ਨਹੀਂ ਸੀ ਕੀਤੀ ਕਿ ਇਸ ਵਿਸ਼ਾਲ ਜੀਵਨ ਨਾਟਕ ਵਿਚ ਮੈਂ ਅਦਾਕਾਰ ਦਾ ਪਾਰਟ ਵਧੇਰੇ ਨਿਪੁੰਨਤਾ ਨਾਲ ਨਿਭਾ ਸਕਾਂਗਾ। ਇਸ ਦਾ ਅਹਿਸਾਸ ਉਦੋਂ ਹੋਇਆ ਜਦੋਂ ਕੁਦਰਤ ਦੇ ਇਸ ਮੰਚ ਉਤੇ ਕਈ ਤਰ੍ਹਾਂ ਦੇ ਨਿਪੁੰਨ ਅਦਾਕਾਰਾਂ ਦੇ ਵਿਚਕਾਰ ਆਪਣੀ ਵੱਖਰੀ ਹੋਂਦ ਕਾਇਮ ਰੱਖਣ ਲਈ ਮੈਂ ਹਾਲਾਤ ਨਾਲ ਘੁਲਦਾ ਰਿਹਾ। ਹਾਲਾਤ ਦੀਆਂ ਮਜਬੂਰੀਆਂ ਨੇ ਮੈਥੋਂ ਕਈ ਤਰ੍ਹਾਂ ਦੀ ਅਦਾਕਾਰੀ ਕਰਵਾਈ। ਇਸ ਸਾਰੀ ਭਟਕਣ ਵਿਚ ਆਖ਼ਰ ਅਦਾਕਾਰ ਦਾ ਪਾਰਟ ਹੀ ਅਜਿਹਾ ਨਿਕਲਿਆ ਜਿਸ ਵਿਚ ਮੈਂ ਆਪਣੇ ਆਪ ਨੂੰ 'ਮੈਂ' ਬਣਾਉਣ ਦੀ ਰੀਝ ਪੂਰੀ ਹੁੰਦੀ ਵੇਖੀ।

ਜਦੋਂ ਵੀ ਕਦੇ ਅਤੀਤ ਵੱਲ ਝਾਤੀ ਮਾਰਦਾ ਹਾਂ, ਤਾਂ ਜਾਪਦੈ, ਮੈਂ ਹਮੇਸ਼ਾਂ ਹੀ ਕਿਸੇ ਅਜਿਹੇ ਪਹਾੜੀ ਦਰਿਆ ਵਿਚ ਪਏ ਪੱਥਰ ਦੇ ਗੀਟੇ ਵਾਂਗ ਰਿੜ੍ਹਦਾ ਰਿਹਾ ਹਾਂ ਜੋ ਨਾਲੇ ਤਾਂ ਉਹਨੂੰ ਉਂਗਲੀ ਲਾਈ ਆਪਣੀ ਤੋਰੇ ਤੋਰਦਾ ਰਹਿੰਦੈ, ਤੇ ਨਾਲੇ ਬੁੱਤ ਘਾੜੇ ਵਾਂਗ ਉਹਦੀ ਸ਼ਕਲ ਘੜ ਕੇ ਵੀ ਸੁਆਦ ਮਾਣਦਾ ਹੈ। ਅਜਿਹੀ ਹਾਲਤ ਵਿਚ ਵਿਚਾਰਾ ਪੱਥਰ ਗੀਟਾ ਏਦੂੰ ਵਧ ਹੋਰ ਕੀ ਕਰ ਸਕਦੈ ਕਿ ਜਿਥੇ ਵੀ ਕੋਈ ਚੰਗੀ ਜਿਹੀ ਥਾਂ ਲੱਭੇ, ਫਟ ਡੇਰਾ ਲਾ ਲਵੇ; ਪਰ ਏਨੀ ਗੱਲ ਦਾ ਖਿਆਲ ਰੱਖੇ ਕਿ ਥਾਂ ਕੋਈ ਅਜਿਹੀ ਹੀ ਹੋਵੇ ਜਿਥੇ ਪਾਣੀ ਦਾ ਵਹਿਣ ਉਸ ਨੂੰ ਉਕਾ ਗੋਲ ਮਟੋਲ ਗੋਲਾ ਹੀ ਨਾ ਬਣਾ ਧਰੇ, ਕਿਉਂਕਿ ਅਜਿਹੀ ਵਸਤ ਦਾ ਕੋਈ ਥਾਂ ਟਿਕਾਣਾ ਤਾਂ ਹੁੰਦਾ ਨਹੀਂ।

ਜਿਥੋਂ ਤੱਕ ਸਾਹਿਤ ਦੀ ਚੇਟਕ ਦਾ ਸਵਾਲ ਹੈ, ਮੇਰਾ ਤਾਂ ਇਹ ਹਾਲ ਹੈ ਕਿ ਜੇ ਕਦੇ ਮੈਨੂੰ ਕੋਈ ਇਹ ਸਵਾਲ ਕਰ ਬੈਠੇ ਕਿ ਮੇਰੀ ਜ਼ਿੰਦਗੀ ਦੀ ਸਭ ਤੋਂ ਵੱਡੀ ਖਾਹਸ਼ ਕੀ ਹੈ, ਤਾਂ ਮੈਂ ਆਖਾਂਗਾ, 'ਕਾਸ਼! ਮੈਂ ਅਤਿ ਪਿਆਰਾ ਕਵੀ ਹੋ ਸਕਦਾ ਹੁੰਦਾ ਤਾਂ...।' ਇਹ ਵੀ ਭਾਵੇਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹ ਖਾਹਸ਼ ਸ਼ਾਇਦ ਜ਼ਿੰਦਗੀ ਭਰ ਵੀ ਪੂਰੀ ਨਹੀਂ ਕਰ ਸਕਾਂਗਾ।

ਪਰ ਇਸ ਦਾ ਮਤਲਬ ਇਹ ਨਹੀਂ ਕਿ ਇਸ ਇੱਛਾ ਦੇ ਫਲਸਰੂਪ ਮੈਨੂੰ ਆਪਣੀ ਅਦਾਕਾਰੀ ਦੀ ਜ਼ਿੰਦਗੀ ਤੋਂ ਨਫਰਤ ਹੈ। ਅਦਾਕਾਰੀ ਤਾਂ ਮੇਰੀਆਂ ਨਜ਼ਰਾਂ ਵਿਚ ਮਹਾਨ ਕਲਾ ਹੈ ਜਿਸ ਵਿਚ ਪੂਰੀ ਨਿਪੁੰਨਤਾ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਤੇ ਲਗਨ ਬਗੈਰ ਗੱਲ ਨਹੀਂ ਬਣਦੀ, ਪਰ ਜੇ ਕਦੇ ਮਨ ਜ਼ਰਾ ਉਚਾਟ ਹੋ ਵੀ ਜਾਂਦੈ, ਤਾਂ ਇਸ ਕਰਕੇ ਕਿ ਫਿਲਮੀ ਦੁਨੀਆਂ ਦੇ ਮੌਜੂਦਾ ਮਾਹੌਲ ਵਿਚ ਇੰਜ ਦੀ ਮਿਹਨਤ ਤੇ ਲਗਨ ਜੇ ਅਸੰਭਵ ਨਹੀਂ ਤਾਂ ਘਟੋ-ਘਟ ਮੁਸ਼ਕਲ ਜ਼ਰੂਰ ਹੈ। ਜੇ ਪ੍ਰੇਮ ਚੰਦ ਵਾਂਗ ਮੈਂ ਵੀ ਇਸ ਮਾਹੌਲ ਤੋਂ ਘਬਰਾ ਕੇ ਨੱਸ ਨਹੀਂ ਤੁਰਿਆ, ਤਾਂ ਇਸ ਦਾ ਕਾਰਨ ਇਹੀ ਹੈ ਕਿ ਸਮੇਂ ਦੀ ਤੋਰ ਨਾਲ ਫਿਲਮੀ ਮਾਹੌਲ ਵਿਚ ਕਾਫੀ ਤਬਦੀਲੀ ਆ ਗਈ ਹੈ, ਤੇ ਚੰਗੀਆਂ ਤੇ ਉਚ ਪੱਧਰ ਦੀਆਂ ਫਿਲਮਾਂ ਨੂੰ ਦਰਸ਼ਕ ਅੱਜ ਕਲ੍ਹ ਵਧੇਰੇ ਉਤੇਜਨਾ ਨਾਲ ਉਡੀਕਦੇ ਹਨ; ਪਰ ਕੀ ਪਤਾ, ਹੋ ਸਕਦੈ ਇਹ ਮੇਰੀ ਖੁਸ਼ਫਹਿਮੀ ਹੀ ਹੋਵੇ!

ਪਰ ਨਹੀਂ। ਕਈ ਵਾਰ ਕੁਝ ਅਜਿਹੀਆਂ ਪਿਆਰੀਆਂ ਜਿਹੀਆਂ ਗੱਲਾਂ ਵਾਪਰ ਜਾਂਦੀਆਂ ਹਨ ਕਿ ਮਨ ਉਮੀਦਾਂ ਤੇ ਉਮੰਗਾਂ ਦੀ ਲੋਅ ਵਿਚ ਖਿੜ ਪੁੜ ਜਾਂਦੈ ਤੇ ਘਟੋ-ਘਟ ਉਸ ਵੇਲੇ ਕੁਝ ਚਿਰ ਲਈ ਮੈਨੂੰ ਆਪਣੀ ਇਹ ਅਦਾਕਾਰੀ ਦੀ ਜ਼ਿੰਦਗੀ ਪਿਆਰੀ ਜਿਹੀ ਲੱਗਣ ਲੱਗ ਪੈਂਦੀ ਹੈ। ਕਹਾਣੀ ਘੜਨ ਦਾ ਨਾ ਤਾਂ ਸਮਾਂ ਹੀ ਮਿਲਦੈ, ਤੇ ਨਾ ਹੀ ਮੇਰੇ ਖਿਆਲ ਵਿਚ ਮੈਂ ਹੁਣ ਤਕਨੀਕ ਦੀ ਉਸ ਕਲਾ ਦਾ ਹੀ ਮਾਲਕ ਹਾਂ ਜਿਸ ਦੀਆਂ ਕਲਾਤਮਕ ਛੁਹਾਂ ਨਾਲ ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮੈਂ ਕਦੇ-ਕਦੇ ਕੋਈ ਚੰਗੀ ਜਿਹੀ ਕਹਾਣੀ ਲਿਖ ਲੈਂਦਾ ਹੁੰਦਾ ਸਾਂ, ਪਰ ਅਜਿਹੀ ਇਕ ਅਭੁੱਲ ਯਾਦ ਦੀ ਕਹਾਣੀ ਸੁਣਾਵਾਂ ਤੁਹਾਨੂੰ?

ਅਦਾਕਾਰੀ ਦੇ ਜੀਵਨ ਵਿਚ ਮੋਟਰਸਾਈਕਲ ਕਾਫ਼ੀ ਚਿਰ ਮੇਰਾ ਸਾਥ ਨਿਭਾਉਂਦਾ ਰਿਹਾ ਹੈ। ਇਹ ਮੋਟਰ ਸਾਈਕਲ ਮੈਂ ਉਨੀ ਸੌ ਸੰਤਾਲੀ ਵਿਚ ਲਿਆ ਸੀ, ਤੇ ਜੇ ਹੋਰ ਵੀ ਸੱਚ ਆਖਾਂ ਤਾਂ ਇਹ ਮੈਂ ਉਸ ਦਿਨ ਖਰੀਦਿਆ ਸੀ ਜਿਸ ਦਿਨ ਹਿੰਦੁਸਤਾਨ ਨੇ ਪਹਿਲੀ ਵਾਰ ਆਜ਼ਾਦ ਫ਼ਿਜ਼ਾ ਵਿਚ ਸਾਹ ਲਿਆ ਸੀ। ਹੁਣ ਜਿਵੇਂ ਸਾਡੀ ਆਜ਼ਾਦੀ ਦੀ ਰਾਜਸੀ ਮਸ਼ੀਨ ਦੇ ਕੁਝ ਪੁਰਜ਼ੇ ਤਾਂ ਇਕ ਦਮ ਵਧੀਆ ਤੇ ਮਜ਼ਬੂਤ ਹਨ, ਤੇ ਕੁਝ ਉਕਾ ਹੀ ਢਿੱਲੜ ਤੇ ਨਿਢਾਲ ਪਏ ਹਨ; ਬਿਲਕੁਲ ਉਹੀ ਹਾਲ ਮੇਰੇ ਇਸ ਮੋਟਰਸਾਈਕਲ ਦਾ ਹੈ। ਕਈ ਮਿੱਤਰਾਂ ਯਾਰਾਂ ਨੇ ਮੈਨੂੰ ਮੋਟਰ ਸਾਈਕਲ ਵੇਚ ਕੇ ਕਾਰ ਲੈਣ ਦੀ ਸਲਾਹ ਵੀ ਦਿੱਤੀ ਹੈ, ਪਰ ਕੀ ਕਰਾਂ! ਇਸ ਅਤਿ ਪਿਆਰੇ ਮਿੱਤਰ ਨਾਲੋਂ ਵਿਛੜਨਾ ਮੇਰੇ ਲਈ ਓਨਾ ਹੀ ਅਸਹਿ ਹੈ, ਜਿੰਨਾ ਜਵਾਹਰ ਲਾਲ ਨਹਿਰੂ ਲਈ ਕਾਂਗਰਸ ਨੂੰ ਛੱਡਣਾ ਸੀ।

ਇਕ ਦਿਨ ਮੈਂ ਆਪਣੇ ਸਨੇਹੀ ਮਿੱਤਰ ਲੇਖਕ ਕ੍ਰਿਸ਼ਨ ਚੰਦਰ ਦੇ ਘਰੋਂ ਵਾਪਸ ਆਪਣੇ ਘਰ ਵਲ ਜਾ ਰਿਹਾ ਸਾਂ ਕਿ ਅੰਧੇਰੀ ਸਟੇਸ਼ਨ ਦੇ ਚੌਕ ਕੋਲ ਆ ਕੇ ਮੇਰਾ ਮੋਟਰਸਾਈਕਲ ਜਵਾਬ ਦੇ ਗਿਆ। ਸ਼ਾਇਦ ਕਲੱਚ ਤੇ ਤਾਰ ਦਾ ਟਾਂਕਾ ਟੁੱਟ ਗਿਆ ਸੀ, ਤੇ ਹੁਣ ਮੁਰੰਮਤ ਬਗੈਰ ਇਸ ਚਲਣਾ ਵੀ ਨਹੀਂ ਸੀ। ਮੈਨੂੰ ਡਾਢਾ ਗੁੱਸਾ ਆਇਆ। ਸਵੇਰੇ ਵੀ ਘਰੋਂ ਬਗੈਰ ਕੁਝ ਖਾਧਿਆਂ ਪੀਤਿਆਂ, ਬਗੈਰ ਨ੍ਹਾਤਿਆਂ ਧੋਤਿਆਂ ਤੁਰ ਪਿਆ ਸਾਂ। ਕੱਪੜੇ ਵੀ ਐਵੇਂ ਜਿਹੇ ਹੀ ਪਾ ਛੱਡੇ ਹੋਏ ਸਨ। ਕ੍ਰਿਸ਼ਨ ਨਾਲ ਗੱਪਾਂ ਜਿਉਂ ਚੱਲੀਆਂ, ਟਾਈਮ ਦਾ ਪਤਾ ਹੀ ਨਾ ਲੱਗਾ। ਹੁਣ ਦੁਪਹਿਰ ਸਿਰ 'ਤੇ ਸੀ। ਕੜਕਦੀ ਧੁੱਪ ਤੇ ਉਤੋਂ ਉਨ੍ਹਾਂ ਲੋਕਾਂ ਦੀਆਂ ਨਜ਼ਰਾਂ ਦੀ ਅਸਹਿ ਗਰਮੀ ਜੋ ਹਰ ਫਿਲਮੀ ਅਦਾਕਾਰ ਦੀ ਹਰ ਹਰਕਤ ਦਿਲਚਸਪੀ ਨਾਲ ਵਾਚਦੇ ਹਨ। ਮੇਰਾ ਮਨ ਕਾਹਲਾ ਪੈਣ ਲੱਗਾ। ਕਮਬਖ਼ਤ ਮੋਟਰ ਸਾਈਕਲ ਉਤੇ ਅੰਦਰੇ ਅੰਦਰ ਕੁੜ੍ਹਦਾ ਮੈਂ ਬਾਜ਼ਾਰ ਵਿਚ ਇਧਰ ਉਧਰ ਝਾਤੀਆਂ ਮਾਰਨ ਲੱਗਾ ਤਾਂ ਕਿ ਠੀਕ ਕਰਵਾਉਣ ਲਈ ਕੋਈ ਮਿਸਤਰੀ ਹੀ ਨਜ਼ਰੀਂ ਪੈ ਜਾਵੇ। ਕਈ ਥਾਂਈਂ ਪੁੱਛ ਪੜਤਾਲ ਕੀਤੀ, ਪਰ ਵੈਲਡਿੰਗ ਦਾ ਕੰਮ ਕਿਸੇ ਨੂੰ ਵੀ ਨਹੀ ਸੀ ਆਉਂਦਾ। ਆਖਰ ਇਕ ਸੱਜਣ ਨੇ ਦੱਸਿਆ ਕਿ ਚੌਕ ਦੇ ਕੋਲ ਇਕ ਠੇਲ੍ਹੇ ਵਾਲੇ ਦੀ ਦੁਕਾਨ ਹੈ, ਤੇ ਉਸ ਦਾ ਮੁੰਡਾ ਪਹਿਲਾਂ ਕਿਸੇ ਵਰਕਸ਼ਾਪ ਵਿਚ ਲੱਗਾ ਹੋਇਆ ਸੀ, ਪਰ ਅੱਜ ਕਲ੍ਹ ਵਿਹਲਾ ਹੀ ਹੈ ਤੇ ਅਕਸਰ ਬਾਪੂ ਦੀ ਦੁਕਾਨ 'ਤੇ ਹੀ ਬੈਠਾ ਰਹਿੰਦੈ। ਮੁੜ੍ਹਕੇ ਵਿਚ ਭਿੱਜਾ ਉਸ ਲੋਹੇ ਦੇ ਹਾਥੀ ਨੂੰ ਰੇੜ੍ਹਦਾ, ਆਖ਼ਰ ਉਸ ਠੇਲ੍ਹੇ ਵਾਲੇ ਦੀ ਦੁਕਾਨ 'ਤੇ ਪੁੱਜਾ। ਕਈ ਤਮਾਸ਼ਬੀਨ ਮੇਰੇ ਮਗਰ ਲੱਗੇ ਹੋਏ ਸਨ। ਦੁਕਾਨ 'ਤੇ ਉਸ ਬੁੱਢੇ ਦਾ ਮੁੰਡਾ ਬੈਠਾ ਡਾਲਡੇ ਦਾ ਟੀਨ ਕੁੱਟਣ ਵਿਚ ਮਸਤ ਸੀ। ਉਸ ਲਾਪਰਵਾਹ ਜਿਹੀ ਵਿਚ ਇਕ ਨਜ਼ਰ ਮੇਰੇ 'ਤੇ ਸੁੱਟੀ, ਤੇ ਫਿਰ ਕੰਮ ਵਿਚ ਜੁਟ ਗਿਆ। ਮੇਰੀ ਗੱਲ ਵੀ ਉਸ ਉਸੇ ਹੀ ਅਜੀਬ ਅੰਦਾਜ਼ ਨਾਲ ਸੁਣੀ, ਤੇ ਫੇਰ ਬਗੈਰ ਮੋਟਰਸਾਈਕਲ ਨੂੰ ਹੱਥ ਲਾਇਆਂ ਹੀ ਆਖਣ ਲੱਗਾ, "ਇਸ ਕੋ ਏਕ ਸਾਈਡ ਪਰ ਉਧਰ ਛੋਡ ਦੋ, ਦੋ ਘੰਟੇ ਬਾਅਦ ਆ ਕਰ ਲੇ ਜਾਨਾ।" ਤੇ ਫੇਰ ਉਹ ਟੀਨ ਕੁੱਟਣ ਵਿਚ ਲੀਨ ਹੋ ਗਿਆ।

ਮੈਂ ਪਹਿਲਾਂ ਹੀ ਬੜਾ ਪ੍ਰੇਸ਼ਾਨ ਸਾਂ। ਉਸ ਦਾ ਵਤੀਰਾ ਮੈਨੂੰ ਬੜਾ ਚੁਭਿਆ। ਨਾਲ ਹੀ ਉਸ ਦੀ ਲਿਆਕਤ 'ਤੇ ਵੀ ਮੈਨੂੰ ਸੰਦੇਹ ਹੋਣ ਲੱਗਾ! ਕਿਥੇ ਡਾਲਡੇ ਦੇ ਟੀਨ ਨੂੰ ਟਾਂਕੇ ਲਾਉਣੇ, ਤੇ ਕਿਥੇ ਕਲੱਚ ਨੂੰ। ਫਿਰ ਪਤਾ ਨਹੀਂ, ਉਸ ਕੋਲ ਵੈਲਡਿੰਗ ਦਾ ਲੋੜੀਂਦਾ ਸਾਮਾਨ ਵੀ ਹੈ ਸੀ ਜਾਂ ਨਹੀਂ। ਆਪਣੀ ਤਸੱਲੀ ਲਈ ਉਸ ਨੂੰ ਮੈਂ ਕਈ ਤਰ੍ਹਾਂ ਦੇ ਸਵਾਲ ਕੀਤੇ, ਪਰ ਉਸ ਪਿਉ ਦੇ ਪੁੱਤਰ ਨੇ ਇਕ ਦਾ ਵੀ ਤਸੱਲੀਬਖ਼ਸ਼ ਜਵਾਬ ਨਾ ਦਿੱਤਾ। ਘੜੀ ਮੁੜੀ ਬਸ ਏਨਾ ਹੀ ਆਖ ਛੱਡਦਾ, "ਹਾਂ ਹਾਂ, ਹੋ ਜਾਏਗਾ। ਦੋ ਘੰਟੇ ਬਾਅਦ ਆ ਕਰ ਲੇ ਜਾਨਾ।"

ਗੁੱਸਾ ਤਾਂ ਏਨਾ ਆਇਆ ਕਿ ਜੇ ਮੋਟਰਸਾਈਕਲ ਉਥੇ ਛੱਡੇ ਬਗੈਰ ਕੋਈ ਹੋਰ ਚਾਰਾ ਹੁੰਦਾ, ਤਾਂ ਸ਼ਾਇਦ ਉਸ ਦੀ ਚੰਗੀ ਖ਼ਬਰ ਲੈਂਦਾ, ਪਰ ਮਜਬੂਰੀ ਸੀ। ਮੈਂ ਚੁੱਪ ਧਾਰ ਲਈ। ਮੋਟਰਸਾਈਕਲ ਉਸ ਦੇ ਦੱਸੇ ਥਾਂ 'ਤੇ ਟਿਕਾ ਕੇ ਜਾਣ ਲੱਗਿਆ ਮੈਂ ਫਿਰ ਆਖ ਬੈਠਾ, "ਪੈਸੇ ਕਿਤਨੇ ਲੋਗੇ?" ਤੇ ਫੇਰ ਉਵੇਂ ਦੀ ਲਾਪਰਵਾਹੀ ਦੇ ਅੰਦਾਜ਼ ਵਿਚ ਉਸ ਦੇ ਹਾਸੇ ਦੀ ਆਵਾਜ਼ ਗੂੰਜੀ, "ਦੋ ਰੁਪਏ ਦੇ ਦੇਨਾ, ਔਰ ਕਿਆ।"

ਮੈਨੂੰ ਜਾਪਿਆ, ਮੇਰੀ ਕਾਫ਼ੀ ਬੇਇੱਜ਼ਤੀ ਹੋ ਚੁੱਕੀ ਹੈ। ਆਪਣੀ ਜ਼ਮੀਰ ਕਾਇਮ ਰੱਖਣ ਲਈ ਜ਼ਰਾ ਰੋਅਬਦਾਰ ਆਵਾਜ਼ ਵਿਚ, ਤਾਂਕਿ ਆਲੇ-ਦੁਆਲੇ ਖਲੋਤੇ ਤਮਾਸ਼ਬੀਨਾਂ ਦੇ ਕੰਨਾਂ ਤੱਕ ਵੀ ਅੱਪੜ ਜਾਏ, ਮੈਂ ਉਸ ਨੂੰ ਆਖਿਆ, "ਦੇਖੋ ਦੋ ਘੰਟੇ ਬਾਅਦ ਆਨਾ ਤੋ ਹਮਾਰੇ ਲੀਏ ਮੁਸ਼ਕਲ ਹੋਗਾ, ਤੁਮ ਠੀਕ ਰੱਖਨਾ। ਹਮ ਸ਼ਾਮ ਕੋ ਪਾਂਚ ਛੇ ਬਜੇ ਆ ਕਰ ਲੇ ਜਾਏਂਗੇ।"



ਖਵਾਜਾ ਅਹਿਮਦ ਅੱਬਾਸ

*ਅਚਾਨਕ ਹੀ ਖਵਾਜਾ ਅਹਿਮਦ ਅੱਬਾਸ ਆਪਣੀ ਕਾਰ ਵਿਚ ਆਉਂਦੇ ਦਿਸੇ। ਮੈਨੂੰ ਸੁਖ ਦਾ ਸਾਹ ਆਇਆ। ਕਾਰ ਵਿਚ ਉਨ੍ਹਾਂ ਦੇ ਨਾਲ ਬਹਿ ਤਾਂ ਗਿਆ, ਪਰ ਇਥੇ ਵੀ ਖੂਹ ਵਿਚੋਂ ਨਿਕਲ ਕੇ ਖਾਈ ਵਿਚ ਡਿੱਗਣ ਵਾਲੀ ਹੀ ਗੱਲ ਹੋਈ। ਅੱਬਾਸ ਨੂੰ ਸ਼ਾਇਦ ਉਸ ਦਿਨ ਕਿਸੇ ਸਾਥ ਦੀ ਬੇਹੱਦ ਲੋੜ ਸੀ। ਮੈਨੂੰ ਘਰ ਅਪੜਾਉਣ ਦੀ ਥਾਂ ਉਹ ਸਾਰਾ ਦਿਨ ਆਪਣੇ ਨਾਲ ਹੀ ਭੁਆਉਂਦਾ ਰਿਹਾ। ਕਦੇ ਇਕ ਸਟੂਡੀਓ, ਕਦੇ ਦੂਜੇ। ਕਦੇ ਲੈਬਾਰਟਰੀ ਤੇ ਕਦੇ ਆਪਣੇ ਘਰ ਸ਼ਾਮ ਦੇ ਸੱਤ ਵਜੇ ਤਕ ਇੰਜ ਹੀ ਉਸ ਦੇ ਨਾਲ ਫਿਰਦਾ ਫਿਰਾਉਂਦਾ ਰਿਹਾ। ਮੋਟਰ ਸਾਈਕਲ ਤਾਂ ਮੈਨੂੰ ਉੱਕਾ ਹੀ ਵਿਸਰ ਚੁਕਿਆ ਸੀ। ਕੋਈ ਅੱਠ ਕੁ ਵਜੇ ਜਦੋਂ ਮੇਰਾ ਘਰ ਜਾਣ ਦਾ ਇਰਾਦਾ ਹੋਇਆ ਤਾਂ ਇਕਦਮ ਮੋਟਰ ਸਾਈਕਲ ਦਾ ਖਿਆਲ ਆਇਆ। ਕਾਫ਼ੀ ਨ੍ਹੇਰਾ ਪੈ ਗਿਆ ਸੀ ਪਰ ਸ਼ਹਿਰ ਦੇ ਬਾਹਰਲੇ ਇਲਾਕੇ ਦੀਆਂ ਦੁਕਾਨਾਂ ਤਾਂ ਕਾਫੀ ਛੇਤੀ ਬੰਦ ਹੋ ਜਾਂਦੀਆਂ ਹਨ। ਇਹ ਵੀ ਡਰ ਭਾਸਿਆ ਕਿ ਕਿਤੇ ਉਹ ਮਿਸਤਰੀ ਮੁੰਡਾ ਮੇਰਾ ਮੋਟਰ ਸਾਈਕਲ ਉਥੇ ਸੜਕ 'ਤੇ ਹੀ ਛੱਡ ਕੇ ਕਿਤੇ ਤੁਰ ਨਾ ਗਿਆ ਹੋਵੇ। ਮੈਂ ਫਟਾ ਫਟ ਅੰਧੇਰੀ ਵਲ ਟੈਕਸੀ ਦੁੜਾਈ।*

ਬੇਧਿਆਨੀ ਜਿਹੀ ਵਿਚ ਉਸ 'ਅੱਛਾ' ਆਖਿਆ, ਤੇ ਮੈਂ ਚੌਕ ਵਲ ਵਾਪਸ ਤੁਰ ਪਿਆ। ਉਮੀਦ ਸੀ, ਚੌਕ 'ਤੇ ਕੋਈ ਨਾ ਕੋਈ ਟੈਕਸੀ ਮਿਲ ਜਾਏਗੀ ਪਰ ਨਿਰਾਸ਼ਾ ਹੀ ਹੱਥ ਲੱਗੀ। ਨਾਲ ਹੀ ਬਸ ਸਟਾਪ ਸੀ। ਬੜਾ ਦਿਲ ਕੀਤਾ, ਜਾ ਕੇ ਲਾਈਨ ਵਿਚ ਲੱਗ ਜਾਵਾਂ। ਲਾਈਨ ਕੋਈ ਲੰਬੀ ਵੀ ਨਹੀਂ ਸੀ, ਤੇ ਪੰਜਾਂ ਦਸਾਂ ਮਿੰਟਾਂ ਵਿਚ ਬਸ ਵੀ ਆਉਣ ਵਾਲੀ ਸੀ ਪਰ ਖਿਆਲ ਆਇਆ ਕਿ ਇਹ ਸਾਰੇ ਤਮਾਸ਼ਬੀਨ ਜੋ ਮਗਰ ਲੱਗੇ ਫਿਰਦੇ ਸਨ, ਵਿਚਾਰੇ ਕੀ ਸੋਚਣਗੇ। ਇਕ ਕਾਮਯਾਬ ਫਿਲਮੀ ਅਦਾਕਾਰ ਲਈ ਤਾਂ ਮੋਟਰਸਾਈਕਲ 'ਤੇ ਵੀ ਕਿਤੇ ਜਾਣਾ ਰੌਲੇ ਰੱਪੇ ਦਾ ਮਸਾਲਾ ਇਕੱਠਾ ਕਰਨ ਵਾਲੀ ਗੱਲ ਸੀ... ਉਸ ਕੋਲ ਤਾਂ ਸ਼ਾਨਦਾਰ ਕਾਰ ਹੋਣੀ ਚਾਹੀਦੀ ਹੈ, ਤੇ ਫਿਰ ਬਸ ਦੀ ਲਾਈਨ 'ਚ ਲੱਗਣਾ?... ਉਫ਼! ਇਹ ਤਾਂ ਉਨ੍ਹਾਂ ਵਿਚਾਰਿਆਂ ਲਈ ਬੜੀ ਹਿਰਦੇਵੇਧਕ ਗੱਲ ਸੀ। ਨਾਲੇ ਉਨ੍ਹਾਂ ਦਾ ਕੀ ਪਤਾ, ਮੇਰੇ ਬਸ ਸਟਾਪ 'ਤੇ ਪਹੁੰਚਦਿਆਂ ਹੀ ਕਈ ਤਰ੍ਹਾਂ ਦੇ ਫ਼ਿਕਰੇ ਕੱਸਣੇ ਸ਼ੁਰੂ ਕਰ ਦੇਣ। ਚਾਹੁੰਦਿਆਂ ਹੋਇਆਂ ਵੀ ਮੈਂ ਬਸ ਸਟਾਪ 'ਤੇ ਜਾਣ ਦੀ ਦਲੇਰੀ ਨਾ ਕਰ ਸਕਿਆ। ਬਸ ਆਈ, ਤੇ ਤੁਰ ਵੀ ਗਈ, ਤੇ ਮੈਂ ਸੋਚਾਂ ਵਿਚ ਗੁੰਮ ਉਥੇ ਹੀ ਖਲੋਤਾ ਰਹਿ ਗਿਆ।

ਏਸੇ ਵੇਲੇ ਅਚਾਨਕ ਹੀ ਖ਼ਵਾਜਾ ਅਹਿਮਦ ਅੱਬਾਸ ਆਪਣੀ ਕਾਰ ਵਿਚ ਆਉਂਦੇ ਦਿਸੇ। ਮੈਨੂੰ ਸੁਖ ਦਾ ਸਾਹ ਆਇਆ। ਕਾਰ ਵਿਚ ਉਨ੍ਹਾਂ ਦੇ ਨਾਲ ਬਹਿ ਤਾਂ ਗਿਆ, ਪਰ ਇਥੇ ਵੀ ਖੂਹ ਵਿਚੋਂ ਨਿਕਲ ਕੇ ਖਾਈ ਵਿਚ ਡਿੱਗਣ ਵਾਲੀ ਹੀ ਗੱਲ ਹੋਈ। ਅੱਬਾਸ ਨੂੰ ਸ਼ਾਇਦ ਉਸ ਦਿਨ ਕਿਸੇ ਸਾਥ ਦੀ ਬੇਹੱਦ ਲੋੜ ਸੀ। ਮੈਨੂੰ ਘਰ ਅਪੜਾਉਣ ਦੀ ਥਾਂ ਉਹ ਸਾਰਾ ਦਿਨ ਆਪਣੇ ਨਾਲ ਹੀ ਭੁਆਉਂਦਾ ਰਿਹਾ। ਕਦੇ ਇਕ ਸਟੂਡੀਓ, ਕਦੇ ਦੂਜੇ। ਕਦੇ ਲੈਬਾਰਟਰੀ ਤੇ ਕਦੇ ਆਪਣੇ ਘਰ ਸ਼ਾਮ ਦੇ ਸੱਤ ਵਜੇ ਤਕ ਇੰਜ ਹੀ ਉਸ ਦੇ ਨਾਲ ਫਿਰਦਾ ਫਿਰਾਉਂਦਾ ਰਿਹਾ। ਮੋਟਰਸਾਈਕਲ ਤਾਂ ਮੈਨੂੰ ਉੱਕਾ ਹੀ ਵਿਸਰ ਚੁਕਿਆ ਸੀ। ਕੋਈ ਅੱਠ ਕੁ ਵਜੇ ਜਦੋਂ ਮੇਰਾ ਘਰ ਜਾਣ ਦਾ ਇਰਾਦਾ ਹੋਇਆ ਤਾਂ ਇਕਦਮ ਮੋਟਰਸਾਈਕਲ ਦਾ ਖਿਆਲ ਆਇਆ। ਕਾਫ਼ੀ ਨ੍ਹੇਰਾ ਪੈ ਗਿਆ ਸੀ ਪਰ ਸ਼ਹਿਰ ਦੇ ਬਾਹਰਲੇ ਇਲਾਕੇ ਦੀਆਂ ਦੁਕਾਨਾਂ ਤਾਂ ਕਾਫੀ ਛੇਤੀ ਬੰਦ ਹੋ ਜਾਂਦੀਆਂ ਹਨ। ਇਹ ਵੀ ਡਰ ਭਾਸਿਆ ਕਿ ਕਿਤੇ ਉਹ ਮਿਸਤਰੀ ਮੁੰਡਾ ਮੇਰਾ ਮੋਟਰਸਾਈਕਲ ਉਥੇ ਸੜਕ 'ਤੇ ਹੀ ਛੱਡ ਕੇ ਕਿਤੇ ਤੁਰ ਨਾ ਗਿਆ ਹੋਵੇ। ਮੈਂ ਫਟਾ ਫਟ ਅੰਧੇਰੀ ਵਲ ਟੈਕਸੀ ਦੁੜਾਈ।

ਅੰਧੇਰੀ ਚੌਕ ਦੇ ਨੇੜੇ ਤੇੜੇ ਦੀਆਂ ਸਾਰੀਆਂ ਦੁਕਾਨਾਂ ਬੰਦ ਪਈਆਂ ਸਨ। ਸਿਰਫ ਕੁਝ ਕੁ ਹੋਟਲ ਖੁੱਲ੍ਹੇ ਸਨ। ਠੇਲ੍ਹੇ ਵਾਲੇ ਦੀ ਦੁਕਾਨ ਦੇ ਕੋਲ ਪਹੁੰਚ ਕੇ ਮੈਂ ਚਾਰੇ ਪਾਸੇ ਨਜ਼ਰ ਦੁੜਾਈ। ਉਸ ਲਾਈਨ ਦੀਆਂ ਸਾਰੀਆਂ ਦੁਕਾਨਾਂ ਬੰਦ ਸਨ, ਤੇ ਮੇਰਾ ਮੋਟਰਸਾਈਕਲ ਕਿਸੇ ਯਤੀਮ ਬੱਚੇ ਵਾਂਗ ਕੱਲਮ-ਕੱਲਾ ਸੜਕ 'ਤੇ ਇਕ ਪਾਸੇ ਪਿਆ ਸੀ। ਟੈਕਸੀ ਤੋਂ ਉਤਰ ਕੇ ਮੈਂ ਕੋਲ ਗਿਆ, ਸਾਰੇ ਦਿਨ ਦੇ ਮਿੱਟੀ ਘੱਟੇ ਨਾਲ ਲਿਬੜੇ ਮੋਟਰਸਾਈਕਲ ਦੀ ਹਾਲਤ ਠੀਕ ਹੋਣ ਦੀ ਥਾਂ ਮੈਨੂੰ ਹੋਰ ਵੀ ਭੈੜੀ ਜਾਪ ਰਹੀ ਸੀ। ਹਾਂ, ਇਸ ਖਿਆਲ ਨਾਲ ਜ਼ਰੂਰ ਤਸੱਲੀ ਜਿਹੀ ਹੋਈ ਕਿ ਘੱਟੋ-ਘੱਟ ਉਸ ਨੂੰ ਕਿਸੇ ਚੁੱਕ ਨਹੀਂ ਸੀ ਖੜਿਆ। ਮੈਂ ਕਲੱਚ ਵੱਲ ਨਜ਼ਰ ਮਾਰੀ, ਦਬਾ ਕੇ ਵੇਖਿਆ, ਉਹ ਸਚਮੁਚ ਮੁੰਡੇ ਨੇ ਠੀਕ ਕਰ ਦਿੱਤਾ ਹੋਇਆ ਸੀ। ਹਨੇਰੇ ਵਿਚ ਮੈਂ ਫਿਰ ਆਲੇ-ਦੁਆਲੇ ਵੇਖਣ ਲੱਗਾ ਕਿ ਕਿਤੇ ਉਹ ਮੁੰਡਾ ਨਜ਼ਰੀਂ ਪਵੇ, ਤੇ ਉਹਨੂੰ ਪੈਸੇ ਦੇ ਕੇ ਆਪਣਾ ਰਾਹ ਫੜਾਂ। ਏਸੇ ਵੇਲੇ ਈਰਾਨੀ ਚਾਹ ਵਾਲੇ ਦੀ ਦੁਕਾਨ ਵਿਚੋਂ ਦੋ ਮੁੰਡੇ ਮੈਨੂੰ ਆਪਣੇ ਵਲ ਤੁਰੇ ਆਉਂਦੇ ਦਿਸੇ। ਉਨ੍ਹਾਂ ਵਿਚੋਂ ਇਕ ਉਹੀ ਠੇਲ੍ਹੇ ਵਾਲੇ ਦਾ ਮੁੰਡਾ ਸੀ। ਤਸੱਲੀ ਹੋਣ 'ਤੇ ਮੈਂ ਟੈਕਸੀ ਵਾਲੇ ਨੂੰ ਪੈਸੇ ਦੇ ਕੇ ਤੋਰ ਦਿਤਾ।

ਉਸੇ ਮੁੰਡੇ ਨੇ ਮੇਰੇ ਕੋਲ ਆ ਕੇ ਉਵੇਂ ਦੇ ਹੀ ਲਾਪਰਵਾਹ ਅੰਦਾਜ਼ ਵਿਚ ਆਖਿਆ, "ਅਰੇ ਸਾਹਬ, ਤੁਮ ਇਤਨਾ ਦੇਰ ਸੇ ਆਇਆ। ਤੁਮਾਰੀ ਵਜ੍ਹਾ ਸੇ ਤੋ ਆਜ ਹਮਾਰਾ ਬਹੁਤ ਨੁਕਸਾਨ ਹੋ ਗਿਆ।"

"ਮੁਝੇ ਅਫ਼ਸੋਸ ਹੈ, ਕੁਛ ਜ਼ਰੂਰੀ ਕਾਮ ਸੇ ਦੇਰ ਹੋ ਗਈ", ਮੈਂ ਏਨਾ ਹੀ ਆਖਿਆ, ਪਰ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਮੇਰੇ ਦੇਰ ਨਾਲ ਆਉਣ ਕਰ ਕੇ ਉਸ ਦਾ ਐਸਾ ਕਿਹੜਾ ਨੁਕਸਾਨ ਹੋ ਸਕਦਾ ਸੀ। ਹੋ ਸਕਦੈ, ਉਸ ਨੇ ਕਿਤੇ ਜਾਣਾ ਹੋਵੇ ਤੇ ਮੇਰੇ ਕਰ ਕੇ ਨਾ ਜਾ ਸਕਿਆ ਹੋਵੇ। ਮੈਂ ਸੋਚਿਆ, ਇਕ ਰੁਪਿਆ ਵਧ ਦੇ ਦਿਆਂਗਾ ਸੁ।

ਮੇਰੇ ਕਈ ਵਾਰ ਪੁੱਛਣ 'ਤੇ ਵੀ ਜਦੋਂ ਉਸ ਆਪਣੇ ਨੁਕਸਾਨ ਦਾ ਭਾਂਡਾ ਨਾ ਭੰਨਿਆ ਤਾਂ ਮੈਨੂੰ ਡਾਢਾ ਗੁੱਸਾ ਆਇਆ। ਆਖਰ ਉਸ ਆਖ ਹੀ ਦਿੱਤਾ, "ਅਰੇ ਸਾਹਬ, ਤੁਮਾਰਾ ਗਾੜੀ ਯਹਾਂ ਸੜਕ ਪਰ ਖੜਾ ਥਾ। ਕੋਈ ਸਾਲਾ ਟੰਕੀ ਕੀ ਕੈਪ ਉਤਾਰ ਕਰ ਲੇ ਗਿਆ। ਅਬੀ ਹਮ ਦੋ ਰੁਪਿਆ ਖਰਚ ਕੇ ਇਸ ਕੇ ਉਪਰ ਲਗਾਇਆ ਹੈ।"

ਟੰਕੀ ਵਲ ਮੇਰੀ ਨਜ਼ਰ ਗਈ। ਮੇਰੀ ਆਪਣੀ ਚਮਕਦਾਰ ਤੇ ਖੂਬਸੂਰਤ ਕੈਪ ਗਾਇਬ ਸੀ, ਤੇ ਉਸ ਦੀ ਥਾਂ ਇਹ ਦੂਜੀ ਸਲੇਟੀ ਰੰਗ ਦੀ ਐਲੂਮੀਨੀਅਮ ਦੀ ਕੈਪ ਚੜ੍ਹੀ ਹੋਈ ਸੀ ਜਿਸ ਨੇ ਮੇਰੇ ਮੋਟਰ ਸਾਈਕਲ ਦੀ ਰਹਿੰਦੀ-ਖੂੰਹਦੀ ਸ਼ਾਨ ਵੀ ਮਿੱਟੀ ਕਰ ਸੁੱਟੀ ਸੀ। ਕੁਝ ਦਿਨ ਪਹਿਲਾਂ ਮੋਬਿਲ ਆਇਲ ਦੀ ਟੰਕੀ ਤੋਂ ਵੀ ਕੈਪ ਇਵੇਂ ਹੀ ਗਾਇਬ ਹੋਈ ਸੀ। ਉਵੇਂ ਦੀ ਹੀ ਕੈਪ ਖਰੀਦਣ ਲਈ ਮੈਂ ਸਾਰੀ ਬੰਬਈ ਛਾਣ ਮਾਰੀ ਸੀ, ਪਰ ਕਿਸੇ ਦੀ ਦੁਕਾਨ 'ਤੇ ਉਸ ਦੇ ਨਾਲ ਦੀ ਕੈਪ ਨਹੀਂ ਸੀ ਮਿਲੀ। ਉਹ ਵਿਦੇਸ਼ੀ ਕੈਪ ਹੁਣ ਇਥੇ ਮਿਲਦੀ ਹੀ ਨਹੀਂ। ਮੈਨੂੰ ਪੂਰਾ ਯਕੀਨ ਹੋ ਗਿਆ ਕਿ ਇਸ ਮੁੰਡੇ ਨੇ ਆਪ ਹੀ ਕੈਪ ਗਾਇਬ ਕੀਤੀ ਹੈ, ਤੇ ਉਹਨੂੰ ਵੇਚ-ਵਾਚ ਕੇ ਕਿਤੋਂ ਪੰਜ ਦਸ ਰੁਪਏ ਝਾੜ ਲਏਗਾ, ਤੇ ਉਤੋਂ ਹਰਾਮੀ ਆਖ ਰਿਹਾ ਸੀ- ਨੁਕਸਾਨ ਹੋ ਗਿਆ।

"ਤੁਮਾਰਾ ਕੈਸੇ ਨੁਕਸਾਨ ਹੂਆ ਮਾਸਟਰ? ਦਸ ਬੀਸ ਰੁਪਏ ਕੀ ਮੇਰੀ ਕੈਪ ਗੁੰਮ ਹੋ ਗਈ, ਔਰ ਬਾਜ਼ਾਰ ਮੇਂ ਆਜ ਕਲ ਯੇ ਮਿਲਤੀ ਭੀ ਨਹੀਂ। ਤੁਮਾਰੀ ਦੁਕਾਨ ਕੇ ਸਾਮਨੇ ਗਾੜੀ ਖੜੀ ਥੀ, ਕਿਆ ਤੁਮ ਉਸ ਕਾ ਖਿਆਲ ਭੀ ਨਹੀਂ ਰਖ ਸਕਤੇ ਥੇ?" ਗੁੱਸੇ ਵਿਚ ਭਰਿਆ ਪੀਤਾ ਮੈਂ ਵਰ੍ਹ ਪਿਆ।

ਤੇ ਉਸ ਦਾ ਜਵਾਬ ਸੀ, "ਹਮ ਕੋ ਮਾਲੂਮ ਥਾ, ਤੁਮ ਐਸਾ ਹੀ ਬੋਲੇਗਾ। ਜਬੀ ਤੋਂ ਅਪਨੀ ਜੇਬ ਸੇ ਪੈਸਾ ਖ਼ਰਚ ਕਰ ਕੇ ਦੂਸਰਾ ਫਿਟ ਕੀਆ ਹੈ। ਹਮ ਦੁਕਾਨ ਪਰ ਬੈਠ ਕਰ ਅਪਨਾ ਕਾਮ ਕਰੇਗਾ, ਯਾ ਤੁਮਾਰੀ ਗਾੜੀ ਕਾ ਚੌਕੀਦਾਰੀ?"

ਮਨ 'ਚ ਆਇਆ ਕਿ ਇਕ ਵਾਰੀ ਇਹਨੂੰ ਇਹਦੀ ਬੇਲਿਹਾਜ਼ੀ ਦਾ ਸੁਆਦ ਤਾਂ ਚਖਾਵਾਂ, ਪਰ ਹਾਲਾਤ ਜਾਚ ਕੇ ਮੈਂ ਆਪਣੇ ਆਪ 'ਤੇ ਕਾਬੂ ਪਾ ਲਿਆ। ਮੈਂ ਇਕੱਲਾ ਸਾਂ, ਪਰਾਈ ਥਾਂ ਸੀ। ਉਹ ਦੋ ਜਣੇ ਸਨ, ਤੇ ਚੰਗੇ ਛਟੇ ਹੋਏ ਲੋਫਰ ਲੱਗਦੇ ਸਨ। ਨਾਲੇ ਕੀ ਪਤਾ, ਗੱਲ ਵਧ ਜਾਂਦੀ ਤਾਂ ਹੋਰ ਕਿੰਨੇ ਯਾਰ ਦੋਸਤ ਉਨ੍ਹਾਂ ਦੇ ਨੇੜਿਓਂ-ਤੇੜਿਓਂ ਨਿਕਲ ਆਉਂਦੇ। ਗੱਲ ਠੱਪਣ ਲਈ ਮੈਂ ਕਲੱਚ ਦੀ ਮਜ਼ਦੂਰੀ ਦੇ ਦੋ ਰੁਪਈਆਂ ਦੇ ਨਾਲ ਦੋ ਰੁਪਏ ਉਸ ਲੀਚੜ ਦੀ ਕੈਪ ਦੇ ਵੀ ਧਰ ਦਿੱਤੇ। ਇਕ ਵਾਰ ਤਾਂ ਉਸ ਬੜੇ ਸ਼ਾਹਾਨਾ ਅੰਦਾਜ਼ ਵਿਚ ਲੈਣ ਤੋਂ ਇਨਕਾਰ ਕਰ ਦਿੱਤਾ, ਤੇ ਫੇਰ ਲੈ ਵੀ ਲਏ।

ਉਸ ਦੀ ਕਮੀਨਗੀ ਹੱਦੋਂ ਵਧ ਰਹੀ ਸੀ।

*(ਬਾਕੀ ਅਗਲੇ ਸਫੇ 'ਤੇ)*

ਮੈਂ ਫਟਾ-ਫਟ ਮੋਟਰਸਾਈਕਲ ਸਟਾਰਟ ਕਰ ਕੇ ਇਸ ਮਾਹੌਲ ਵਿਚੋਂ ਖਿਸਕ ਜਾਣਾ ਚਾਹੁੰਦਾ ਸਾਂ, ਉਨ੍ਹਾਂ ਹਰਾਮੀਆਂ ਦੀਆਂ ਤਿੱਖੀਆਂ ਨਜ਼ਰਾਂ ਤੋਂ ਬਹੁਤ ਦੂਰ। ਗੱਲਾਂ ਗੱਲਾਂ ਵਿਚ ਹੀ ਤਿੰਨ ਚਾਰ ਮੁੰਡੇ ਹੋਰ ਕਿਤੋਂ ਨਿਕਲ ਆਏ। ਮੈਂ ਮਨ 'ਚ ਬੜਾ ਕੁੜ੍ਹਿਆ, ਇਸ ਮੁਲਕ ਵਿਚ ਫਿਲਮੀ ਅਦਾਕਾਰ ਹੋਣਾ ਵੀ ਪਾਪ ਏ!

ਚੰਗੇ ਕਰਮਾਂ ਨੂੰ ਪਹਿਲੀ ਕਿੱਕ ਮਾਰਦਿਆਂ ਹੀ ਮੋਟਰਸਾਈਕਲ ਸਟਾਰਟ ਹੋ ਗਿਆ। ਮੇਰੀਆਂ ਨਜ਼ਰਾਂ ਉਸ ਮੁੰਡੇ ਦਾ ਧੰਨਵਾਦ ਕਰਨੋਂ ਨਾ ਰਹਿ ਸਕੀਆਂ, ਕਿਉਂਕਿ ਪਿਛਲੇ ਕੁਝ ਚਿਰ ਤੋਂ ਕਾਰਬੋਰੇਟਰ ਸਾਫ਼ ਕਰਨ ਵਾਲਾ ਹੋਇਆ ਪਿਆ ਸੀ ਜਿਸ ਕਰ ਕੇ ਪੰਜ ਸੱਤ ਕਿੱਕਾਂ ਮਾਰਨ ਪਿਛੋਂ ਹੀ ਮੋਟਰ ਸਾਈਕਲ ਸਟਾਰਟ ਹੁੰਦਾ ਸੀ। ਤੇ ਹੁਣ ਜੇ ਛੇਤੀ ਸਟਾਰਟ ਨਾ ਹੁੰਦਾ, ਤਾਂ ਇਨ੍ਹਾਂ ਮੁੰਡਿਆਂ ਨੂੰ ਮੈਨੂੰ ਚਿੜ੍ਹਾਉਣ ਦਾ ਹੋਰ ਮੌਕਾ ਮਿਲ ਜਾਣਾ ਸੀ। ਇੰਜਣ ਸਟਾਰਟ ਹੁੰਦਿਆਂ ਹੀ ਮੈਂ ਫਟਾ-ਫਟ ਤੁਰਨ ਦੀ ਕੀਤੀ। ਕਾਹਲ ਵਿਚ ਬੱਤੀ ਜਗਾਉਣੀ ਵੀ ਭੁੱਲ ਗਿਆ।

ਕੁਝ ਅਗਾਂਹ ਜਾ ਕੇ ਮੈਂ ਬੱਤੀ ਦਾ ਸਵਿੱਚ ਆਨ ਕੀਤਾ। ਕਾਫ਼ੀ ਦਿਨਾਂ ਤੋਂ ਇਹ ਕੁਝ ਢਿੱਲਾ ਜਿਹਾ ਸੀ ਜਿਸ ਕਰ ਕੇ ਪਿਛਲੀ ਬੱਤੀ ਉਕਾ ਹੀ ਨਹੀਂ ਸੀ ਜਗਦੀ, ਤੇ ਅਗਲੀ ਵੀ ਜਗਦੀ ਬੁਝਦੀ ਰਹਿੰਦੀ ਸੀ; ਪਰ ਹੁਣ ਤਾਂ ਬੜੀ ਸੋਹਣੀ ਤਰ੍ਹਾਂ ਜਗ ਰਹੀ ਸੀ। ਇਸ ਨਾਲ ਮਨ ਨੂੰ ਕੁਝ ਤਾਂ ਧੀਰਜ ਹੋਇਆ। ਨਹੀਂ ਤਾਂ ਹੋ ਸਕਦਾ ਸੀ, ਚੁਰਾਹੇ 'ਤੇ ਕੋਈ ਪੁਲਸੀਆ ਨੰਬਰ ਨੋਟ ਕਰ ਬਹਿੰਦਾ ਤੇ ਪੰਦਰਾਂ ਵੀਹ ਰੁਪਏ ਹੋਰ ਗੁਆਉਣੇ ਪੈਂਦੇ।

ਕੁਝ ਹੋਰ ਅਗਾਂਹ ਜਾ ਕੇ ਐਕਸਲਰੇਟਰ ਦਬਾਉਂਦਿਆਂ ਅਚਾਨਕ ਹੀ ਮੇਰਾ ਹੱਥ ਹਾਰਨ ਵਜਾਉਣ ਵਾਲੇ ਬਟਨ ਨਾਲ ਜਾ ਲੱਗਾ। ਇਹ ਬਟਨ ਵੀ ਕਾਫ਼ੀ ਚਿਰ ਤੋਂ ਖਰਾਬ ਹੋਇਆ ਪਿਆ ਸੀ, ਤੇ ਹਾਰਨ ਵੀ ਨਹੀਂ ਸੀ ਵੱਜਦਾ। ਮੈਂ ਠੀਕ ਕਰਵਾਉਣ ਦੀ ਕੋਸ਼ਿਸ਼ ਵੀ ਨਾ ਕੀਤੀ, ਕਿਉਂਕਿ ਹਾਰਨ ਵਜਾਉਣਾ ਮੈਨੂੰ ਪਸੰਦ ਨਹੀਂ ਸੀ ਪਰ ਅਜ ਮੇਰਾ ਹੱਥ ਵਜਦਿਆਂ ਹੀ ਹਾਰਨ ਜ਼ੋਰ ਦੀ ਅਜੀਬ ਜਿਹੀ ਆਵਾਜ਼ ਵਿਚ ਵੱਜ ਪਿਆ। ਇਸ ਦੀ ਏਨੀ ਪਿਆਰੀ ਆਵਾਜ਼ ਸੁਣ ਕੇ ਮੈਨੂੰ ਕਾਫ਼ੀ ਹੈਰਾਨੀ ਹੋਈ। ਪਹਿਲਾਂ ਤਾਂ ਇਹ ਭੁੱਖੇ ਬਘਿਆੜ ਵਾਂਗ ਘਉਂ ਘਉਂ ਹੀ ਕਰਦਾ ਹੁੰਦਾ ਸੀ। ਤੇ ਇਕ ਹੋਰ ਅਜੀਬ ਗੱਲ ਇਹ ਹੋਈ ਕਿ ਹਾਰਨ ਦੀ ਆਵਾਜ਼ ਐਨ ਮੇਰੀ ਸੀਟ ਦੇ ਥੱਲਿਉਂ ਦੀ ਨਿਕਲੀ ਸੀ ਜਿਸ ਨਾਲ ਖਾਹਮਖ਼ਾਹ ਮੇਰੇ ਸਾਰੇ ਸਰੀਰ ਵਿਚ ਝੁਣਝੁਣੀ ਜਿਹੀ ਛਾ ਗਈ, ਜਿਵੇਂ ਬੇਧਿਆਨੀ ਵਿਚ ਹੀ ਮੈਂ ਕੋਈ ਐਸੀ ਵੈਸੀ ਹਰਕਤ ਕਰ ਬੈਠਾ ਹੋਵਾਂ। ਇਸ ਦਾ ਮਤਲਬ ਮਿਸਤਰੀ ਦਾ ਮੁੰਡਾ ਮੇਰੇ ਨਾਲ ਇਕ ਹੋਰ ਸ਼ਰਾਰਤ ਕਰ ਗਿਆ ਸੀ। ਗੁੱਸਾ ਬੜਾ ਆਇਆ, ਪਰ ਪਤਾ ਨਹੀਂ ਕਿਉਂ, ਨਾਲ ਹੀ ਬੱਚਿਆਂ ਵਾਂਗ ਘੜੀ-ਮੁੜੀ ਹਾਰਨ ਵਜਾਉਣ ਲਈ ਮੇਰਾ ਮਨ ਕਾਹਲਾ ਪੈਣ ਲੱਗਾ, ਤੇ ਜਦੋਂ ਆਵਾਜ਼ ਸੀਟ ਦੇ ਵਿਚੋਂ ਦੀ ਨਿਕਲਦੀ ਤਾਂ ਆਪਣੇ ਆਪ ਹੀ ਮੇਰਾ ਹਾਸਾ ਨਿਕਲ ਜਾਂਦਾ।

ਫੇਰ ਕੁਝ ਦੂਰ ਜਾ ਕੇ ਮੈਨੂੰ ਮਹਿਸੂਸ ਹੋਇਆ ਕਿ ਇੰਜਣ ਅੱਜ ਬੜਾ ਸੋਹਣਾ ਚੱਲ ਰਿਹੈ। ਖਿਆਲ ਆਇਆ, ਰਾਤ ਦਾ ਵੇਲਾ ਹੈ, ਠੰਢੀ ਹਵਾ ਹੈ, ਸ਼ਾਇਦ ਇਸੇ ਕਰ ਕੇ ਹਲਕਾ ਫੁਲਕਾ ਜਾਪ ਰਿਹੈ; ਪਰ ਫਿਰ ਇਕ ਹੋਰ ਗੱਲ ਮੇਰੇ ਧਿਆਨ ਵਿਚ ਆਈ। ਚੇਨ ਦੇ ਚੇਨ-ਬਕਸ ਨਾਲ ਰਗੜਨ 'ਤੇ ਜਿਹੜੀ ਖੜ-ਖੜ ਪਹਿਲਾਂ ਹੁੰਦੀ ਸੀ, ਹੁਣ ਉਸ ਦਾ ਨਾਂ-ਨਿਸ਼ਾਨ ਤਕ ਨਹੀਂ ਸੀ। ਮੈਨੂੰ ਪੂਰਾ ਯਕੀਨ ਹੋ ਗਿਆ ਕਿ ਮੁੰਡੇ ਨੇ ਕਲੱਚ ਦਾ ਟਾਂਕਾ ਲਾ ਕੇ ਜ਼ਰੂਰ ਮੋਟਰਸਾਈਕਲ ਦੀ ਹੋਰ ਵੀ ਥੋੜ੍ਹੀ ਬਹੁਤ ਮੁਰੰਮਤ ਕੀਤੀ ਸੀ, ਪਰ ਇਹ ਸਭ ਕੁਝ ਮੈਨੂੰ ਏਨਾ ਅਜੀਬ ਜਿਹਾ ਜਾਪਿਆ ਕਿ ਮੈਂ ਮੋਟਰਸਾਈਕਲ ਖਲ੍ਹਾਰ ਕੇ ਉਸ ਦੇ ਇਕ-ਇਕ ਪੁਰਜ਼ੇ ਨੂੰ ਧਿਆਨ ਨਾਲ ਵਾਚਣ ਲੱਗ ਪਿਆ। ਪਿਛਲੀ ਬੱਤੀ ਵਲ ਮੇਰਾ ਧਿਆਨ ਪਿਆ, ਉਹ ਵੀ ਜਗਦੀ ਸੀ ਪਈ। ਇਸ ਦਾ ਮਤਲਬ, ਉਸ ਨੇ ਇਸ ਦੀ ਵਾਇਰਿੰਗ ਵੀ ਠੀਕ ਕੀਤੀ ਸੀ। ਮੋਬਿਲ ਆਇਲ ਦੀ ਟੰਕੀ ਵਲ ਧਿਆਨ ਮਾਰਿਆ ਤਾਂ ਉਥੇ ਵੀ ਸਸਤੀ ਜਿਹੀ, ਨਵੀਂ ਕੈਪ ਲੱਗੀ ਹੋਈ! ਮੈਂ ਤਾਂ ਉਸ ਉਤੇ ਸਿਗਰਟ ਦਾ ਖਾਲੀ ਟੀਨ ਹੀ ਮੂਧਾ ਮਾਰ ਛੱਡਿਆ ਹੋਇਆ ਸੀ। ਬ੍ਰੇਕ ਵੇਖੀ, ਉਹ ਵੀ ਕੱਸੀ ਪਈ ਸੀ। ਚੇਨ ਵੀ ਐਨ ਟਿਚ ਸੀ। ਗੀਅਰ-ਬਾਕਸ ਵੀ ਠੀਕ ਕੀਤਾ ਪਿਆ ਸੀ। ਮੈਨੂੰ ਇਕ ਦਮ ਖਿਆਲ ਆਇਆ, ਆਪਣਾ ਟੂਲ ਬਕਸ ਤਾਂ ਵੇਖ ਲਵਾਂ, ਕੀ ਪਤਾ ਕੋਈ ਔਜ਼ਾਰ ਹੀ ਨਾ ਖਿਸਕਾ ਗਿਆ ਹੋਵੇ, ਪਰ ਟੂਲ ਬਕਸ ਵਿਚੋਂ ਔਜ਼ਾਰ ਤਾਂ ਕੀ ਜਾਣੇ ਸਨ, ਸਗੋਂ ਪੈਟਰੋਲ ਟੈਂਕ ਦੀ ਕੈਪ ਵੀ ਸਹੀ ਸਲਾਮਤ ਉਸੇ ਦੇ ਵਿਚ ਪਈ ਸੀ ਜਿਸ ਬਾਰੇ ਉਸ ਵਿਚਾਰੇ ਨੇ ਸੋਚਿਆ ਸੀ, ਸ਼ਾਇਦ ਗੁਆਚ ਗਈ ਹੈ। ਮੈਂ ਹੱਕਾ-ਬੱਕਾ ਹੋਇਆ ਕਦੇ ਇਕ ਚੀਜ਼ ਵਲ ਝਾਤੀ ਮਾਰ ਰਿਹਾ ਸਾਂ, ਤੇ ਕਦੇ ਦੂਜੀ ਵਲ। ਉਸ ਮੁੰਡੇ ਨੇ ਲਏ ਤਾਂ ਮੇਰੇ ਕੋਲੋਂ ਸਿਰਫ ਚਾਰ ਰੁਪਏ ਸਨ, ਤੇ ਕੰਮ ਉਸ ਘੱਟੋ ਘੱਟ ਪੰਦਰਾਂ ਵੀਹਾਂ ਦਾ ਕੀਤਾ ਜਾਪਦਾ ਸੀ। ਮੈਨੂੰ ਕੱਖ ਸਮਝ ਨਹੀਂ ਸੀ ਆ ਰਹੀ। ਜੇ ਉਸ ਕੀਤਾ ਸੂ, ਤਾਂ ਦੱਸਿਆ ਕਿਉਂ ਨਾ? ਇੰਜ ਮਜ਼ਾਕ ਕਰਨ ਦਾ ਭਲਾ ਕੀ ਮਤਲਬ ਹੋਇਆ?

ਹੁਣ ਮੈਨੂੰ ਉਹ ਮੁੰਡਾ ਚੰਗਾ ਚੰਗਾ ਲੱਗਣ ਲੱਗਾ। ਇਕ ਬੇਕਾਰ, ਬੇਰੁਜ਼ਗਾਰ ਕਾਰੀਗਰ ਜੋ ਮੋਟਰਾਂ ਦੇ ਇੰਜਣ ਠੀਕ ਕਰਨ ਦੀ ਥਾਂ ਆਪਣਾ ਆਪ ਡਾਲਡੇ ਦੇ ਡੱਬੇ ਕੁੱਟਣ ਵਿਚ ਗੁਆ ਰਿਹਾ ਸੀ, ਭਲਾ ਏਨਾ ਮਜ਼ਾਕੀਆ ਕਿਸਮ ਦਾ ਇਨਸਾਨ ਵੀ ਹੋ ਸਕਦੈ! ਇਹ ਸਭ ਕੁਝ ਮੇਰੇ ਲਈ ਅਜੀਬ ਜਿਹੀ ਬੁਝਰਤ ਬਣ ਗਈ।

ਘਰ ਵਲ ਜਾਣਾ ਤਾਂ ਹੁਣ ਅਸੰਭਵ ਸੀ। ਉਸ ਦੀ ਮਿਹਨਤ ਦਾ ਮੁਆਵਜ਼ਾ ਦਿਤਿਆਂ ਬਗੈਰ ਜਾਂਦਾ ਕਿਵੇਂ, ਤੇ ਮੈਂ ਇਕ ਦਮ ਵਾਪਸ ਅੰਧੇਰੀ ਵਲ ਤੁਰ ਪਿਆ। ਰਾਹ ਵਿਚ ਇਕ ਦੋ ਵਾਰ ਮੈਂ ਫਿਰ ਮੋਟਰਸਾਈਕਲ ਰੋਕ ਕੇ ਚੰਗੀ ਤਰ੍ਹਾਂ ਜਾਚਿਆ ਪਰਖਿਆ ਕਿ ਕਿਤੇ ਮੈਨੂੰ ਭਰਮ ਤਾਂ ਨਹੀਂ ਲਗ ਰਿਹਾ ਪਰ ਏਨਾ ਵੀ ਕਾਹਦਾ ਭੁਲੇਖਾ ਹੋਇਆ! ਕੱਲ੍ਹ ਤਕ ਤਾਂ ਮੈਂ ਇਸ ਨੂੰ ਗੈਰੇਜ ਵਿਚ ਭੇਜ ਕੇ ਸਰਵਿਸ ਕਰਵਾਉਣ ਦੀ ਜ਼ਰੂਰਤ ਮਹਿਸੂਸ ਕਰ ਰਿਹਾ ਸਾਂ, ਤੇ ਅੱਜ ਇੰਜ ਜਾਪ ਰਿਹਾ ਸੀ ਜਿਵੇਂ ਹੁਣੇ ਹੀ ਗੈਰੇਜ ਵਿਚੋਂ ਸਰਵਿਸ ਕਰਵਾ ਕੇ ਵਾਪਸ ਲਿਆਂਦੀ ਹੋਵੇ। ਉਸ ਦੇ ਪੂਰੇ ਪੈਸੇ ਜ਼ਰੂਰ ਦੇਣੇ ਸਨ, ਤੇ ਨਾਲੇ ਉਸ ਦੇ ਮਜ਼ਾਕ ਦੀ ਦਾਦ ਦੇਣ ਨੂੰ ਵੀ ਬੜਾ ਜੀਅ ਕੀਤਾ।

ਹੁਣ ਥੋੜ੍ਹਾ ਜਿਹਾ ਮਨ ਘਬਰਾਇਆ ਕਿ ਕਿਤੇ ਮੈਂ ਕੋਈ ਹੋਰ ਨਵੀਂ ਮੁਸੀਬਤ ਤਾਂ ਨਹੀਂ ਮੁੱਲ ਲੈ ਰਿਹਾ! ਕੀ ਪਤਾ ਉਹ ਮੁੰਡਾ ਹੁਣ ਉਥੇ ਹੋਵੇ ਵੀ ਕਿ ਨਾ। ਹੋ ਸਕਦੈ, ਮੈਨੂੰ ਵੇਖ ਕੇ ਉਹ ਤੇ ਉਹਦੇ ਸਾਥੀ ਕੋਈ ਹੋਰ ਸ਼ਰਾਰਤ ਕਰਨ 'ਤੇ ਤੁਲ ਪੈਣ, ਫੇਰ ਕੀ ਬਣੇਗਾ? ਪਰ ਪਤਾ ਨਹੀਂ ਕਿਉਂ, ਮੈਂ ਰੁਕਿਆ ਨਹੀਂ।

ਚੌਕ ਪਾਰ ਕਰ ਕੇ ਮੈਂ ਨਜ਼ਰ ਮਾਰੀ, ਟੀਨਾਂ ਵਾਲੀ ਦੁਕਾਨ ਖੁੱਲ੍ਹੀ ਪਈ ਸੀ; ਤੇ ਉਸੇ ਮੁੰਡੇ ਦਾ ਬਾਪੂ ਟੀਨ ਭੰਨਣ ਵਿਚ ਮਗਨ ਸੀ। ਮੋਟਰਸਾਈਕਲ ਦਾ ਇੰਜਣ ਬੰਦ ਕਰ ਕੇ ਉਸ ਪਾਸੇ ਵਲ ਤੁਰਿਆ ਹੀ ਸੀ ਕਿ ਪਤਾ ਨਹੀਂ ਕਿਹੜੇ ਪਾਸਿਉਂ ਉਹੀ ਮੁੰਡਾ ਤੇ ਉਹਦੇ ਯਾਰ ਮੇਰੇ ਸਾਹਮਣੇ ਆ ਖਲੋਤੇ। ਮੁੰਡਾ ਮੋਟਰਸਾਈਕਲ ਕੋਲ ਜਾ ਖਲੋਤਾ, ਤੇ ਉਸ ਨੂੰ ਜਾਚਦਿਆਂ ਬੋਲਿਆ, "ਕਿਉਂ ਸਾਹਬ, ਫਿਰ ਕੋਈ ਖ਼ਰਾਬੀ ਹੋ ਗਈ ਕਿਆ?"

ਮੈਂ ਸਿੱਧਾ ਜਾ ਕੇ ਉਸ ਦਾ ਸੱਜਾ ਹੱਥ, ਆਪਣੇ ਹੱਥ ਵਿਚ ਘੁੱਟ ਲਿਆ ਤੇ ਆਖਿਆ, "ਅਰੇ ਯਾਰ, ਤੁਮ ਤੋ ਬੜੇ ਸ਼ਾਨਦਾਰ ਆਦਮੀ ਹੋ। ਮੁਝੇ ਮਾਲੂਮ ਨਹੀਂ ਥਾ ਕਿ ਤੁਮਨੇ ਗਾੜੀ ਪਰ ਇਤਨਾ ਕਾਮ ਕੀਆ ਹੈ। ਬਤਾਉ ਮੁਝੇ ਔਰ ਕਿਤਨੇ ਪੈਸੇ ਦੇਨੇ ਹੈਂ।"

"ਕੁਛ ਨਹੀਂ, ਕੁਛ ਨਹੀਂ... ਤੁਮ 'ਹਮ ਲੋਗ' ਪਿਕਚਰ ਮੇਂ ਬਹੁਤ ਅਛਾ ਕਾਮ ਕਰਤਾ ਹੈ, ਬਸ।"

ਮੇਰੀ ਹੈਰਾਨੀ ਦੀ ਹੱਦ ਨਾ ਰਹੀ। ਮੈਂ ਆਖਿਆ, "ਮਗਰ ਮੈਂ ਤੋ ਤਮਾਮ ਵਕਤ ਯੇ ਸੋਚਤਾ ਰਹਾ ਕਿ ਤੁਮ ਮੇਰਾ ਮਜ਼ਾਕ ਉੜਾ ਰਹੇ ਹੋ।"

"ਐਕਟਰ ਲੋਗ ਕੇ ਸਾਥ ਥੋੜ੍ਹਾ ਮਜ਼ਾਕ ਕਰਨਾ ਮਾਂਗਤਾ ਹੈ", ਉਹ ਹੋਠਾਂ ਵਿਚ ਮੁਸਕਣੀ ਘੁੱਟ ਕੇ ਸ਼ਰਾਰਤ ਨਾਲ ਬੋਲਿਆ।


ਮੈਂ ਪੈਸੇ ਲੈਣ ਲਈ ਬਥੇਰਾ ਜ਼ੋਰ ਲਾਇਆ, ਪਰ ਉਸ ਮੇਰੀ ਇਕ ਨਾ ਮੰਨੀ ਸਗੋਂ ਉਸ ਦੀ ਯਾਰ ਮੰਡਲੀ ਮੈਨੂੰ ਉਸੇ ਚਾਹ ਵਾਲੇ ਦੀ ਦੁਕਾਨ ਵਿਚ ਲੈ ਤੁਰੀ। ਮੈਨੂੰ ਉਨ੍ਹਾਂ ਚਾਹ ਪਿਆਈ, ਤੇ ਫਿਰ ਫਿਲਮਾਂ ਬਾਰੇ, ਐਕਟਰਾਂ-ਐਕਟਰੈਸਾਂ ਬਾਰੇ ਬੜੇ ਮਜ਼ੇਦਾਰ ਸਵਾਲ ਪੁੱਛਦੇ ਰਹੇ। ਮੈਂ ਸਾਰਾ ਸੰਕੋਚ ਮਿਟਾ ਕੇ ਉਨ੍ਹਾਂ ਦੀ ਮਿੱਤਰਤਾ ਵਿਚੋਂ ਅਕਹਿ ਸੁਆਦ ਮਾਣ ਰਿਹਾ ਸਾਂ। ਹੁਣ ਤਕ ਮਜ਼ਦੂਰਾਂ ਬਾਰੇ ਮੇਰਾ ਨਜ਼ਰੀਆ ਕੁਝ ਹੋਰ ਹੀ ਸੀ। ਕੰਗਾਲੀ ਤੇ ਮਜਬੂਰੀ ਦੀ ਹਾਲਤ ਵਿਚ ਵੀ ਮਜ਼ਦੂਰ ਏਨਾ ਹਸਮੁਖ, ਖੁਸ਼ਮਿਜ਼ਾਜ ਤੇ ਏਨਾ ਬਾਦਸ਼ਾਹ ਦਿਲ ਹੋ ਸਕਦੈ, ਇਹ ਮੇਰੀ ਕਲਪਨਾ ਤੋਂ ਕਿਤੇ ਬਾਹਰੀ ਗੱਲ ਸੀ।

ਇਹ ਹੈ ਮੇਰੀ ਫਿਲਮੀ ਜ਼ਿੰਦਗੀ ਦੀ ਉਹ ਅਭੁੱਲ ਯਾਦ। ਕਹਾਣੀ ਲਿਖਣ ਦੀ ਕਲਾ ਭੁੱਲ ਨਾ ਗਿਆ ਹੁੰਦਾ, ਤਾਂ ਸ਼ਾਇਦ ਇਸ ਦੀ ਅਤਿਅੰਤ ਪਿਆਰੀ ਤੇ ਬੇ-ਮਿਸਾਲ ਕਹਾਣੀ ਲਿਖ ਮਾਰਦਾ।

---

# ਅਨੋਖੀ ਕਤਲਗਾਹ

ਦੁਨੀਆਂ ਦਾ ਮਹਾਨ ਲਿਖਾਰੀ ਰਸੂਲ ਹਮਜ਼ਾਤੋਵ ਆਪਣੀ ਕਿਤਾਬ 'ਮੇਰਾ ਦਾਗ਼ਿਸਤਾਨ' ਵਿਚ ਲਿਖਦਾ ਏ: ਇਕ ਵਾਰ ਮੈਨੂੰ ਪੈਰਿਸ ਵਿਚ ਮੇਰਾ ਹਮਵਤਨੀ ਚਿੱਤਰਕਾਰ ਮਿਲ ਪਿਆ। ਉਸ ਨਾਲ ਗੱਲਾਂਬਾਤਾਂ ਹੋਈਆਂ। ਪੈਰਿਸ ਤੋਂ ਵਾਪਸ ਆ ਕੇ ਮੈਂ ਇਸ ਚਿੱਤਰਕਾਰ ਦੇ ਰਿਸ਼ਤੇਦਾਰ ਲੱਭ ਲਏ। ਇਸ ਚਿੱਤਰਕਾਰ ਦੀ ਮਾਂ ਹਾਲੇ ਵੀ ਜੀਂਦੀ ਸੀ। ਉਨ੍ਹਾਂ ਸਾਰਿਆਂ ਬੜੇ ਸ਼ੌਕ ਨਾਲ ਇਸ ਚਿੱਤਰਕਾਰ ਬਾਰੇ ਗੱਲਾਂ ਸੁਣੀਆਂ।



ਉਹਦੀ ਮਾਂ ਨੇ ਪੁੱਛਿਆ, "ਤੁਸੀਂ ਮੇਰੇ ਪੁੱਤਰ ਨਾਲ ਗੱਲਾਂ ਆਵਾਰ ਬੋਲੀ (ਦਾਗਸਤਾਨ ਦੀ ਬੋਲੀ) ਵਿਚ ਕੀਤੀਆਂ?"

"ਨਹੀਂ ਅਸੀਂ ਦੋ ਬੋਲੀਆਂ ਰਾਹੀਂ ਗੱਲਾਂ

**ਸੱਯਦ ਆਸਿਫ ਸ਼ਾਹਕਾਰ**

ਕੀਤੀਆਂ। ਮੈਂ ਰੂਸੀ ਬੋਲਦਾ ਸੀ ਤੇ ਤੁਹਾਡਾ ਪੁੱਤਰ ਫ਼ਰਾਂਸੀਸੀ।" ਮੈਂ ਜਵਾਬ ਦਿੱਤਾ।

ਇਹ ਸੁਣ ਕੇ ਮਾਂ ਨੇ ਆਪਣਾ ਮੂੰਹ ਕਾਲੇ ਘੁੰਡ ਹੇਠਾਂ ਢਕ ਲਿਆ, ਜਿਵੇਂ ਸਾਡੀਆਂ ਔਰਤਾਂ ਪੁੱਤਰ ਦੀ ਮੌਤ ਬਾਰੇ ਸੁਣ ਕੇ ਮੂੰਹ 'ਤੇ ਕੱਪੜਾ ਲੈ ਲੈਂਦੀਆਂ ਨੇ।

"ਤੈਨੂੰ ਗ਼ਲਤੀ ਲੱਗੀ ਏ ਰਸੂਲ।" ਬਹੁਤ ਦੇਰ ਚੁੱਪ ਰਹਿਣ ਮਗਰੋਂ ਮਾਂ ਬੋਲੀ।


"ਮੇਰਾ ਪੁੱਤਰ ਤਾਂ ਫ਼ਿਰ ਮਰ ਚੁੱਕਿਆ ਏ। ਉਹ ਮੇਰਾ ਪੁੱਤਰ ਨਹੀਂ ਹੋ ਸਕਦਾ। ਮੇਰਾ ਕੋਈ ਪੁੱਤਰ ਉਹ ਬੋਲੀ ਨਹੀਂ ਭੁੱਲ ਸਕਦਾ ਜਿਹੜੀ ਉਸ ਨੂੰ ਮੈਂ ਇਕ ਆਵਾਰ ਮਾਂ ਨੇ ਸਿਖਾਈ ਸੀ।"

ਮੈਂ ਜਦ ਇਹ ਕਹਾਣੀ ਸੁਣਦਾ ਹਾਂ ਤਾਂ ਮੈਨੂੰ ਇਸ ਦਾਗ਼ਿਸਤਾਨੀ ਚਿੱਤਰਕਾਰ ਦੀ ਮੌਤ ਖ਼ੁਦਕੁਸ਼ੀ ਲਗਦੀ ਏ। ਜੇ ਇਸ ਚਿੱਤਰਕਾਰ ਦੀ ਮਾਂ ਜੀਂਦੀ ਹੁੰਦੀ, ਤਾਂ ਮੈਂ ਇਹਨੂੰ ਐਸਾ ਦੇਸ ਦਿਖਾਉਂਦਾ ਜਿਥੋਂ ਦੀ ਮਾਂ ਇਸ ਦਾਗ਼ਿਸਤਾਨੀ ਮਾਂ ਵਾਂਗ ਆਪਣੇ ਪੁੱਤਰ ਦੀ ਖ਼ੁਦਕਸ਼ੀ 'ਤੇ ਰੋਂਦੀ ਤੇ ਕੀਰਨੇ ਨਹੀਂ ਪਾਉਂਦੀ ਸਗੋਂ ਆਪ, ਆਪਣੇ ਹੱਥੀਂ ਪੁੱਤਰ ਨੂੰ ਕਤਲ ਕਰਦੀ ਏ ਤੇ ਫਿਰ ਉਹਦੀ ਲਾਸ਼ 'ਤੇ ਖਲੋ ਕੇ ਫ਼ਖ਼ਰ ਕਰਦੀ ਏ। ਉਹਦੇ ਕਤਲ ਦਾ ਜਸ਼ਨ ਮਨਾਉਂਦੀ ਏ, ਤੇ ਵਹਿਸ਼ੀਆਂ ਵਾਂਗ ਨੱਚਦੀ ਏ।

ਇਸ ਦੇਸ ਦਾ ਨਾਂ ਪੰਜਾਬ ਏ, ਤੇ ਇਹ ਕਾਤਲ ਮਾਂ, ਪੰਜਾਬੀ ਮਾਂ ਏ ਜੋ ਬਿਮਾਰ ਏ। ਇਸ ਨੂੰ ਇਹ ਬਿਮਾਰੀ ਚਾਰ ਲਫ਼ਜ਼ ਪੜ੍ਹ-ਲਿਖ ਕੇ ਸਿੱਖਣ ਨਾਲ ਲਗਦੀ ਏ, ਤੇ ਫ਼ਿਰ ਜਿਉਂ-ਜਿਉਂ ਇਹ ਹੋਰ ਪੜ੍ਹਨਾ ਲਿਖਣਾ ਸਿੱਖਦੀ ਜਾਂਦੀ ਏ, ਤਿਉਂ-ਤਿਉਂ ਇਸ ਬਿਮਾਰੀ ਦਾ ਜ਼ੋਰ ਵਧਦਾ ਜਾਂਦਾ ਏ। ਫ਼ਿਰ ਇਕ ਦਿਨ ਇਸ ਦੀ ਸਾਰੀ ਜੂਨ ਈ ਬਦਲ ਜਾਂਦੀ ਏ। ਇਹ ਅਹਿਸਾਸ-ਏ-ਕਮਤਰੀ ਦੀ ਮਰੀਜ਼ ਏ। ਇਸ ਦੀ ਮਾਂ ਬੋਲੀ, ਇਸ ਦਾ ਵਸੇਬ, ਇਸ ਦੀ ਤਾਰੀਖ਼, ਇਸ ਦੇ ਪਿਉ-ਦਾਦੇ ਇਸ ਲਈ ਫੋਬੀਆ (ਡਰ) ਨੇ। ਆਪਣੇ ਇਸ ਡਰ ਦਾ ਨਿਸ਼ਾਨਾ ਇਹ ਆਪਣੀ ਔਲਾਦ ਨੂੰ ਬਣਾਉਂਦੀ ਏ, ਪਈ ਜੇ ਇਹਦੀ ਔਲਾਦ ਪੰਜਾਬੀ ਬੋਲੇਗੀ, ਤਾਂ ਇਹ ਜਾਹਲ ਤੇ ਗੰਵਾਰ ਕਹਾਏਗੀ, ਤੇ ਇਸ ਮਾਂ ਦਾ ਸ਼ਰੀਕਾਂ ਵਿਚ ਨੱਕ ਵੱਢਿਆ ਜਾਵੇਗਾ। ਇਸ ਮਾਂ ਦੀ ਇਹ ਬਿਮਾਰੀ ਸਿਰਫ਼ ਪੰਜਾਬ ਤੱਕ ਈ ਮਹਿਦੂਦ ਨਹੀਂ ਏ, ਸਗੋਂ ਜਦ ਇਹ ਪੰਜਾਬ ਦੀ ਧਰਤੀ ਛੱਡ ਵੀ ਦਿੰਦੀ ਏ ਤਾਂ ਵੀ ਇਹ ਆਪਣੀ ਇਸ ਬਿਮਾਰੀ ਨੂੰ ਸੀਨੇ ਨਾਲ ਲਾਈ ਰੱਖਦੀ ਏ। ਮੈਂ ਇਸ ਬਿਮਾਰੀ ਨੂੰ ਆਪਣੇ ਖ਼ਾਨਦਾਨ ਨੂੰ ਆਪਣੇ ਤਨ ਉਤੇ ਹੰਡਾਉਂਦਿਆਂ ਵੀ ਦੇਖਿਆ ਏ।

ਸਵੀਡਨ ਆਉਣ ਮਗਰੋਂ ਹਰ ਪੰਜਾਬੀ ਵਾਂਗ ਮੈਨੂੰ ਵੀ ਮੇਰੇ ਖ਼ਾਨਦਾਨ ਨੇ ਡੰਡਾ ਦੇਣਾ ਸ਼ੁਰੂ ਕਰ ਦਿੱਤਾ ਕਿ ਮੈਂ ਉਨ੍ਹਾਂ ਨੂੰ ਉਥੇ ਸੱਦਾਂ। ਮੈਨੂੰ ਸੱਦਣਾ ਪਿਆ। ਮੇਰੇ ਖ਼ਾਨਦਾਨ ਦੇ ਜੋ ਲੋਕ ਸਵੀਡਨ ਪੁੱਜੇ, ਉਨ੍ਹਾਂ ਵਿਚੋਂ ਬਹੁਤੇ ਉਹ ਸਨ ਜੋ ਸਿੱਧੇ ਪਿੰਡੋਂ ਉਠ ਕੇ ਸਵੀਡਨ ਆਏ ਸਨ। ਉਨ੍ਹਾਂ ਨੂੰ ਕਿਸੇ ਵੱਡੇ ਸ਼ਹਿਰ ਦੀ ਹਵਾ ਵੀ ਨਹੀਂ ਸੀ ਲੱਗੀ। ਉਨ੍ਹਾਂ ਸਵੀਡਨ ਪੁੱਜ ਕੇ ਆਪਣੇ ਬਾਲਾਂ ਨਾਲ ਠੇਠ ਪੰਜਾਬੀ ਈ ਬੋਲੀ, ਤੇ ਉਹ ਪੰਜਾਬੀ ਸਿੱਖ ਗਏ। ਸਾਡੀ ਬਦਕਿਸਮਤੀ, ਮੇਰੀ ਇਕ ਭਾਣਜੀ ਜਿਹਨੇ ਬੀ.ਏ. ਕੀਤੀ ਹੋਈ ਸੀ, ਆਪਣੀ ਮਾਸੀ ਦੇ ਪੁੱਤਰ ਨਾਲ ਵਿਆਹ ਕਰ ਕੇ ਸਟਾਕਹੋਮ ਆ ਗਈ। ਇਹਨੇ ਨਵੀਂ ਇੱਲਤ ਕੀਤੀ, ਉਰਦੂ ਬੋਲਣੀ ਸ਼ੁਰੂ ਕਰ ਦਿੱਤੀ। ਮੇਰੇ ਖ਼ਾਨਦਾਨ ਦੇ ਲੋਕਾਂ ਨੂੰ ਉਰਦੂ ਨਹੀਂ ਸੀ ਆਉਂਦੀ। ਕਿਸੇ ਨੇ ਉਹਨੂੰ ਉਰਦੂ ਵਿਚ ਜਵਾਬ ਨਾ ਦਿੱਤਾ। ਉਹਨੇ ਮਜਬੂਰ ਹੋ ਕੇ ਪੰਜਾਬੀ ਬੋਲਣੀ ਸ਼ੁਰੂ ਕਰ ਦਿੱਤੀ, ਪਰ ਜਦ ਉਹਦੇ ਆਪਣੇ ਬਾਲ ਜੰਮੇ, ਤਾਂ ਉਹ ਉਹਦੇ ਢਹੇ ਚੜ੍ਹ ਗਏ। ਉਹਨੇ ਉਨ੍ਹਾਂ ਨਾਲ ਉਰਦੂ ਬੋਲਣੀ ਸ਼ੁਰੂ ਕਰ ਦਿੱਤੀ। ਅਸੀਂ ਉਹਨੂੰ ਬੜਾ ਸਮਝਾਇਆ, ਪਰ ਉਹ ਨਾ ਮੰਨੀ। ਇਹਦੀ ਰੀਸ-ਬਰੀਸੀ ਖ਼ਾਨਦਾਨ ਦੀਆਂ ਕੁਝ ਹੋਰ ਜ਼ਨਾਨੀਆਂ ਵੀ ਆਪਣੇ ਬਾਲਾਂ ਨਾਲ ਉਰਦੂ ਬੋਲਣ ਲੱਗ ਪਈਆਂ। ਇਨ੍ਹਾਂ ਵਿਚੋਂ ਕਈ ਅਜਿਹੀਆਂ ਵੀ ਸਨ ਜਿਨ੍ਹਾਂ ਨੂੰ ਆਪ ਉਰਦੂ ਨਹੀਂ ਸੀ ਆਉਂਦੀ। ਇਹ ਪੰਜਾਬੀ ਅਤੇ ਉਰਦੂ ਰਲ਼ਾ ਕੇ ਗੁਲਾਬੀ ਉਰਦੂ ਬੋਲਣ ਲੱਗ ਪਈਆਂ। ਇਨ੍ਹਾਂ ਦੀ ਇਹ ਉਰਦੂ ਪੂਰਾ ਤਮਾਸ਼ਾ ਹੁੰਦਾ ਸੀ: ਤੁਮ ਨੇ ਝੱਗਾ ਪੁੱਠਾ ਪਾਇਆ ਹੁਵਾ ਹੈ... ਵਗ਼ੈਰਾ ਵਗ਼ੈਰਾ।

ਨਤੀਜਾ ਇਹ ਹੋਇਆ ਕਿ ਸਾਡੇ ਖ਼ਾਨਦਾਨ ਵਿਚ ਬਾਲਾਂ ਦੇ ਦੋ ਗਰੁਪ ਬਣ ਗਏ। ਇਕ ਜੋ ਠੇਠ ਪੰਜਾਬੀ ਬੋਲਦਾ ਸੀ, ਤੇ ਦੂਜਾ ਉਰਦੂ ਤੇ ਗੁਲਾਬੀ ਉਰਦੂ। ਪਹਿਲਾ ਗਰੁਪ ਸਾਰੇ ਖ਼ਾਨਦਾਨ ਨਾਲ



ਜੁੜਿਆ ਹੋਇਆ ਸੀ ਤੇ ਇਹ ਬਜ਼ੁਰਗਾਂ ਦੇ ਬਹੁਤ ਨੇੜੇ ਸੀ। ਦੂਜਾ ਗਰੁਪ ਖ਼ਾਨਦਾਨ ਤੋਂ ਦੂਰ ਹੋ ਗਿਆ। ਬਜ਼ੁਰਗਾਂ ਦਾ ਦਿਲ ਕਰਦਾ ਸੀ ਕਿ ਉਹ ਇਨ੍ਹਾਂ ਨਾਲ ਵੀ ਪਿਆਰ ਕਰਨ, ਪਰ ਮਜਬੂਰੀ ਬੋਲੀ ਸੀ ਜਿਹਨੇ ਪਿਆਰ ਵਿਚਕਾਰ ਕੰਧ ਖੜ੍ਹੀ ਕਰ ਦਿੱਤੀ। ਹੁਣ ਇਹ ਗਰੁਪ ਆਪਸ ਵਿਚ ਤਾਂ ਗੱਲ ਕਰ ਲੈਂਦਾ ਸੀ, ਪਰ ਬਾਕੀ ਖ਼ਾਨਦਾਨ ਨਾਲ ਨਹੀਂ। ਖ਼ਾਨਦਾਨ ਵਿਚ ਇਨ੍ਹਾਂ ਦੇ ਹਮ ਉਮਰ ਬਾਲ ਵੀ ਸਨ ਜੋ ਪੰਜਾਬੀ ਬੋਲਦੇ ਸਨ ਪਰ ਇਨ੍ਹਾਂ ਵਿਚਕਾਰ ਕੰਧ ਸੀ। ਹੁਣ ਇਹ ਗਰੁਪ ਚਿੱਟਾ ਕਾਂ ਬਣ ਗਿਆ; ਇਹ ਨਾ ਤਾਂ ਸਵੀਡਨ ਵਿਚ ਆਪਣੇ ਖ਼ਾਨਦਾਨ ਨਾਲ ਗੱਲਬਾਤ ਕਰ ਸਕਦਾ ਸੀ, ਤੇ ਨਾ ਈ ਪਾਕਿਸਤਾਨ ਵਿਚ ਵਸਦੇ ਰਿਸ਼ਤੇਦਾਰਾਂ ਨਾਲ਼। ਖ਼ਾਨਦਾਨ ਨਾ ਤਾਂ ਇਸ ਗਰੁਪ ਨੂੰ ਪਿਆਰ ਦੇ ਸਕਦਾ ਸੀ, ਤੇ ਨਾ ਈ ਇਹ ਬਜ਼ੁਰਗਾਂ ਦਾ ਪਿਆਰ ਲੈ ਸਕਦਾ ਸੀ। ਇਸ ਗਰੁਪ ਨੇ ਹੁਣ ਉਰਦੂ ਬੋਲਣੀ ਪੱਕੀ ਛੱਡ ਦਿੱਤੀ ਏ, ਇਹ ਹੁਣ ਸਾਰਿਆਂ ਨਾਲ ਸਵੀਡਿਸ਼ ਬੋਲਦਾ ਏ। ਜੇ ਕੋਈ ਉਰਦੂ ਪੰਜਾਬੀ ਵਿਚ ਵੀ ਗੱਲ ਕਰੇ ਤਾਂ ਇਹ ਅੱਗਿਉਂ ਸਵੀਡਿਸ਼ ਵਿਚ ਜਵਾਬ ਦਿੰਦਾ ਏ। ਇਉ ਇਸ ਗਰੁਪ ਨੇ ਆਪਣੀਆਂ ਜੜ੍ਹਾਂ ਨਾਲ਼ੋਂ ਰਿਸ਼ਤਾ ਤੋੜ ਲਿਆ ਏ। ਹੁਣ ਇਨ੍ਹਾਂ ਦਾ ਆਪਣੀਆਂ ਮਾਂਵਾਂ ਨਾਲ ਵੀ ਕੋਈ ਰਿਸ਼ਤਾ ਨਹੀਂ ਰਿਹਾ ਜੋ ਉਰਦੂ ਬੋਲਦੀਆਂ ਸਨ। ਸਵੀਡਿਸ਼ ਨਾ ਆਉਣ ਕਾਰਨ ਇਹ ਬਾਲਾਂ ਕੋਲੋਂ ਸਵੀਡਿਸ਼ ਸੁਣ ਕੇ ਮੂੰਹ ਅੱਡ ਕੇ ਦੇਖਦੀਆਂ ਰਹਿੰਦੀਆਂ। ਇਸ ਗਰੁਪ ਨੂੰ ਇਹ ਤੋਹਫ਼ਾ ਉਸ ਮਾਂ ਨੇ ਦਿੱਤਾ ਏ ਜੋ ਦੋਹਰੀ ਗ਼ੁਲਾਮ ਏ। ਇਕ ਤਾਂ ਔਰਤ ਹੋਣ ਦੇ ਨਾਤੇ ਪੰਜਾਬੀ ਵਸੇਬ ਦੀ, ਤੇ ਦੂਜੀ ਅਹਿਸਾਸ-ਏ-ਕਮਤਰੀ ਦੀ।

ਇਹ ਬੜੇ ਫ਼ਖ਼ਰ ਨਾਲ ਪੰਜਾਬੀ ਬੋਲਣ ਵਾਲਿਆਂ ਨੂੰ ਕਹਿੰਦੀ ਏ, "ਮੇਰੇ ਬੱਚਿਆਂ ਨੂੰ ਪੰਜਾਬੀ ਨਹੀਂ ਆਉਂਦੀ, ਇਨ੍ਹਾਂ ਨੂੰ ਸਿਰਫ਼ ਉਰਦੂ ਜਾਂ ਹਿੰਦੀ ਆਉਂਦੀ ਏ।"

ਜੇ ਕਿਸੇ ਦੇ ਬੱਚੇ ਅੰਗਰੇਜ਼ੀ ਬੋਲਣ, ਤਾਂ ਇਹ ਉਨ੍ਹਾਂ 'ਤੇ, ਜਿਨ੍ਹਾਂ ਆਪਣੇ ਬੱਚਿਆਂ ਨੂੰ ਉਰਦੂ ਤੇ ਹਿੰਦੀ ਸਿਖਾਈ ਹੁੰਦੀ ਏ, ਰੋਅਬ ਪਾਉਣ ਲਈ ਹੋਰ ਵੀ ਫ਼ਖ਼ਰ ਨਾਲ ਕਹਿੰਦੀ ਏ, "ਮੇਰੇ ਬੱਚਿਆਂ ਨੂੰ ਉਰਦੂ ਤੇ ਹਿੰਦੀ ਨਹੀਂ ਆਉਂਦੀ, ਇਨ੍ਹਾਂ ਨੂੰ ਸਿਰਫ਼ ਅੰਗਰੇਜ਼ੀ ਹੀ ਆਉਂਦੀ ਏ।"

ਆਜ਼ਾਦੀ ਹਰ ਇਨਸਾਨ ਲਈ ਨੇਅਮਤ ਹੁੰਦੀ ਏ ਪਰ ਪੰਜਾਬੀ ਕੌਮ ਨੇ ਇੰਨੀ ਗ਼ੁਲਾਮੀ ਭੋਗੀ ਏ ਕਿ ਆਜ਼ਾਦੀ ਤੋਂ ਇਹਨੂੰ ਡਰ ਲਗਦਾ ਏ। ਪੰਜਾਬ ਸ਼ਾਇਦ ਦੁਨੀਆਂ ਦਾ ਇਕੱਲਾ ਅਜਿਹਾ ਹਿੱਸਾ ਏ ਜਿਥੋਂ ਬਸਤੀਵਾਦੀ ਅੰਗਰੇਜ਼ਾਂ ਨੂੰ ਗਿਆਂ ਮੁੱਦਤਾਂ ਹੋ ਗਈਆਂ ਨੇ, ਪਰ ਅੱਜ ਵੀ ਉਥੇ ਲੋਕ ਬਸਤੀਵਾਦੀ ਨਿਜ਼ਾਮ ਨੂੰ ਸੀਨੇ ਨਾਲ ਲਾ ਕੇ ਬੈਠੇ ਨੇ। ਇਸ ਨਿਜ਼ਾਮ ਦਾ ਈ ਇਕ ਅਹਿਮ ਥੰਮ੍ਹ ਓਪਰੀਆਂ ਬੋਲੀਆਂ ਉਰਦੂ ਤੇ ਹਿੰਦੀ ਨੇ। ਓਪਰੀ ਬੋਲੀ ਅਤੇ ਮਾਂ ਬੋਲੀ ਵਿਚ ਇਕ ਫ਼ਰਕ ਇਹ ਹੁੰਦਾ ਏ ਕਿ ਓਪਰੀ ਬੋਲੀ ਭਾਵੇਂ ਬੰਦਾ ਸਾਰੀ ਜ਼ਿੰਦਗੀ ਸਿੱਖਦਾ ਰਵੇ, ਇਕ ਤਾਂ ਇਹ ਉਹਨੂੰ ਕਦੇ ਵੀ ਪੂਰੀ ਨਹੀਂ ਆਉਂਦੀ, ਤੇ ਬੰਦਾ ਅਹਿਸਾਸ-ਏ-ਕਮਤਰੀ ਦਾ ਸ਼ਿਕਾਰ ਰਹਿੰਦਾ ਏ, ਤੇ ਦੂਜਾ ਬੰਦਾ ਹਮੇਸ਼ਾ ਡਰਦਾ ਰਹਿੰਦਾ ਏ ਕਿ ਉਹ ਕਿਧਰੇ ਗ਼ਲਤੀ ਤਾਂ ਨਹੀਂ ਕਰ ਰਿਹਾ। ਗਰਾਮਰ ਸਹੀ ਏ? ਤਲੱਫ਼ੁਜ਼ (ਉਚਾਰਨ) ਸਹੀ ਏ? ਕਿਧਰੇ ਦੂਜੇ ਲੋਕ ਉਹਦੀ ਬੋਲੀ ਸੁਣ ਕੇ ਹੱਸ ਤਾਂ ਨਹੀਂ ਰਹੇ! ਕੋਈ ਵੀ ਇਨਸਾਨ ਕਦੇ ਵੀ ਕੋਈ ਓਪਰੀ ਬੋਲੀ ਉਸ ਆਜ਼ਾਦੀ ਤੇ ਖ਼ੁਦ-ਇਤਮਾਦੀ (ਸਵੈ-ਭਰੋਸੇ) ਨਾਲ ਨਹੀਂ ਬੋਲ ਸਕਦਾ ਜਿਸ ਤਰ੍ਹਾਂ ਉਹ ਆਪਣੀ ਮਾਂ ਬੋਲੀ ਬੋਲਦਾ ਏ। ਡਰ, ਅਹਿਸਾਸ-ਏ-ਕਮਤਰੀ ਦਾ ਭਾਰ, ਤੇ ਉਤੋਂ ਆਜ਼ਾਦੀ ਅਤੇ ਖ਼ੁਦ-ਇਤਮਾਦੀ ਦਾ ਘਾਟਾ ਬੰਦੇ ਨੂੰ ਅਪਾਹਜ ਕਰ ਦਿੰਦਾ ਏ।

ਅੰਗਰੇਜ਼ ਨੇ ਪੰਜਾਬੀਆਂ ਨੂੰ ਅਪਾਹਜ ਬਣਾਉਣ ਦਾ ਨਿਜ਼ਾਮ ਲਾਗੂ ਕਰਨ ਵੇਲੇ ਇਨ੍ਹਾਂ ਅਪਾਹਜਾਂ ਦੀ ਇਕੋ ਮੰਜ਼ਿਲ ਮਿਥੀ ਸੀ-ਗ਼ੁਲਾਮੀ। ਇਸ ਮੰਜ਼ਿਲ ਵੱਲ ਜਾਂਦਿਆਂ ਪਹਿਲਾ ਪੜਾਅ ਉਰਦੂ ਤੇ ਹਿੰਦੀ ਏ, ਤੇ ਅਗਲਾ ਪੜਾਅ ਅੰਗਰੇਜ਼ੀ।

ਇਸ ਦਾਗ਼ਿਸਤਾਨੀ ਚਿੱਤਰਕਾਰ ਦੀ ਮਾਂ ਕਿੰਨੀ ਅਜ਼ੀਮ ਔਰਤ ਸੀ। ਜਦ ਇਹਦੇ ਪੁੱਤਰ ਨੇ ਆਪਣੀਆਂ ਜੜ੍ਹਾਂ ਨਾਲ਼ੋਂ ਰਿਸ਼ਤਾ ਤੋੜਿਆ, ਤਾਂ ਇਹਨੂੰ ਪਤਾ ਲੱਗ ਗਿਆ ਕਿ ਉਹਦੇ ਪੁੱਤਰ ਨੇ ਆਜ਼ਾਦੀ ਦਾ ਰਾਹ ਛੱਡ ਕੇ ਗ਼ੁਲਾਮੀ ਦਾ ਤੌਕ ਗਲ ਵਿਚ ਪਾ ਲਿਆ ਏ, ਤੇ ਇਹਨੇ ਉਸ ਨੂੰ ਨਾ ਸਿਰਫ਼ ਪੁੱਤਰ ਮੰਨਣ ਤੋਂ ਇਨਕਾਰ ਕਰ ਦਿੱਤਾ ਸਗੋਂ, ਉਸ ਦੀ ਮੌਤ ਦਾ ਐਲਾਨ ਵੀ ਕਰ ਦਿੱਤਾ। ਉਹ ਜਾਣਦੀ ਸੀ ਕਿ ਗ਼ੁਲਾਮ ਵੀ ਤਾਂ ਮਰਿਆ ਹੋਇਆ ਬੰਦਾ ਹੁੰਦਾ ਏ।

ਅਸੀਂ ਪੰਜਾਬੀ ਵੀ ਕੈਸੇ ਲੋਕ ਹਾਂ ਜੋ ਆਪਣੇ ਹੱਥੀਂ ਆਪਣੇ ਬਾਲਾਂ ਦੇ ਗਲ ਵਿਚ ਗ਼ੁਲਾਮੀ ਦਾ ਤੌਕ ਪਾ ਕੇ ਮੌਤ ਵੱਲ ਧੱਕ ਕੇ ਖ਼ੁਸ਼ ਹੁੰਦੇ ਆਂ, ਫ਼ਖ਼ਰ ਕਰਦੇ ਹਾਂ, ਜਸ਼ਨ ਮਨਾਉਂਦੇ ਹਾਂ?

ਕੈਸੇ ਲੋਕ ਹਾਂ ਅਸੀਂ?

## ਬੇਬੀ-ਡੇ

ਮੌਸਮ ਦੇ ਤਿਓਹਾਰਾਂ ਆੜੀਂ,
ਮਜ਼ਹਬੀ ਨਾ ਬਣ ਜਾਈਏ।
ਵਿਪਰ ਦੀਆਂ ਚਾਲਾਂ ਤੋਂ ਬਚੀਏ,
ਨਾਲੇ ਜੱਗ ਬਚਾਈਏ।

ਨਾ ਮੰਨੂ ਦੇ ਆਖੇ ਲਗ ਕੇ,
ਲੜਕੀ ਨੂੰ ਛੁਟਿਆਈਏ।
ਔਰਤ ਨੂੰ ਧਿਰਕਾਰਨ ਵਾਲਾ,
ਨਾ ਕੋਈ ਦਿਵਸ ਮਨਾਈਏ।

ਨਾ ਲੋਹੜੀ, ਨਾ ਰੱਖੜੀ,
ਨਾ ਹੀ ਕਰਵਾ ਚੌਥ ਰਖਾਈਏ।
ਨਾ ਹੀ ਜੱਗ ਦੀ ਜਨਣੀ ਕੋਲੋਂ,
ਮਰਦਾਂ ਨੂੰ ਵਡਿਆਈਏ।

ਨਾ ਅਗਨੀ ਦੀ ਪੂਜਾ ਕਰੀਏ,
ਨਾ ਹੀ ਹਵਨ ਕਰਾਈਏ।
ਨਾ ਹੀ ਅੱਗ 'ਤੇ ਭੋਜਨ ਸੁੱਟ ਕੇ,
ਅਗਨੀ-ਦੇਵ ਰਿਝਾਈਏ।

ਨਵਾਂ ਜੀਵ ਜਦ ਜੱਗ 'ਤੇ ਆਉਂਦਾ,
ਰਲ਼-ਮਿਲ਼ ਖੁਸ਼ੀ ਮਨਾਈਏ।
ਕੁੜੀ-ਮੁੰਡੇ ਵਿਚ ਭੇਦ ਮੁਕਾ ਕੇ,
ਬੇਬੀ-ਡੇ ਅਪਨਾਈਏ।

*-ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

# ਲੋਕ ਨਾਇਕ ਸੁੱਚਾ ਸਿੰਘ ਸੂਰਮਾ

**ਲੋਕ-ਗਾਥਾ**

ਪੁਰਾਤਨ ਸਮੇਂ ਤੋਂ ਹੀ ਪੰਜਾਬ ਦਾ ਲੋਕ ਮਾਨਸ ਉਨ੍ਹਾਂ ਯੋਧਿਆਂ ਤੇ ਸੂਰਬੀਰਾਂ ਨੂੰ ਆਪਣੀ ਦਿਲ ਤਖ਼ਤੀ 'ਤੇ ਬਿਠਾਉਂਦਾ ਆਇਆ ਹੈ ਜੋ ਆਪਣੇ ਸਮਾਜੀ, ਭਾਈਚਾਰੇ, ਸਵੈ-ਅਣਖ ਤੇ ਸਵੈ-ਮਾਣ ਲਈ ਜੂਝਦੇ ਹੋਏ ਸੂਰਮਤਾਈ ਵਾਲੇ ਕਾਰਨਾਮੇ ਕਰ ਵਿਖਾਉਂਦੇ ਰਹੇ ਹਨ। ਇਹ ਸੂਰਬੀਰ ਯੋਧੇ ਜਨ ਸਾਧਾਰਨ ਲਈ ਆਦਰਸ਼ ਸਨ

**ਸੁਖਦੇਵ ਮਾਦਪੁਰੀ**
**ਫੋਨ: 91-94630-34472**

ਤੇ ਲੋਕ ਕਵੀ ਇਨ੍ਹਾਂ ਲੋਕ ਨਾਇਕਾਂ ਦੀ ਜੀਵਨ ਕਹਾਣੀ ਆਪਣੇ ਕਿੱਸਿਆਂ ਵਿਚ ਬੜਿਆਂ ਲਟਕਾਂ ਨਾਲ ਬਿਆਨ ਕਰਦੇ ਰਹੇ ਹਨ। ਦੁੱਲਾ ਭੱਟੀ, ਜਿਊਣਾ ਮੌੜ, ਰਾਜਾ ਰਸਾਲੂ, ਮਿਰਜ਼ਾ ਅਤੇ ਸੁੱਚਾ ਸਿੰਘ ਸੂਰਮਾ ਪੰਜਾਬੀਆਂ ਦੇ ਹਰਮਨ ਪਿਆਰੇ ਲੋਕ ਨਾਇਕ ਹਨ।

ਸੁੱਚਾ ਸਿੰਘ ਪੰਜਾਬ ਦੇ ਮਾਲਵੇ ਦੇ ਇਲਾਕੇ ਦਾ ਪ੍ਰਸਿੱਧ ਡਾਕੂ ਹੋਇਆ ਹੈ ਜਿਸ ਨੂੰ ਹਾਲਾਤ ਨੇ ਡਾਕੇ ਮਾਰਨ ਲਈ ਮਜਬੂਰ ਕਰ ਦਿੱਤਾ ਸੀ। ਉਹ ਬੜਾ ਬਹਾਦਰ, ਨਿਰਭੈ, ਗਊ-ਗਰੀਬ ਦੀ ਰੱਖਿਆ ਕਰਨ ਵਾਲਾ ਅਤੇ ਅਣਖ ਸਵੈ-ਮਾਣ ਲਈ ਜਾਨ ਹੂਲਣ ਵਾਲਾ ਗੱਭਰੂ ਸੀ। ਉਸ ਦੀਆਂ ਵਾਰਾਂ ਪੰਜਾਬੀ ਬੜੇ ਉਤਸ਼ਾਹ ਨਾਲ ਗਾਉਂਦੇ ਹਨ,

ਵਿਚ ਸਮਾਧਾਂ ਦੇ ਜਨਮਿਆ
ਸੁੱਚਾ ਸਿੰਘ ਜੁਆਨ।
ਕੱਟ ਗਿਆ ਦਿਨ ਚਾਰ
ਜੋ ਜਾਣੇ ਕੁੱਲ ਜਹਾਨ।

ਗੱਲ ਅੰਗਰੇਜ਼ਾਂ ਦੇ ਰਾਜ ਵੇਲੇ ਦੀ ਹੈ। ਰਿਆਸਤ ਪਟਿਆਲਾ (ਹੁਣ ਜ਼ਿਲ੍ਹਾ ਮਾਨਸਾ) ਦੇ ਭੀਖੀ ਨੇੜਲੇ ਪਿੰਡ ਸਮਾਧ ਵਿਚ ਅਤਰ ਸਿੰਘ ਦੇ ਘਰ ਸੁੱਚੇ ਦਾ ਜਨਮ 1890-91 ਵਿਚ ਹੋਇਆ। ਬਚਪਨ ਵਿਚ ਹੀ ਉਹਦੇ ਮਾਂ ਬਾਪ ਮਰ ਗਏ। ਉਹਦੇ ਵੱਡੇ ਭਰਾ ਨਰੈਣੇ ਨੇ ਉਹਦੀ ਪਾਲਣਾ-ਪੋਸ਼ਣਾ ਕੀਤੀ। ਉਹ ਬਹੁਤ ਥੋੜ੍ਹੀ ਜ਼ਮੀਨ ਦੇ ਮਾਲਕ ਸਨ। ਗੁਜ਼ਾਰਾ ਬੜੀ ਮੁਸ਼ਕਲ ਨਾਲ ਹੋ ਰਿਹਾ ਸੀ। ਰੁਲ-ਖੁਲ ਕੇ ਪਲਦਾ ਸੁੱਚਾ ਜਵਾਨੀ ਦੀਆਂ ਬਰੂਹਾਂ 'ਤੇ ਪੁੱਜ ਗਿਆ। ਗੁੰਦਵਾਂ ਤੇ ਛਾਂਟਵਾਂ ਸਰੀਰ। ਚੋ-ਚੋ ਪੈਂਦਾ ਗੁਲਾਬੀ ਭਾਹ ਮਾਰਦਾ ਰੰਗ ਰਾਹ ਜਾਂਦਿਆਂ ਦੇ ਦਿਲ ਧੂਹ ਕੇ ਲੈ ਜਾਂਦਾ,

ਛੈਲ ਛਬੀਲਾ ਨਿਕਲਿਆ ਸੁੱਚਾ,
ਭਰਿਆ ਨਾਲ ਜਵਾਨੀ।
ਸੋਹਣਾ ਰੂਪ ਸੁੰਦਰ ਸੀ ਵਸਦਾ,
ਨੈਣ ਭਰੇ ਮਸਤਾਨੀ।
ਨਿਕਲਿਆਂ ਬਾਂਕਾ ਸੂਰਮਾ ਸੁੱਚਾ,
ਪਿੰਡ ਵਿਚ ਨਹੀਂ ਕੋਈ ਸਾਨੀ।
ਹੱਥ ਵਿਚ ਖੂੰਡਾ ਮਾਝੇ ਵਾਲਾ,
ਦਿੱਸੇ ਬੜਾ ਸੁਹਾਨੀ।
ਸੁੱਚੇ ਸੂਰਮੇ ਦੀ,
ਕਰਾਂ ਕੀ ਸਿਫ਼ਤ ਜ਼ਬਾਨੀ।
(ਗੁਰਮੁਖ ਸਿੰਘ ਬੇਦੀ)

ਸਮਾਂਹ ਵਿਚ ਘੁੱਕਰ ਨਾਂ ਦਾ ਵੈਲੀ ਪਹਿਲਵਾਨ ਸੀ ਜਿਸ ਦੀ ਸੁੱਚੇ ਨਾਲ ਦੋਸਤੀ ਹੋ ਗਈ। ਦੋਨੋਂ ਇਕੱਠੇ ਕਸਰਤ ਕਰਦੇ, ਘੋਲ ਘੁਲਦੇ। ਘੁੱਕਰ ਨੇ ਸੁੱਚੇ ਨੂੰ ਆਪਣਾ ਪਗ-ਵੱਟ ਭਰਾ ਬਣਾ ਲਿਆ। ਉਹ ਅਕਸਰ ਸੁੱਚੇ ਦੇ ਘਰ ਆਉਣ ਲੱਗਾ। ਸੁੱਚੇ ਦੇ ਵੱਡੇ ਭਰਾ ਨਰੈਣੇ ਦੀ ਭਰ ਜੋਬਨ ਮੁਟਿਆਰ ਵਹੁਟੀ ਬੀਰੋ ਦੀ ਮਸ਼ਾਲ ਵਾਂਗ ਲਟ-ਲਟ ਬਲਦੀ ਅੱਖ ਜਦੋਂ ਘੁੱਕਰ ਨਾਲ ਲੜੀ ਤਾਂ ਉਹ ਵਿੰਨ੍ਹਿਆ ਗਿਆ। ਬੀਰੋ ਨੂੰ ਪਾਉਣ ਲਈ ਉਹ ਵਿਉਂਤਾਂ ਬਣਾਉਣ ਲੱਗਾ। ਉਸ ਦਾ ਮਨ ਬੇਈਮਾਨ ਹੋ ਗਿਆ। ਉਸ ਦੇ ਲਈ ਸੁੱਚਾ ਰਾਹ ਦਾ ਰੋੜਾ ਬਣਿਆ ਖਲੋਤਾ ਸੀ। ਰੋੜਾ ਕਿਵੇਂ ਦੂਰ ਹੋਵੇ... ਮੰਦਵਾੜੇ ਦੇ ਦਿਨ ਸਨ। ਘੁੱਕਰ ਸੁੱਚੇ ਨੂੰ ਵਰਗਲਾ ਕੇ ਫੌਜ ਵਿਚ ਭਰਤੀ ਹੋਣ ਲਈ ਫਿਰੋਜ਼ਪੁਰ ਛਾਉਣੀ ਲੈ ਵੜਿਆ। ਸੁੱਚਾ ਤਾਂ ਭਰਤੀ ਹੋ ਗਿਆ ਪਰ ਘੁੱਕਰ ਬਹਾਨਾ ਘੜ ਕੇ ਵਾਪਸ ਪਿੰਡ ਆ ਗਿਆ।

ਧੋਖਾ ਕਰਿਆ ਮੱਲ ਨੇ
ਸੁੱਚੇ ਦੇ ਨਾਲ ਜੀ।
ਦੇ ਕੇ ਦਲਾਸਾ ਪਹਿਲਾਂ
ਲੈ ਗਿਆ ਨਾਲ ਜੀ।
ਕਿੱਡਾ ਦਗਾ ਕੀਤਾ
ਨਾਲ ਪਾਜੀ ਯਾਰ ਦੇ।
ਨੌਕਰ ਕਰਾਤਾ
ਪਿੱਛੇ ਬੀਰੋ ਨਾਰ ਦੇ।
(ਰੀਠਾ ਦੀਨ)

ਉਧਰ ਸੁੱਚਾ ਫੌਜ ਵਿਚ ਭਰਤੀ ਹੋ ਕੇ ਦੂਰ ਚਲਿਆ ਗਿਆ, ਇਧਰ ਘੁੱਕਰ ਨੇ ਅਤਿ ਚੁੱਕ ਲਈ। ਉਸ ਦੇ ਵੈਲਪੁਣੇ ਕਾਰਨ ਪਿੰਡ ਵਿਚ ਉਹਦੇ ਸਾਹਮਣੇ ਕੋਈ ਕੁਸਕਦਾ ਨਹੀਂ ਸੀ। ਉਹਨੇ ਨਰੈਣੇ ਦੀ ਪ੍ਰਵਾਹ ਨਾ ਕਰਦਿਆਂ ਬੀਰੋ ਨੂੰ ਅਜਿਹਾ ਫੁਸਲਾਇਆ ਕਿ ਉਹ ਸ਼ਰੇਆਮ ਘੁੱਕਰ ਦੇ ਘਰ ਆਉਣ-ਜਾਣ ਲੱਗੀ। ਸਾਰੇ ਪਿੰਡ ਵਿਚ ਤੋਏ-ਤੋਏ ਹੋ ਰਹੀ ਸੀ। ਨਰੈਣੇ ਨੇ ਘੁੱਕਰ ਦੇ ਲੱਖ ਵਾਸਤੇ ਪਾਏ, ਸੁੱਚੇ ਨਾਲ ਵਟਾਈ ਪੱਗ ਦੀ ਲਾਜ ਪਾਲਣ ਲਈ ਆਖਿਆ। ਉਹਨੇ ਬੀਰੋ ਨੂੰ ਵੀ ਵੱਖ ਸਮਝਾਇਆ, ਘੂਰਿਆ-ਘੱਪਿਆ ਪਰ ਹੰਕਾਰਿਆ ਘੁੱਕਰ ਸਗੋਂ ਹੋਰ ਮਸਤ ਗਿਆ,

ਆਖਦਾ ਘੁੱਕਰ ਮੇਰੀ ਸੁਣੋ ਗੱਲ ਜੋ,
ਬੋਲਿਆ ਜਾਂ ਇਹਨੂੰ ਤੇਰੀ ਲਾਹਦੂੰ ਖੱਲ ਜੋ।
ਤੂੰ ਕੀ ਦੱਸ ਲਗਦਾ ਹੈਂ ਬੀਰੋ ਨਾਰ ਦਾ,
ਆਖਦਾ ਘੁੱਕਰ ਭਰਿਆ ਹੰਕਾਰ ਦਾ।
ਦੋਹਾਂ ਦਾ ਮੈਂ ਕੁੱਟ ਕੇ ਬਣਾ ਦੂੰ ਚੂਰਮਾ,
ਉਹਨੂੰ ਵੀ ਸਦਾ ਲੈ ਜੋ ਕਹਾਵੇ ਸੂਰਮਾ।
ਪੀਊਂ ਥੋਡੀ ਰੱਤ ਖੜ੍ਹਾ ਲਲਕਾਰਦਾ,
ਆਖਦਾ ਘੁੱਕਰ ਭਰਿਆ ਹੰਕਾਰ ਦਾ।
(ਰੀਠਾ ਦੀਨ)



ਸੁੱਚੇ ਬਾਰੇ ਇਕ ਕਿੱਸੇ ਦਾ ਮੁੱਖ ਸਫਾ

*ਪਟਿਆਲੇ ਦੇ ਰਾਜੇ ਨੇ ਸੁੱਚੇ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਅਣਖੀਲਾ ਗੱਭਰੂ ਹੱਸਦਾ-ਹੱਸਦਾ ਫਾਂਸੀ 'ਤੇ ਲਟਕ ਗਿਆ। ਲੋਕ ਕਵੀਆਂ ਨੇ ਸੂਰਮੇ ਦੀ ਜੀਵਨ ਕਹਾਣੀ ਕਿੱਸਿਆਂ ਵਿਚ ਸਾਂਭ ਲਈ। ਰੀਠਾ ਦੀਨ, ਰਜਬ ਅਲੀ, ਗੁਰਮੁਖ ਸਿੰਘ ਬੇਦੀ, ਸ਼ਿਆਮ ਸਿੰਘ ਤੇ ਛੱਜੂ ਸਿੰਘ ਨੇ ਸੁੱਚੇ ਬਾਰੇ ਕਿੱਸੇ ਰਚੇ ਹਨ।*



ਇਕ ਹੋਰ ਕਿੱਸੇ ਦਾ ਮੁੱਖ ਸਫਾ

ਘੁੱਕਰ ਨੇ ਵਟਾਈ ਪੱਗ ਦੀ ਲਾਜ ਨਾ ਰੱਖੀ। ਨਰੈਣੇ ਦਾ ਜੀਣਾ ਹਰਾਮ ਹੋ ਗਿਆ। ਸ਼ਰੇਆਮ ਉਹਦੀ ਵਹੁਟੀ ਘੁੱਕਰ ਦੇ ਘਰ ਵਸਦੀ ਪਈ ਸੀ। ਸੱਥ ਵਿਚ ਰੁਲਦੀ ਪੱਗ ਉਸ ਤੋਂ ਸਹਾਰੀ ਨਾ ਗਈ। ਉਸ ਨੇ ਆਪਣੇ ਛੋਟੇ ਵੀਰ ਸੁੱਚੇ ਨੂੰ ਖ਼ਤ ਲਿਖ ਕੇ ਸਾਰੇ ਹਾਲਤ ਤੋਂ ਜਾਣੂੰ ਕਰਵਾ ਦਿੱਤਾ।

ਸੁੱਚਾ ਨਰੈਣੇ ਦੀ ਚਿੱਠੀ ਪੜ੍ਹਦੇ ਸਾਰ ਹੀ ਤੜਫ਼ ਉਠਿਆ। ਉਹਦੀ ਅਣਖ ਜਾਗ ਪਈ ਤੇ ਖ਼ੂਨ ਉਬਾਲੇ ਖਾਣ ਲੱਗਾ। ਉਹਨੇ ਆਪਣੇ ਅੰਗਰੇਜ਼ ਅਫ਼ਸਰ ਕੋਲ ਜਾ ਅਰਜ਼ ਗੁਜ਼ਾਰੀ। ਅਜੇ ਕੁਝ ਦਿਨ ਪਹਿਲਾਂ ਹੀ ਸੁੱਚੇ ਨੇ ਸਾਹਿਬ ਦੇ ਬੰਗਲੇ ਨੂੰ ਜਦੋਂ ਅੱਗ ਲੱਗੀ ਹੋਈ ਸੀ, ਮੇਮ ਤੇ ਉਹਦੇ ਦੋ ਬੱਚਿਆਂ ਨੂੰ ਬਲਦੀਆਂ ਲਾਟਾਂ ਵਿਚੋਂ ਕੱਢ ਕੇ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਉਨ੍ਹਾਂ ਦੀ ਜਾਨ ਬਚਾਈ ਸੀ। ਸਾਹਿਬ ਉਹਦੀ ਬਹਾਦਰੀ 'ਤੇ ਅਸ਼-ਅਸ਼ ਕਰ ਉਠਿਆ ਸੀ। ਉਸ ਨੇ ਸੁੱਚੇ ਨੂੰ ਸ਼ੁਕਰਾਨੇ ਵਜੋਂ ਰਾਈਫਲ ਤੇ 500 ਰੁਪਏ ਨਕਦ ਇਨਾਮ ਦੇ ਦਿੱਤੇ ਸਨ।

ਸਾਹਿਬ ਨੇ ਸੁੱਚੇ ਦੀ ਛੁੱਟੀ ਮਨਜ਼ੂਰ ਕਰ ਦਿੱਤੀ। ਉਹਨੇ ਰਾਈਫਲ ਤੇ ਕਾਰਤੂਸ ਆਪਣੇ ਬਿਸਤਰੇ ਵਿਚ ਬੰਨ੍ਹੇ ਤੇ ਸਮਾਂਹ ਨੂੰ ਚੱਲ ਪਿਆ। ਇਕ ਜਵਾਲਾ ਉਹਦੇ ਸੀਨੇ 'ਚ ਭੜਕ ਰਹੀ ਸੀ, ਅੱਖੀਆਂ ਅੰਗਿਆਰ ਵਰ੍ਹਾ ਰਹੀਆਂ ਸਨ। ਕਈ ਦਿਨਾਂ ਦੇ ਸਫ਼ਰ ਮਗਰੋਂ ਸੁੱਚਾ ਸਮਾਂਹ ਪੁੱਜ ਗਿਆ। ਨਰੈਣੇ ਨੇ ਧਾ ਗਲਵੱਕੜੀ ਪਾਈ,

ਰੋ ਕੇ ਪਾ ਲਈ ਨਰੈਣੇ ਨੇ ਭਰਾ ਨੂੰ ਜਫੜੀ,
ਖ਼ੁਸ਼ਕੀ ਸੇ ਹੋ ਗਈ ਐ ਪਿੰਡੇ 'ਤੇ ਧਫੜੀ।
ਮਰ ਗਿਆ ਸੁੱਚਾ ਸਿੰਘਾ ਪਾ ਦੇ ਠੰਢ ਵੀਰਨਾ,
ਆ ਗਿਆ ਸਬੱਬੀਂ ਦੁੱਖ ਵੰਡ ਵੀਰਨਾ।
(ਬਾਬੂ ਰਜਬ ਅਲੀ)

ਨਰੈਣੇ ਨੇ ਦਿਲ ਦੀਆਂ ਖੋਲ੍ਹ ਸੁਣਾਈਆਂ। ਬੀਰੋ ਉਪਰੋਂ-ਉਪਰੋਂ ਸੁੱਚੇ ਦੁਆਲੇ ਅਸ਼ਨੇ-ਪਸ਼ਨੇ ਕਰਦੀ ਫਿਰਦੀ ਸੀ। ਕਈ ਦਿਨ ਲੰਘ ਗਏ। ਸੁੱਚਾ ਅੰਦਰੋਂ ਅੰਦਰ ਵਿਸ ਘੋਲ ਰਿਹਾ ਸੀ। ਘੁੱਕਰ ਤੇ ਉਸ ਦਾ ਦੋਸਤ ਭਾਗ ਉਹਦੀਆਂ ਅੱਖੀਆਂ 'ਚ ਰੜਕ ਰਹੇ ਸਨ। ਕੋਈ ਸਬੱਬ ਨਹੀਂ ਸੀ ਬਣ ਰਿਹਾ।

ਆਖਰ ਇਕ ਦਿਨ ਸਬੱਬ ਬਣ ਗਿਆ। ਪਿੰਡ ਵਿਚ ਗਾਉਣ ਲੱਗਿਆ ਹੋਇਆ ਸੀ। ਘੁੱਕਰ ਹੋਰੀਂ ਸ਼ਰਾਬ ਵਿਚ ਮਸਤ ਹੋਏ ਚਾਂਭੜਾਂ ਪਾ ਰਹੇ ਸਨ। ਸੁੱਚਾ ਅਖਾੜੇ ਵਿਚ ਖੇਸ ਦੀ ਬੁੱਕਲ ਮਾਰ ਰਫ਼ਲ ਲਕੋਈ ਬੈਠਾ ਸੀ। ਬੱਕਰੇ ਬੁਲਾਉਂਦੇ ਘੁੱਕਰ ਨੂੰ ਵੇਖਦੇ ਸਾਰ ਹੀ ਸੁੱਚੇ ਨੇ ਖੇਸੀ ਪਰ੍ਹੇ ਵਗ੍ਹਾ ਮਾਰੀ, ਤੇ ਰਫ਼ਲ ਨਾਲ ਫਾਇਰ ਕਰ ਦਿੱਤਾ। ਅਖਾੜੇ ਵਿਚ ਹਫੜਾ-ਦਫੜੀ ਮੱਚ ਗਈ ਤੇ ਉਹਨੇ ਘੁੱਕਰ ਨੂੰ ਜਾ ਘੇਰਿਆ,

ਰਾਤ ਦਿਨ ਭੋਗ ਕੇ ਪਰਾਈਆਂ ਤੀਵੀਆਂ,
ਸੂਰਮਾ ਸਦਾਮੇਂ ਅੱਖਾਂ ਪਾਵੇਂ ਨੀਵੀਆਂ।
ਪਾਈ ਨਾ ਕਦਰ ਲਾਲ ਦੀ ਪਰਖ ਕੇ,
ਲਾਲ ਸੂਹਾ ਹੋ ਗਿਆ ਸੂਰਮਾ ਹਰਖ ਕੇ।
ਮੋਢੇ ਨਾਲ ਲਾਵੇ ਚੱਕ ਕੇ ਮਸ਼ੀਨ ਨੂੰ,
ਪੇਚ ਨੂੰ ਨਕਾਲ ਭਰੇ ਮੈਗਜ਼ੀਨ ਨੂੰ।
ਮੱਲ ਵੱਲੀ ਛੱਡੇ ਜੋੜ ਜੋੜ ਸ਼ਿਸ਼ਤਾਂ,
ਦੇਰ ਨਾ ਲਗਾਵੇ ਤਾਰ ਦੇਵੇ ਕਿਸ਼ਤਾਂ।
ਰਜਬ ਅਲੀ ਘੜੀ ਵਿਚ ਉਡਾ'ਤੀ ਗਰਦ ਐ,
ਆਖਰ ਸ਼ਰਮ ਜੀਹਦੇ ਜਾਣੋ ਮਰਦ ਐ।

ਘੁੱਕਰ ਮੱਲ ਨੂੰ ਗੋਲੀਆਂ ਨਾਲ ਭੁੰਨ ਕੇ ਸੁੱਚੇ ਨੇ ਭਾਗ ਨੂੰ ਆ ਘੇਰਿਆ, ਤੇ ਉਸ ਦੇ ਗੋਲੀ ਮਾਰ ਦਿੱਤੀ। ਇਸ ਮਗਰੋਂ ਉਹਨੇ ਘਰੋਂ ਜਾ ਕੇ ਬੀਰੋ ਨੂੰ ਧੂਹ ਲਿਆਂਦਾ, ਤੇ ਦੋਹਾਂ ਲੋਥਾਂ ਕੋਲ ਲਿਆ ਕੇ ਉਹਨੂੰ ਵੀ ਪਾਰ ਬੁਲਾ ਦਿੱਤਾ। ਤਿੰਨਾਂ ਨੂੰ ਮਾਰਨ ਮਗਰੋਂ ਸੁੱਚਾ ਬੱਕਰੇ ਬੁਲਾਉਂਦਾ ਬੋਤੇ 'ਤੇ ਸਵਾਰ ਹੋ ਕੇ ਫਰਾਰ ਹੋ ਗਿਆ। ਸਾਰੇ ਇਲਾਕੇ ਵਿਚ ਸੁੱਚਾ ਸੁੱਚਾ ਹੋਣ ਲੱਗੀ। ਇਕ ਪਠਾਣ ਉਹਦਾ ਪਿੱਛਾ ਕਰਦਾ ਆਪਣੀ ਜਾਨ ਗੰਵਾ ਬੈਠਾ। ਪੁਲਿਸ ਦੇ ਉਹ ਹੱਥ ਨਾ ਲੱਗਾ, ਤੇ ਬੀਕਾਨੇਰ ਦੇ ਇਲਾਕੇ ਵਿਚ ਡਾਕੂਆਂ ਨਾਲ ਜਾ ਰਲਿਆ। ਡਾਕੂ ਦੇ ਰੂਪ ਵਿਚ ਉਹਦੀ ਧਾਂਕ ਪੈ ਗਈ। ਕਈ ਰੱਜੇ ਪੁੱਜੇ ਸੂਦਖੋਰ ਸ਼ਾਹੂਕਾਰ ਉਹਨੇ ਲੁੱਟੇ। ਉਹ ਗਰੀਬਾਂ ਦਾ ਦਰਦੀ ਸੀ, ਲੁੱਟ ਦਾ ਮਾਲ ਉਹ ਗਰੀਬਾਂ ਵਿਚ ਵੰਡ ਦਿੰਦਾ। ਉਹਦੀ ਬਹਾਦਰੀ ਦੀਆਂ ਧੁੰਮਾਂ ਪਈਆਂ ਹੋਈਆਂ ਸਨ ਜਿਸ ਕਰ ਕੇ ਪੁਲਿਸ ਉਹਦੇ ਨਾਲ ਟਾਕਰਾ ਕਰਨੋਂ ਕੰਨੀ ਕਤਰਾਉਂਦੀ ਸੀ। ਉਹ ਆਮ ਲੋਕਾਂ ਦੇ ਘਰੀਂ ਜਾ ਲੁਕਦਾ।

ਇਕ ਦਿਨ ਉਹਨੇ ਇਕ ਮਾਈ ਦੇ ਆਖਣ 'ਤੇ ਪੰਜ ਬੁੱਚੜਾਂ ਨੂੰ ਮਾਰ ਕੇ ਕਈ ਗਊਆਂ ਦੀ ਜਾਨ ਬਚਾਈ। ਸਾਰੇ ਇਲਾਕੇ ਵਿਚ ਸੁੱਚੇ ਦੀ ਬੱਲੇ-ਬੱਲੇ ਸੀ। ਉਹ ਲੁਕਵੇਂ ਰੂਪ ਵਿਚ ਆਪਣੇ ਇਲਾਕੇ ਵਿਚ ਗੇੜਾ ਮਾਰਦਾ। ਇਕ ਦਿਨ ਉਹਦੇ ਚਾਚੇ ਦੇ ਪੁੱਤ ਬਸੰਤ ਜੋ ਗਹਿਰੀ ਦਾ ਰਹਿਣਾ ਵਾਲਾ ਸੀ, ਨੇ ਸੁੱਚੇ ਅੱਗੇ ਆ ਦੁੱਖ ਰੋਇਆ ਕਿ ਉਹਦੀ ਚਾਹੀ ਰਾਜੋ ਉਸੇ ਪਿੰਡ ਦੇ ਵੈਲੀ ਜੱਟ ਗੱਜਣ ਨੇ ਧੱਕੇ ਨਾਲ ਸਾਂਭੀ ਹੋਈ ਹੈ। ਗਹਿਰੀ ਜਾ ਕੇ ਸੁੱਚੇ ਨੇ ਖੇਤਾਂ ਵਿਚ ਹਾੜ੍ਹੀ ਵੱਢਦੇ ਗੱਜਣ ਨੂੰ ਗੋਲੀ ਮਾਰੀ ਤੇ ਮਗਰੋਂ ਰਾਜੋ ਨੂੰ ਵੀ ਗੋਲੀਆਂ ਨਾਲ ਭੁੰਨ ਦਿੱਤਾ।

ਅਣਖੀਲੇ ਸੂਰਮੇ ਸੁੱਚਾ ਸਿੰਘ ਦੀ ਬਹਾਦਰੀ ਦੇ ਚਰਚੇ ਸਾਰੇ ਇਲਾਕੇ ਵਿਚ ਹੋ ਰਹੇ ਸਨ। ਨਮੋਸ਼ੀ ਦੀ ਮਾਰੀ ਪੁਲਿਸ ਉਸ ਨੂੰ ਫੜਨੋਂ ਅਸਮਰਥ ਸੀ। ਸਰਕਾਰ ਨੇ ਸੁੱਚੇ ਨੂੰ ਫੜਾਉਣ ਲਈ ਇਨਾਮ ਵੀ ਐਲਾਨਿਆ ਹੋਇਆ ਸੀ।

ਲਾਲਚ ਮਿੱਤਰਾਂ ਨੂੰ ਵੀ ਡੁਲਾ ਦਿੰਦਾ ਹੈ। ਆਖਰ ਇਕ ਦਿਨ ਲਾਲਚ ਵਸ ਸੁੱਚੇ ਦੇ ਮਿੱਤਰ ਮਹਾਂ ਸਿੰਘ ਨੇ, ਜਦੋਂ ਉਹ ਸੰਗਤਪੁਰੇ ਉਹਦੇ ਘਰ ਸੁੱਤਾ ਹੋਇਆ ਸੀ, ਪੁਲਿਸ ਨੂੰ ਬੁਲਾ ਕੇ ਉਹਨੂੰ ਫੜਾ ਦਿੱਤਾ। ਨਿਹੱਥਾ ਸੂਰਮਾ ਕਚੀਚੀਆਂ ਵੱਟਦਾ ਰਹਿ ਗਿਆ।

ਮੁਕੱਦਮਾ ਚੱਲਿਆ। ਪਟਿਆਲੇ ਦੇ ਰਾਜੇ ਨੇ ਉਸ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ। ਇਹ ਗੱਲ 1911 ਦੀ ਹੈ। ਪੰਜਾਬ ਦਾ ਅਣਖੀਲਾ ਗੱਭਰੂ ਹੱਸਦਾ-ਹੱਸਦਾ ਫਾਂਸੀ 'ਤੇ ਲਟਕ ਗਿਆ ਤੇ ਲੋਕ ਕਵੀਆਂ ਨੇ ਇਸ ਸੂਰਮੇ ਦੀ ਜੀਵਨ ਕਹਾਣੀ ਨੂੰ ਕਿੱਸਿਆਂ ਦੇ ਰੂਪ ਵਿਚ ਸਾਂਭ ਲਿਆ। ਰੀਠਾ ਦੀਨ, ਰਜਬ ਅਲੀ, ਗੁਰਮੁਖ ਸਿੰਘ ਬੇਦੀ, ਸ਼ਿਆਮ ਸਿੰਘ ਤੇ ਛੱਜੂ ਸਿੰਘ ਨੇ ਸੁੱਚਾ ਸਿੰਘ ਸੂਰਮੇ ਬਾਰੇ ਕਿੱਸੇ ਰਚੇ ਹਨ ਜਿਨ੍ਹਾਂ ਨੂੰ ਅੱਜ ਵੀ ਪੰਜਾਬ ਦੇ ਲੋਕ ਬੜੇ ਚਾਵਾਂ ਨਾਲ ਪੜ੍ਹ ਕੇ ਅਨੰਦ ਮਾਣਦੇ ਹਨ ਅਤੇ ਅਣਖੀ ਸੂਰਮੇ ਨੂੰ ਸੈਆਂ ਸਲਾਮਾਂ ਕਰਦੇ ਹਨ।

## ਕਾਵਿ-ਮੰਚ

### ਧਰਮੀ ਬਾਬਲਾ

ਧਰਮੀ ਬਾਬਲਾ ਵੇ ਰਾਜਿਆ
ਮੇਰਾ ਬਚਪਨ ਮੋੜ ਦੇ।
ਖ਼ਤ ਖ਼ਤ ਪੱਤਿਆਂ ਨਾਲ ਕਰਦੇ ਵੇ
ਹਰ ਗੱਲ ਦੀ ਹਾਮੀ ਭਰਦੇ ਵੇ
ਪਿੱਪਲ ਤੇ ਬੋਹੜ ਦੇ
ਧਰਮੀ ਬਾਬਲਾ ਵੇ ਰਾਜਿਆ
ਮੇਰਾ ਬਚਪਨ ਮੋੜ ਦੇ।

ਕੱਚੇ ਘਰ ਵਿਚ ਕੱਚਾਂ ਅੰਦਰ
ਅੰਦਰ ਅੱਗੇ ਢਾਰੀ
ਢਾਰੀ ਦੇ ਵਿਚ ਆਲਾ ਵੇ
ਆਲੇ ਦੇ ਵਿਚ ਪਟਾਰੀ
ਮੈਂ ਰੱਖੇ ਜੋੜ ਪਟੋਲੇ ਵੇ
ਅੰਬੜੀ ਤੋਂ ਉਹਲੇ ਵੇ
ਕਦੀ ਧੁੱਪ ਲਵਾਉਣ ਲਈ ਉਨ੍ਹਾਂ ਨੂੰ
ਤੂੰ ਖਿੜਕੀ ਖੋਲ੍ਹ ਦੇ ਧਰਮੀ ਬਾਬਲਾ।

ਦੇ ਦੇ ਉਹ ਤੰਦਾਂ ਕੱਚੀਆਂ
ਮਾਂ ਨੇ ਚਰਖੇ 'ਤੇ ਕੱਤੀਆਂ
ਨਾਲ ਟੇਰਨੇ ਟੇਰ ਕੇ
ਕੰਧ ਨਾਲ ਲਮਕਾਈਆਂ ਅੱਟੀਆਂ
ਖਿੱਦੋ ਤੇ ਪਿੜੀਆਂ ਪਾਉਂਦੀਆਂ
ਮਾਂ ਦੀਆਂ ਉਂਗਲਾਂ ਗਾਉਂਦੀਆਂ
ਉਹ ਨੂਰ ਅਲਾਹੀ ਚਿਹਰੇ ਦਾ
ਨਜ਼ਰਾਂ ਵਿਚ ਘੋਲ ਦੇ ਧਰਮੀ ਬਾਬਲਾ।

ਮੈਨੂੰ ਟਹਿਣਾਂ ਦਾ ਢੇਰ ਦੇ
ਵੀਰ ਗੁੱਲੀ-ਡੰਡਾ ਖੇਡ ਦੇ
ਭੈਣਾਂ ਕੱਢਦੀਆਂ ਚਾਦਰਾਂ
ਭਾਬੀਆਂ ਖੂਹ ਤੋਂ ਭਰਦੀਆਂ ਗਾਗਰਾਂ
ਚਾਚੀਆਂ ਤਾਈਆਂ ਚੱਕੀ ਝੋਂਦੀਆਂ
ਕਦੀ ਹੱਸਦੀਆਂ ਕਦੀ ਰੋਂਦੀਆਂ
ਕੁਝ ਉਖਲੀ ਝੋਨਾ ਛੜਦੀਆਂ
ਹੱਸ ਹੱਸ ਕੇ ਗੱਲਾਂ ਕਰਦੀਆਂ
ਜ਼ਿੰਦਗੀ ਦੀ ਲੋਰ ਦੇ ਧਰਮੀ ਬਾਬਲਾ।

ਛੱਪੜਾਂ 'ਚੋਂ ਗਾਰੇ ਢੋਂਹਦੀਆਂ
ਪਾ ਤੂੜੀ ਲੇਹ ਲਵਾਉਂਦੀਆਂ
ਲਾਲ ਮਿੱਟੀ ਭੁੱਕ ਕੇ
ਫੇਰ ਗੋਟੀਂ ਘਰ ਸਜਾਉਂਦੀਆਂ
ਮਾਂਵਾਂ ਦਾ ਪਾਥੀਆਂ ਪੱਥਣਾ
ਬੰਨ੍ਹ ਪਾਲਾ ਪੱਥਕਣਾ ਰੱਖਣਾ
ਫਿਰ ਚਿਣ ਚਿਣ ਗੁਰੇ ਲਾਉਂਦੀਆਂ
ਹੁਨਰਾਂ ਦੀ ਤੋਰ ਦੇ ਧਰਮੀ ਬਾਬਲਾ।

ਅੱਜ ਕੀ ਉਮਰਾਂ ਦੇ ਗੇੜ
ਅੱਜ ਕੀ ਸਮਿਆਂ ਦਾ ਫੇਰ
ਖੁਸ਼ੀਆਂ ਦੀਆਂ ਮੁੱਠਾਂ ਊਣੀਆਂ
ਦੁੱਖਾਂ ਦੇ ਲੱਗੇ ਢੇਰ
ਬੜੀਆਂ ਨੇ ਧਨ ਤੇ ਦੌਲਤਾਂ
ਬੜੀਆਂ ਨੇ ਫੋਕੀਆਂ ਸ਼ੋਹਰਤਾਂ
ਅੱਖੀਆਂ ਦਾ ਪਾਣੀ ਮੁੱਕਿਆ
ਖਾਲੀ ਨੇ ਦਿਲ ਦੀਆਂ ਔਸਤਾਂ
ਤਨ 'ਤੇ ਨਾਂ ਕੱਪੜੇ ਪਾਉਂਦੀਆਂ
ਜਵਾਨੀਆਂ ਨੰਗ ਹੰਢਾਉਂਦੀਆਂ
ਤੈਨੂੰ ਵਾਸਤਾ ਉਸੇ ਧੀ ਦਾ
ਸ਼ਰਮਾਂ ਦੀ ਓੜ ਦੇ ਧਰਮੀ ਬਾਬਲਾ।

ਰਿਸ਼ਤੇ ਨੇ ਕੱਚਾ ਕੱਚ ਵੇ
ਨਾ ਕੋਈ ਕਿਸੇ ਦਾ ਪੱਖ ਵੇ
'ਕੱਲੇ 'ਕੱਲੇ ਦੀ ਦੌੜ ਵੇ
'ਕੱਲੇ 'ਕੱਲੇ ਦੀ ਰੱਖ ਵੇ
ਤੰਦ ਤੰਦ ਹੋਇਆ ਪਰਿਵਾਰ ਵੇ
ਆਈ-ਫੋਨ ਹੈ ਸੰਸਾਰ ਵੇ
ਉਂਗਲਾਂ ਨਾਲ ਗੱਲਾਂ ਕਰਦੇ ਨੇ
ਗੁੰਮਨਾਮ ਰਿਸ਼ਤੇ ਘੜਦੇ ਨੇ
ਬੜੀ ਬੇਪ੍ਰਵਾਹ ਹਵਾ ਚੱਲੇ
ਰੁੱਖਾਂ ਦੀ ਨਾ ਕੋਈ ਵਾਹ ਚੱਲੇ
ਡਿੰਗ ਚੱਲੇ ਹੋੜਦੇ ਧਰਮੀ ਬਾਬਲਾ।

ਧਰਮੀ ਬਾਬਲਾ ਵੇ ਰਾਜਿਆ
ਮੇਰਾ ਬਚਪਨ ਮੋੜ ਦੇ
ਖ਼ਤ ਖ਼ਤ ਪੱਤਿਆਂ ਨਾਲ ਕਰਦੇ ਵੇ
ਹਰ ਗੱਲ ਦੀ ਹਾਮੀ ਭਰਦੇ ਵੇ
ਪਿੱਪਲ ਤੇ ਬੋਹੜ ਦੇ...।

*-ਦੇਵਿੰਦਰ ਕੌਰ ਗੁਰਾਇਆ*
*ਫੋਨ: 571-315-9543*

---

### ਦੇਖ ਇਨਸਾਨ ਹਾਂ ਮੈਂ

ਕੋਈ ਹਿੰਦੂ ਕਹੇ ਕੋਈ ਸਿੱਖ ਕਹੇ,
ਕੋਈ ਆਖੇ ਮੁਸਲਮਾਨ ਹਾਂ ਮੈਂ।
ਦੇਖੀਂ ਦਿਲ ਨੂੰ ਕਿੰਨਾ ਸਕੂਨ ਮਿਲੇ,
ਕਦੇ ਕਹਿ ਕੇ ਦੇਖ ਇਨਸਾਨ ਹਾਂ ਮੈਂ।

ਕਦੇ ਆਪਣਾ ਅੰਦਰ ਦੇਖਿਆ ਨਹੀਂ,
ਦੂਜੇ 'ਤੇ ਉਂਗਲ ਚੁਕਦਾ ਏਂ।
ਤੂੰ ਕਰੀ ਕਿਸੇ ਦੀ ਜਰਦਾ ਨਹੀਂ,
ਮੰਦੇ ਤੋਂ ਫਿਰਦਾ ਥੁਕਦਾ ਏਂ।
ਉਦੋਂ ਰਬ ਵੀ ਚੇਤੇ ਨਹੀਂ ਹੁੰਦਾ,
ਤੇ ਕਹਿ ਛੱਡਦੇ ਜਵਾਨ ਹਾਂ ਮੈਂ।
ਦੇਖੀਂ ਦਿਲ ਨੂੰ ਕਿੰਨਾ ਸਕੂਨ ਮਿਲੇ,
ਕਦੇ ਕਹਿ ਕੇ ਦੇਖ ਇਨਸਾਨ ਹਾਂ ਮੈਂ।

ਮੈਂ ਹੋਰ ਨਾ ਇਥੇ ਰਹਿਣ ਦੇਣਾ,
ਮੁਗਲਾਂ ਦੀ ਸੰਤਾਨ ਹਾਂ ਮੈਂ।
ਕੋਈ ਆਖੇ ਭਾਰਤ ਹਿੰਦੂਆਂ ਦਾ,
ਕੋਈ ਆਖੇ ਖਾਲਿਸਤਾਨ ਹਾਂ ਮੈਂ।
ਬਰਛੇ, ਨੇਜੇ, ਕਿਰਪਾਨਾਂ ਮੇਰੇ ਕੋਲ,
ਤੇ ਜੋਸ਼ ਬੜਾ ਬਲਵਾਨ ਹਾਂ ਮੈਂ।
'ਜਸਦੀਪ' ਕੋਈ ਫਿਰਦਾ ਏ ਹੰਕਾਰਿਆ,
ਤੇ ਕੋਈ ਆਖੇ ਤੂਫਾਨ ਹਾਂ ਮੈਂ।
ਦੇਖੀਂ ਦਿਲ ਨੂੰ ਕਿੰਨਾ ਸਕੂਨ ਮਿਲੇ,
ਕਦੇ ਕਹਿ ਕੇ ਦੇਖ ਇਨਸਾਨ ਹਾਂ ਮੈਂ।

*-ਜਸਦੀਪ ਸਿੰਘ, ਖੰਨਾ*

---

### ਪ੍ਰਸ਼ਨ ਚਿੰਨ੍ਹ

ਹਾਲੇ ਓਦਣ ਹੀ ਮੈਂ
ਜੀਵਨ ਸੋਚਾਂ ਦੇ ਵਾਕਾਂ ਨੂੰ
ਘੋਖ ਘੋਖ ਕੇ
ਵਾਚ ਵਾਚ ਕੇ
ਪ੍ਰਸ਼ਨ ਚਿੰਨ੍ਹ ਇਨ੍ਹਾਂ ਦੇ
ਮਸਤਕ ਤੋਂ ਲਾਹ ਕੇ
ਪੂਰਨ ਵਿਰਾਮ ਲਗਾਇਆ ਸੀ।

ਪਰ! ਅੱਜ ਜਦੋਂ ਮੈਂ
ਸਰਘੀ ਵੇਲੇ ਦਾ ਉਠਿਆ ਹਾਂ,
ਮੇਰੀਆਂ ਜੀਵਨ ਸੋਚਾਂ ਦੇ ਮਸਤਕ 'ਤੇ
ਉਹੋ ਪ੍ਰਸ਼ਨ ਚਿੰਨ੍ਹ ਲੱਗਾ ਹੈ!
ਸ਼ਾਇਦ ਮਾਹੌਲ ਬਦਲ ਗਿਆ ਹੈ?

*-ਪ੍ਰੋ. ਮਨਜੀਤ ਸਿੰਘ ਸ਼ਿਕਾਗੋ*
*ਫੋਨ: 815-436-2566*

ਬੀਬੀ ਹਰਨਾਮ ਕੌਰ-2

ਚੇਤਾ ਤੇ ਚਰਚਾ

# ਪਿੱਥੋ ਦੀ ਨੂੰਹ, ਕਵਿੱਤਰੀ ਹਰਨਾਮ ਕੌਰ ਨਾਭਾ

***ਪੰਜਾਬ ਟਾਈਮਜ਼ ਵਿਚ ਕਹਾਣੀਕਾਰ ਤੇ ਪੱਤਰਕਾਰ ਸ. ਗੁਰਬਚਨ ਸਿੰਘ ਭੁੱਲਰ ਦੀਆਂ ਪਹਿਲਾਂ ਛਪੀਆਂ ਲਿਖਤਾਂ ਵਿਚ ਪਾਠਕ ਪੜ੍ਹ ਹੀ ਚੁਕੇ ਹਨ ਕਿ ਮਹਾਨ ਕੋਸ਼ ਦੇ ਰਚੈਤਾ ਭਾਈ ਕਾਨ੍ਹ ਸਿੰਘ ਨਾਭਾ ਉਨ੍ਹਾਂ ਦੇ ਪਿੰਡ ਪਿਥੋ ਦੇ ਸਨ। ਭਾਈ ਕਾਨ੍ਹ ਸਿੰਘ ਨਾਭਾ ਅਤੇ ਉਨ੍ਹਾਂ ਦੇ ਪਰਿਵਾਰ ਦੀ ਪੰਜਾਬੀ ਸਾਹਿਤ ਨੂੰ ਬਹੁਤ ਵੱਡੀ ਦੇਣ ਹੈ, ਇਸ ਲੇਖ ਲੜੀ ਵਿਚ ਲੇਖਕ ਨੇ ਇਸ ਦੇਣ ਦਾ ਪਾਠਕਾਂ ਨਾਲ ਤੁਆਰਫ ਕਰਵਾਇਆ ਹੈ। ਇਸ ਲੜੀ ਦੇ ਪਹਿਲੇ ਲੇਖ ਵਿਚ ਉਨ੍ਹਾਂ ਭਾਈ ਕਾਨ੍ਹ ਸਿੰਘ ਨਾਭਾ ਦੀ ਨੂੰਹ ਬੀਬੀ ਹਰਨਾਮ ਕੌਰ ਦਾ ਜ਼ਿਕਰ ਕੀਤਾ ਸੀ। ਲੇਖ ਦਾ ਦੂਜਾ ਹਿੱਸਾ ਹਾਜ਼ਰ ਹੈ। -ਸੰਪਾਦਕ***

12 ਦਸੰਬਰ 1898 ਨੂੰ ਅੰਮ੍ਰਿਤਸਰ ਵਿਖੇ ਜਨਮੀ ਬੀਬੀ ਹਰਨਾਮ ਕੌਰ ਨਾਭਾ ਨੂੰ ਦਹਾਕਿਆਂ ਤੱਕ ਪੰਜਾਬੀ ਦੀ ਪਹਿਲੀ ਕਵਿੱਤਰੀ ਹੋਣ ਦਾ ਮਾਣ ਪਰਾਪਤ ਰਿਹਾ। ਮੈਨੂੰ ਚੇਤੇ ਹੈ, ਜਦੋਂ ਪਿਛਲੀ ਸਦੀ ਦੇ ਪੰਜਾਹਵਿਆਂ ਵਿਚ ਮੈਂ ਗਿਆਨੀ ਕੀਤੀ ਸੀ, ਸਾਹਿਤ ਦੇ ਇਤਿਹਾਸ ਵਿਚ ਬੀਬੀ ਦਾ ਜ਼ਿਕਰ ਪੰਜਾਬੀ ਵਿਚ ਕਵਿਤਾ ਲਿਖਣ ਦੀ ਪਹਿਲ ਕਰਨ ਵਾਲੀ ਰਚਨਾਕਾਰ ਵਜੋਂ ਹੀ ਕੀਤਾ ਹੋਇਆ ਮਿਲਦਾ ਸੀ। ਉਸ ਸਮੇਂ ਤੱਕ ਪੁਸਤਕ ਤਾਂ ਉਨ੍ਹਾਂ ਦੀ ਇਕੋ ਹੀ ਛਪੀ ਸੀ, ਅਰਸ਼ੀ ਕਲੀਆਂ, ਪਰ ਇਹ ਉਨ੍ਹਾਂ ਨੂੰ ਮੋਢੀ ਕਵਿੱਤਰੀ ਦਾ ਸਥਾਨ



ਗੁਰਬਚਨ ਸਿੰਘ ਭੁੱਲਰ
ਫੋਨ: 91-11-65736868
bhullargs@gmail.com

ਦੁਆਉਣ ਲਈ ਕਾਫ਼ੀ ਸੀ। ਇਹ ਬਹੁਤ ਮਗਰੋਂ, ਉਨ੍ਹਾਂ ਦੇ ਸਵਰਗਵਾਸ ਤੋਂ ਵੀ ਮਗਰੋਂ ਦੀ ਗੱਲ ਹੈ ਕਿ ਖੋਜ ਨੇ ਪੰਜਾਬੀ ਦੀ ਪਹਿਲੀ ਕਵਿੱਤਰੀ ਹੋਣ ਦਾ ਮਾਣ ਪੀਰੋ ਪ੍ਰੇਮਣ ਨੂੰ ਬਖ਼ਸ਼ਿਆ। ਹੁਣ ਤਾਂ ਪੀਰੋ ਤੋਂ ਵੀ ਪਹਿਲਾਂ ਕਵਿਤਾ ਰਚਣ ਵਾਲੇ ਕੁਝ ਇਸਤਰੀ ਨਾਂਵਾਂ ਦੀ ਟੋਹ ਲਾਈ ਅਤੇ ਦੱਸ ਪਾਈ ਜਾ ਰਹੀ ਹੈ।

ਬੀਬੀ ਦੀ ਰਚਨਾ ਦਾ ਆਕਾਰ ਕੋਈ ਬਹੁਤ ਵੱਡਾ ਨਹੀਂ ਸੀ। ਅੱਗੇ ਇਸ ਪੁਸਤਕ ਵਿਚ ਵੀ ਕੁਛ ਕਵਿਤਾਵਾਂ ਉਨ੍ਹਾਂ ਦੀ ਛੋਟੀ ਭੈਣ ਬੀਬੀ ਅਮਰ ਕੌਰ ਦੇ ਨਾਂ ਹੇਠ ਦਰਜ ਸਨ। 1936 ਵਿਚ ਛਪੇ ਇਸ ਕਾਵਿ-ਸੰਗ੍ਰਹਿ ਨੂੰ ਉਜਾਗਰ ਕਰਨ ਵਿਚ ਇਸ ਤੱਥ ਦਾ ਵੀ ਹੱਥ ਰਿਹਾ ਕਿ ਪਾਠਕਾਂ ਨਾਲ ਇਸ ਦੀ ਜਾਣ-ਪਛਾਣ ਸਾਡੇ ਵੱਡੇ ਕਵੀ, ਪ੍ਰੋ. ਪੂਰਨ ਸਿੰਘ ਨੇ ਕਰਵਾਈ ਸੀ। 37 ਸਾਲਾਂ ਦੇ ਲੰਮੇ ਫ਼ਰਕ ਨਾਲ 1973 ਵਿਚ ਉਨ੍ਹਾਂ ਦਾ ਦੂਜਾ ਤੇ ਅੰਤਿਮ ਕਾਵਿ-ਸੰਗ੍ਰਹਿ ਪਾਰਸ-ਛੂਹ ਛਪਿਆ। ਇਕ ਸੰਗ੍ਰਹਿ ਜਿੰਨੀ ਰਚਨਾ ਅਣਛਪੀ ਪਈ ਵੀ ਦੱਸੀ ਜਾਂਦੀ ਹੈ। ਪਹਿਲੇ ਕਾਵਿ-ਸੰਗ੍ਰਹਿ ਵਿਚੋਂ ਬੀਬੀ ਅਮਰ ਕੌਰ ਦੇ ਨਾਂ ਹੇਠ ਛਪੀ ਇਕ ਕਵਿਤਾ ਕਾਫ਼ੀ ਮਸ਼ਹੂਰ ਹੋਈ ਅਤੇ ਸਾਨੂੰ ਵਿਦਿਆਰਥੀਆਂ ਨੂੰ ਇਮਤਿਹਾਨ ਵਾਸਤੇ ਇਹੋ ਚੇਤੇ ਕਰਨ ਦੀ ਸਲਾਹ ਦਿੱਤੀ ਜਾਂਦੀ ਸੀ। ਕਿਹਾ ਜਾਂਦਾ ਹੈ ਕਿ ਇਹ ਕਵਿਤਾ ਬੀਬੀ ਅਮਰ ਕੌਰ ਨੇ ਨੌਂਵੀਂ ਜਮਾਤ ਵਿਚ ਪੜ੍ਹਦਿਆਂ ਲਿਖੀ ਸੀ। ਜੇ ਇਹ ਗੱਲ ਸੱਚੀ ਹੈ ਤਾਂ ਉਸ ਦੀ ਬਾਲ-ਕਲਮ ਸੱਚਮੁੱਚ ਹੀ ਵਡਿਆਈ ਦੀ ਹੱਕਦਾਰ ਹੈ,

ਖਿੜੇ ਚਮਨ ਵਿਚ ਨਾਲਾ ਵਹਿੰਦਾ,
ਨਾ ਜਾਣੇ ਮੁੜ ਵਹੇ ਕਿ ਨਾ।
ਰੁੱਤ ਫਿਰਿਆਂ ਗੁਲਜ਼ਾਰ ਉਦਾਸੇ,
ਸੁੰਦਰਤਾ ਮਤ ਰਹੇ ਕਿ ਨਾ।
ਸੁੰਦਰਤਾ ਦਾ ਹਾਇ ਵਿਛੋੜਾ,
ਸੁੰਦਰ ਨਾਲਾ ਸਹੇ ਕਿ ਨਾ।
ਜੇਕਰ ਸਹੇ ਤਾਂ ਕੰਢੇ ਬਹਿ ਕੇ,
ਨੈਣਾਂ ਛਹਿਬਰ ਛਹੇ ਕਿ ਨਾ।
ਹੇ ਦਿਲ ਅੱਖੀਓ ਸੱਧਰ ਲਾਹ ਲਓ,
ਨਾ ਜਾਣੇ ਮੁੜ ਲਹੇ ਕਿ ਨਾ।
ਇਸ ਜਿੰਦੜੀ ਦਾ ਕੀ ਭਰਵਾਸਾ,
ਆਉਂਦੀ ਰੁੱਤੇ ਰਹੇ ਕਿ ਨਾ!

ਬੀਬੀ ਦਾ ਸੁਭਾਗ ਸੀ ਕਿ ਜਦੋਂ ਤੋਂ ਸੁਰਤ ਸੰਭਾਲੀ, ਆਪਣੇ ਭਵਿੱਖੀ ਜੀਵਨ-ਸਾਥੀ ਭਗਵੰਤ ਸਿੰਘ ਹਰੀ ਜੀ

ਵਾਂਗ ਆਪਣੇ ਆਪ ਨੂੰ ਵੱਡੇ ਵਿਦਵਾਨਾਂ ਤੇ ਲੇਖਕਾਂ ਦੀ ਛਤਰਛਾਇਆ ਵਿਚ ਹੀ ਦੇਖਿਆ। ਜਿਵੇਂ ਹਰੀ ਜੀ ਦੇ ਪਿਤਾ, ਭਾਈ ਕਾਨ੍ਹ ਸਿੰਘ ਨਾਭਾ ਆਪਣੇ ਸਮੇਂ ਦੇ ਇਕ ਪ੍ਰਮੁੱਖ ਗਿਆਨਵਾਨ ਸਨ, ਬੀਬੀ ਦੇ ਪਿਤਾ, ਜੀਵਨ ਸਿੰਘ ਸੇਵਕ ਆਪਣੇ ਵੇਲੇ ਦੇ ਇਕ ਪ੍ਰਸਿੱਧ ਪੱਤਰਕਾਰ ਸਨ। ਸਿੰਘਸਭਾਈ ਵਿਚਾਰਾਂ ਦੇ ਸੇਵਕ ਜੀ 'ਖਾਲਸਾ ਸੇਵਕ' ਪੱਤਰ ਕਢਦੇ ਸਨ ਅਤੇ ਉਸ ਨੂੰ ਛਾਪਣ ਵਾਲਾ ਛਾਪਾਖਾਨਾ ਵੀ ਉਨ੍ਹਾਂ ਦਾ ਆਪਣਾ ਹੀ ਸੀ। ਇਸ ਕਾਰਨ ਸੇਵਕ ਜੀ ਕੋਲ ਦਫ਼ਤਰ ਤੇ ਘਰ ਵਿਦਵਾਨਾਂ ਦੀ ਆਵਾਜਾਈ ਬਣੀ ਰਹਿੰਦੀ ਸੀ। ਵਿਦਵਾਨ ਆਉਂਦੇ ਸਨ ਤਾਂ ਵਿਦਵਤਾ-ਭਰਪੂਰ ਵਿਚਾਰ-ਚਰਚਾ ਵੀ ਸੁਭਾਵਿਕ ਸੀ ਅਤੇ ਉਸ ਦਾ ਦੋਵਾਂ ਬਾਲੜੀਆਂ ਦੇ ਕੰਨੀਂ ਪੈਣਾ ਵੀ ਸੁਭਾਵਿਕ ਸੀ।

ਭਗਵੰਤ ਸਿੰਘ ਨਾਲ ਬੀਬੀ ਹਰਨਾਮ ਕੌਰ ਦਾ ਜੀਵਨ-ਸਾਥ ਬਣਨ ਦਾ ਆਧਾਰ ਵੀ ਕਵਿਤਾ ਹੀ ਸੀ। ਵਿਕਟੋਰੀਆ ਗਰਲਜ਼ ਸਕੂਲ ਅੰਮ੍ਰਿਤਸਰ ਤੋਂ ਮਿਲੀ ਮੁੱਢਲੀ ਵਿੱਦਿਆ ਮਗਰੋਂ ਉਹਨੂੰ ਸਿੱਖ ਕੰਨਿਆ ਮਹਾਂਵਿਦਿਆਲਾ ਫਿਰੋਜ਼ਪੁਰ ਵਿਚ ਦਾਖ਼ਲ ਕਰਵਾ ਦਿੱਤਾ ਗਿਆ। ਆਪਣੇ ਸਮੇਂ ਵਿਚ ਬਹੁਤ ਪ੍ਰਸਿੱਧ ਰਹੀ ਇਸ ਸੰਸਥਾ ਦੇ ਸੰਚਾਲਕ ਇਸਤਰੀਆਂ ਦੀ ਵਿੱਦਿਆ ਦੇ ਵੱਡੇ ਹਮਾਇਤੀ ਭਾਈ ਤਖ਼ਤ ਸਿੰਘ ਸਨ। ਬੀਬੀ ਹਰਨਾਮ ਕੌਰ ਦੇ ਰੂਪ ਵਿਚ ਹੋਣਹਾਰ ਭਵਿੱਖੀ ਕਵਿੱਤਰੀ ਪਛਾਣਦਿਆਂ ਉਨ੍ਹਾਂ ਨੇ ਸੇਵਕ ਜੀ ਨਾਲ ਸਲਾਹ ਕਰ ਕੇ ਭਾਈ ਕਾਨ੍ਹ ਸਿੰਘ ਨਾਲ ਗੱਲ ਕੀਤੀ ਅਤੇ ਉਹਦਾ ਰਿਸ਼ਤਾ ਭਗਵੰਤ ਸਿੰਘ ਨਾਲ ਜੁੜ ਗਿਆ।

ਆਧੁਨਿਕ ਕਵਿਤਾ ਦੇ ਮੋਢੀ ਕਹੇ ਜਾਂਦੇ ਭਾਈ ਵੀਰ ਸਿੰਘ ਨਾਲ ਵੀ ਸੇਵਕ ਪਰਿਵਾਰ ਦਾ ਗੂੜ੍ਹਾ ਨਾਤਾ ਸੀ। ਜਦੋਂ ਬਾਲ-ਉਮਰੇ ਬੀਬੀ ਨੇ ਆਪਣੀ ਇਕ ਕਵਿਤਾ ਭਾਈ ਸਾਹਿਬ ਨੂੰ ਸੁਣਾਈ, ਉਨ੍ਹਾਂ ਦਾ ਸਹਿਜ-ਸੁਭਾਅ ਪ੍ਰਤੀਕਰਮ ਝੱਟ ਇਨ੍ਹਾਂ ਸ਼ਬਦਾਂ ਵਿਚ ਪ੍ਰਗਟ ਹੋਇਆ, "ਇਹ ਕੁੜੀ ਤਾਂ ਸਾਡੀ ਹੈ, ਇਸ ਦਾ ਜਨਮ ਕਿਸੇ ਹੋਰ ਘਰ ਹੋ ਗਿਆ ਹੈ!" ਉਸ ਦੌਰ ਵਿਚ ਸਿੱਖ ਵਿਦਿਅਕ ਕਾਨਫ਼ਰੰਸਾਂ ਬੜੇ ਜਲੌਅ ਨਾਲ ਹੁੰਦੀਆਂ ਸਨ। ਬੀਬੀ ਹਰਨਾਮ ਕੌਰ ਉਨ੍ਹਾਂ ਦੇ ਮੰਚ ਤੋਂ ਕਵਿਤਾਵਾਂ ਪੜ੍ਹਦੀ ਜਿਨ੍ਹਾਂ ਨੂੰ ਕਾਫ਼ੀ ਸਲਾਹਿਆ ਜਾਂਦਾ। ਛੋਟੀ ਉਮਰ ਵਿਚ ਹੀ ਉਹਦੀਆਂ ਕਵਿਤਾਵਾਂ ਪਿਤਾ ਜੀ ਦੇ ਪੱਤਰ ਖਾਲਸਾ ਸੇਵਕ ਤੋਂ ਇਲਾਵਾ ਖਾਲਸਾ ਸਮਾਚਾਰ ਜਿਹੇ ਹੋਰ ਪੱਤਰਾਂ ਵਿਚ ਵੀ ਛਪ ਕੇ ਸ਼ਲਾਘਾ ਖੱਟਣ ਤੇ ਇਨਾਮ ਪ੍ਰਾਪਤ ਕਰਨ ਲੱਗੀਆਂ। ਭਾਈ ਵੀਰ ਸਿੰਘ ਨਾਲ ਨੇੜਤਾ ਦਾ ਸਿੱਟਾ ਹੀ ਸੀ ਕਿ ਬੀਬੀ ਨੇ ਕੁਦਰਤ ਬਾਰੇ ਅਨੇਕ ਖ਼ੂਬਸੂਰਤ ਰਚਨਾਵਾਂ ਦੇ ਨਾਲ ਨਾਲ ਕਈ ਸਤਿਕਾਰ-ਸੂਚਕ ਕਵਿਤਾਵਾਂ ਭਾਈ ਸਾਹਿਬ ਦਾ ਧਿਆਨ ਧਰ ਕੇ ਵੀ ਲਿਖੀਆਂ। ਵੰਨਗੀ ਵਜੋਂ ਭਾਈ ਸਾਹਿਬ ਦੇ ਇਕ ਜਨਮ-ਦਿਨ ਸਮੇਂ ਲਿਖੀ ਇਹ ਕਵਿਤਾ ਦੇਖੀ ਜਾ ਸਕਦੀ ਹੈ,

ਸਾਧ-ਜਨ ਧਰਤੀ 'ਤੇ ਆਇਆ।
ਰੁਲੀ ਪੰਜਾਬੀ ਸੀਨੇ ਲਾਇਆ।
ਕਵਿਤਾ ਦਾ ਭੰਡਾਰ ਰਚਾਇਆ।
ਕਰੇ ਅਗੰਮੀ ਕਾਜ!
ਜੁਗ ਜੁਗ ਜੀਵੋ ਜੀ,
ਜੀਵੋ ਜੀ, ਜੀਵੋ ਜੀ ਮਹਾਰਾਜ!

ਭਾਈ ਵੀਰ ਸਿੰਘ ਦੀ ਨੇੜਤਾ ਸਦਕਾ ਪ੍ਰੋ. ਪੂਰਨ ਸਿੰਘ ਤੇ ਉਨ੍ਹਾਂ ਦੀ ਜੀਵਨ-ਸਾਥਣ ਮਾਇਆ ਦੇਵੀ ਨਾਲ ਵੀ ਅਜਿਹੀ ਨੇੜਤਾ ਬਣੀ ਕਿ ਉਹ ਵੀ ਦੋਵਾਂ ਭੈਣਾਂ ਨੂੰ ਆਪਣੀਆਂ ਧੀਆਂ ਹੀ ਸਮਝਣ ਲੱਗੇ। ਦੋਵਾਂ ਵੱਡੇ ਕਵੀਆਂ ਨਾਲ ਏਨੀਂ ਨੇੜਤਾ ਦਾ ਰਚਨਾਤਮਕ ਪ੍ਰਭਾਵ ਪੈਣਾ ਬਿਲਕੁਲ ਸੁਭਾਵਿਕ ਸੀ। ਭਗਵੰਤ ਸਿੰਘ ਹਰੀ ਜੀ ਅਤੇ ਬੀਬੀ ਹਰਨਾਮ ਕੌਰ ਦਾ ਪਿੱਥੋ ਆਉਣ-ਜਾਣ ਭਾਈ ਕਾਨ੍ਹ ਸਿੰਘ ਨਾਲੋਂ ਬਹੁਤ ਵੱਧ ਰਿਹਾ। ਇਸ ਦਾ ਇਕ ਕਾਰਨ ਸ਼ਾਇਦ ਇਹ ਹੋਵੇ ਕਿ ਇਹ ਜੋੜੀ ਕਲਮ ਨਾਲ ਜੁੜੀ ਹੋਣ ਦੇ ਬਾਵਜੂਦ ਰਚਨਾ ਅਤੇ ਖੋਜ ਦੇ ਕਾਰਜ ਵਿਚ ਭਾਈ ਸਾਹਿਬ ਵਾਲੀ ਹੱਦ ਤੱਕ ਖੁੱਭੀ ਹੋਈ ਨਹੀਂ ਸੀ। ਖੇਤਾਂ ਵਿਚ ਖ਼ੂਬਸੂਰਤ ਬਾਗ਼ ਦੇ ਵਿਚਕਾਰ ਬਣੀ ਹੋਈ ਕੋਠੀ ਵਿਚ ਪ੍ਰਕਿਰਤੀ ਦੀ ਗੋਦ ਵਿਚ ਰਹਿਣਾ ਦੋਵਾਂ ਨੂੰ ਹੀ ਬੜਾ ਭਾਉਂਦਾ ਸੀ। ਪ੍ਰੋ. ਪਿਆਰਾ ਸਿੰਘ ਪਦਮ, ਜਿਨ੍ਹਾਂ ਦਾ ਭਗਵੰਤ ਸਿੰਘ ਹਰੀ ਜੀ ਦੇ ਪਰਿਵਾਰ ਨਾਲ ਖੁੱਲ੍ਹਾ ਮੇਲ-ਮਿਲਾਪ ਤੇ ਆਉਣ-ਜਾਣ ਸੀ, ਦਸਦੇ ਸਨ ਕਿ ਪ੍ਰੋ. ਪੂਰਨ ਸਿੰਘ ਤੇ ਮਾਇਆ ਦੇਵੀ ਇਕ-ਦੋ ਵਾਰ ਪਿੱਥੋ ਉਨ੍ਹਾਂ ਕੋਲ ਰਹਿਣ ਵਾਸਤੇ ਵੀ ਆਏ। ਪ੍ਰੋ. ਪਦਮ ਅਨੁਸਾਰ ਬੀਬੀ ਹਰਨਾਮ ਕੌਰ ਨੂੰ ਇਕ ਵਾਰ ਸ਼ਾਂਤੀ ਨਿਕੇਤਨ ਪੁੱਜ ਕੇ ਮਹਾਂਕਵੀ ਰਾਬਿੰਦਰਨਾਥ ਟੈਗੋਰ ਨੂੰ ਮਿਲਣ ਦਾ ਅਤੇ ਉਨ੍ਹਾਂ ਤੋਂ ਅਸ਼ੀਰਵਾਦ ਲੈਣ ਦਾ ਸੁਭਾਗ ਵੀ ਪ੍ਰਾਪਤ ਹੋਇਆ।



*ਪਿੰਡ ਪਿੱਥੋ 'ਚ ਖਿੱਚੀ ਗਈ ਇਸ ਤਸਵੀਰ ਵਿਚ ਭਾਈ ਕਾਨ੍ਹ ਸਿੰਘ ਨਾਭਾ ਦਾ ਸਪੁੱਤਰ ਭਗਵੰਤ ਸਿੰਘ ਹਰੀ ਅਤੇ ਨੂੰਹ ਹਰਨਾਮ ਕੌਰ ਦੇ ਨਾਲ ਤਿੰਨ ਪੋਤਰੇ ਤੇ ਦੋ ਪੋਤਰੀਆਂ*

ਬੀਬੀ ਹਰਨਾਮ ਕੌਰ ਨੂੰ ਦੂਰੋਂ ਤਾਂ ਮੈਂ ਬਚਪਨ ਵਿਚ ਆਪਣੇ ਪਿੰਡ ਪਿੱਥੋ ਦੇ ਗੁਰਦੁਆਰੇ ਵਿਚ ਦੇਖਿਆ ਹੋਇਆ ਸੀ, ਪਰ ਉਨ੍ਹਾਂ ਨੂੰ ਮੇਰੇ ਬਾਰੇ ਜਾਣਕਾਰੀ ਸਾਡੇ ਪਿੰਡ ਦੇ ਮੇਰੇ ਮਿੱਤਰ ਗੁਰਚਰਨ ਸਿੰਘ ਪੰਛੀ ਨੇ ਦਿਤੀ, ਜਿਸ ਦਾ ਉਸ ਪਰਿਵਾਰ ਨਾਲ ਗੂੜ੍ਹਾ ਮੇਲ-ਮਿਲਾਪ ਸੀ ਤੇ ਹੁਣ ਵੀ ਹੈ। ਉਹਦੇ ਮੂੰਹੋਂ ਆਪਣੇ ਪਿੰਡ ਦੇ ਇਕ ਮੁੰਡੇ ਦਾ ਲੇਖਕ ਹੋਣਾ ਸੁਣ ਕੇ ਬੀਬੀ ਨੂੰ ਬੇਹੱਦ ਖ਼ੁਸ਼ੀ ਹੋਈ ਅਤੇ ਉਨ੍ਹਾਂ ਨੇ ਪੰਛੀ ਜੀ ਕੋਲ ਮੇਰੀ ਕੋਈ ਰਚਨਾ ਪੜ੍ਹਨ ਦੀ ਇੱਛਾ ਜਤਾਈ। ਜਦੋਂ ਪੰਛੀ ਜੀ ਮੇਰੀ ਪੁਸਤਕ ਲੈਣ ਦੇ ਆਸ਼ੇ ਨਾਲ ਮਿਲੇ, ਸਬੱਬ ਨਾਲ ਉਸ ਵੇਲੇ ਮੇਰੇ ਕੋਲ ਪਹਿਲਾਂ ਦਾ ਛਪਿਆ ਹੋਇਆ ਕਹਾਣੀ-ਸੰਗ੍ਰਹਿ 'ਓਪਰਾ ਮਰਦ' ਤਾਂ ਨਹੀਂ ਸੀ, ਸੱਜਰੀ ਛਪੀ ਸੰਪਾਦਿਤ ਪੁਸਤਕ 'ਮਾਂ ਬੋਲੀ ਪੰਜਾਬੀ: ਅਜੋਕੀ ਸਥਿਤੀ ਤੇ ਸਮੱਸਿਆਵਾਂ' ਹੀ ਸੀ। ਉਨ੍ਹੀਂ ਦਿਨੀਂ ਪ੍ਰੋ. ਕਿਸ਼ਨ ਸਿੰਘ ਦੀ ਅਗਵਾਈ ਵਿਚ ਗੁਰਵੇਲ ਪੰਨੂ, ਡਾ. ਪਰੇਮ ਸਿੰਘ ਅਤੇ ਮੈਂ ਪ੍ਰਸਿੱਧ ਮਾਸਕ ਪਰਚਾ 'ਸੇਧ' ਕਢਦੇ ਸੀ। 'ਸੇਧ' ਦਾ ਮੁੱਖ ਉਦੇਸ਼ ਪੰਜਾਬੀ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਉਜਾਗਰ ਕਰਨਾ ਤੇ ਵਿਚਾਰਨਾ ਸੀ। ਇਹ ਪੁਸਤਕ ਉਸ ਦੇ ਚੋਣਵੇਂ ਲੇਖਾਂ ਤੋਂ ਸੰਪਾਦਤ ਕੀਤੀ ਗਈ ਸੀ।

ਪੰਛੀ ਜੀ ਦੇ ਦੱਸਣ ਅਨੁਸਾਰ ਬੀਬੀ ਜੀ ਇਹ ਪੁਸਤਕ ਦੇਖ ਕੇ ਬਹੁਤ ਖ਼ੁਸ਼ ਹੋਏ ਅਤੇ ਉਨ੍ਹਾਂ ਹੱਥ ਮੇਰੇ ਲਈ ਆਪਣੀਆਂ ਸ਼ੁਭ-ਇੱਛਾਵਾਂ ਭੇਜੀਆਂ।

ਸੋਵੀਅਤ ਦੂਤਾਵਾਸ ਦਾ ਸੂਚਨਾ ਵਿਭਾਗ, ਜਿਥੇ ਮੈਂ ਕੰਮ ਕਰਦਾ ਸੀ, ਦਿੱਲੀ ਦੀ ਬਾਰਾਂਖੰਭਾ ਰੋਡ ਦੀ 25 ਨੰਬਰ ਕੋਠੀ ਵਿਚ ਸੀ। ਸੜਕ ਦੇ ਸਾਡੇ ਵਾਲੇ ਪਾਸੇ ਕੋਠੀਆਂ ਦੇ ਕਲੀ ਨੰਬਰ ਸਨ ਅਤੇ ਦੂਜੇ ਪਾਸੇ ਜੋਟਾ ਨੰਬਰ। ਸਾਡੇ ਨਾਲ ਸਾਂਝੀ ਕੰਧ ਵਾਲੀ 23 ਨੰਬਰ ਕੋਠੀ ਦੇ ਬਾਹਰ ਲਿਖਿਆ ਹੋਇਆ ਅਕੋਈ-ਹਾਊਸ ਉਸ ਦੇ ਮਾਲਕਾਂ ਦੇ ਮਲਵਈ

ਹੋਣ ਦੀ ਦੱਸ ਪਾਉਂਦਾ, ਕਿਉਂਕਿ ਅਕੋਈ ਵਾਲੇ ਸਰਦਾਰ ਸਾਡੇ ਇਲਾਕੇ ਵਿਚ ਕਾਫ਼ੀ ਮਸ਼ਹੂਰ ਸਨ। ਫੇਰ ਪੰਛੀ ਜੀ ਤੋਂ

ਪਤਾ ਲੱਗਿਆ ਕਿ ਉਸ ਘਰ ਵਿਚ ਭਾਈ ਕਾਨ੍ਹ ਸਿੰਘ ਦੇ ਛੋਟੇ ਭਰਾ ਮੀਂਹਾਂ ਸਿੰਘ ਦੀ ਧੀ ਵਿਆਹੀ ਹੋਈ ਸੀ। ਬੀਬੀ ਹਰਨਾਮ ਕੌਰ ਜਦੋਂ ਦਿੱਲੀ ਦਾ ਗੇੜਾ ਮਾਰਦੇ, ਆਪਣੀ ਨਣਦ ਦੇ ਘਰ-ਪਰਿਵਾਰ ਨੂੰ ਮਿਲਣ ਵਾਸਤੇ 23 ਨੰਬਰ ਕੋਠੀ ਵਿਚ ਵੀ ਆਉਂਦੇ। ਮੈਂ ਉਨ੍ਹਾਂ ਦੇ ਨੌਕਰ ਨੂੰ ਕਹਿ ਛੱਡਿਆ ਸੀ ਕਿ ਜਦੋਂ ਬੀਬੀ ਜੀ ਆਉਣ, ਉਹ ਮੈਨੂੰ ਜ਼ਰੂਰ ਖ਼ਬਰ

ਕਰੇ। ਇਉਂ ਮੈਨੂੰ ਆਪਣਾ ਪਹਿਲਾ ਕਹਾਣੀ-ਸੰਗ੍ਰਹਿ 'ਓਪਰਾ ਮਰਦ' ਉਨ੍ਹਾਂ ਨੂੰ ਭੇਟ ਕਰਨ ਦਾ ਤੇ ਉਨ੍ਹਾਂ ਦੀਆਂ ਅਸੀਸਾਂ ਲੈਣ ਦਾ ਅਵਸਰ ਪਰਾਪਤ ਹੋਇਆ। ਸਾਡੇ ਪਿੰਡ ਦੇ ਕਲਮ ਦੇ ਧਨੀ ਘਰਾਣੇ ਦੇ ਮੋਢੀ ਭਾਈ ਕਾਨ੍ਹ ਸਿੰਘ ਦੀ ਨੂੰਹ, ਭਾਈ ਭਗਵੰਤ ਸਿੰਘ ਦੀ ਜੀਵਨ-ਸਾਥਣ ਅਤੇ ਆਪ ਪ੍ਰਸਿੱਧ ਕਵਿੱਤਰੀ ਨਾਲ ਇਹ ਸੰਪਰਕ ਮੇਰੇ ਲਈ ਵੱਡੇ ਸੁਭਾਗ ਦੀ ਗੱਲ ਸੀ।

ਬੀਬੀ ਹਰਨਾਮ ਕੌਰ 77 ਸਾਲ ਦੀ ਆਯੂ ਭੋਗ ਕੇ 2 ਜੂਨ 1976 ਨੂੰ ਪੂਰੇ ਹੋ ਗਏ। ਆਧੁਨਿਕ ਪੰਜਾਬੀ ਕਵਿਤਾ ਵਿਚ ਅੰਮ੍ਰਿਤਾ ਪ੍ਰੀਤਮ ਨਾਲ ਸ਼ੁਰੂ ਹੋਈ ਕਵਿੱਤਰੀਆਂ ਦੀ ਲੜੀ ਦੀ ਪੂਰਵਲੀ ਵਜੋਂ ਅਤੇ ਪੀਰੋ ਪ੍ਰੇਮਣ ਦੇ ਕਾਵਿ ਤੇ ਅੰਮ੍ਰਿਤਾ ਦੇ ਕਾਵਿ ਵਿਚਕਾਰ ਮਹੱਤਵਪੂਰਨ ਪੁਲ ਵਜੋਂ ਉਨ੍ਹਾਂ ਦਾ ਸਥਾਨ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਸਦਾ ਲਈ ਸੁਰੱਖਿਅਤ ਰਹੇਗਾ। ਬੀਬੀ ਦੀ ਕਲਪਨਾ-ਉਡਾਰੀ ਬੜੀ ਉੱਚੀ ਸੀ,

ਨੀਲਾ ਅੰਬਰ ਕਾਗ਼ਜ਼ ਮੇਰਾ,
ਨਜ਼ਰ ਮੈਂਡੜੀ ਮੇਰੀ ਕਾਨੀ।
ਤਾਰੇ ਪਾਲਾਂ ਅੱਖਰ ਚਮਕਣ,
ਨਿੱਤ ਲਿਖਦੀ ਮੈਂ ਤੱਕ ਅਸਮਾਨੀਂ।

ਉਨ੍ਹਾਂ ਦੀ ਇਕ ਹੋਰ ਰਚਨਾ ਹੈ,

ਅੰਬਰ ਤੋਂ ਇਕ ਲੈ ਕੇ ਆਈ
ਟਿਮਟਿਮ ਕਰਦਾ ਤਾਰਾ
ਤਾਰਾ-ਦੀਵਾ ਹੱਥ 'ਤੇ ਰੱਖ ਕੇ,
ਮੈਂ ਡਿੱਠਾ ਜੱਗ ਸਾਰਾ।
ਏਸ ਤਾਰੇ ਦੀ ਲੋਅ ਦੇ ਅੰਦਰ,
ਲੱਭਿਆ ਪੁਰਖ ਨਿਆਰਾ।
ਜੁਗਜੁਗ ਜੀਵਣ ਸੂਰਜ ਤੇ ਚੰਦ,
ਸਾਨੂੰ ਤਾਰਾ ਪਯਾਰਾ।

ਇਕ ਹੋਰ ਥਾਂ ਉਹ ਲਿਖਦੇ ਹਨ,

ਅੱਜ ਸਵੇਰੇ ਬੜੀ ਸਵੇਰੇ,
ਅੰਬਰ ਸਾਂਭ ਰਿਹਾ ਸੀ ਤਾਰੇ।
ਮੈਂ ਹੱਥ ਲੈ ਕੇ ਪੱਛੀ,
ਦੋਵੇਂ ਅੰਬਰ ਅੱਗੇ ਹੱਥ ਪਸਾਰੇ।
ਸੁਹਣੇ ਅੰਬਰ, ਦੋ ਬੁੱਕ ਤਾਰੇ,
ਮੇਰੀ ਪੱਛੀ ਦੇ ਵਿਚ ਪਾ ਦੇ।
ਅੱਜ ਇਹ ਭੇਟਾ ਲੈ ਕੇ ਜਾਣੀ,
ਆਪਣੇ ਸੱਜਣ ਦੇ ਮੈਂ ਦੁਆਰੇ!

ਉਹ ਨਿਰਸੰਦੇਹ ਅੰਬਰ ਦੇ ਤਾਰਿਆਂ ਵਰਗੇ ਆਪਣੇ ਕਾਵਿ-ਬੋਲਾਂ ਦੇ ਬੁੱਕ ਸਾਡੀ, ਪਾਠਕਾਂ ਦੀ ਝੋਲੀ ਪਾ ਗਏ ਹਨ ਜੋ ਮੇਰੇ ਵਰਗੇ ਅਨੇਕਾਂ ਦੀ ਸਿਖਾਂਦਰੂ ਕਲਮ ਵਾਸਤੇ ਪ੍ਰੇਰਕ ਬਣੇ ਹਨ।

## ਪਾਠਕਾਂ ਦੀ ਰਾਏ

# ਪਰਵਾਸੀ ਸੰਮੇਲਨ ਅਤੇ ਪੰਜਾਬ ਟਾਈਮਜ਼

ਮੈਂ ਪੰਜਾਬ ਟਾਈਮਜ਼ ਦਾ ਪਿਛਲੇ 10 ਸਾਲ ਤੋਂ ਪੱਕਾ ਪਾਠਕ ਹਾਂ। ਮੈਨੂੰ ਕਿਸੇ ਅਖਬਾਰ ਨਾਲ ਵੈਰ-ਵਿਰੋਧ ਨਹੀਂ ਪਰ ਮੈਨੂੰ ਇਹ ਕਹਿਣ ਵਿਚ ਵੀ ਕੋਈ ਝਿਜਕ ਨਹੀਂ ਕਿ ਅਮਰੀਕਾ ਵਿਚ ਛਪਦੇ ਪੰਜਾਬੀ ਹਫਤਾਵਾਰੀ ਅਖਬਾਰਾਂ ਵਿਚੋਂ ਪੰਜਾਬ ਟਾਈਮਜ਼ ਪਹਿਲੇ ਨੰਬਰ 'ਤੇ ਹੈ। ਇਸ ਸਮੇਂ ਕੈਲੀਫੋਰਨੀਆ ਵਿਚ ਇਕ ਦਰਜਨ ਤੋਂ ਵੱਧ ਪੰਜਾਬੀ ਅਖਬਾਰ ਨਿਕਲਦੇ ਹਨ। ਮੈਂ ਅਕਸਰ ਪਾਠਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਰੱਦੀ 'ਕੱਠੀ ਕਰਨ ਦਾ ਕੋਈ ਫਾਇਦਾ ਨਹੀਂ, ਕਿਹੜੀ ਇਥੇ ਵਿਕਣੀ ਹੈ? ਇਕ-ਦੋ ਅਖਬਾਰ ਹੀ ਚੱਜ ਦੇ ਹਨ, ਚੁੱਕ ਲਓ, ਬਾਕੀ ਸੱਭੇ ਰੱਦੀ ਤੋਂ ਵੱਧ ਕੁਝ ਨਹੀਂ। ਇਨ੍ਹਾਂ ਇਕ-ਦੋ ਅਖਬਾਰਾਂ ਵਿਚੋਂ ਹਰ ਪਾਠਕ ਦੀ ਪਹਿਲ ਪੰਜਾਬ ਟਾਈਮਜ਼ ਦੀ ਹੀ ਹੁੰਦੀ ਹੈ।

ਮੇਰਾ ਖਿਆਲ ਹੈ ਕਿ ਪੰਜਾਬ ਟਾਈਮਜ਼ ਦੇ ਬਹੁਤੇ ਪਾਠਕ ਇਸ ਗੱਲ ਨਾਲ ਸਹਿਮਤ ਹੋਣਗੇ ਕਿ ਪੱਤਰਕਾਰੀ ਦੇ ਜਿਹੜੇ ਮਿਆਰ ਪੰਜਾਬ ਟਾਈਮਜ਼ ਨੇ ਲਗਾਤਾਰ ਬਣਾਈ ਰੱਖੇ ਹਨ, ਉਹ ਕੈਲੀਫੋਰਨੀਆ ਵਿਚ ਛਪਦਾ ਸ਼ਾਇਦ ਹੋਰ ਕੋਈ ਵੀ ਪੰਜਾਬੀ ਅਖਬਾਰ ਨਹੀਂ ਰੱਖ ਸਕਿਆ। ਇਸ ਦਾ ਕਾਰਨ ਸ਼ਾਇਦ ਇਹ ਵੀ ਹੈ ਕਿ ਆਪਣੇ ਆਪ ਨੂੰ 'ਐਡੀਟਰ ਇਨ ਚੀਫ' ਅਖਵਾਉਣ ਵਾਲੇ ਪੰਜਾਬੀ ਅਖਬਾਰਾਂ ਦੇ ਕਈ ਮਾਲਕਾਂ ਨੂੰ ਇਹ ਹੀ ਨਹੀਂ ਪਤਾ ਕਿ ਉਹ ਕਿਸ ਪੇਸ਼ੇ ਵਿਚ ਹਨ, ਫੋਟੋਗ੍ਰਾਫੀ, ਰੀਅਲ ਐਸਟੇਟ, ਰੈਸਟੋਰੈਂਟ ਬਿਜਨਸ ਜਾਂ ਫਿਰ ਕੁਝ ਹੋਰ।

ਹਾਲ ਹੀ ਵਿਚ ਪੰਜਾਬ ਵਿਚ ਹੋਏ ਪਰਵਾਸੀ ਪੰਜਾਬੀ ਸੰਮੇਲਨ ਨੂੰ ਹੀ ਲੈ ਲਓ, ਬਹੁਤੇ ਪੰਜਾਬੀ ਅਖਬਾਰਾਂ ਨੇ ਪੰਜਾਬ ਸਰਕਾਰ ਦੇ ਗੁਣਗਾਨ ਹੀ ਗਾਏ ਹਨ, ਅਰਥਾਤ ਝੋਲੀ ਚੁੱਕੀ ਹੀ ਕੀਤੀ ਹੈ। ਇਹ ਸਿਰਫ ਪੰਜਾਬ ਟਾਈਮਜ਼ ਦੇ ਹੀ ਹਿੱਸੇ ਆਇਆ ਹੈ ਕਿ ਇਸ ਨੇ ਨਾ ਸਿਰਫ ਪਰਵਾਸੀ ਸੰਮੇਲਨ ਬਾਰੇ ਖਬਰਾਂ ਦਾ ਵਿਸ਼ਲੇਸ਼ਣ ਹੀ ਬੜੀ ਬੇਬਾਕੀ ਨਾਲ ਕੀਤਾ ਹੈ ਸਗੋਂ ਸੰਪਾਦਕੀ ਵਿਚ ਵੀ ਬੜੀ ਦਲੇਰੀ ਨਾਲ ਇਸ ਪਰਵਾਸੀ ਸੰਮੇਲਨ ਦੇ ਚੰਗੇ-ਮਾੜੇ ਪੱਖਾਂ 'ਤੇ ਉਂਗਲ ਧਰੀ ਹੈ।

ਦੋ ਹਫਤੇ ਪਹਿਲਾਂ ਪੰਜਾਬ ਟਾਈਮਜ਼ ਦੇ ਕਾਲਮਨਵੀਸ ਮੇਜਰ ਸਿੰਘ ਕੁਲਾਰ ਦੀਆਂ ਲਿਖਤਾਂ ਬਾਰੇ ਇਕ ਪਾਠਕ ਦੇਸਰਾਜ 'ਝੱਲੀ' ਦਾ ਸੰਪਾਦਕ ਦੇ ਨਾਂ ਪੱਤਰ ਪੜ੍ਹਿਆ। ਸ੍ਰੀ ਝੱਲੀ ਨੇ ਬਹੁਤ ਵਧੀਆ ਤਰੀਕੇ ਨਾਲ ਮੇਜਰ ਕੁਲਾਰ ਦੇ ਲੇਖ ਦੀ ਪੁਣਛਾਣ ਕੀਤੀ ਹੈ। ਉਮੀਦ ਹੈ, ਮੇਜਰ ਕੁਲਾਰ ਇਸ ਲੇਖ ਦਾ ਗੁੱਸਾ ਮਨਾਉਣ ਦੀ ਥਾਂ ਇਸ ਨੂੰ ਉਸਾਰੂ ਪੱਖੋਂ ਲਵੇਗਾ ਅਤੇ ਆਪਣੀਆਂ ਲਿਖਤਾਂ ਨੂੰ ਹੋਰ ਵੀ ਵਧੀਆ ਬਣਾਵੇਗਾ। ਮੈਂ ਫਿਰ ਕਹਾਂਗਾ ਕਿ ਇਹ ਸਿਰਫ ਪੰਜਾਬ ਟਾਈਮਜ਼ ਦੇ ਹੀ ਹਿੱਸੇ ਆਇਆ ਹੈ ਕਿ ਇਹ ਸਭ ਵਿਚਾਰਾਂ ਨੂੰ ਥਾਂ ਦਿੰਦਾ ਹੈ, ਬੇਸ਼ਕ ਉਹ ਵਿਚਾਰ ਇਸ ਦੇ ਆਪਣੇ ਲੇਖਕਾਂ ਤੇ ਕਾਲਮਨਵੀਸਾਂ ਦੇ ਵਿਰੁਧ ਹੀ ਕਿਉਂ ਨਾ ਹੋਣ। ਰੱਬ ਕਰੇ ਇਹ ਅਖਬਾਰ ਹੋਰ ਉਚੇਰੇ ਅਕਾਸ਼ਾਂ 'ਤੇ ਉਡੇ ਅਤੇ ਪਾਠਕਾਂ ਦੀਆਂ ਆਸਾਂ 'ਤੇ ਪੂਰਾ ਉਤਰੇ।

ਧੰਨਵਾਦ ਸਹਿਤ,

***ਹਰਵਿੰਦਰ ਸਿੰਘ***
***ਯੂਬਾ ਸਿਟੀ, ਕੈਲੀਫੋਰਨੀਆ।***

ਯਾਦ-ਝਰੋਖਾ



ਕਾਨਾ ਸਿੰਘ
ਫੋਨ:91-95019-44944

# ਗੁਜਰਖਾਨ ਲਾਹੌਰ ਨਾ ਕੂਚਾ

**ਕਾਨਾ ਸਿੰਘ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਰਸਦਾਰ, ਸੁਘੜ, ਚੁਸਤ, ਤੇ ਨਾਲ ਹੀ ਨੱਚ-ਨੱਚ ਫਾਵੀ ਹੁੰਦੀ ਹੋਈ। ਰਚਨਾ 'ਚ ਲੋਹੜੇ ਦੀ ਰਵਾਨੀ...। ਪਿਛਲੇ ਅੰਕਾਂ ਵਿਚ ਪਾਠਕਾਂ ਨੇ ਉਹਦੀ ਨਸਰ ਦਾ ਰੰਗ 'ਮਰ ਜਾਣੇ ਜਿਉਣ ਜੋਗੇ' ਅਤੇ 'ਛੋਟਾ ਕੱਦ ਵੱਡਾ ਕੱਦ' ਲੇਖਾਂ ਵਿਚ ਦੇਖਿਆ ਹੈ। ਇਸ ਵਾਰ 'ਗੁਜਰਖਾਨ ਲਾਹੌਰ ਨਾ ਕੂਚਾ' ਛਾਪ ਰਹੇ ਹਾਂ ਜਿਸ ਵਿਚ ਉਹਨੇ ਪਾਕਿਸਤਾਨ ਵਿਚ ਬੀਤੇ ਆਪਣੇ ਬਚਪਨ ਦਾ ਜ਼ਿਕਰ ਕੀਤਾ ਹੈ। ਉਹਦੀ ਨਸਰ ਦੀ ਕਿਤਾਬ 'ਚਿਤ ਚੇਤਾ' ਹੁਣੇ-ਹੁਣੇ ਛਪੀ ਹੈ। -ਸੰਪਾਦਕ**

ਗੁਜਰਖਾਨ ਵਿਚ ਵੱਡਾ ਗੁਰਦੁਆਰਾ ਸਿੰਘ ਸਭਾ ਦਾ ਹੀ ਸੀ ਤੇ ਦੂਜੇ ਦਰਜੇ 'ਤੇ ਸਰਦਾਰਾਂ ਦਾ ਗੁਰਦੁਆਰਾ ਜੋ ਸ਼ਹਿਰ ਦੇ ਪਤਵੰਤੇ, ਰਾਇ ਬਹਾਦੁਰ ਸਰਦਾਰ ਬਿਸ਼ਨ ਸਿੰਘ ਅਨਦ ਪਰਿਵਾਰ ਵਲੋਂ ਸਥਾਪਤ ਸੀ। ਇਸ ਤੋਂ ਇਲਾਵਾ ਸਾਡੇ ਨਵੇਂ ਮੁਹੱਲੇ ਵਿਚਲਾ ਮਾਈ ਕਾਕੀ ਦਾ ਗੁਰਦੁਆਰਾ ਵੀ ਸੀ ਜੋ ਅਸਾਂ ਬਾਲਕਾਂ ਨੂੰ ਸਭ ਤੋਂ ਵੱਧ ਪਿਆਰਾ ਸੀ, ਸਾਡਾ ਛੁਪਣਛੋਤ ਦਾ ਅੱਡਾ।

ਹੋਰ ਵੀ ਗਲੀ ਮੁਹੱਲਿਆਂ ਵਿਚ ਸ਼ਾਇਦ ਨਿੱਕੇ ਗੁਰਦੁਆਰੇ ਹੋਣ ਪਰ ਉਨ੍ਹਾਂ ਦੀ ਕੋਈ ਯਾਦ, ਸਮ੍ਰਿਤੀ ਨਹੀਂ। ਜੋ ਯਾਦ ਹੈ ਤਾਂ ਸਭ ਤੋਂ ਵੱਧ ਮਾਨਤਾ ਵਾਲੇ ਸਰਬ-ਸਾਂਝੇ ਗੁਰਦੁਆਰੇ 'ਕੋਠੀ' ਦੀ ਜਿਸ ਨੂੰ 'ਭਾਈ ਪੁਣਛੂ ਸਾਹਿਬ ਨੀ ਕੋਠੀ' ਆਖਿਆ ਜਾਂਦਾ ਸੀ। ਉਦੋਂ ਗੁਰਦੁਆਰਾ ਸਾਹਿਬ ਆਖਣ ਦੀ ਪਿਰਤ ਨਹੀਂ ਸੀ। ਇਸੇ ਕਰ ਕੇ ਕੋਠੀ ਸਾਹਿਬ ਵੀ ਕਦੇ ਨਹੀਂ ਸੀ ਆਖਿਆ, ਸੁਣਿਆ।

'ਆਓ ਕੋਠੀ ਜੁਲੀਏ' ਬਸ ਇੰਜ ਹੀ ਆਖਦੇ, ਦੌੜਦੇ-ਦਗੜਦੇ ਅਸੀਂ ਜਾ ਵੜਦੇ ਸਾਂ 'ਭਾਈ ਪੁਣਛੂ ਨੀ ਕੋਠੀ' ਗੜ੍ਹਿਆਂ ਦੇ ਗੜ੍ਹੇ ਪਰਸ਼ਾਦ ਲੈਣ ਜਿਸ ਦੀ ਕਦੇ ਨਹੀਂ ਸੀ ਤੋਟ ਡਿੱਠੀ। ਬਸ ਵਰਤਦਾ ਹੀ ਰਹਿੰਦਾ, ਖੁਲ੍ਹਮਖੁਲ੍ਹਾ। ਉਥੇ ਜੋਤ ਵੀ ਜਗਦੀ ਰਹਿੰਦੀ ਦੇਸੀ ਘਿਉ ਦੀ, ਚੌਵੀ ਘੰਟੇ। ਸਰਬ ਸਾਂਝੀ ਸੀ ਕੋਠੀ।

ਹਿੰਦੂ, ਸਿੱਖ, ਮੁਸਲਮਾਨ ਸਭ ਸੁਆਣੀਆਂ ਦੀ ਇਬਾਦਤਗਾਹ ਤੇ ਸੈਰ-ਗਾਹ ਵੀ। ਸ਼ਾਮ ਹੁੰਦਿਆਂ ਹੀ ਸਭ ਤੁਰ ਪੈਂਦੀਆਂ ਕੋਠੀ ਵਲ, ਧਰੇਚਿਆਂ ਦੇ ਧਰੇਚੇ। ਬੁੱਢੀਆਂ, ਬਾਲੜੀਆਂ, ਵਿਆਹੀਆਂ-ਸੱਜਵਿਆਹੀਆਂ ਸਜੀਆਂ ਧਜੀਆਂ ਤੇ ਕੰਜਕਾਂ ਕੁਆਰੀਆਂ ਦੀ ਭੀੜ ਹੀ ਭੀੜ। ਵੱਡੀਆਂ-ਵਡੇਰੀਆਂ ਗੱਲਾਂ ਦੇ ਨਾਲ ਨਾਲ ਜੋੜਿਆਂ ਦੀ ਸੇਵਾ ਕਰਦੀਆਂ ਦਿਸਦੀਆਂ ਤੇ ਸਿਲਮੇ-ਸਤਾਰੇ ਜੜੇ ਲਿਬਾਸਾਂ ਵਿਚ ਝਿਲਮਿਲ ਕਰਦੀਆਂ ਵਹੁਟੀਆਂ, ਕੁੜੀਆਂ-ਨੱਢੀਆਂ ਮਿਲਦੀਆਂ ਗਿਲਦੀਆਂ, ਜੱਫੋ-ਜੱਫ਼ੀ ਹੁੰਦੀਆਂ ਤੇ ਗੋਸ਼ੇ ਕਰਦੀਆਂ।

ਬੇਸ਼ਕ ਬਾਹਲੀਆਂ ਮੈਨੂੰ ਰਿਸ਼ਤੇਦਾਰ ਜਾਂ ਗੁਆਂਢ ਦੀਆਂ ਭੂਆ, ਮਾਸੀਆਂ, ਚਾਚੀਆਂ ਦਿਸਦੀਆਂ ਪਰ ਕਾਲੇ ਚਿੱਟੇ ਬੁਰਕਿਆਂ ਵਾਲੀਆਂ ਵੀ ਘੱਟ ਨਾ ਦਿਸਦੀਆਂ। ਕੋਈ ਮੁਮਤਾਜ਼ ਦੀ ਮਾਂ, ਕੋਈ ਬਰਕਤ ਦੀ ਭੈਣ ਤੇ ਕੋਈ ਸਲਮਾ ਦੀ ਭਾਬੀ। ਕੋਠੀ ਅੰਦਰ ਵੜਦਿਆਂ ਹੀ ਉਹ ਨਕਾਬ ਚੁੱਕ ਕੇ ਮੱਥਾ ਟੇਕਦੀਆਂ ਅਰ ਜੋਤ ਦੀ ਕਾਲਖ ਨਾਲ ਅੱਖਾਂ ਵਿਚ ਧਾਰ ਪਾਉਂਦੀਆਂ।

ਸ਼ਹਿਰ ਦੀਆਂ ਡੋਲੀਓਂ ਨਿਕਲੀਆਂ ਵਹੁਟੀਆਂ, ਨਵਜਾਤ ਬਾਲਾਂ ਦੀਆਂ ਮਾਂਵਾਂ, ਬਿਮਾਰੀ ਤੋਂ ਚੰਗੀਆਂ ਭਲੀਆਂ ਹੋਈਆਂ ਜ਼ਨਾਨੀਆਂ ਘਰੋਂ ਬਾਹਰ ਪਹਿਲਾ ਪੈਰ ਪੁੱਟਣ 'ਤੇ 'ਭਾਈ ਪੁਣਛੂ ਨੀ ਕੋਠੀ' ਵਿਚ ਹੀ ਹਾਜ਼ਰੀ ਭਰਦੀਆਂ, ਸ਼ੁਕਰਾਨੇ ਵਿਚ ਸਿਰ ਝੁਕਾਂਦੀਆਂ ਅੱਗੇ ਦੀ ਸੁੱਖ ਲਈ ਸੁੱਖਣਾ ਸੁੱਖਦੀਆਂ, ਮੰਨਤਾਂ ਮੰਨਦੀਆਂ, ਚਲੀਹੇ ਕੱਟਦੀਆਂ, ਪਰਸ਼ਾਦ-ਰੁਮਾਲੇ ਚੜ੍ਹਾਂਦੀਆਂ। ਸ਼ਾਮਾਂ ਵੇਲੇ ਦੀ ਸੰਗਤ ਵਿਚ ਮਰਦਾਂ ਦੀ ਸ਼ਮੂਲੀਅਤ ਹੋਣ ਦਾ ਮੈਨੂੰ ਕੋਈ ਚੇਤਾ ਨਹੀਂ।

ਹੋਰ ਕਿਸੇ ਮੰਦਰ ਮਸੀਤ ਜਾਂ ਗੁਰਦੁਆਰੇ ਨੂੰ ਕਦੇ ਕਦੇ ਹੀ ਭਾਗ ਲੱਗਦੇ ਸਨ। ਕਿਸੇ ਪੁਰਬ, ਦਿਨ ਦਿਹਾੜੇ ਜਾਂ ਜੁੰਮੇ-ਈਦ ਨੂੰ ਪਰ ਕੋਠੀ ਵਿਚ ਸਦਾ ਹੀ ਗਹਿਮਾ-ਗਹਿਮੀ ਅਤੇ ਨਿੱਤ ਦਾ ਮੇਲ-ਮਿਲਾਪ। ਜੇ ਬਸੰਤ ਤੇ ਸਿਰਫ਼ ਬਸੰਤ ਹੀ ਸੀ, ਉਦੋਂ ਦੇ ਪੰਜਾਬ ਦਾ ਸਰਬ ਸਾਂਝਾ ਤਿਉਹਾਰ ਤਾਂ ਕੋਠੀ ਤੇ ਸਿਰਫ਼ ਕੋਠੀ ਹੀ ਸੀ, ਗੁਜਰਖਾਨ ਦਾ ਸਰਬ ਸਾਂਝਾ ਸਿਫ਼ਤ-ਘਰ!

ਮਾਂ ਦਾਦੀ ਤੇ ਹੋਰ ਵੱਡਿਆਂ-ਵਡੇਰਿਆਂ ਤੋਂ ਸੁਣਦੇ ਸਾਂ ਕਿ ਪੁਣਛ ਤੋਂ ਆਏ-ਟਿਕੇ ਸਨ ਇੱਥੇ, ਭਾਈ ਪੁਣਛੂ ਸਾਹਿਬ। ਇਸੇ ਕੋਠੀ ਵਿਚ ਉਹ ਇਬਾਦਤ ਕਰਦੇ। ਪੈਰਾਂ ਵਿਚ ਘੁੰਗਰੂ ਪਾਈ ਨੱਚਦੇ ਰਹਿੰਦੇ ਵਜਦ ਵਿਚ ਰਾਤਾਂ ਬੱਧੀ।

ਜੋ ਅਸਾਂ ਬਾਲਕਾਂ ਨੇ ਆਪਣੇ ਬਜ਼ੁਰਗਾਂ ਤੋਂ ਸੁਣਿਆ ਸੀ ਤਾਂ ਅੱਗਿਉਂ ਉਨ੍ਹਾਂ ਨੇ ਵੀ ਤਾਂ ਆਪਣੇ ਵਡੇਰਿਆਂ ਤੋਂ ਇੰਜ ਜਾਣਿਆ ਸੁਣਿਆ ਹੋਵੇਗਾ।

ਦਾਦੀ ਦੇ ਜਨਮ ਦਾ ਅੰਦਾਜ਼ਾ ਸੰਨ 1880 ਦੇ ਲਗਭਗ ਦਾ ਲਗਾਇਆ ਜਾ ਸਕਦਾ ਹੈ। ਪੂਰੀ ਸਦੀ ਦੀ ਉਮਰ ਹੰਢਾਈ ਦਾਦੀ ਨੇ। ਦਾਦੀ ਦੀਆਂ ਗੱਲਾਂ ਤੋਂ ਪੁਣਛੂ ਸਾਹਿਬ ਦਾ ਸਮਾਂ ਉਨ੍ਹੀਵੀਂ ਸਦੀ ਦੇ ਸ਼ੁਰੂ ਦੇ ਨੇੜੇ ਤੇੜੇ ਦਾ ਸੋਚਿਆ ਮਿਥਿਆ ਜਾ ਸਕਦਾ ਹੈ। ਇਹ ਵੀ ਮਾਂ-ਦਾਦੀ ਤੋਂ ਅਕਸਰ ਹੀ ਸੁਣਦੇ ਸਾਂ ਕਿ ਭਾਈ ਪੁਣਛੂ ਸਾਹਿਬ ਦੇ ਬਚਨ ਸਨ, 'ਗੁਜਰਖਾਨ ਲਾਹੌਰ ਨਾ (ਦਾ) ਕੂਚਾ ਬਣ ਕੇ ਉਜੜ ਜਾਸੀ।'

—

ਰੱਬ-ਸਬੱਬੀਂ ਨਵੰਬਰ, 2010 ਵਿਚ ਜੰਮੂ ਕਸ਼ਮੀਰ ਅਕਾਦਮੀ ਵਿਚ ਹੋਏ ਤ੍ਰੈਭਾਸ਼ੀ ਮੁਸ਼ਾਇਰੇ ਵਿਚ ਸ਼ਿਰਕਤ ਕਰਨ ਗਈ ਨੂੰ ਅਕਾਦਮੀ ਦੀ ਲਾਇਬਰੇਰੀ ਵਿਚ ਡਾ. ਜਨਕ ਸਿੰਘ ਕਿਰਤੀ ਦੀ ਪੁਸਤਕ 'ਗਿਆਨੀ ਬੁੱਧ ਸਿੰਘ ਜੀਵਨ ਤੇ ਰਚਨਾ' ਮੇਰੇ ਹੱਥ ਲੱਗੀ। ਇਸ ਵਿਚ ਭਾਈ ਬੁੱਧ ਸਿੰਘ ਰਚਿਤ 'ਗੁੱਝੇ ਹੀਰੇ' ਦੇ ਆਧਾਰ 'ਤੇ ਭਾਈ ਪੁਣਛੂ ਸਾਹਿਬ ਦਾ ਜ਼ਿਕਰ ਇਸ ਪ੍ਰਕਾਰ ਹੈ,

"ਭਾਈ ਪੁਣਛੂ ਸਾਹਿਬ ਦਾ ਜਨਮ ਡੋਗਰਾ ਪਰਿਵਾਰ ਵਿਚ ਮਹਿੰਡਰ ਵਿਖੇ ਹੋਇਆ। ਦੋ ਸਾਲ ਆਪ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਭਰਤੀ ਵੀ ਰਹੇ ਪਰ ਅਚਾਨਕ ਆਪ ਨੇ ਨੌਕਰੀ ਛੱਡ ਦਿੱਤੀ ਅਤੇ ਪ੍ਰਾਣੀ ਮਾਤਰ ਦੀ ਸੇਵਾ ਕਰਨੀ ਅਰੰਭ ਦਿੱਤੀ। ਆਪ ਛੂਤ-ਛਾਤ ਨਹੀਂ ਸਨ ਮੰਨਦੇ। ਹਿੰਦੂ-ਮੁਸਲਮਾਨ ਦਾ ਵਿਤਕਰਾ ਨਹੀਂ ਸਨ ਮੰਨਦੇ। ਇਕ ਬੋਕਾ ਔਰ ਪਾਣੀ ਦੀ ਮਸ਼ਕ ਆਪ ਹਰ ਸਮੇਂ ਚੁੱਕੀ ਰੱਖਦੇ ਸਨ ਤੇ ਰਾਹ ਜਾਂਦਿਆਂ ਨੂੰ ਪਾਣੀ ਪਿਲਾਉਂਦੇ ਰਹਿੰਦੇ...ਪੋਠੋਹਾਰ ਦੇ ਨਗਰ ਗੁਜਰਖਾਨ, ਰਵਾਤਾਂ ਬਸਾਲੀ, ਸੁਖੋ, ਗਲਿਆਣਾ ਡੇਰਾ ਆਦਿ ਨਗਰਾਂ ਵਿਚ ਘੁੰਮ ਕੇ ਆਪ ਪ੍ਰਾਣੀ ਮਾਤਰ ਦੀ ਸੇਵਾ ਕਰਦੇ ਸਨ। ਉਨ੍ਹਾਂ ਨਾ ਹੀ ਆਪਣਾ ਕੋਈ ਚੇਲਾ ਬਣਾਇਆ ਅਤੇ ਨਾ ਹੀ ਵਾਰਸ। ਪੰਜ ਕੱਤਕ ਨੂੰ ਹਰ ਸਾਲ ਆਪ ਦੀ ਸਮਾਧੀ 'ਤੇ ਮੇਲਾ ਲਗਦਾ ਹੈ। ਇਸ ਤਰੀਕ ਨੂੰ ਆਪ ਜੋਤੀ ਜੋਤ ਸਮਾਏ ਸਨ...ਪਤਾ ਨਹੀਂ ਆਪ ਦਾ ਨਾਂ ਹੀ ਪੁਣਛੂ ਸਿੰਘ ਰੱਖਿਆ ਗਿਆ ਸੀ ਜਾਂ ਪੁਣਛਵਾਸੀ ਹੋਣ ਕਰ ਕੇ ਪੋਠੋਹਾਰ ਵਿਚ ਆਪ ਨੂੰ ਪੁਣਛੂ ਜੀ ਕਰ ਕੇ ਬੁਲਾਉਣ ਲੱਗੇ ਸਨ...।"

—

ਕੱਤਕ ਮਹੀਨੇ ਵਿਚ 'ਰਵਾਤਾਂ ਦਾ ਮੇਲਾ' ਲੱਗਦਾ ਸੀ। ਸਾਰਾ ਪੋਠੋਹਾਰ ਹੁਮ ਹੁਮਾ ਕੇ ਪੁੱਜਦਾ ਸੀ। ਇਹ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਇਸ ਮੇਲੇ ਵਿਚ ਮੈਂ ਗੁੰਮ ਗਈ ਸਾਂ, ਪੰਜ ਵਰ੍ਹਿਆਂ ਦੀ ਬਾਲੜੀ। ਜ਼ਰੂਰ ਇਹ ਉਹੀ ਮੇਲਾ ਹੋਣੈ ਜੋ ਭਾਈ ਪੁਣਛੂ ਸਾਹਿਬ ਦੀ ਯਾਦ ਵਿਚ ਉਨ੍ਹਾਂ ਦੀ ਸਮਾਧ 'ਤੇ ਲੱਗਦਾ ਰਿਹਾ ਹੋਵੇਗਾ। ਹੁਣ ਲਾਹੌਰ ਦੇ ਕੂਚੇ ਗੁਜਰਖਾਨ ਵਲ ਮੁੜਦੇ ਹਾਂ। ਗੁੜ ਅਤੇ ਮੇਵਿਆਂ ਦੀ ਮੰਡੀ, ਰਾਵਲਪਿੰਡੀ ਦੀ ਮੁੱਖ ਤਹਿਸੀਲ, ਪੋਠੋਹਾਰ ਦਾ ਕੇਂਦਰ ਸੀ, ਗੁਜਰਖਾਨ।

ਸਾਂਗਰੀ ਕਿਲ੍ਹਾ, ਬੁੱਧ-ਗੁਫਾਵਾਂ ਜਿਨ੍ਹਾਂ ਦੇ ਠੰਢੇ ਏਕਾਂਤ ਓਹਲੇ ਵਿਚ ਬਹਿ ਕੇ ਇਮਤਿਹਾਨਾਂ ਦੀ ਤਿਆਰੀ ਕਰਦੇ ਸਨ ਮੇਰੇ ਵੀਰ, ਵੀਰਾਂ ਦੇ ਦੋਸਤ। ਨਾਲ ਹੀ ਵਗਦੀ ਤ੍ਰਿਖੀ ਨਦੀ, ਕਾਂਸ਼ੀ, ਕਲਕਲਾਂਦੀ।

ਕਾਂਸ਼ੀ ਦੇ ਕੰਢੇ 'ਤੇ ਹੀ ਸਨ ਮੁੰਡਿਆਂ ਦੇ ਇਸਲਾਮੀਆ ਅਤੇ ਖਾਲਸਾ ਹਾਈ ਸਕੂਲ ਜਿਨ੍ਹਾਂ ਵਿਚਕਾਰ ਅਕਸਰ ਹੀ ਹੁੰਦੇ ਦੌੜਾਂ, ਕਬੱਡੀ, ਫੁਟਬਾਲ ਅਤੇ ਹਾਕੀ ਦੇ ਮੁਕਾਬਲੇ ਜਿਨ੍ਹਾਂ ਦੇ ਖਿਡਾਰੀ ਹੁੰਦੇ ਸਨ ਮੇਰੇ ਭਰਾ। ਇਨ੍ਹਾਂ ਹੀ ਸਕੂਲਾਂ ਵਿਚ ਪੜ੍ਹੇ ਸਨ ਸਾਡੇ ਪੋਠੋਹਾਰ ਦੇ ਜੰਮਪਲ ਬਾਹਲੇ ਲੇਖਕ, ਸਾਹਿਤਕਾਰ ਤੇ ਬੁੱਧੀਜੀਵੀ। ਕਵੀ ਪ੍ਰੋ. ਮੋਹਨ ਸਿੰਘ ਤੇ ਉਨ੍ਹਾਂ ਦੇ ਸਮਕਾਲੀ ਬਾਹਲੇ ਸਾਹਿਤਕਾਰ ਗੁਜਰਖਾਨ ਦੇ ਹੀ ਪਿੰਡ ਧਮਿਆਲ ਦੇ। ਕਿਸ ਦਾ ਨਾਂ ਲਈਏ ਤੇ ਕਿਸ ਦਾ ਛੱਡੀਏ। ਸਭ ਜ਼ਿਲ੍ਹਾ ਪਿੰਡੀ, ਤਹਿਸੀਲ ਗੁਜਰਖਾਨ ਤੇ ਉਸ ਦੇ ਗਰਾਵਾਂ, ਮੋਹੜਿਆਂ ਦੇ ਹੀ ਜੰਮਪਲ ਹਨ।

ਸੰਨ 1945 ਵਿਚ ਗੁਜਰਖਾਨ ਦੇ ਘਰਾਂ ਵਿਚ ਬਿਜਲੀ ਪਹੁੰਚ ਗਈ ਸੀ। ਅਜੇ ਵੀ ਯਾਦ ਹਨ ਭਾਪਾ ਜੀ ਬਲਬਾਂ ਅਤੇ ਪੱਖਿਆਂ ਦੇ ਪੁਆਇੰਟਾਂ ਦੀ ਗਿਣਤੀ ਮਿਥਦੇ ਗਿਣਦੇ। ਉਨ੍ਹਾਂ ਦਿਨਾਂ ਵਿਚ ਹੀ ਆ ਗਿਆ ਸੀ ਘਰਾਂ ਵਿਚ ਟੂਟੀਆਂ ਦਾ ਪਾਣੀ। ਇਸ ਤੋਂ ਪਹਿਲਾਂ ਘਰ ਦੇ ਖੂਹ ਅਤੇ ਭਾਈ ਬਿਸ਼ਨੇ ਅਤੇ ਜੀਤੇ ਰਾਹੀਂ ਸਰਦਾਰਾਂ ਦੇ ਖੂਹ ਦੇ ਮਿੱਠੇ ਪਾਣੀ ਨੂੰ; ਵਹਿੰਗੀਆਂ 'ਤੇ ਢੋਏ ਆਏ ਪੀਪੇ ਹੀ ਮੈਨੂੰ ਯਾਦ ਹਨ। ਇਸੇ ਸਾਲ ਕੁੜੀਆਂ ਦੀ ਅਠਵੀਂ ਜਮਾਤ ਨੌਵੀਂ ਚੜ੍ਹ ਗਈ ਸੀ ਤੇ ਮਿਡਲ ਸਕੂਲ ਹੁਣ ਹਾਈ ਸਕੂਲ ਹੋ ਗਿਆ ਸੀ। ਜੀ.ਟੀ. ਰੋਡ ਤੋਂ ਪਾਰ, ਡਾਕ ਬੰਗਲੇ ਦੀ ਬਸਤੀ ਵਿਚ ਨਵੇਂ ਗੁਜਰਖਾਨ ਦੀਆਂ ਕੋਠੀਆਂ ਉਸਰ ਰਹੀਆਂ ਸਨ, ਧੜਾਧੜ। ਜਿਉਂ ਜਿਉਂ ਗੁਜਰਖਾਨ ਦੀ ਤਰੱਕੀ ਦੇ ਚਰਚੇ ਹੁੰਦੇ, ਨਾਲ ਹੀ ਦੁਹਰਾਇਆ ਜਾਂਦਾ ਭਾਈ ਪੁਣਛੂ ਸਾਹਿਬ ਦਾ ਵਾਕ,

'ਗੁਜਰਖਾਨ ਲਾਹੌਰ ਨਾ ਕੂਚਾ ਬਣ ਕੇ ਉਜੜ ਜਾਸੀ'

ਕਿਉਂ ਉਜੜਸੀ?
ਕਿੰਜ ਉਜੜਸੀ?
ਸਮਝ ਨਾ ਆਵੇ।
ਫਿਰ ਆਣ ਢੁਕਿਆ ਸੰਨ 1947...

ਕਰਫਿਊ। ਰੌਲੇ। ਗੁਆਂਢੀ ਗਰਾਂ-ਮੋਹੜੇ, ਮੰਧਰਾ ਬੇਵਲ, ਸੁਖੋ, ਸਾਂਗਰੀ ਨੜਾਲੀ, ਧਮਿਆਲ, ਪੰਜ ਗਰਾਈਂ, ਫੁਲਣਾ, ਡੇਰਾ ਖਾਲਸਾ, ਮਨਕਿਆਲਾ, ਦਰਤਾਲਾ, ਸਈਦਾਂ, ਕੱਲਰ, ਗਲਿਆਣਾ, ਲਾਲਾਮੂਸਾ, ਬੜਕੀ-ਕੋਈ ਨਾ ਬਚਿਆ। ਅੱਗਾਂ-ਲਪਟਾਂ। ਕੱਟਾਂ-ਵੱਢਾਂ। ਚੀਕ-ਚਿਹਾੜੇ। ਧੂੰਏਂ-ਧਮਾਕੇ।

ਹਰ ਕੋਈ ਉਜੜ ਕੇ ਗੁਜਰਖਾਨ ਪਨਾਹ ਲੈਣ ਦੀ ਕਰਦਾ। ਸਾਡਾ ਘਰ ਵੀ ਭਰ ਗਿਆ ਮਿੱਤਰ-ਰਿਸ਼ਤੇਦਾਰ ਪਰਿਵਾਰਾਂ ਨਾਲ। ਰਾਜ ਬਦਲਨੇ ਹੀ ਆਏ ਨੂੰ। ਕਦੇ ਪਰਜਾ ਵੀ ਬਦਲੀ? ਬੇਜੀ ਨੂੰ ਹਾਲਾਂ ਵੀ ਪੱਕਾ ਵਿਸ਼ਵਾਸ ਸੀ।

'ਸਭ ਠੀਕ ਹੋ ਜਾਸੀ। ਸਭ ਠੀਕ ਹੋ ਜਾਸੀ।' ਬੇਜੀ ਸਭ ਨੂੰ, ਖ਼ੁਦ ਨੂੰ ਹੌਸਲਾ ਦੇਣ ਦੀ ਕਰਨ।

ਬੇਜੀ ਦੇ ਵੱਡੇ ਵਡੇਰੇ ਸਿੱਖ ਰਾਜ ਵੇਲੇ ਦੇ ਸਨ, ਬੇਜੀ ਦੱਸਦੇ। ਬਾਕੀ ਤਾਂ ਸਾਰਾ ਪੋਠੋਹਾਰ ਹੀ ਦੰਗਿਆਂ ਦੀ ਲਪੇਟ ਵਿਚ ਆਇਆ ਪਰ ਗੁਜਰਖਾਨ ਬਚ ਗਿਆ। ਸ਼ਹਿਰ ਦਾ ਥਾਣੇਦਾਰ ਸਈਅਦ, ਸੀ ਭਾਪਾ ਜੀ ਦਾ ਕਾਂਗਰਸੀ ਮਿੱਤਰ। ਨਾਂ ਹੁਣ ਯਾਦ ਨਹੀਂ। ਜੋ ਯਾਦ ਹੈ ਤਾਂ ਇਹੀ ਕਿ ਉਸ ਦੀ ਧੀ ਸੁਰੱਯਾ ਮੇਰੀ ਜਮਾਤਣ ਸੀ ਤੇ ਪੱਕੀ ਸਹੇਲੀ ਵੀ। ਥਾਣੇਦਾਰ ਅੱਗੇ ਗਰਾਵਾਂ 'ਚੋਂ ਆਏ ਅੱਲਾ ਹੂ ਅਕਬਰ ਅਤੇ ਯਾ ਅਲੀ ਦੇ ਨਾਅਰੇ ਮਾਰਦੇ ਗੁਜਰਖਾਨ ਵਿਚ ਵੜਦੇ ਧਾੜਵੀਆਂ ਦੀ ਪੇਸ਼ ਨਾ ਗਈ। ਕੁਰਾਨ ਸ਼ਰੀਫ਼ ਨੂੰ ਛਾਤੀ ਨਾਲ ਲਾ ਕੇ ਭੀੜ ਸਾਹਵੇਂ ਖਲੋਤਾ ਅੱਲਾ ਦੀ ਕਸਮ ਖਾਂਦਿਆਂ ਉਹ ਗਰਜਿਆ,

"ਸਾਰੀਆਂ ਗੋਲੀਆਂ ਕੁਰਾਨ ਸ਼ਰੀਫ਼ ਕੀ ਪਾਰ ਕਰ ਕੇ ਮੈਂਢੇ ਸੀਨੇ ਵਿਚ ਲਹਿਸਣ ਜੇ ਤੁਸਾਂ ਹਿਕ ਖਤਰੀ ਤੇ ਵੀ ਨਿਸ਼ਾਨਾ ਸੋਧਿਆ ਤਾਂ। ਤੁੱਸ ਮੈਂਢੇ ਖੂਨ ਨੇ ਤੈ ਖੁਦਾ ਨੇ ਦੇਣਦਾਰ ਹੋਸੋ। ਮਾਹੜੀ ਜਾਨ ਲਈ ਕੈ ਈ ਅੱਗੇ ਵੱਧ ਸਕਣੇ ਹੋ ਤੁੱਸ...।"



ਅੱਜ ਦੇ ਗੁਜਰਖਾਨ ਦੀ ਝਲਕ।

ਮਸ਼ਾਲਾਂ ਨੀਵੀਆਂ ਪੈ ਗਈਆਂ। ਉੱਲਰੇ ਹੋਏ ਕਿਰਪਾਨਾਂ ਤੇ ਗੰਡਾਸੇ ਰੁਕ ਗਏ। ਉਸ ਨੇਕ ਰੂਹ ਠਾਣੇਦਾਰ ਨੇ ਸ਼ਹਿਰ ਦੇ ਹਰ ਮੋੜ 'ਤੇ ਸਿਪਾਹੀ ਤੈਨਾਤ ਕਰ ਦਿੱਤੇ। ਦਿਨ ਰਾਤ ਦਾ ਸਖ਼ਤ ਪਹਿਰਾ। ਕਾਫ਼ੀ ਦਿਨ ਦੂਰੋਂ ਧਾੜਵੀਆਂ ਅਤੇ ਹੁੜਦੰਗੀਆਂ ਦੇ ਨਾਅਰੇ ਅਰ ਢੋਲ-ਢਮੱਕੇ ਵਜਦੇ ਰਹੇ, ਸੁਣੀਂਦੇ ਰਹੇ। ਫਿਰ ਕਰਫਿਊ ਲੱਗ ਗਏ। ਲੱਗੇ ਰਹੇ।

ਸਾਰੇ ਪੋਠੋਹਾਰ ਵਿਚੋਂ ਸ਼ਹਿਰ ਗੁਜਰਖਾਨ ਹੀ ਖੂਨ ਖਰਾਬੇ ਤੋਂ ਸਲਾਮਤ ਰਿਹਾ। ਫ਼ੌਜ ਤੈਨਾਤ ਰਹੀ। ਅਪਰੈਲ ਤੋਂ ਅਗਸਤ ਵਿਚ 99 ਫੀਸਦ ਹਿੰਦੂ ਸਿੱਖ ਆਬਾਦੀ ਗੁਜਰਖਾਨੋਂ ਕੂਚ ਕਰ ਗਈ। ਹੱਦੋਂ ਪਾਰ।

ਬੇਜੀ, ਮੇਰੀ ਦਾਦੀ ਉਨ੍ਹਾਂ ਇਕ ਫੀਸਦ ਲੋਕਾਂ ਵਿਚੋਂ ਸੀ ਜੋ ਪਿੱਛੇ ਰਹਿ ਗਏ ਸਨ। ਜੋ ਸੋਚਦੇ ਸਨ, ਕਦੇ ਪਰਜਾ ਵੀ ਬਦਲੀ?

ਬੇਜੀ ਦੋ ਸਾਲ ਬਾਅਦ ਦਿੱਲੀ ਪੁੱਜੇ ਮਿਲਟਰੀ ਦੀ ਮਦਦ ਨਾਲ। ਉਜੜ ਗਿਆ ਗੁਜਰਖਾਨ ਲਾਹੌਰ ਦਾ ਕੂਚਾ ਬਣ ਕੇ।

ਕੀ ਗੁਜਰਖਾਨ ਹੀ ਉਜੜਿਆ? ਸਾਰਾ ਪੱਛਮੀ ਤੇ ਪੂਰਬੀ ਪੰਜਾਬ ਨਾ ਉਜੜਿਆ? ਕੀ ਹਿੰਦੁਸਤਾਨ ਵਿਚ ਉਜਾੜੇ ਤੇ ਘੱਲੂਘਾਰੇ ਨਾ ਹੋਏ? ਕਿਹੜੀ ਜਗ੍ਹਾ ਸੀ ਜਿੱਥੇ ਹੇਠਲੀ ਉਪਰ ਨਾ ਹੋਈ?

ਜੇ ਗੁਜਰਖਾਨ ਲਾਹੌਰ ਦਾ ਕੂਚਾ ਸੀ ਤਾਂ ਹਿੰਦੁਸਤਾਨ?

ਸੱਚ ਇਹ ਵੀ ਹੈ ਕਿ ਲਾਹੌਰ, ਅੰਮ੍ਰਿਤਸਰ, ਦਿੱਲੀ, ਮੁੰਬਈ ਜਾਂ ਕਲਕੱਤਾ ਸਭ ਹੀ ਉਜੜੇ ਤੇ ਮੁੜ ਵਸੇ ਵੀ ਪਰ ਮੇਵਿਆਂ ਦੀ ਮੰਡੀ, ਗੁੜ ਦਾ ਘਰ, ਪੋਠੋਹਾਰੀ ਸਭਿਅਤਾ ਦਾ ਕੇਂਦਰ, ਗੁਜਰਖਾਨ ਮੁੜ ਆਪਣੇ ਪੁਰਾਣੇ ਜਲੌਅ ਵਿਚ ਨਾ ਪਰਤ ਸਕਿਆ। ਕਿਉਂ? ਕਿਉਂਕਿ ਪਿੰਡੀ ਨੇ ਇਸਲਾਮਾਬਾਦ ਵਸਾ ਲਿਆ। ਗੁਜਰਖਾਨ ਤੋਂ ਤੀਹ-ਚਾਲੀ ਮੀਲਾਂ ਦੀ ਵਿੱਥ 'ਤੇ ਹੀ ਹੈ, ਇਸਲਾਮਾਬਾਦ। ਉਹ ਰਾਜਧਾਨੀ ਬਣ ਗਿਆ।

ਇਸਲਾਮਾਬਾਦ ਦੀ ਵਸੋਂ ਦੀ ਗਿਣਤੀ ਸੰਨ 1951 ਵਿਚ ਇਕ ਲੱਖ ਸੀ ਤੇ ਹੁਣ ਲੱਖੋਂ-ਲੱਖ। ਇਸ ਦੇ ਉਲਟ ਗੁਜਰਖਾਨ ਦੀ ਜਨਸੰਖਿਆ ਇਸ ਵੇਲੇ ਵੀ ਸੱਤਰ-ਪਝੱਤਰ ਹਜ਼ਾਰ ਦੇ ਕਰੀਬ ਹੀ ਹੈ ਤੇ ਉਹ ਅਜੇ ਵੀ ਤਹਿਸੀਲ ਹੀ ਹੈ ਰਾਵਲਪਿੰਡੀ ਦੀ। ਜ਼ਿਲ੍ਹਾ ਨਹੀਂ ਬਣਿਆ।

ਗੁਜਰਖਾਨ ਦੀ ਵਪਾਰੀ ਜ਼ਿਆਦਾ ਕਰ ਕੇ ਖੱਤਰੀ ਆਬਾਦੀ ਕੂਚ ਕਰ ਕੇ ਇਧਰ ਆ ਗਈ। ਪਿੱਛੇ ਰਹਿ ਗਏ ਗਰੀਬ ਮੁਸਲਮਾਨ ਪਰਿਵਾਰ ਜਿਨ੍ਹਾਂ ਦੇ ਬਾਹਲੇ ਜੁਆਨਾਂ ਦਾ ਮੁੱਖ ਕਿੱਤਾ ਫ਼ੌਜ ਹੈ। ਰੱਜੇ-ਪੁੱਜੇ ਕਸ਼ਮੀਰੀ ਅਤੇ ਰਾਜੇ ਪਰਿਵਾਰਾਂ ਵਿਚੋਂ ਬਹੁਤੇ ਬਾਹਰ ਚਲੇ ਗਏ ਹਨ। ਕੋਈ ਯੂ.ਕੇ. ਤੇ ਕੋਈ ਅਮਰੀਕਾ। ਹੁਣ ਗੁਜਰਖਾਨ ਦੇ ਦੁਕਾਨਦਾਰ ਜ਼ਿਆਦਾ ਕਰ ਕੇ ਮਹਾਜਰ ਹਨ ਜੋ ਇਧਰੋਂ ਪਰਵਾਸ ਕਰ ਕੇ ਉਥੇ ਜਾ ਟਿਕੇ।

—

ਮਾਰਚ 2004 ਵਿਚ ਮੈਂ ਲਾਹੌਰ ਗਈ। ਰੰਗਕਰਮੀ ਮਦੀਹਾ ਗੌਹਰ ਦੇ ਸੱਦੇ ਉਤੇ 'ਜ਼ਨਾਨੀ ਨਾਟਕ ਉਤਸਵ' ਵਿਚ ਸ਼ਾਮਲ ਹੋਣਾ ਸੀ। ਫੇਰ ਗੁਜਰਾਂਵਾਲੇ ਵਿਚ ਮੁਸ਼ਾਇਰੇ ਦੀ ਸ਼ਮੂਲੀਅਤ ਮਗਰੋਂ ਮੇਰੀ ਗੁਜਰਖਾਨ ਦੀ ਤੜਫ਼ ਨੂੰ ਮਹਿਸੂਸ ਕਰਦਿਆਂ ਉਥੋਂ ਦੇ ਪ੍ਰਬੰਧਕਾਂ ਨੇ ਮੇਰਾ ਪੋਠੋਹਾਰ ਜਾਣ ਦਾ ਜੁਗਾੜ ਕਰ ਦਿੱਤਾ। ਇਸਲਾਮਾਬਾਦ, ਪਿੰਡੀ ਅਤੇ ਪੰਜਾ ਸਾਹਿਬ ਤੋਂ ਹੁੰਦੀ ਹੋਈ ਨੇ ਮੰਧਰੇ ਦੇ ਬੱਸ ਅੱਡੇ 'ਤੇ ਸਥਿਤ ਕਦੇ ਮੇਰੇ ਭਾਪਾ ਜੀ ਦਾ ਹੁੰਦਾ ਬਰਮਾ ਸ਼ੈਲ ਪੈਟਰੋਲ ਪੰਪ ਜੋ ਹੁਣ ਪਾਕਿਸਤਾਨ ਸ਼ੈਲ ਅਖਵਾਉਂਦਾ ਸੀ, ਦੇ ਬੂਹੇ ਤੋਂ ਮਿੱਟੀ ਹੂੰਝ ਕੇ ਮੱਥੇ ਲਾਈ ਅਤੇ ਪੋਟਲੀ ਬੰਨ੍ਹ ਕੇ ਭੈਣਾਂ-ਭਰਾਵਾਂ ਲਈ ਵੀ ਲੈ ਆਂਦੀ।

ਦਾਦੀ-ਮਾਪੇ ਚਾਚੇ ਤਾਂ ਗੁਜ਼ਰ ਗਏ ਸਨ। ਸਹਿਕਦੇ ਹੀ! ਗੁਜਰਖਾਨ ਗਈ ਤਾਂ ਸਹੀ ਪਰ ਆਪਣਾ ਘਰ ਨਾ ਲੱਭ ਸਕੀ। ਨਾ ਹੀ ਦਾਦਕਾ ਘਰ ਜਿਸ ਦੀ ਪਿਛਲੀ ਕੋਠੀ ਵਿਚ ਮੈਂ ਜਨਮ ਲਿਆ ਸੀ। ਪੁਰਾਣਾ ਮੁਹੱਲਾ, ਨਵਾਂ ਮੁਹੱਲਾ, ਕਮੇਟੀ ਮੁਹੱਲਾ-ਹੁਣ ਇਹ ਨਾਂ ਨਹੀਂ ਸਨ ਰਹੇ। ਬਦਲ ਗਏ ਸਨ। ਸਾਰੇ।

ਕੀ ਕਰਾਂ? ਕਿਸ ਤੋਂ ਪੁੱਛਾਂ? ਵਕਤ ਸਾਥ ਨਹੀਂ ਸੀ ਦੇ ਰਿਹਾ। ਵਾਪਸ ਛੇਤੀ ਪਰਤਣਾ ਲਾਜ਼ਮੀ ਸੀ। ਵਾਹਗਾ ਬਾਰਡਰ ਜੁ ਪਾਰ ਕਰਨਾ ਸੀ। ਇਕ ਹੋਟਲ ਦੇ ਕਾਊਂਟਰ 'ਤੇ ਬੈਠੇ ਲਗਭਗ ਆਪਣੀ ਹੀ ਉਮਰ ਦੇ ਬੰਦੇ ਤੋਂ ਪੁੱਛਣ ਦੀ ਹਿੰਮਤ ਕੀਤੀ। ਉਹ ਇਧਰੋਂ ਜਾ ਵੱਸੇ ਸਨ, ਗੁਜਰਖਾਨ। ਉਨ੍ਹਾਂ ਦੀ ਮਾਤਭੂਮੀ ਜੰਮੂ ਸੀ।

'ਮੈਂ ਜੰਮੂ ਦੀ ਨੂੰਹ ਹਾਂ ਤੇ ਗੁਜਰਖਾਨ ਦੀ ਧੀ', ਮੈਂ ਫਿੱਸ ਪਈ।

ਉਸ ਨੇਕ ਰੂਹ ਨੇ ਬੜੀ ਕੋਸ਼ਿਸ਼ ਕੀਤੀ ਪਰ ਨਾ ਲੱਭਿਆ ਮੈਨੂੰ ਆਪਣਾ ਜਾਂ ਦਾਦਕਾ ਘਰ। ਮੁੜ ਬਹਿ ਗਈ ਟੈਕਸੀ ਵਿਚ। ਇਥੇ ਪਰਤ ਕੇ ਵੀ ਰਾਬਤਾ ਕਾਇਮ ਰਿਹਾ। ਪਤਾ ਲੱਗਿਐ ਕਿ ਦਾਦਕੇ ਘਰ ਵਾਲੀ ਜਗ੍ਹਾ 'ਤੇ ਵੱਡਾ ਮਾਲ ਉਸਰ ਗਿਆ ਹੈ। ਸਾਡੇ ਨਵੇਂ ਮੁਹੱਲੇ ਵਾਲੇ ਘਰ ਦੀਆਂ ਤਸਵੀਰਾਂ ਆਈਆਂ। ਉਂਜ ਦਾ ਉਂਜ ਹੀ ਹੈ ਉਹ ਉੱਚੇ ਥੜ੍ਹੇ ਵਾਲਾ ਕਦੇ ਸਾਡਾ ਹੁੰਦਾ ਘਰ ਤੇ ਭੀੜੀ ਗਲੀ ਵੀ, ਜਿੱਥੇ ਕੋਕਲੇ ਖੇਡਦੀ ਸਾਂ।

ਗੁਜਰਖਾਨ ਉਜੜ ਕੇ ਮੁੜ ਵਸਿਆ ਤਾਂ ਹੈ ਪਰ ਲਾਹੌਰ ਦਾ ਕੂਚਾ ਹੀ ਸਮਝੋ।

## ਮਨੁੱਖੀ-ਅਧਿਕਾਰ

ਪੰਚ-ਪ੍ਰਧਾਨੀ ਪ੍ਰਨਾਲੀ ਨੂੰ ਤਿਲਾਂਜਲੀ ਦੇ,
ਰਾਜ-ਸੱਤਾ ਸਾਂਭਣੀ ਤਾਂ ਚਾਲ ਹੈ ਮੱਕਾਰਾਂ ਦੀ।
ਨੀਤੀ ਨਾਲ ਨਲੂਏ ਨੂੰ ਜਿੱਥੋਂ-ਜਿੱਥੋਂ ਦੂਰ ਕਰੇ,
ਤੂਤੀ ਉਥੇ ਬੋਲਣੀ ਹੈ ਡੋਗਰੇ ਗੱਦਾਰਾਂ ਦੀ।
ਹੱਕ ਜਿਸ ਦੇਸ਼ ਵਿਚ ਮੰਗਣਾ ਗੁਨਾਹ ਹੋਵੇ,
ਟੁੱਟੇ ਬੂਥੀ ਇਹੋ ਜਿਹੀਆਂ ਲੋਕ-ਸਰਕਾਰਾਂ ਦੀ।
ਹੀਲੇ ਤੇ ਵਸੀਲੇ ਜਦੋਂ ਸਾਰੇ ਫੇਲ੍ਹ ਹੋਂਵਦੇ ਨੇ,
ਵਰਤੋਂ ਹੈ ਜਾਇਜ਼ ਉਥੇ ਨੀਤੀ-ਹਥਿਆਰਾਂ ਦੀ।
ਇੱਕ ਪਿੱਛੋਂ ਇੱਕ ਉਠ ਲੱਗੀਏ ਕਤਾਰ ਵਿਚ,
ਹੋਵੇ ਕੁਰਬਾਨੀ ਜਦੋਂ ਕੌਮੀ ਸਰੋਕਾਰਾਂ ਦੀ।
ਜੇਲ੍ਹਾਂ ਵਿਚ ਡੱਕੇ ਹੋਏ ਬੇਕਸੂਰ ਬੰਦਿਆਂ ਦੀ,
ਸਜ਼ਾ ਪੂਰੀ ਹੋਣ 'ਤੇ ਵੀ ਕੌਮ ਦੇ ਦੁਲਾਰਾਂ ਦੀ।
ਨਾ ਡਰ ਦਿੰਦੇ ਅਤੇ ਨਾ ਹੀ ਡਰ ਸਹਿੰਦੇ ਜਿਹੜੇ,
ਇੱਜ਼ਤਾਂ ਨਾਲ ਜੀਣ ਵਾਲੇ ਯੋਧੇ ਬਲਕਾਰਾਂ ਦੀ।
ਆਸ਼ਕ ਅਣਖ ਵਾਲੇ ਸੱਚ ਨਾਲ ਖੜ੍ਹਦੇ ਨੇ,
ਗੱਲ ਜਦੋਂ ਚੱਲਦੀ ਮਨੁੱਖੀ ਅਧਿਕਾਰਾਂ ਦੀ।

-ਡਾ. ਗੁਰਮੀਤ ਸਿੰਘ ਬਰਸਾਲ
ਕੈਲੀਫੋਰਨੀਆ।

ਕਹਾਣੀ

# ਸੈਕੰਡ ਹੈਂਡ

*ਆਪਣੀ ਰਚਨਾ 'ਸੈਕੰਡ ਹੈਂਡ' ਵਿਚ ਮਿਨਹਾਸ ਤਰਲੋਕ ਨੇ ਪਰਵਾਸ ਅਤੇ ਪੰਜਾਬ ਦੇ ਕੁਝ ਪੱਖ ਬਾਖੂਬੀ ਉਜਾਗਰ ਕੀਤੇ ਹਨ। ਰਿਸ਼ਤਿਆਂ ਦੀ ਪਾਕੀਜ਼ਗੀ ਦੀ ਗੱਲ ਬਹੁਤ ਪਿੱਛੇ ਛੁੱਟ ਗਈ ਜਾਪਦੀ ਹੈ। ਜੇ ਕੁਝ ਬਚਿਆ ਹੈ ਤਾਂ ਸਿਰਫ ਤੇ ਸਿਰਫ, ਅਖੌਤੀ ਕਦਰਾਂ-ਕੀਮਤਾਂ ਵਿਚ ਪਿਸ ਰਹੀ ਨੌਜਵਾਨ ਪੀੜ੍ਹੀ ਅਤੇ ਅੰਨ੍ਹੀ ਆਧੁਨਿਕਤਾ ਹੇਠ ਦਰੜੇ ਜਾ ਰਹੇ ਮਾਪੇ। ਪੰਜੇ ਉਂਗਲਾਂ ਕਦੀ ਬਰਾਬਰ ਨਹੀਂ ਹੋਣੀਆਂ, ਰਹਿੰਦੀ ਦੁਨੀਆਂ ਤੱਕ; ਪਰ ਵਧੀਕੀਆਂ ਦੇ ਮੋਹਲੇਧਾਰ ਮੀਂਹਾਂ ਵਿਚ ਜੇ ਕੋਈ ਛਤਰੀ ਤਾਣ ਦੇਵੇ ਤਾਂ ਮਨੁੱਖਤਾ ਬਚੀ ਰਹਿੰਦੀ ਹੈ! -ਸੰਪਾਦਕ*

ਪੰਜਾਬੀ ਚੇਤਨਾ ਦਿਵਸ ਤੋਂ ਵਿਹਲੇ ਹੋਏ। ਜਿਵੇਂ ਆਮ ਫੰਕਸ਼ਨਾਂ ਤੋਂ ਬਾਅਦ ਹੁੰਦਾ ਹੈ, ਪੈਗ ਫੰਕਸ਼ਨ ਸ਼ੁਰੂ ਹੋ ਗਿਆ। ਕਵੀਜਨ ਅਤੇ ਚਿੰਤਕ ਘੁੱਟ ਲਾ ਕੇ ਅੱਜ ਦੇ ਪ੍ਰੋਗਰਾਮ ਦੀ ਪ੍ਰਸ਼ੰਸਾ ਵਿਚ ਰੁਝ ਗਏ ਅਤੇ ਮਜਬੂਰੀ ਵਿਚ ਪਹੁੰਚੇ, ਨਾ ਰੁਚੀ ਰੱਖਣ ਵਾਲਿਆਂ ਨੂੰ ਵੱਡੇ ਹਾੜਿਆਂ ਨਾਲ ਵੀ ਕਵਿਤਾਵਾਂ ਤੇ ਦਲੀਲਾਂ ਸੁਣ ਕੇ ਹੋਇਆ ਅਕੇਵਾਂ ਦੂਰ ਹੋਣ ਵਿਚ ਨਹੀਂ ਸੀ ਆ ਰਿਹਾ। ਇਸ ਤਰ੍ਹਾਂ ਅਰੁਚੀ ਰੱਖਣ ਵਾਲਿਆਂ ਮਿੱਤਰਾਂ ਗਿੱਲ ਤੇ ਕਲੇਰ ਦੇ ਆਵਾਜ਼ ਦੇਣ 'ਤੇ, ਮੈਂ ਉਨ੍ਹਾਂ ਦੀ ਢਾਣੀ ਵਿਚ ਜਾ ਬੈਠਾ। ਕਲੇਰ ਨੂੰ ਮੈਂ ਸਿਰਫ਼ ਬਾਈ-ਫੇਸ ਹੀ ਜਾਣਦਾ ਸੀ ਪਰ ਉਹ ਗਿੱਲ ਦਾ ਗੂੜ੍ਹਾ ਦੋਸਤ ਸੀ।

ਬਿਜ਼ਨਸ ਸਲੋਅ ਹੋਣ ਦੀਆਂ, ਮੇਵਿਆਂ ਦੇ ਵੱਧ ਝਾੜ ਦੀਆਂ ਚਲਦੀਆਂ ਗੱਲਾਂ, ਕਬੀਲਦਾਰੀ ਵਿਚੋਂ ਗੁਜ਼ਰ ਕੇ ਗਿੱਟਿਆਂ, ਗੋਡਿਆਂ ਦੇ ਦਰਦਾਂ ਵਿਚੋਂ ਦੀ ਹੁੰਦੀਆਂ ਹੋਈਆਂ, ਪੰਜਾਬ ਵਿਚ ਵਧੇ ਨਸ਼ਿਆਂ ਅਤੇ ਅਮਨ-ਕਾਨੂੰਨ ਦੀ ਭੈੜੀ ਹੋ ਰਹੀ ਹਾਲਤ ਦੇ ਪਾਠਕ੍ਰਮ ਵਿਚ ਬਦਲ ਗਈਆਂ।

"ਮੈਨੂੰ ਤਾਂ ਆਏਂ ਲੱਗਦੈ, ਜਿਵੇਂ ਸਾਰਾ ਪੰਜਾਬ ਹੀ ਧੋਖੇਬਾਜ਼ਾਂ ਦਾ ਹੋ ਗਿਆ ਹੋਵੇ। ਲੀਡਰ ਤਾਂ ਹੈ ਹੀ ਸਨ, ਹੁਣ ਤਾਂ ਉਥੇ ਕੋਈ ਵੀ ਵਿਸ਼ਵਾਸਯੋਗ ਨਹੀਂ ਦਿਸਦਾ", ਤੀਜਾ ਹਾੜਾ ਖ਼ਤਮ ਕਰਦੇ ਹੋਏ ਕਲੇਰ ਬੋਲਿਆ।

"ਨਹੀਂ, ਇਹੋ ਜਿਹੀ ਤਾਂ ਕੋਈ ਗੱਲ ਨਹੀਂ, ਕਲੇਰ ਸਾਹਿਬ। ਮਾੜੇ ਚੰਗੇ ਤਾਂ ਸਭ ਥਾਂ ਹੀ ਹੁੰਦੇ

ਮਿਨਹਾਸ ਤਰਲੋਕ ਫਰਿਜ਼ਨੋ
ਫੋਨ: 559-790-8863

ਹਨ। ਅਸਲ ਵਿਚ ਇਥੇ ਆ ਕੇ ਸਾਡਾ ਸੋਚਣ ਦਾ ਢੰਗ ਹੀ ਬਦਲ ਗਿਆ ਹੈ", ਗਿੱਲ ਨੇ ਉਸ ਦਾ ਪੱਟ ਥਪਥਪਾਉਂਦੇ ਹੋਏ ਮੁਸਕਰਾ ਕੇ ਕਿਹਾ।

"ਹੋਰ ਤਾਂ ਛੱਡੋ, ਉਥੋਂ ਦੀਆਂ ਕੁੜੀਆਂ ਨੂੰ ਹੀ ਲੈ ਲਵੋ... ਕੀ ਵਿਸ਼ਵਾਸ ਕਰੋਗੇ ਉਨ੍ਹਾਂ 'ਤੇ? ਬਿਲਕੁਲ ਭੀ ਨਹੀਂ। ਮੈਂ ਤਾਂ ਜ਼ਰਾ ਵੀ ਨਹੀਂ ਕਰਦਾ। ਕਿੰਨੀਆਂ ਉਲੂ ਬਣਾਉਂਦੀਆਂ ਹਨ ਇਥੋਂ ਦੇ ਭੋਲੇ-ਭਾਲੇ ਮੁੰਡਿਆਂ ਨੂੰ। ਇਥੇ ਪਹੁੰਚੀਆਂ ਨਹੀਂ, ਬਾਹਰਲੀ ਹਵਾ ਲੱਗੀ ਨਹੀਂ! ਆਪਣਾ ਉਲੂ ਸਿੱਧਾ ਕੀਤਾ ਤੇ ਫੇਰ ਫੁਰਰ", ਕਹਿੰਦਿਆਂ ਕਲੇਰ ਨੇ ਆਪਣਾ ਪੂਰਾ ਪੈਗ ਖਿੱਚ ਲਿਆ।

"ਮੇਰਾ ਖਿਆਲ ਹੈ, ਇੱਕਾ-ਦੁੱਕਾ ਘਟਨਾਵਾਂ ਦੀ ਆੜ ਵਿਚ ਸਾਰੀਆਂ ਹੀ ਕੁੜੀਆਂ ਬਾਰੇ ਸਾਨੂੰ ਇਸ ਤਰ੍ਹਾਂ ਨਹੀਂ ਸੋਚਣਾ ਚਾਹੀਦਾ।" ਮੈਨੂੰ ਕਲੇਰ ਦੀ ਗੱਲ ਉਕਾ ਹੀ ਨਹੀਂ ਸੀ ਜਚੀ, ਸਗੋਂ ਇਸ ਨੇ ਦੁਖੀ ਹੀ ਕੀਤਾ।

"ਮੈਂ ਕਿਹੜਾ ਝੂਠ ਬੋਲਦਾਂ। ਮੇਰੇ ਤਾਂ ਭਤੀਜੇ ਨਾਲ ਹੋਈ ਐ ਇਵੇਂ। ਇਕ ਨਾਲ ਨਹੀਂ, ਬਥੇਰਿਆਂ ਨਾਲ ਹੋਇਆ। ਮੈਨੂੰ ਤਾਂ ਭਰਾਵਾ ਸਾਰੀਆਂ ਹੀ ਧੋਖੇਬਾਜ਼ ਲੱਗਦੀਆਂ ਹੁਣ।" ਕਲੇਰ ਆਪਣੀ ਗੱਲ 'ਤੇ ਅੜਿਆ ਹੋਇਆ ਸੀ।

"...ਤੇ ਉਹ ਜਿਹੜੀਆਂ ਹਜ਼ਾਰਾਂ ਦੀ ਗਿਣਤੀ ਵਿਚ ਸਾਡੇ ਇਥੋਂ ਗਏ ਮੁੰਡਿਆਂ ਦੇ ਬੱਚੇ ਆਪਣੀ ਗੋਦ ਵਿਚ ਚੁੱਕੀ, ਪਿੱਛੇ ਪੰਜਾਬ ਵਿਚ ਭਟਕਦੀਆਂ ਫਿਰਦੀਆਂ? ਜਿਨ੍ਹਾਂ ਨੂੰ ਇਨ੍ਹਾਂ ਲਾਡਲਿਆਂ ਨੇ ਬੁਲਾਇਆ ਹੀ ਨਹੀਂ? ਕੀ ਇਹ ਦੋਸ਼ ਇਥੋਂ ਦੇ ਸਾਰੇ ਮੁੰਡਿਆਂ 'ਤੇ ਹੀ ਮੜ੍ਹ ਦੇਈਏ? ਇਸ ਬਾਰੇ ਕੀ ਕਹਿੰਦੇ ਹੋ ਕਲੇਰ ਸਾਹਿਬ?" ਆਪਣੀ ਇਕ ਰਿਸ਼ਤੇਦਾਰ ਕੁੜੀ ਨਾਲ ਇਸ ਤਰ੍ਹਾਂ ਦੀ ਘਟਨਾ ਵਾਪਰਨ ਕਰ ਕੇ ਗਿੱਲ ਕੁਝ ਜ਼ਿਆਦਾ ਹੀ ਭਾਵੁਕ ਹੋ ਗਿਆ ਸੀ।

"ਮੈਂ ਪੈਗ ਲੈ ਕੇ ਆਉਨਾਂ...ਤੁਹਾਨੂੰ ਕਿਸੇ ਨੂੰ ਚਾਹੀਦੈ?" ਤੇ ਕਲੇਰ ਪੈਗ ਲੈਣ ਲਈ ਗਿਆ, ਉਥੇ ਹੀ ਗੱਲੀਂ ਪੈ ਗਿਆ।

ਕਲੇਰ ਦੀ ਕੁੜੀਆਂ ਬਾਰੇ ਕਹੀ ਗੱਲ ਬਹੁਤ ਹੀ ਨਾ ਚੁੱਭਦੀ ਜੇ ਇਸ ਤੋਂ ਪਹਿਲਾਂ ਮੈਂ ਏਕਮ ਨੂੰ ਨਾ ਮਿਲਿਆ ਹੁੰਦਾ। ਇਹ ਪਿਛਲੇ ਸਾਲ ਦੀ ਹੀ ਗੱਲ ਹੈ। ਮੈਂ ਉਦੋਂ ਗੈਸ ਸਟੇਸ਼ਨ 'ਤੇ ਕੰਮ ਕਰਨਾ ਅਜੇ ਸ਼ੁਰੂ ਹੀ ਕੀਤਾ ਸੀ।

"ਹੈਲੋ ਅੰਕਲ?" ਸਟਾਕਿੰਗ ਕਰ ਰਹੇ ਨੂੰ ਮਗਰੋਂ ਆ ਕੇ ਕਿਸੇ ਨੇ ਕਿਹਾ ਸੀ।

"ਓਏ ਤੂੰ! ਤੂੰ ਤਾਂ ਆਪਣਾ ਹੀ ਮੁੰਡਾ ਹੈਂ।" ਮੂੰਹ ਭਵਾ ਕੇ ਵੇਖਣ 'ਤੇ ਮੈਂ ਹੈਰਾਨ ਹੋਇਆ।

"ਤੁਸੀਂ ਮੈਨੂੰ ਕਾਲਾ ਹੀ ਸਮਝਦੇ ਰਹੇ ਨਾ?" ਮੈਂ ਸਿਰਫ਼ ਮੁਸਕਰਾ ਕੇ ਹੀ ਉਸ ਦੀ ਗੱਲ ਨੂੰ ਸਵੀਕਾਰ ਕੀਤਾ।

"ਤੂੰ ਇਥੇ ਨੇੜੇ ਹੀ ਰਹਿਨਾਂ?"

"ਰਹਿੰਦਾ ਤਾਂ ਕਿਤੇ ਹੋਰ ਆਂ, ਪਰ ਇਥੇ ਮੇਰਾ ਦੋਸਤ ਹੈ ਹੋਜ਼ੇ। ਪਿੱਛੇ ਅਪਾਰਟਮੈਂਟ ਵਿਚ ਰਹਿੰਦਾ। ਉਸ ਕੋਲ ਆ ਜਾਂਦਾ ਹਾਂ ਕਈ ਵਾਰ।"

"ਹੋਜ਼ੇ ਕਿਹੜਾ? ਵੱਡੇ ਹੈਟ ਵਾਲਾ?"

"ਹਾਂ।"

"ਤੇਰਾ ਕੀ ਨਾਂ ਹੈ?"

"ਡਿੰਪੀ।"

ਡਿੰਪੀ ਦੋ-ਚਾਰ ਵਾਰ ਪਹਿਲਾਂ ਭੀ ਆਇਆ ਸੀ। ਪੰਜਾਬੀ ਨਾ ਬੋਲਣ ਕਰ ਕੇ ਮੈਂ ਉਸ ਨੂੰ ਪਛਾਣ ਹੀ ਨਾ ਸਕਿਆ ਕਿ ਉਹ ਪੰਜਾਬੀ ਮੁੰਡਾ ਹੈ। ਡਿੰਪੀ ਬੀਅਰ ਦਾ ਟਵੈਲਵ ਪੈਕ ਲੈ ਕੇ ਚਲਾ ਗਿਆ। ਉਸ ਦੀਆਂ ਚੜ੍ਹੀਆਂ ਹੋਈਆਂ ਅੱਖਾਂ ਅਤੇ ਹੋਜ਼ੇ ਲਾਲ ਦੋਸਤੀ ਤੋਂ ਮੈਨੂੰ ਉਸ ਦੇ ਮਾਪਿਆਂ ਦੇ ਭਵਿੱਖ ਬਾਰੇ ਕੋਈ ਭੁਲੇਖਾ ਨਹੀਂ ਸੀ ਰਿਹਾ, ਕਿਉਂਕਿ ਹੋਜ਼ੇ ਬਦਮਾਸ਼ ਕਿਸਮ ਦਾ ਡਰੱਗੀ ਗਾਹਕ ਸੀ ਜੋ ਅਕਸਰ ਹੀ ਸਟੋਰ 'ਤੇ ਆਉਂਦਾ ਸੀ।

ਡਿੰਪੀ ਸਟੋਰ 'ਤੇ ਕਈ ਵਾਰ ਆਉਂਦਾ। ਕਦੇ ਇਕੱਲਾ ਅਤੇ ਕਦੇ ਹੋਜ਼ੇ ਨਾਲ। ਜਦੋਂ ਵੀ ਆਉਂਦਾ, ਪੂਰੇ ਨਸ਼ੇ ਦੀ ਲੋਰ ਵਿਚ ਹੁੰਦਾ। ਇਕ ਦਿਨ ਆਇਆ, ਪਾਣੀ ਦੀ ਬੋਤਲ ਲੈ ਕੇ ਪੈਸੇ ਬਾਅਦ ਵਿਚ ਦੇਣ ਲਈ ਕਹਿ ਕੇ ਕਾਹਲੀ-ਕਾਹਲੀ ਚਲਾ ਗਿਆ। ਕੋਈ ਅੱਧੇ ਕੁ ਘੰਟੇ ਬਾਅਦ ਆਇਆ ਪਰ ਉਸ ਨਾਲ ਤੀਹ ਕੁ ਸਾਲ ਦਾ ਆਦਮੀ ਸੀ ਜੋ ਕਾਫ਼ੀ ਬੇਚੈਨ ਲੱਗ ਰਿਹਾ ਸੀ।

"ਇਹ ਮੇਰਾ ਭਰਾ ਹੈ ਸੈਂਡੀ। ਟਰੱਕ ਚਲਾਉਂਦੈ। ਅੱਜ ਦੂਰੋਂ ਆਇਆ ਸੀ। ਮਸਾਂ ਹੀ ਪਹੁੰਚਿਆ। ਡੀਹਾਈਡਰੇਟ ਹੋਣ ਕਰ ਕੇ ਬੇਹੋਸ਼ੀ ਦੀ ਹਾਲਤ ਵਿਚ ਸੀ ਜਿਸ ਕਰ ਕੇ ਮੈਂ ਕਾਹਲੀ ਵਿਚ ਪੈਸੇ ਦਿੱਤੇ ਬਿਨਾਂ ਹੀ ਚਲਾ ਗਿਆ ਸੀ।"

"ਅੰਕਲ ਇਹ ਝੂਠ ਕਹਿੰਦਾ। ਅਸਲ ਵਿਚ ਮਾਵਾ ਹੀ ਕੁਝ ਜ਼ਿਆਦਾ ਛਕਿਆ ਗਿਆ ਸੀ ਜਿਸ ਕਰ ਕੇ ਅੱਚਵੀਂ ਜਿਹੀ ਮਹਿਸੂਸ ਹੋ ਰਹੀ ਸੀ।" ਇਹ ਸੈਂਡੀ ਦਾ ਸੱਚ ਸੀ।

ਮੈਂ ਹੀ ਨਵਾਂ ਸੀ। ਇਹ ਦੋਨੋਂ ਤਾਂ ਕਾਫ਼ੀ ਦੇਰ ਤੋਂ ਇਸ ਸਟੋਰ ਦੇ ਗਾਹਕ ਸਨ। ਜਦੋਂ ਆਉਂਦੇ, ਨਸ਼ੇ ਵਿਚ ਧੁੱਤ ਹੁੰਦੇ। ਮੇਰੀ ਉਮਰ ਦੇ ਤਕਾਜ਼ੇ ਦੀ ਪ੍ਰਵਾਹ ਕੀਤੇ ਬਿਨਾਂ, ਮੇਰੇ ਸਾਹਮਣੇ ਗੋਰੀਆਂ ਨਾਲ ਫੱਨ ਕਰਨ ਦੀਆਂ ਗੱਲਾਂ ਚਟਖਾਰੇ ਲਾ ਲਾ ਕਰਦੇ। ਅੱਜ ਡਿੰਪੀ ਇਕੱਲਾ ਹੀ ਆਇਆ। ਖੁਸ਼ ਸੀ। ਹੱਥ ਵਿਚ ਡੱਬਾ ਸੀ।

"ਆਹ ਲਓ ਅੰਕਲ, ਮਿਠਾਈ ਐ।" ਮੂਹਰੇ ਖੜ੍ਹੇ ਕਸਟਮਰ ਦੇ ਚਲੇ ਜਾਣ ਪਿੱਛੋਂ ਡੱਬਾ ਮੇਰੇ ਵੱਲ ਵਧਾਉਂਦੇ ਹੋਏ ਕਹਿਣ ਲੱਗਾ।

"ਕਾਹਦੀ ਖੁਸ਼ੀ ਵਿਚ ਪੁੱਤਰਾ?"

"ਬੇਟਾ ਹੋਇਆ।" ਤੇ ਆਪਣੇ ਮੋਬਾਈਲ ਵਿਚ ਖਿੱਚੀ ਨਵ-ਜਨਮੇ ਬੱਚੇ ਦੀ ਫੋਟੋ ਦਿਖਾਉਣ ਲੱਗਾ।

"ਇਹ ਤਾਂ ਬਿਲਕੁਲ ਹੀ ਗੋਰਿਆਂ ਵਰਗਾ ਲਗਦੈ?"

"ਗੋਰਾ ਹੀ ਐ। ਇਹਦੀ ਮਾਂ ਜੋ ਗੋਰੀ ਹੋਈ।"

"ਤੂੰ ਗੋਰੀ ਨਾਲ ਵਿਆਹ ਕਰਵਾਇਆ?"

"ਨਹੀਂ, ਵਿਆਹ ਤਾਂ ਦੇਸਣ ਨਾਲ ਹੀ ਕਰਾਇਆ, ਇਹ ਤਾਂ ਬੱਸ ਊਂ ਹੀ...।"

"ਤੇਰੀ ਵਾਈਫ਼ ਨੂੰ ਪਤਾ ਇਹ ਸਭ?"

"ਪਤਾ ਵੀ ਹੋਊ ਤਾਂ ਆਪਾਂ ਨੂੰ ਕੀ ਪ੍ਰਵਾਹ। ਵੱਧ ਤੋਂ ਵੱਧ ਛੱਡ ਹੀ ਜਾਊਗੀ ਨਾ...ਤਾਂ ਛੱਡ ਜਾਵੇ। ਖਹਿੜਾ ਛੁੱਟੂ ਪਰ੍ਹਾਂ।"

"ਫੇਰ ਤੂੰ ਦੇਸਣ ਨਾਲ ਵਿਆਹ ਹੀ ਕਿਉਂ ਕਰਵਾਇਆ ਸੀ?"

"ਘਰਦਿਆਂ ਨੂੰ ਪਰਿਵਾਰਕ ਕਦਰਾਂ-ਕੀਮਤਾਂ ਵਾਲੀ ਨੂੰਹ ਚਾਹੀਦੀ ਸੀ...ਸੋ ਉਨ੍ਹਾਂ ਨੇ ਪੰਜਾਬ ਤੋਂ ਲੈ ਆਂਦੀ। ਉਹ ਖੁਸ਼ ਹਨ ਆਗਿਆਕਾਰ ਨੂੰਹ ਲੈ ਕੇ, ਤੇ ਆਪਾਂ ਖੁਸ਼ ਹਾਂ ਆਪਣੀ ਗੋਰੀ ਨਾਲ।"

"ਤੇ ਉਹ ਵਿਚਾਰੀ ਜਿਸ ਨੂੰ ਵਿਆਹ ਕੇ ਲਿਆਇਆਂ?"

"ਉਹ ਅਮਰੀਕਾ ਜੁ ਆ ਗਈ, ਖੁਸ਼ ਹੀ ਹੋਣੀ ਐ।" ਕਹਿ ਕੇ ਮੁਸਕਰਾਉਂਦਾ ਹੋਇਆ ਉਹ ਚਲਾ ਗਿਆ।

ਡਿੰਪੀ ਤੇ ਸੈਂਡੀ ਦਾ ਆਉਣਾ-ਜਾਣਾ ਜਾਰੀ ਸੀ। ਨਸ਼ਾ ਤਾਂ ਨਸ਼ਾ, ਹੁਣ ਤਾਂ ਕਈ ਵਾਰ ਉਹ ਵੰਨ-ਸਵੰਨੀਆਂ ਕੁੜੀਆਂ ਨਾਲ ਵੀ ਹੁੰਦੇ।

ਉਸ ਦਿਨ ਐਤਵਾਰ ਸੀ। ਸਟੋਰ ਕਾਫ਼ੀ ਸਲੋਅ ਸੀ। ਮੈਂ ਆਈਸ-ਬੈਗ ਬਣਾਉਣ ਵਿਚ ਰੁਝਿਆ ਹੋਇਆ ਸੀ ਕਿ ਕਸਟਮਰ ਦੇ ਸਟੋਰ ਅੰਦਰ ਦਾਖ਼ਲੇ ਨੂੰ ਦੱਸਣ ਵਾਲੀ ਸੈਂਸਰ ਬੈਲ ਵੱਜੀ। ਮੈਂ ਕਾਊਂਟਰ ਵੱਲ ਹੋ ਤੁਰਿਆ।

"ਸਤਿ ਸ੍ਰੀ ਅਕਾਲ ਬੀਬੀ", ਸਟੋਰ ਅੰਦਰ ਦਾਖ਼ਲ ਹੋਈ ਪੱਕੇ ਰੰਗ ਦੀ, ਮਹਿੰਦੀ ਰੰਗੇ ਵਾਲਾਂ ਵਾਲੀ ਪੰਜਾਬੀ ਔਰਤ ਨੂੰ ਮੈਂ ਕਿਹਾ, ਪਰ ਉਹ ਨਹੀਂ ਬੋਲੀ।

"ਸਤਿ ਸ੍ਰੀ ਅਕਾਲ ਅੰਕਲ ਜੀ।" ਉਸ ਔਰਤ ਨਾਲ ਆਈ ਗੋਦ ਵਿਚ ਬੱਚਾ ਚੁੱਕੀ ਖੜ੍ਹੀ ਲੰਬੀ ਉਚੀ ਸੋਹਣੀ-ਸੁਨੱਖੀ ਕੁੜੀ ਨੇ ਆਪਣਾ ਸਿਰ ਹਿਲਾ ਕੇ ਹੁੰਗਾਰਾ ਭਰਿਆ।

"ਆਓ ਬੀਬੀ?" ਔਰਤ ਕਾਫ਼ੀ ਫਿਕਰਮੰਦ ਜਾਪਦੀ ਸੀ।

"ਡਿੰਪੀ ਆਉਂਦਾ ਹੁੰਦਾ ਇਸ ਸਟੋਰ 'ਤੇ?" ਉਸ ਦਾ ਪੁੱਛਣ ਦਾ ਢੰਗ ਕਾਫ਼ੀ ਖਰ੍ਹਵਾਂ ਸੀ।



"ਡਿੰਪੀ... ਹਾਂ! ਉਹੀ ਨਾ ਜਿਹੜਾ ਪਿਛਲੀਆਂ ਅਪਾਰਟਮੈਂਟਸ ਵਿਚ ਹੋਜ਼ੇ ਕੋਲ ਰਹਿੰਦਾ ਹੁੰਦਾ?"

"ਹਾਂ।"

"ਤੁਹਾਡਾ ਕੀ ਲਗਦੈ?"

"ਮੈਂ ਉਸ ਦੀ ਬਦਨਸੀਬ ਮਾਂ ਹਾਂ, ਤੇ ਇਹ ਉਸ ਦੀ ਘਰਵਾਲੀ ਅਤੇ ਉਸ ਦਾ ਬੱਚਾ।" ਉਸ ਨੇ ਕੁੜੀ ਤੇ ਬੱਚੇ ਵੱਲ ਇਸ਼ਾਰਾ ਕੀਤਾ।

"ਉਹ ਤਾਂ ਅੱਜ ਸਵੇਰੇ ਵੀ ਆਇਆ ਸੀ ਆਪਣੇ ਵੱਡੇ ਭਰਾ ਸੈਂਡੀ ਨਾਲ।"

"ਓਹ ਕਾਹਨੂੰ ਭਰਾ ਹੈ ਇਸ ਦਾ, ਬਾਈ। ਉਸ ਔਂਤਰੇ ਨੇ ਤਾਂ ਸਾਡੇ ਮੁੰਡੇ ਦੀ ਵੀ ਜ਼ਿੰਦਗੀ ਬਰਬਾਦ ਕਰ ਦਿੱਤੀ। ਅੱਗੇ ਤਾਂ ਦੋ-ਚਾਰ ਦਿਨਾਂ ਪਿੱਛੋਂ ਘਰ ਵੜ ਹੀ ਜਾਂਦਾ ਸੀ, ਪਰ ਐਤਕੀਂ ਤਾਂ ਕਈ ਦਿਨਾਂ ਤੋਂ ਪਤਾ ਨਹੀਂ ਕਿੱਥੇ ਮਰਿਆ? ਬਹੁਤ ਲਹੂ ਪੀਤਾ ਹੈ ਇਸ ਮੁੰਡੇ ਨੇ।"

"ਪਿੱਛੇ ਅਪਾਰਟਮੈਂਟ ਵਿਚ ਹੀ ਹੋਣੈ, ਹੋਜ਼ੇ ਨਾਲ? ਪਤਾ ਕਰਨਾ ਸੀ ਉਥੋਂ?"

"ਗਈਆਂ ਸਾਂ। ਪੁਲਿਸ ਦੀਆਂ ਕਾਰਾਂ ਖੜ੍ਹੀਆਂ ਵੇਖ ਕੇ ਇਧਰ ਹੀ ਆ ਗਈਆਂ।"

"ਆ ਜੋ ਇਧਰ ਆ ਜਾਓ।" ਮੈਂ ਕਾਊਂਟਰ ਵਾਲੇ ਪਾਸੇ ਦੋ ਸਟੂਲ ਰੱਖ ਕੇ ਉਨ੍ਹਾਂ ਨੂੰ ਬੈਠਣ ਦਾ ਇਸ਼ਾਰਾ ਕੀਤਾ।

ਮੈਂ ਬਿਜ਼ੀ ਹੋ ਗਿਆ।

"ਤੂੰ ਇੱਥੇ ਬੈਠ, ਮੈਂ ਫਿਰ ਵੇਖ ਕੇ ਆਉਂਦੀ ਹਾਂ ਜੇ ਪੁਲਿਸ ਚਲੀ ਗਈ ਹੋਵੇ ਤਾਂ।" ਕੁਝ ਚਿਰ ਬੈਠਣ ਪਿੱਛੋਂ ਆਪਣੀ ਨੂੰਹ ਨੂੰ ਕਹਿ ਕੇ ਉਹ ਔਰਤ ਬਾਹਰ ਚਲੀ ਗਈ।

"ਤੇਰਾ ਨਾਂ ਬੇਟਾ?" ਵਿਹਲਾ ਹੋ ਕੇ ਮੈਂ ਫਿਕਰਾਂ ਵਿਚ ਡੁੱਬੀ ਬੈਠੀ ਕੁੜੀ ਤੋਂ ਪੁੱਛਿਆ।

"ਏਕਮ।"

"ਕਿੰਨਾ ਪੜ੍ਹੀ ਐਂ?"

"ਐਮ.ਏ. ਐਮ.ਫਿਲ.।" ਕਹਿੰਦੀ ਦੀਆਂ ਅੱਖਾਂ ਭਰ ਆਈਆਂ।

"ਡਿੰਪੀ ਕਿੰਨਾ ਪੜ੍ਹਿਆ?"

"ਅੱਠ ਜਮਾਤਾਂ।"

"ਤੇ ਫਿਰ ਰਿਸ਼ਤਾ ਕਿਵੇਂ ਹੋ ਗਿਆ?"

"ਮਾੜੀ ਕਿਸਮਤ ਅੰਕਲ ਜੀ। ਇਨ੍ਹਾਂ ਨੇ ਅਖ਼ਬਾਰ ਵਿਚ ਦਿੱਤਾ ਸੀ, ਗਰੈਜੂਏਟ ਇਕਲੌਤਾ ਲੜਕਾ। ਆਪਣਾ ਬਿਜ਼ਨਸ ਵਗੈਰਾ ਵਗੈਰਾ। ਪਾਪਾ ਨੂੰ ਲੱਗਿਆ, ਰਿਸ਼ਤਾ ਚੰਗਾ ਹੈ। ਪਾਪਾ ਨੂੰ ਇਹ ਵੀ ਲਾਲਚ ਹੋ ਗਿਆ ਕਿ ਉਸ ਦੇ ਦੋਨੋਂ ਪੁੱਤਰ ਵੀ ਅਮਰੀਕਾ ਪਹੁੰਚ ਜਾਣਗੇ। ਸੋ, ਬਿਨਾਂ ਕਿਸੇ ਪੁੱਛ-ਪੜਤਾਲ ਦੇ ਕਰ ਦਿੱਤਾ। ਪੰਜਾਹ ਲੱਖ ਨਕਦ ਵੀ ਦਿੱਤਾ ਸੀ।"

"ਬਿਜ਼ਨਸ ਕਾਹਦਾ ਹੈ ਇਥੇ?"

"ਕਾਸੇ ਦਾ ਵੀ ਨਹੀਂ। ਦਾਜ ਦੇ ਪੈਸਿਆਂ ਦਾ ਸਿਗਰਟ ਸਟੋਰ ਲਿਆ ਸੀ, ਪਰ ਉਹ ਵੀ ਵਿਕ ਗਿਆ।"

"ਤੂੰ ਕੀ ਜਾਬ ਕਰਦੀ ਹੈਂ?"

"ਕਿਸੇ ਦੇ ਰੈਸਟੋਰੈਂਟ ਵਿਚ ਵੇਟਰ ਹਾਂ।" ਕਹਿੰਦੀ ਨੇ ਨੀਵੀਂ ਪਾ ਲਈ।

ਗਾਹਕ ਦੇ ਆਉਣ ਕਰ ਕੇ ਕੁਝ ਚਿਰ ਚੁੱਪ ਵਾਪਰੀ। ਏਕਮ ਵੱਲ ਵੇਖਿਆ, ਉਹ ਚੁੰਨੀ ਨਾਲ ਅੱਖਾਂ ਪੂੰਝ ਰਹੀ ਸੀ।

"ਡਿੰਪੀ ਦੀ ਕੰਪਨੀ ਇੱਥੇ ਬਹੁਤੀ ਚੰਗੀ ਨਹੀਂ। ਤੈਨੂੰ ਰੋਕਣਾ ਚਾਹੀਦਾ ਹੈ ਉਸ ਨੂੰ।" ਮੈਂ ਉਸ ਨੂੰ ਡਿੰਪੀ ਬਾਰੇ ਦੱਸਣਾ ਚਾਹੁੰਦਾ ਸੀ।

"ਪਹਿਲਾਂ-ਪਹਿਲਾਂ ਬਹੁਤ ਕੋਸ਼ਿਸ਼ ਕੀਤੀ ਸੀ। ਹੁਣ ਜੇ ਕੁਝ ਕਹਿੰਦੀ ਹਾਂ ਤਾਂ ਅੱਗਿਉਂ ਗਾਲ੍ਹਾਂ ਕੱਢਦਾ, ਹੱਥ ਚੁੱਕਦੈ।" ਤੇ ਉਹ ਬਾਂਹ ਉਤੇ ਪਏ ਨੀਲ ਨੂੰ ਚੁੰਨੀ ਨਾਲ ਲੁਕਾਉਣ ਲੱਗੀ।

"ਤੇਰੇ ਸੱਸ ਸਹੁਰਾ ਨਹੀਂ ਕਹਿੰਦੇ ਕੁਝ ਉਸ ਨੂੰ?"

"ਇਹ ਤਾਂ ਸਗੋਂ ਹਮੇਸ਼ਾਂ ਮੈਨੂੰ ਹੀ ਕੋਸਦੇ ਰਹਿੰਦੇ ਹਨ ਕਿ ਵਿਆਹ ਤੋਂ ਪਹਿਲਾਂ ਤਾਂ ਬਥੇਰਾ ਚੰਗਾ ਸੀ, ਇਹ ਸਭ ਤੇਰੇ ਕਰ ਕੇ ਹੀ ਹੋਇਆ।"

"ਤੇਰਾ ਇਥੇ ਕੋਈ ਰਹਿੰਦਾ?"

"ਮੇਰੀ ਫਰੈਂਡ ਦੇ ਰਿਸ਼ਤੇਦਾਰ ਹਨ, ਦੂਰ ਰਹਿੰਦੇ ਹਨ, ਪਰ ਇਹ ਕਿਸੇ ਨਾਲ ਗੱਲ ਹੀ ਨਹੀਂ ਕਰਨ ਦਿੰਦੇ।" ਉਸ ਦੇ ਬੁੱਲ੍ਹ ਫੁਸਕੇ। ਆਪਣਾ ਰੋਣ ਮਸਾਂ ਹੀ ਰੋਕ ਸਕੀ। ਕੁਝ ਚਿਰ ਚੁੱਪ ਰਹੀ। ਫਿਰ ਬੋਲੀ, "ਅੰਕਲ ਜੀ, ਪਲੀਜ਼ ਇਨ੍ਹਾਂ 'ਚੋਂ ਕਿਸੇ ਨਾਲ ਕੋਈ ਗੱਲ ਨਾ ਕਰੀਓ। ਇਹ ਸਭ ਬਹੁਤ ਭੈੜੇ ਹਨ। ਮੇਰੇ ਨਾਲ ਹੋਰ ਭੈੜੀ ਕਰਨਗੇ। ਮੈਂ ਤਾਂ ਪਹਿਲਾਂ ਹੀ ਦੁਖੀ ਹਾਂ।"

ਮੇਰਾ ਵੀ ਮਨ ਭਰ ਆਇਆ ਅਤੇ ਮੈਂ ਉਸ ਨੂੰ ਇਸ ਗੱਲ ਦਾ ਭਰੋਸਾ ਦਿੱਤਾ। ਏਕਮ ਕੁਝ ਹੋਰ ਕਹਿਣ ਲੱਗੀ ਸੀ ਪਰ ਅੰਦਰ ਵੜਦੀ ਸੱਸ ਨੂੰ ਵੇਖ ਕੇ ਉਹ ਇਕ ਦਮ ਚੁੱਪ ਕਰ ਗਈ।

"ਚੱਲ ਚਲੀਏ, ਉਥੇ ਨਹੀਂ ਦਿਸਿਆ ਮੈਨੂੰ। ਪੜ੍ਹੀਆਂ-ਲਿਖੀਆਂ ਸੁਆਹ ਦੀਆਂ ਜਿਹੜੀਆਂ ਆਪਣੇ ਬੰਦੇ ਨੂੰ ਵੀ ਕਾਬੂ ਨਹੀਂ ਰੱਖ ਸਕਦੀਆਂ।" ਮੈਨੂੰ ਬੁਲਾਏ ਬਿਨਾਂ ਏਕਮ ਨੂੰ ਝਿੜਕਾਂ ਦਿੰਦੀ ਉਹ ਔਰਤ, ਉਸ ਨੂੰ ਲੈ ਕੇ ਸਟੋਰ ਤੋਂ ਬਾਹਰ ਹੋ ਗਈ।

ਦੂਰ ਹੋਣ ਕਰ ਕੇ ਮੈਂ ਉਸ ਗੈਸ ਸਟੇਸ਼ਨ ਦੀ ਜਾਬ ਛੱਡ ਕੇ ਨੇੜੇ ਦੇ ਲਿਕਰ ਸਟੋਰ 'ਤੇ ਲੱਗ ਗਿਆ ਪਰ ਏਕਮ ਦੀ ਤ੍ਰਾਸਦੀ ਮੇਰੇ ਮਨ ਵਿਚ ਭਾਰੂ ਸੀ ਜਿਸ ਕਰ ਕੇ ਮੈਨੂੰ ਕਲੇਰ ਦੀ ਕੁੜੀਆਂ ਬਾਰੇ ਕਹੀ ਗੱਲ ਬਹੁਤ ਚੁਭੀ ਸੀ। ਮੈਨੂੰ ਉਹ ਬੀਤਿਆ ਸਮਾਂ ਵੀ ਯਾਦ ਸੀ ਜਦੋਂ ਮੇਰੇ ਦੋਸਤ ਸਤਬੀਰ ਦਾ ਇੰਡੀਆ ਤੋਂ ਫੋਨ ਆਇਆ ਸੀ। ਕਿੰਨਾ ਪ੍ਰੇਸ਼ਾਨ ਸੀ ਉਹ ਉਦੋਂ!

"ਯਾਰ ਆਪਣੇ ਨਾਲ ਤਾਂ ਧੋਖਾ ਹੋ ਗਿਆ।"

"ਕੀ ਗੱਲ ਹੋ ਗਈ?"

"ਪਿੰਕੀ ਵਿਆਹੀ ਸੀ ਨਾ ਸੈਨ ਹੋਜ਼ੇ... ਪ੍ਰਾਹੁਣਾ ਤਾਂ ਗੇਅ ਨਿਕਲਿਆ। ਉਸ ਨੇ ਪਿੰਕੀ ਨੂੰ ਘਰ ਛੱਡਣ ਲਈ ਕਹਿ ਦਿੱਤਾ।"

"ਫਿਰ ਕੰਜਰ ਨੇ ਵਿਆਹ ਹੀ ਕਿਉਂ ਕਰਵਾਇਆ ਸੀ?"

"ਉਹ ਕਹਿੰਦਾ, ਘਰਦਿਆਂ ਨੇ ਜ਼ਬਰਦਸਤੀ ਕੀਤਾ ਹੈ। ਕਿਸੇ ਨੂੰ ਦੱਸਦਿਆਂ ਬੇਇਜ਼ਤੀ ਮਹਿਸੂਸ ਕਰਦੇ ਸਨ, ਤੇ ਦੂਜਾ ਉਨ੍ਹਾਂ ਨੂੰ ਭਰਮ ਸੀ ਕਿ ਜਦੋਂ ਘਰਵਾਲੀ ਆ ਗਈ ਤਾਂ ਸਭ ਠੀਕ ਹੋ ਜਾਵੇਗਾ।"

"ਤੇ ਫਿਰ ਪਿੰਕੀ ਨੂੰ ਕਹਿਣਾ ਸੀ ਕਿ ਉਹ ਮੀਨੂੰ ਕੋਲ ਚਲੀ ਜਾਵੇ।" ਮੀਨੂੰ ਉਸ ਦੀ ਕਜ਼ਨ ਸੀ ਜੋ ਨੇੜੇ ਫਰੀਮਾਂਟ ਰਹਿੰਦੀ ਸੀ।

"ਓਹਦੇ ਕੋਲ ਕਾਹਦਾ ਜਾਣਾ ਭਰਾਵਾ! ਬਾਹਰ ਦੇ ਲਾਲਚ ਕਰ ਕੇ ਪੜ੍ਹੀਆਂ-ਲਿਖੀਆਂ ਫੁੱਲਾਂ ਵਾਂਗੂ ਪਾਲੀਆਂ ਧੀਆਂ ਨੂੰ ਖੂਹ ਵਿਚ ਧੱਕਾ ਦੇ ਬੈਠੇ ਹਾਂ। ਮੀਨੂੰ ਦਾ ਘਰਵਾਲਾ ਮੈਂਟਲ ਹੈ ਤੇ ਫਿਜ਼ੀਕਲੀ ਵੀ ਠੀਕ ਨਹੀਂ। ਮੈਂ ਤਾਂ ਤੈਨੂੰ ਸਿਰਫ਼ ਇਹ ਹੀ ਕਹਿਣਾ ਸੀ ਕਿ ਪਿੰਕੀ ਕੁਝ ਚਿਰ ਲਈ ਤੇਰੇ ਕੋਲ ਰਹਿਣ ਲਈ ਆ ਜਾਵੇ ਤਾਂ।"

"ਠੀਕ ਐ, ਤੂੰ ਫ਼ਿਕਰ ਨਾ ਕਰ।"

ਇਸ ਤਰ੍ਹਾਂ ਇਕੱਲੀ ਏਕਮ ਹੀ ਨਹੀਂ, ਸਗੋਂ ਕਈ ਏਕਮਾਂ ਦੀ ਤਰਸਯੋਗ ਹਾਲਤ ਮੇਰੇ ਜ਼ਿਹਨ ਵਿਚ ਘਰ ਕਰੀ ਬੈਠੀ ਸੀ।

ਇਕ ਦਿਨ ਗਿੱਲ ਦਾ ਫ਼ੋਨ ਆਇਆ ਕਿ ਕਲੇਰ ਦਾ ਭਰਾ ਭਾਗ ਇੰਡੀਆ ਚੱਲਿਆ। ਉਸ ਨੇ ਉਸ ਦੇ ਹੱਥ ਕੁਝ ਸਾਮਾਨ ਭੇਜਣਾ ਸੀ, ਤੇ ਮੈਨੂੰ ਆਪਣੇ ਨਾਲ ਭਾਗ ਦੇ ਘਰ ਚੱਲਣ ਨੂੰ ਕਿਹਾ। ਸ਼ਾਮ ਨੂੰ ਅਸੀਂ ਭਾਗ ਦੇ ਘਰ ਪਹੁੰਚ ਗਏ। ਕਲੇਰ ਵੀ ਉਥੇ ਹੀ ਸੀ। ਗੱਲਾਂ ਚੱਲੀਆਂ। ਉਥੋਂ ਹੀ ਪਤਾ ਲਗਿਆ ਕਿ ਭਾਗ ਆਪਣਾ ਮੁੰਡਾ ਦੁਬਾਰਾ ਵਿਆਹੁਣ ਲਈ ਇੰਡੀਆ ਜਾ ਰਿਹਾ ਹੈ।

"ਤੁਸੀਂ ਇਥੇ ਹੀ ਰਿਸ਼ਤਾ ਕਿਉਂ ਨਹੀਂ ਕਰਦੇ?" ਕਲੇਰ ਨੂੰ ਸੁਣਾਉਂਦੇ ਹੋਏ ਮੈਂ ਕਿਹਾ।

"ਮੈਂ ਵੀ ਬਥੇਰਾ ਕਿਹਾ ਸੀ। ਫੇਰ ਧੋਖਾ ਖਾਣਗੇ। ਇਹ ਮੇਰੇ ਉਸੇ ਭਤੀਜੇ ਦੀ ਗੱਲ ਹੈ ਜਿਹੜੀ ਉਸ ਦਿਨ ਚੱਲੀ ਸੀ। ਲਗਭਗ ਤਿੰਨ ਸਾਲ ਰਹੀ ਅਤੇ ਛੇ ਮਹੀਨੇ ਦੇ ਬੱਚੇ ਨੂੰ ਲੈ ਕੇ ਅਹੁ ਗਈ। ਜੇ ਵਿਚਾਰਾ ਮੁੰਡਾ ਵੇਖੋ... ਸ਼ਰੀਫ਼, ਜੈਂਟਲ ਅਤੇ ਮਿਹਨਤੀ ਹੈ ਅੰਤਾਂ ਦਾ। ਬੱਸ ਛੱਡ ਗਈ।" ਕਲੇਰ ਮੇਰਾ ਇਸ਼ਾਰਾ ਸਮਝ ਗਿਆ ਸੀ।

"ਸੱਚ ਦੱਸਾਂ... ਵੇਖਿਆ ਸੀ ਬਹੁਤ ਥਾਂ, ਪਰ ਗੱਲ ਬਣੀ ਨਹੀਂ। ਅਸਲ ਗੱਲ ਇਹ ਵੀ ਹੈ ਕਿ ਜੇ ਹੁਣ ਇੱਥੇ ਕੋਈ ਰਿਸ਼ਤਾ ਮਿਲਿਆ ਵੀ, ਤਾਂ ਤਲਾਕ ਹੋਏ ਵਾਲਾ ਹੀ ਮਿਲੂ। ਫਿਰ ਸੈਕੰਡ ਹੈਂਡ ਲੈਣ ਨਾਲੋਂ ਫਰੈਸ਼ ਕੁੜੀ ਕਿਉਂ ਨਾ ਲੈ ਕੇ ਆਈਏ।" ਭਾਗ ਨੇ ਆਪਣੇ ਦਿਲ ਦੀ ਗੱਲ ਕਰ ਦਿੱਤੀ।

"ਸਤਿ ਸ੍ਰੀ ਅਕਾਲ ਅੰਕਲ।" ਆਵਾਜ਼ ਨੇ ਮੇਰੇ ਅੰਦਰ ਇਨ੍ਹਾਂ ਪਵਿੱਤਰ ਰਿਸ਼ਤਿਆਂ ਵਿਚ ਵਧ ਰਹੀ ਬਦਨੀਤ ਬਾਰੇ ਚੱਲ ਰਹੀ ਕਸ਼ਮਕਸ਼ ਨੂੰ ਰੋਕਿਆ।

"ਓਏ ਤੂੰ! ਡਿੰਪੀ? ਤੂੰ ਇਥੇ ਕਿਵੇਂ?" ਸਾਹਮਣੇ ਡਰਾਈਫਰੂਟ ਦੀ ਟਰੇਅ ਲੈ ਕੇ ਖੜ੍ਹੇ ਡਿੰਪੀ ਨੂੰ ਵੇਖ ਕੇ ਮੈਂ ਇਕ ਦਮ ਹੈਰਾਨ ਹੋ ਗਿਆ।

"ਹਾਂ ਹਾਂ! ਇਹੀ ਤਾਂ ਹੈ ਮੇਰਾ ਭਤੀਜਾ ਜਿਹੜਾ ਚੱਲਿਆ ਦੁਬਾਰਾ ਧੋਖਾ ਖਾਣ।" ਡਿੰਪੀ ਤੋਂ ਟਰੇਅ ਫੜਦਾ ਕਲੇਰ ਬੋਲਿਆ।

"ਤੇ ਏਕਮ!" ਮੇਰੇ ਮੂੰਹੋਂ ਅਚਨਚੇਤ ਨਿਕਲ ਗਿਆ।

"ਤੂੰ ਏਕਮ ਨੂੰ ਜਾਣਦੈਂ?" ਕਲੇਰ ਹੈਰਾਨ ਹੋ ਕੇ ਮੇਰੇ ਮੂੰਹ ਵੱਲ ਵੇਖਣ ਲੱਗਾ।

ਤੇ ਮੈਂ ਸਿਰਫ਼ 'ਹਾਂ' ਵਿਚ ਆਪਣਾ ਸਿਰ ਹੀ ਹਿਲਾ ਸਕਿਆ।

# ਪਦਮਸ੍ਰੀ ਵਿਦਿਆ



ਹਿੰਦੀ ਫਿਲਮਾਂ ਦੀ ਲਾਡਲੀ ਅਦਾਕਾਰਾ ਵਿਦਿਆ ਬਾਲਨ, ਹੁਣ ਪਦਮਸ੍ਰੀ ਵਿਦਿਆ ਬਾਲਨ ਬਣ ਗਈ ਹੈ। ਭਾਰਤ ਸਰਕਾਰ ਨੇ ਐਤਕੀਂ 26 ਜਨਵਰੀ ਮੌਕੇ ਉਸ ਨੂੰ ਇਹ ਖਿਤਾਬ ਦੇਣ ਦਾ ਐਲਾਨ ਕੀਤਾ ਹੈ। ਵਿਦਿਆ ਇਸ ਕਿਤਾਬ ਬਾਰੇ ਆਪਣੀ ਖੁਸ਼ੀ ਸਾਂਝੀ ਕਰਦੀ ਹੈ ਕਿ ਉਸ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਉਸ ਨੂੰ ਇਸ ਕਿਤਾਬ ਨਾਲ ਨਵਾਜਿਆ ਜਾਵੇਗਾ। ਆਪਣੇ ਦਰਸ਼ਕਾਂ ਵੱਲੋਂ ਅਦਾਕਾਰੀ ਦੇ ਖੇਤਰ ਵਿਚ ਮਿਲੇ ਭਰਵੇਂ ਹੁੰਗਾਰੇ ਬਾਰੇ ਹੁੱਬ-ਹੁੱਬ ਗੱਲਾਂ ਕਰਦੀ ਵਿਦਿਆ ਦਾ ਕਹਿਣਾ ਹੈ ਕਿ ਉਸ ਨੂੰ ਅਸਲ ਇਨਾਮ ਤਾਂ ਦਰਸ਼ਕ ਪਹਿਲਾਂ ਹੀ ਦੇ ਚੁੱਕੇ ਹਨ, ਪਰ ਜਦੋਂ ਕਦੀ ਇਸ ਤਰ੍ਹਾਂ ਤੁਹਾਡੇ ਕੀਤੇ ਕੰਮ ਨੂੰ ਇਸ ਪੱਧਰ 'ਤੇ ਮਾਨਤਾ ਮਿਲਦੀ ਹੈ ਤਾਂ ਦਿਲ ਖੁਸ਼ ਹੁੰਦਾ ਹੈ। ਗੌਰਤਲਬ ਹੈ ਕਿ ਵਿਦਿਆ ਨੇ ਆਪਣੀਆਂ 'ਕਹਾਨੀ' ਤੇ 'ਡਰਟੀ ਪਿਕਚਰ' ਫਿਲਮਾਂ ਰਾਹੀਂ ਫਿਲਮੀ ਦੁਨੀਆਂ ਵਿਚ ਚੰਗੀ ਪੈਂਠ ਬਣਾ ਲਈ ਹੈ। ਇਹ ਦੋਵੇਂ ਫਿਲਮਾਂ ਨਾਇਕਾ ਪ੍ਰਧਾਨ ਫਿਲਮਾਂ ਹਨ ਅਤੇ ਮਰਦ ਪ੍ਰਧਾਨ ਫਿਲਮਾਂ ਦੇ ਅੱਜ ਦੇ ਦੌਰ ਵਿਚ ਇਹ ਕੋਈ ਛੋਟੀ-ਮੋਟੀ ਗੱਲ ਨਹੀਂ ਹੈ। ਇਨ੍ਹਾਂ ਫਿਲਮਾਂ ਵਿਚ ਅਦਾਕਾਰੀ ਨਾਲ ਉਸ ਨੇ ਫਿਲਮ ਆਲੋਚਕਾਂ ਅਤੇ ਦਰਸ਼ਕਾਂ, ਸਭ ਦਾ ਮਨ ਮੋਹ ਲਿਆ ਸੀ। ਹੁਣ ਉਸ ਦੀ ਨਵੀਂ ਫਿਲਮ 'ਸ਼ਾਦੀ ਕੇ ਸਾਈਡ ਅਫੈਕਟ' ਅਦਾਕਾਰ ਫਰਹਾਨ ਅਖਤਰ ਨਾਲ ਆ ਰਹੀ ਹੈ। ਫਿਲਮ 'ਬੌਬੀ ਜਸੂਸ' ਲਈ ਉਹ ਜੀਅ-ਜਾਨ ਨਾਲ ਕੰਮ ਕਰ ਰਹੀ ਹੈ। ਇਹ ਫਿਲਮ ਵੀ ਨਾਇਕਾ ਪ੍ਰਧਾਨ ਹੀ ਹੈ। ਉਸ ਨੂੰ ਆਸ ਹੈ ਕਿ ਜਿਸ ਤਰ੍ਹਾਂ ਦਰਸ਼ਕਾਂ ਨੇ ਉਸ ਦੀਆਂ ਪਹਿਲੀਆਂ ਫਿਲਮਾਂ ਨੂੰ ਹੁੰਗਾਰਾ ਭਰਿਆ ਹੈ, 'ਬੌਬੀ ਜਸੂਸ' ਅਤੇ 'ਸ਼ਾਦੀ

***ਵਿਦਿਆ ਦੀ ਨਵੀਂ ਫਿਲਮ 'ਸ਼ਾਦੀ ਕੇ ਸਾਈਡ ਅਫੈਕਟ' ਫਰਹਾਨ ਅਖਤਰ ਨਾਲ ਆ ਰਹੀ ਹੈ। ਫਿਲਮ 'ਬੌਬੀ ਜਸੂਸ' ਲਈ ਉਹ ਜੀਅ-ਜਾਨ ਨਾਲ ਕੰਮ ਕਰ ਰਹੀ ਹੈ।***

ਕੇ ਸਾਈਡ ਅਫੈਕਟ' ਲਈ ਵੀ ਪੂਰਾ ਸਹਿਯੋਗ ਦੇਣਗੇ। ਪਹਿਲੀ ਜਨਵਰੀ 1978 ਨੂੰ ਜਨਮੀ ਵਿਦਿਆ ਨੇ ਅਦਾਕਾਰੀ ਦੇ ਖੇਤਰ ਵਿਚ ਪੈਰ, ਚੜ੍ਹਦੀ ਉਮਰ ਵਿਚ ਹੀ ਪਾ ਲਿਆ ਸੀ। ਪਹਿਲੀ ਵਾਰ ਉਸ ਨੇ 'ਹਮ ਪਾਂਚ' ਫਿਲਮ ਵਿਚ ਅਦਾਕਾਰੀ ਕੀਤੀ ਸੀ ਪਰ ਇਸ ਤੋਂ ਬਾਅਦ ਬਹੁਤੀ ਗੱਲ ਨਹੀਂ ਬਣੀ। ਫਿਰ ਉਹਨੇ ਆਪਣਾ ਸਾਰਾ ਧਿਆਨ ਆਪਣੀ ਪੜ੍ਹਾਈ ਵੱਲ ਦਿੱਤਾ ਅਤੇ ਸੋਸ਼ਿਆਲੋਜੀ ਵਿਚ ਐਮ.ਏ. ਕਰ ਲਈ। ਫਿਲਮੀ ਦੁਨੀਆਂ ਵਿਚ ਪੈਰ ਧਰਨ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਈ। ਅੱਕ ਕੇ ਉਸ ਨੇ ਇਸ਼ਤਿਹਾਰ ਅਤੇ ਟੈਲੀਵਿਜ਼ਨ ਵੀਡੀਓਜ਼ ਕਰਨੀਆਂ ਸ਼ੁਰੂ ਕਰ ਦਿੱਤੀਆਂ। 2003 ਵਿਚ ਉਸ ਨੂੰ ਬੰਗਾਲੀ ਫਿਲਮ 'ਭਾਲੋ ਥੇਕੋ' ਵਿਚ ਕੰਮ ਮਿਲਿਆ। ਫਿਰ 2005 ਵਿਚ ਜਦੋਂ ਉਸ ਦੀ ਹਿੰਦੀ ਫਿਲਮ 'ਪਰਿਣਿਤੀ' ਰਿਲੀਜ਼ ਹੋਈ ਤਾਂ ਉਸ ਲਈ ਹਿੰਦੀ ਫਿਲਮਾਂ ਦੇ ਦੁਆਰ ਖੁੱਲ੍ਹ ਗਏ। ਅਗਲੇ ਹੀ ਸਾਲ 2006 ਵਿਚ ਉਸ ਦੀ ਫਿਲਮ 'ਲਗੇ ਰਹੋ ਮੁੰਨਾ ਭਾਈ' ਹਿੱਟ ਰਹੀ। ਇਸ ਤੋਂ ਬਾਅਦ ਫਿਰ ਵਿਦਿਆ ਨੂੰ ਪਿਛੇ ਮੁੜ ਕੇ ਦੇਖਣ ਦਾ ਵਕਤ ਨਹੀਂ ਮਿਲਿਆ। ਵਿਦਿਆ ਨੇ ਕਾਰਨਾਟਕ ਸੰਗੀਤ ਵਿਚ ਬਾਕਾਇਦਾ ਸਿਖਿਆ ਲਈ ਹੈ। ਇਹੀ ਨਹੀਂ, ਉਸ ਨੇ ਭਾਰਤ ਨਾਟਿਯਮ ਅਤੇ ਕੱਥਕ ਨਾਚਾਂ ਦੀ ਵੀ ਸਿਖਲਾਈ ਲਈ ਹੈ। ਆਪਣੀ ਹਰ ਫਿਲਮ ਵਿਚ ਆਪਣਾ ਕਿਰਦਾਰ ਰੂਹ ਤੱਕ ਡੁੱਬ ਕੇ ਕਰਦੀ ਹੈ। ਉਸ ਦਾ ਕਹਿਣਾ ਹੈ ਕਿ ਇਸ ਮਿਹਨਤ ਦਾ ਫਲ ਹੀ ਅੱਜ ਉਸ ਨੂੰ ਮਿਲਿਆ ਹੈ। ਉਸ ਦੀ ਝੋਲੀ ਖੁਸ਼ੀ ਨਾਲ ਭਰ ਗਈ ਹੈ।


# ਇਉਂ 'ਜੈ ਹੋ' ਨਹੀਂ ਹੁੰਦੀ ਸਲਮਾਨ ਭਾਈ!

ਹਿੰਦੀ ਫਿਲਮਾਂ ਦੇ ਸੁਪਰ ਸਟਾਰ ਮੰਨੇ ਜਾਂਦੇ ਸਲਮਾਨ ਖਾਨ ਦੀ ਫਿਲਮ ਆਸ ਮੁਤਾਬਕ ਬਾਕਸ ਆਫਿਸ ਉਤੇ ਪੈਸੇ ਇਕੱਠੇ ਨਹੀਂ ਕਰ ਸਕੀ। ਇਸ ਨੇ ਪਹਿਲੇ ਦਿਨ ਸਿਰਫ 17 ਕੋਰੜ ਰੁਪਏ ਕਮਾਏ ਜੋ ਸਲਮਾਨ ਖਾਨ ਦੀ ਤਵੱਕੋ ਤੋਂ ਬਹੁਤ ਘੱਟ ਸਨ। ਉਸ ਦੀ ਆਸ ਤਾਂ 36 ਕਰੋੜ ਤੋਂ ਵੱਧ ਕਮਾਈ ਕਰ ਕੇ ਆਮਿਰ ਖਾਨ ਦੀ ਫਿਲਮ 'ਧੂਮ-3' ਦਾ ਰਿਕਾਰਡ ਤੋੜਨ ਦੀ ਸੀ। ਹੁਣ ਇਸ ਫਿਲਮ ਨੇ ਭਾਵੇਂ 100 ਕਰੋੜ ਰੁਪਏ ਵੀ ਕਮਾ ਲਏ ਹਨ ਪਰ ਇਸ ਫਿਲਮ ਵਿਚ ਹੁਣ ਕਿਸੇ ਦੀ ਦਿਲਚਸਪੀ ਨਹੀਂ ਰਹੀ ਹੈ। ਸਭ ਇਹੀ ਆਸਾਂ ਲਾਈ ਬੈਠੇ ਸਨ ਕਿ ਸਲਮਾਨ ਦੀਆਂ ਪਹਿਲੀਆਂ ਫਿਲਮਾਂ ਵਾਂਗ ਇਹ ਫਿਲਮ ਵੀ ਬਾਕਸ ਆਫਿਸ ਉਤੇ ਧੁੰਮਾਂ ਪਾ ਦੇਵੇਗੀ, ਪਰ ਹੋਇਆ ਇਸ ਤੋਂ ਐਨ ਉਲਟ। ਇਹ ਫਿਲਮ ਬਾਕਸ ਆਫਿਸ ਉਤੇ ਵੀ ਬਹੁਤੀ ਕਮਾਈ ਨਾ ਕਰ ਸਕੀ ਅਤੇ ਫਿਲਮ ਆਲੋਚਕਾਂ ਨੂੰ ਵੀ ਇਹ ਪਸੰਦ ਨਹੀਂ ਆਈ ਹੈ। ਕੁਝ ਆਲੋਚਕਾਂ ਨੇ ਤਾਂ ਇਸ ਨੂੰ ਫਿਲਮ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ ਹੈ। ਇਸੇ ਦੌਰਾਨ ਸਲਮਾਨ ਖਾਨ ਨੇ ਆਪਣੇ ਦਿਲ ਉਤੇ ਪੱਥਰ ਰੱਖ ਇਸ ਫਿਲਮ ਦੀ 'ਅਸਫਲਤਾ' ਦੀ ਜ਼ਿੰਮੇਵਾਰੀ ਲੈ ਲਈ ਹੈ। ਇਹ ਫਿਲਮ ਸਲਮਾਨ ਦੇ ਭਰਾ ਸੁਹੇਲ ਖਾਨ ਨੇ ਬਣਾਈ ਸੀ। ਉਂਜ ਇਸ ਫਿਲਮ ਅਤੇ ਇਸ ਦੇ ਨਾਇਕ ਸਲਮਾਨ ਨਾਲ ਇਕ ਗੱਲ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਜੁੜ ਗਈ ਸੀ। ਸਲਮਾਨ ਨੇ ਆਪਣੀ ਇਸ ਫਿਲਮ ਦੇ ਪ੍ਰਚਾਰ ਖਾਤਰ ਇਕ ਉਚੇਚੇ ਸਮਾਗਮ ਦੌਰਾਨ ਗੁਜਰਾਤ ਦੇ ਮੁੱਖ ਮੰਤਰੀ ਨਰੇਂਦਰ ਮੋਦੀ ਨਾਲ ਰਲ ਕੇ ਪਤੰਗ ਉਡਾਏ ਸਨ। ਉਦੋਂ ਇਸ ਮਸਲੇ ਕਰ ਕੇ ਸਲਮਾਨ ਖਾਨ ਦੀ ਬਹੁਤ ਨੁਕਤਾਚੀਨੀ ਹੋਈ ਸੀ। ਸਭ ਨੇ ਇਤਰਾਜ਼ ਕੀਤਾ ਸੀ ਕਿ ਨਰੇਂਦਰ ਮੋਦੀ ਮੁਸਲਮਾਨਾਂ ਦੇ ਖੂਨ ਨਾਲ ਰੰਗੇ ਆਪਣੇ ਹੱਥ ਧੋਣ ਅਕਸਰ ਅਜਿਹੀਆਂ ਹਸਤੀਆਂ ਨੂੰ ਆਪਣੇ ਸਮਾਗਮਾਂ ਵਿਚ ਸੱਦਦਾ ਰਹਿੰਦਾ ਹੈ, ਸਲਮਾਨ ਨੂੰ ਮੋਦੀ ਦੀ ਇਸ ਗੇੜ ਵਿਚ ਨਹੀਂ ਸੀ ਪੈਣਾ ਚਾਹੀਦਾ। ਸਲਮਾਨ ਦੇ ਇਸ ਸਮਾਗਮ ਵਿਚ ਸ਼ਾਮਲ ਹੋਣ 'ਤੇ ਹਰ ਸੰਜੀਦਾ ਸ਼ਖਸ ਦਾ ਦਿਲ ਦੁਖਿਆ ਸੀ। ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਇਹ ਸਮਾਗਮ ਸਲਮਾਨ ਦੀ ਫਿਲਮ ਉਤੇ ਵਾਹਵਾ ਭਾਰੀ ਪਿਆ ਹੈ। ਲੋਕਾਂ ਨੇ ਚੁੱਪ-ਚੁਪੀਤੇ ਹੀ ਇਸ ਫਿਲਮ ਦਾ ਬਾਈਕਾਟ ਕਰ ਦਿੱਤਾ। ਸਿੱਟੇ ਵਜੋਂ ਫਿਲਮ ਉਹ ਕ੍ਰਿਸ਼ਮਾ ਨਾ ਦਿਖਾ ਜਿਸ ਦੀ ਆਸ ਸਲਮਾਨ ਅਤੇ ਉਸ ਦੇ ਸਾਥੀਆਂ ਨੇ ਰੱਖੀ ਸੀ।

**ਨਰੇਂਦਰ ਮੋਦੀ ਨਾਲ ਪਤੰਗ ਉਡਾਉਣੇ ਬਹੁਤ ਮਹਿੰਗੇ ਪਏ**




# ਫਿਲਮੀ ਗਾਇਕਾ ਤੇ ਕਮੇਡੀਅਨ ਟੁਨ ਟੁਨ



ਪ੍ਰਸਿੱਧ ਕਮੇਡੀ ਕਲਾਕਾਰ ਤੇ ਗਾਇਕਾ ਟੁਨ ਟੁਨ ਦਾ ਅਸਲੀ ਨਾ ਉਮਾ ਦੇਵੀ ਖੱਤਰੀ ਸੀ। ਉਸ ਦਾ ਜਨਮ ਉਤਰ ਪ੍ਰਦੇਸ਼ ਵਿਚ 11 ਜੁਲਾਈ 1923 ਨੂੰ ਹੋਇਆ ਸੀ ਅਤੇ 24 ਨਵੰਬਰ 2003 ਨੂੰ ਉਸ ਨੇ ਦੁਨੀਆ ਨੂੰ ਸਦਾ ਲਈ ਅਲਵਿਦਾ ਕਹਿ ਦਿੱਤਾ। ਉਸ ਦੇ ਮਾਪੇ ਉਸ ਨੂੰ ਛੋਟੀ ਉਮਰ ਵਿਚ ਹੀ ਛੱਡ ਕੇ ਸਵਰਗ ਸਿਧਾਰ ਗਏ ਸਨ। ਟੁਨ ਟੁਨ ਦਾ ਪਾਲਣ ਪੋਸ਼ਣ ਉਸ ਦੇ ਚਾਚਾ ਜੀ ਨੇ ਕੀਤਾ। ਜਦੋਂ ਉਹ 13 ਸਾਲਾਂ ਦੀ ਹੋਈ ਤਾਂ ਫਿਲਮੀ ਗਾਇਕਾ ਬਣਨ ਲਈ ਮੁੰਬਈ ਪਹੁੰਚ ਗਈ। ਉਮਾ ਦੇਵੀ ਨੂੰ ਸਭ ਤੋਂ ਪਹਿਲਾਂ ਸੁਪਰਹਿਟ ਫਿਲਮੀ ਗੀਤ 'ਅਫਸਾਨਾ ਲਿਖ ਰਹੀ ਹੂੰ, ਦਿਲੇ ਬੇਕਰਾਰ ਕਾ, ਆਖੋਂ ਮੇਂ ਰੰਗ ਭਰ ਕੇ, ਤੇਰੇ ਇੰਤਜ਼ਾਰ ਕਾ' ਮਿਲਿਆ। ਫਿਲਮ 'ਦਰਦ' ਲਈ ਸੰਗੀਤ ਨਿਰਦੇਸ਼ਕ ਨੌਸ਼ਾਦ ਨੇ ਉਮਾ ਤੋਂ ਇਹ ਗੀਤ ਗਵਾ ਕੇ ਉਸ ਨੂੰ ਸਦਾ-ਸਦਾ ਲਈ ਪ੍ਰਸਿੱਧ ਕਰ ਦਿੱਤਾ। ਉਸ ਦੋਂ ਬਾਅਦ ਉਮਾ ਦੇਵੀ ਨੂੰ ਫਿਲਮੀ ਦੋਗਾਣੇ ਧੜਾ-ਧੜ ਮਿਲਣ ਲੱਗ ਪਏ। ਥੋੜ੍ਹੀ ਸਿਖਲਾਈ ਲੈਣ ਬਾਅਦ ਉਹ ਨੱਕ ਵਿਚ ਗਾਉਣ ਕਰ ਕੇ ਪਸੰਦ ਕੀਤੀ ਜਾਣ ਲੱਗੀ ਅਤੇ 1948 ਵਿਚ ਫਿਲਮ 'ਅਨੋਖੀ ਅਦਾ' ਵਿਚਲੇ ਗੀਤਾਂ 'ਦਿਲ ਕੋ ਲਗਾ ਕੇ ਕੁਛ ਭੀ ਨਾ ਪਾਇਆ' ਅਤੇ 'ਕਹੀ ਜੀਆ ਡੋਲੇ' ਨੇ ਉਸ ਨੂੰ ਹੋਰ ਵੀ ਪ੍ਰਸਿੱਧੀ ਦਿਵਾਈ। ਫਿਰ ਫਿਲਮ 'ਚੰਦਰ ਲੇਖਾ' ਵਿਚਲੇ 7 ਗੀਤ ਜੋ ਸ਼ਾਸਤਰੀ ਰਾਗਾਂ ਵਿਚ ਉਮਾ ਦੇਵੀ ਨੇ ਗਾਏ, ਉਸ ਦੀ ਚਰਚਾ ਚਾਰੇ ਪਾਸੇ ਫੈਲ ਗਈ। 1947 ਦੀ ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਜਦੋਂ ਲਤਾ ਮੰਗੇਸ਼ਕਰ, ਆਸ਼ਾ ਭੋਸਲੇ, ਤੇ ਊਸ਼ਾ ਮੰਗੇਸ਼ਕਰ ਗਾਇਕਾਵਾਂ ਭੈਣਾਂ ਨੇ ਫਿਲਮਾਂ ਵਿਚ ਪੈਰ ਜਮਾਉਣੇ ਸ਼ੁਰੂ ਕੀਤੇ, ਤਾਂ ਉਮਾ ਨੂੰ ਗੀਤ ਘੱਟ ਮਿਲਣੇ ਸ਼ੁਰੂ ਹੋ ਗਏ। ਇਥੋਂ ਹੀ ਉਸ ਲਈ ਮੁਸ਼ਕਿਲਾਂ ਦੀ ਸ਼ੁਰੂਆਤ ਹੋ ਗਈ। ਇਸ ਦੇ ਨਾਲ ਹੀ ਉਹ ਮੋਟੀ ਤੋਂ ਹੋਰ ਮੋਟੀ ਹੁੰਦੀ ਗਈ। ਫਿਰ ਉਸ ਦੇ ਧਰਮ ਭਾਈ ਨੌਸ਼ਾਦ ਜਿਸ ਨੂੰ ਉਹ ਹਰ ਸਾਲ ਰੱਖੜੀ ਬੰਨ੍ਹਦੀ ਸੀ, ਦੇ ਸੁਝਾਅ 'ਤੇ ਉਹ ਕਮੇਡੀਅਨ ਵਜੋਂ ਫਿਲਮਾਂ ਵਿਚ ਅਦਾਕਾਰੀ ਕਰਨ ਲੱਗੀ। ਬਾਅਦ ਵਿਚ ਜਦੋਂ ਨੌਸ਼ਾਦ ਨੇ ਬਤੌਰ ਨਿਰਮਾਤਾ ਫਿਲਮ 'ਬਾਬੁਲ' ਬਣਾਈ ਤਾਂ ਹੀਰੋ ਦਿਲੀਪ ਕੁਮਾਰ ਤੇ ਹੀਰੋਇਨ ਨਰਗਿਸ ਨਾਲ ਉਮਾ ਦੇਵੀ ਨੂੰ ਵੀ ਸਹਿ ਕਲਾਕਾਰ ਵਜੋਂ ਰੋਲ ਦਿੱਤਾ। ਇਸ ਫਿਲਮ ਵਿਚ ਉਸ ਦਾ ਨਾਂ ਸੀ ਟੁਨ ਟੁਨ। ਇਹ ਫਿਲਮ ਸੁਪਰਹਿਟ ਰਹੀ ਅਤੇ ਨਾਲ ਹੀ ਉਮਾ ਦੇਵੀ ਦਾ ਨਾਂ ਵੀ ਬਤੌਰ ਟੁਨ ਟੁਨ ਹਿਟ ਹੋ ਗਿਆ। ਫਿਲਮੀ ਦੁਨੀਆਂ ਵਿਚ ਬਹੁਤ ਘੱਟ ਅਜਿਹੇ ਵਿਅਕਤੀ ਹੋਣਗੇ ਜਿਨ੍ਹਾਂ ਨੇ ਗਾਇਕੀ ਛੱਡ ਕੇ ਕਾਮੇਡੀ ਕੀਤੀ ਹੋਵੇ। ਟੁਨ ਟੁਨ ਨੇ 198 ਤੋਂ ਵੱਧ ਫਿਲਮਾਂ ਵਿਚ ਅਦਾਕਾਰੀ ਕੀਤੀ ਤੇ 40 ਦੇ ਕਰੀਬ ਫਿਲਮੀ ਗੀਤ ਗਾਏ। ਦਰਸ਼ਕ ਉਸ ਨੂੰ ਗਾਇਕਾ ਨਾਲੋਂ ਕਮੇਡੀ ਕਲਾਕਾਰ ਵਜੋਂ ਵੱਧ ਜਾਣਦੇ ਹਨ।



*-ਜੁਗਰਾਜ ਗਿੱਲ ਸ਼ਾਰਲਟ*
*ਫੋਨ:704-257-6693*

## ਟੁਨ ਟੁਨ ਦੇ ਯਾਦਗਾਰੀ ਫਿਲਮੀ ਗੀਤ

*ਅਫ਼ਸਾਨਾ ਲਿਖ ਰਹੀ ਹੂੰ, ਯੇ ਕੌਨ ਚਲਾ ਹੈ (ਦਰਦ), ਮਨਭਾਵਨ ਸਾਵਨ, ਓ ਚੰਦਾ ਮੇਰੇ, ਸੱਜਨਾ ਰੇ ਆ ਜਾ (ਚਿੱਤਰ ਲੇਖਾ), ਦਿਲਵਾਲੇ, ਚਾਂਦਨੀ ਰਾਤ ਹੈ (ਫਿਲਮ ਨਾਟਕ), ਹੰਸਾਤਾ ਹੈ ਮੁਝੇ, ਪਿਆਰ ਕੀ ਰਾਤ, ਉਨਕੀ ਆਖੋਂ ਕਾ, ਹੋਠੋਂ ਪੇ, ਦੇਖੇਂ ਤੁਮਹੇ (ਪਿਆਰ ਕੀ ਰਾਤ), ਯੇ ਭੀ ਹੈ ਕੋਈ ਰੀਤ, ਪਗ ਪਗ ਠੋਕਰ ਖਾਏ (ਫਿਲਮ ਹਮਾਰੀ ਕਿਸਮਤ), ਕਾਹੇ ਜੀਆ ਡੋਲੇ, ਦਿਲ ਕੋ ਲਗਾ ਕੇ, ਕੁਛ ਭੀ ਨਾ ਪਾਯਾ, (ਫਿਲਮ ਅਨੋਖੀ ਅਦਾ) ਤੇ ਫਿਲਮ ਭਿਖਾਰੀ ਦੇ ਕੁਝ ਗੀਤਾਂ ਤੋਂ ਇਲਾਵਾ ਟੁਨ ਟੁਨ ਨੇ ਅਨੇਕਾਂ ਪੁਰਾਣੀਆਂ ਪੰਜਾਬੀ ਫਿਲਮਾਂ ਵਿਚ ਵੀ ਅਦਾਕਾਰੀ ਦੇ ਜੌਹਰ ਵਿਖਾਏ। ਉਸ ਦੀ ਜੋੜੀ ਸੁੰਦਰ ਨਾਲ ਵੱਧ ਬਣੀ। ਉਸ ਨੇ ਪਿੰਡ ਦੀ ਕੁੜੀ, ਮੇਲੇ ਮਿੱਤਰਾਂ ਦੇ, ਕਿੱਕਲੀ, ਲਾਜੋ, ਮਿਰਜ਼ਾ ਸਾਹਿਬਾਂ ਅਤੇ ਸੋਹਲਵਾਂ ਸਾਲ (1958) ਵਿਚ ਪੰਜਾਬੀ ਗੀਤ ਗਾਏ ਅਤੇ ਅਦਾਕਾਰੀ ਕੀਤੀ।*



# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ — ਸੋਜ਼ਿਸ਼ — ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

## ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372

HURRY! LIMITED-TIME OFFER!




iPad mini

# HOME ENTERTAINMENT ANYWHERE.

Only from DISH

**Get an iPad® mini FREE** when you sign up for DISH and the Hopper.®

Cannot be combined with promotional pricing. Must subscribe to qualifying American programming starting at $54.99/mo in addition to International programming. Requires 24-month commitment, credit qualification and qualifying programming.

Did you know that the first Indian woman in space was a Punjabi trailblazer? With the Hopper, we're trailblazing a new way to watch your home entertainment anywhere.

## WATCH WHAT YOU LOVE

PTC PUNJABI | etc ਪੰਜਾਬੀ | jus punjabi | GET ਪੰਜਾਬੀ | mh1 MH ONE | And many more!

**PUNJABI PACK** $24.99/mo

**AMERICA'S TOP 120**

Over 190 American channels starting at $29.99/month for 12 months.[1]

[1]Requires 24-month commitment and credit qualification. Monthly DVR and receiver fees apply.

## LOVE HOW YOU WATCH IT

Only the **Hopper®** gives you the power to:

- Watch all your live and recorded TV anywhere*
- Instantly skip commercials*
- Store up to 2,000 hours of your favorite shows

*Feature must be enabled by customer.



**Call now! 1-888-926-5479**
or visit **DishPunjabiTV.com**

dish™

**Important Terms and Conditions: Promotional Offers:** International programming requires additional $10/mo International Basic package or any America's Top package. For iPad mini Offer, International programming requires any America's Top package. Requires activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current everyday monthly price applies and is subject to change. **ETF:** If you cancel service during the first 24 months, early termination fee of $20 for each month remaining applies. For iPad mini offer, if you cancel service during first the 24 months, early termination fee of $30 for each month remaining applies. **Activation fee may apply.**

**Additional Requirements: For iPad mini Offer:** Customer must select Hopper system and minimum of America's Top 120 package; allow 4-6 weeks for delivery; offer not available in Puerto Rico or USVI. ETF based in part on everyday price (i.e. non-promotional price) for programming. Available while supplies last. Model subject to change without notice. **Hopper Features:** AutoHop feature is only available with playback the next day of select primetime shows on ABC, CBS, FOX and NBC as part of PrimeTime Anytime feature. Both features are subject to availability. **Installation/Equipment Requirements:** A second dish antenna may be required to view both International and American programming. Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees may apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. **Miscellaneous:** Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. **Offers end 6/12/14.**

© 2014 DISH Network L.L.C. All rights reserved. iPad is a trademark of Apple Inc., registered in the U.S. and other countries. Apple is not a participant in or sponsor of this promotion.